**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
COLDWELL BANKER
Residential Brokerage
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty First Year of Publication ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 26, June 27, 2020 20451 N. Plum Grove Rd., Palatine, IL 60074 Ph:847-359-0746, Fax:847-705-9388

## ਟਰੰਪ ਹੁਣ ਚੋਣ ਮੂਡ ਵਿਚ ਆਇਆ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਸਾਲ ਦੇ ਅੰਤ ਤੱਕ ਭਾਰਤੀ ਆਈ.ਟੀ. ਪੇਸ਼ੇਵਰਾਂ ਵਿਚ ਪ੍ਰਸਿੱਧ ਐਚ-1 ਬੀ ਅਤੇ ਹੋਰ ਕੰਮਾਂ ਲਈ ਵੀਜ਼ੇ ਜਾਰੀ ਕਰਨ ਉਤੇ ਰੋਕ ਲਗਾ ਦਿੱਤੀ ਹੈ। ਐਚ-1 ਬੀ ਤੋਂ ਇਲਾਵਾ ਟਰੰਪ ਨੇ ਐਚ-4, ਐਚ-2ਬੀ, ਜੇ ਅਤੇ ਐਲ ਵੀਜ਼ਿਆਂ ਉਤੇ ਵੀ ਰੋਕ ਲਾ ਦਿੱਤੀ ਹੈ।

ਯਾਦ ਰਹੇ ਕਿ ਵੱਡੀ ਗਿਣਤੀ ਭਾਰਤੀ ਆਈ.ਟੀ. ਮਾਹਿਰ ਆਪਣੇ ਐਚ-1ਬੀ ਵੀਜ਼ਾ ਨਵਿਆਏ ਜਾਣ ਦੀ ਉਡੀਕ ਕਰ ਰਹੇ ਸਨ। ਇਸ ਤੋਂ ਪਹਿਲਾਂ ਟਰੰਪ ਨੇ ਗ੍ਰੀਨ ਕਾਰਡ ਜਾਰੀ ਕਰਨ ਉਤੇ ਵੀ ਰੋਕ ਲਾ ਦਿੱਤੀ ਸੀ ਜਿਸ ਨਾਲ ਕਿਸੇ ਪਰਵਾਸੀ ਨੂੰ ਅਮਰੀਕਾ ਵਿਚ ਕੋਈ ਵੀ ਨੌਕਰੀ ਐਚ-1 ਬੀ ਵੀਜ਼ਾ ਜਾਰੀ ਕੀਤਾ ਹੈ।

### ਵੀਜ਼ੇ ਜਾਰੀ ਕਰਨ ਉਤੇ ਰੋਕ ਲਾਈ, ਭਾਰਤੀਆਂ 'ਤੇ ਪਵੇਗਾ ਅਸਰ




ਟਰੰਪ ਦਾ ਦਾਅਵਾ ਹੈ ਕਿ ਇਸ ਨਾਲ ਅਮਰੀਕੀਆਂ ਲਈ ਤਕਰੀਬਨ ਸਵਾ ਪੰਜ ਲੱਖ ਨੌਕਰੀਆਂ ਖਾਲੀ ਹੋ ਜਾਣਗੀਆਂ। ਕਾਰੋਬਾਰੀ ਸੰਗਠਨਾਂ, ਸੰਸਦ ਮੈਂਬਰਾਂ ਦੇ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਟਰੰਪ ਨੇ ਨਵੰਬਰ ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਇਹ ਹੁਕਮ ਜਾਰੀ ਕਰ ਦਿੱਤੇ ਹਨ। ਇਹ ਹੁਕਮ 24 ਜੂਨ ਤੋਂ ਲਾਗੂ ਹੋ ਗਏ ਹਨ ਅਤੇ ਇਸ ਦਾ ਵੱਡੀ ਗਿਣਤੀ ਭਾਰਤੀ ਸੂਚਨਾ ਤਕਨੀਕ ਪੇਸ਼ੇਵਰਾਂ ਉਤੇ ਅਸਰ ਪੈਣ ਦੇ ਖਦਸ਼ਾ ਹੈ। ਇਸ ਦਾ ਅਸਰ ਅਮਰੀਕੀ ਅਤੇ ਭਾਰਤੀ ਕੰਪਨੀਆਂ ਉਤੇ ਪਵੇਗਾ ਜਿਨ੍ਹਾਂ ਨੂੰ ਵਿੱਤੀ ਵਰ੍ਹੇ 2021 ਲਈ ਪਹਿਲੀ ਅਕਤੂਬਰ ਤੋਂ ਅਮਰੀਕੀ ਸਰਕਾਰ ਨੇ ਕਰਨ ਦੀ ਖੁੱਲ੍ਹ ਮਿਲ ਜਾਂਦੀ ਹੈ। ਟਰੰਪ ਦੇ ਤਾਜ਼ਾ ਫੈਸਲੇ ਨੂੰ ਵੀ ਚੋਣ ਪਿੜ ਤਿਆਰ ਕਰਨ ਵਜੋਂ ਦੇਖਿਆ ਜਾ ਰਿਹਾ ਹੈ। ਅਸਲ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਵਿਵਾਦਤ ਇਮੀਗਰੇਸ਼ਨ ਨੀਤੀਆਂ ਹਮੇਸ਼ਾ ਚਰਚਾ ਵਿਚ ਰਹੀਆਂ ਹਨ। ਟਰੰਪ ਨੇ ਪਿਛਲੀਆਂ ਚੋਣਾਂ ਵਿਚ ਸਖਤ ਇਮੀਗਰੇਸ਼ਨ ਨੀਤੀਆਂ ਨੂੰ ਮੁੱਖ ਚੋਣ ਮੁੱਦਾ ਬਣਾਇਆ ਸੀ ਅਤੇ ਦਾਅਵਾ ਕੀਤਾ ਸੀ ਕਿ ਅਮਰੀਕਾ ਵਿਚ ਸਥਾਨਕ ਲੋਕ ਹੀ ਨੌਕਰੀ ਦੇ ਅਸਲ ਹੱਕਦਾਰ ਹਨ।

ਉਧਰ, ਮਾੜੀਆਂ ਇੰਮੀਗਰੇਸ਼ਨ ਨੀਤੀਆਂ ਕਰ ਕੇ ਗੈਰਕਾਨੂੰਨੀ ਪਰਵਾਸੀਆਂ ਦੇ ਬੱਚੇ ਉਨ੍ਹਾਂ

*(ਬਾਕੀ ਸਫਾ 6 ਉਤੇ)*

## ਚੀਨ ਬਾਰੇ ਬਿਆਨ 'ਤੇ ਕਸੂਤੇ ਫਸੇ ਮੋਦੀ

### ਡਾ. ਮਨਮੋਹਨ ਸਿੰਘ ਵਲੋਂ ਸੰਭਲ ਕੇ ਬੋਲਣ ਦੀ ਤਾਕੀਦ

**ਨਵੀਂ ਦਿੱਲੀ:** ਲੱਦਾਖ ਦੀ ਗਲਵਾਨ ਵਾਦੀ ਵਿਚ ਭਾਰਤੀ ਅਤੇ ਚੀਨੀ ਫੌਜ ਵਿਚਕਾਰ ਹੋਈ ਝੜਪ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਕ ਬਿਆਨ ਪਿੱਛੋਂ ਭਾਰਤੀ ਸਿਆਸਤ ਵਿਚ ਭੂਚਾਲ ਆਇਆ ਹੋਇਆ ਹੈ। ਮੋਦੀ ਦਾ ਇਹ ਬਿਆਨ ਭਾਰਤ ਅਤੇ ਕੌਮਾਂਤਰੀ ਮਸਲਿਆਂ ਉਤੇ ਮੌਜੂਦਾ ਸਰਕਾਰ ਦੀ ਸੋਚ ਤੇ ਸਮਝ ਉਤੇ ਵੀ ਸਵਾਲ ਚੁੱਕਣ ਵਾਲਾ ਹੈ।

ਦਰਅਸਲ, ਲੱਦਾਖ ਦੀ ਗਲਵਾਨ ਵਾਦੀ ਵਿਚ ਚੀਨੀ ਫੌਜ ਵਲੋਂ 20 ਭਾਰਤੀ ਜਵਾਨਾਂ ਦੀ ਹੱਤਿਆ ਮਗਰੋਂ ਜਦੋਂ ਪੂਰੇ ਮੁਲਕ ਵਿਚ ਚੀਨ ਦੀ ਧੱਕੇਸ਼ਾਹੀ ਖਿਲਾਫ ਰੋਹ ਸੀ ਤਾਂ ਮੋਦੀ ਨੇ ਆਪਣੇ ਬਿਆਨ ਵਿਚ ਦਾਅਵਾ ਕਰ ਦਿੱਤਾ ਕਿ ਚੀਨ ਨੇ ਸਾਡੇ ਕਿਸੇ ਇਲਾਕੇ ਵਿਚ ਘੁਸਪੈਠ ਨਹੀਂ ਕੀਤੀ ਅਤੇ ਸਾਡੀ ਇਕ ਇੰਚ ਜ਼ਮੀਨ ਵੀ ਚੀਨ ਦੇ ਕਬਜ਼ੇ ਵਿਚ ਨਹੀਂ।

ਇਸ ਤੋਂ ਬਾਅਦ ਸਿਆਸੀ ਧਿਰਾਂ ਤੇ ਕੌਮਾਂਤਰੀ ਮਸਲਿਆਂ ਦੀ ਸਮਝ ਰੱਖਣ ਵਾਲਿਆਂ ਨੇ ਸਵਾਲ ਦਾਗੇ ਕਿ ਜੇਕਰ ਚੀਨ ਸਾਡੀ ਸਰਹੱਦ ਅੰਦਰ ਆਇਆ ਹੀ ਨਹੀਂ ਤਾਂ ਦੋਵਾਂ ਫੌਜਾਂ ਵਿਚਾਲੇ ਝੜਪ ਕਿਥੇ ਤੇ ਕਿਵੇਂ ਹੋਈ, 20 ਜਵਾਨ ਕਿਵੇਂ ਮਾਰੇ ਗਏ? ਇਨ੍ਹਾਂ ਸਵਾਲਾਂ ਅੱਗੇ ਮੋਦੀ ਸਰਕਾਰ ਲਾਜਵਾਬ ਹੋ ਗਈ ਅਤੇ ਫਿਰ ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) ਨੇ ਖਹਿੜਾ ਛੁਡਾਉਣ ਲਈ ਆਖ ਦਿੱਤਾ ਕਿ ਪ੍ਰਧਾਨ ਮੰਤਰੀ ਪਿਛਲੇ ਸਮੇਂ ਦੀ ਗੱਲ ਕਰ ਰਹੇ ਸਨ। ਭਾਵੇਂ ਪੀ.ਐਮ.ਓ. ਦੀ ਸਫਾਈ ਨਾਲ ਇਸ ਵਿਵਾਦ ਨੂੰ ਠੰਢਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਮੋਦੀ ਦਾ ਇਹ ਬਿਆਨ ਭਾਰਤ ਨੂੰ ਕੌਮਾਂਤਰੀ ਪੱਧਰ ਉਤੇ 'ਝੂਠਾ' ਸਾਬਤ ਕਰਨ ਵਾਲਾ ਹੈ।

ਇਸੇ ਬਿਆਨ ਬਾਰੇ ਪ੍ਰਤੀਕਿਰਿਆ ਜ਼ਾਹਿਰ ਕਰਦੇ ਹੋਏ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਨਰਿੰਦਰ ਮੋਦੀ ਨੂੰ ਸਲਾਹ ਦਿੱਤੀ ਹੈ ਕਿ ਪ੍ਰਧਾਨ ਮੰਤਰੀ ਨੂੰ ਆਪਣੇ ਵਲੋਂ ਵਰਤੇ ਗਏ ਸ਼ਬਦਾਂ ਦੇ ਅਸਰ ਬਾਰੇ ਸਾਵਧਾਨ ਰਹਿਣਾ ਚਾਹੀਦਾ ਹੈ। ਚੀਨ ਨੂੰ ਪ੍ਰਧਾਨ ਮੰਤਰੀ ਦੇ ਸ਼ਬਦ ਵਰਤ ਕੇ ਆਪਣਾ ਰੁਖ ਦਰੁਸਤ ਸਾਬਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਡਾ. ਸਿੰਘ ਨੇ 'ਸੰਭਲ ਕੇ ਬੋਲਣ' ਦੀ ਤਾਕੀਦ ਦੁਹਰਾਉਂਦਿਆਂ ਸਲਾਹ ਦਿੱਤੀ ਕਿ ਅੱਜ ਅਸੀਂ ਇਤਿਹਾਸ ਦੇ ਨਾਜ਼ੁਕ ਮੋੜ 'ਤੇ ਖੜ੍ਹੇ ਹਾਂ। ਸਾਡੀ ਸਰਕਾਰ ਦੇ ਫੈਸਲੇ ਅਤੇ ਸਰਕਾਰ ਵਲੋਂ ਚੁੱਕੇ ਗਏ ਕਦਮ ਹੀ ਤੈਅ ਕਰਨਗੇ ਕਿ ਭਵਿੱਖ ਦੀਆਂ ਪੀੜ੍ਹੀਆਂ ਕਿਵੇਂ ਸਾਡਾ ਮੁਲੰਕਣ ਕਰਦੀਆਂ ਹਨ। ਚੇਤੇ ਰਹੇ ਕਿ ਚੀਨ ਨੇ ਅਪਰੈਲ 2020 ਤੋਂ ਲੈ ਕੇ ਹੁਣ ਤੱਕ ਭਾਰਤੀ ਸਰਹੱਦ 'ਚ ਗਲਵਾਨ ਘਾਟੀ ਅਤੇ ਪੈਂਗੋਗ ਸੋ ਝੀਲ ਵਿਚ ਕਈ ਵਾਰ ਘੁਸਪੈਠ ਕੀਤੀ ਹੈ। ਭਾਰਤ ਸਰਕਾਰ ਖੁਦ ਇਹ ਖੁਲਾਸਾ ਕਰ ਚੁੱਕੀ ਹੈ ਪਰ ਮੋਦੀ ਤਾਜ਼ਾ ਬਿਆਨ ਕਿਸ ਹਿਸਾਬ ਨਾਲ ਦੇ ਗਏ, ਇਹ ਵੱਡਾ ਸਵਾਲ ਹੈ।



ਅਸਲ ਵਿਚ ਚੀਨ 60 ਦੇ ਦਹਾਕੇ ਤੋਂ ਹੀ ਭਾਰਤ ਦੇ ਹਲਕ ਵਿਚ ਫਸਿਆ ਹੋਇਆ ਹੈ। 1962 ਤੋਂ ਬਾਅਦ 1967 ਵਿਚ ਇਕ ਵਾਰ ਫਿਰ ਸਿੱਕਮ ਵਿਚ ਚੀਨੀ ਅਤੇ ਭਾਰਤੀ ਫੌਜੀਆਂ ਦਰਮਿਆਨ ਝੜਪ ਹੋਈ ਸੀ। ਲੱਦਾਖ ਵਿਚ ਚੀਨ ਦੇ ਹੱਥੋਂ ਵੀਹ ਭਾਰਤੀ ਫੌਜੀਆਂ ਦੇ ਮਾਰੇ ਜਾਣ ਦੀ ਘਟਨਾ ਤੋਂ ਪਹਿਲਾਂ ਅਜਿਹਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਚੀਨੀ ਰਾਸ਼ਟਰਪਤੀ ਦੇ ਨਾਲ ਆਪਣੀਆਂ 18 ਮੁਲਾਕਾਤਾਂ ਨਾਲ ਪੈਦਾ ਹੋਈ ਕਲਪਨਾ ਵਿਚ ਸਨ। ਅਕਤੂਬਰ 1962 ਵਿਚ ਚੀਨੀ ਫੌਜ ਨੇ ਲੱਦਾਖ ਵਿਚ ਹੀ ਮੈਕਮੋਹਨ ਰੇਖਾ ਪਾਰ ਕਰ ਕੇ ਭਾਰਤੀ ਚੌਕੀਆਂ 'ਤੇ ਹਮਲਾ ਕਰ ਕੇ ਯੁੱਧ ਦੀ ਸ਼ੁਰੂਆਤ ਕੀਤੀ ਸੀ। ਜਦੋਂ ਚੀਨ ਦਾ ਮਨੋਰਥ ਪੂਰਾ ਹੋ ਗਿਆ, ਤਾਂ ਉਸ ਨੇ ਆਪਣੇ ਵਲੋਂ ਯੁੱਧਬੰਦੀ ਵੀ ਐਲਾਨ ਦਿੱਤੀ; ਭਾਵ ਹਮਲੇ ਦੀ ਸ਼ੁਰੂਆਤ ਵੀ ਉਸ ਨੇ ਕੀਤੀ ਅਤੇ ਯੁੱਧ ਰੋਕਣ ਦਾ ਐਲਾਨ ਵੀ ਉਸ ਨੇ ਹੀ ਕੀਤਾ। ਹੁਣ ਭਾਰਤ ਨੇ ਅਧਿਕਾਰਤ ਰੂਪ ਨਾਲ ਕਹਿ ਦਿੱਤਾ ਹੈ ਕਿ ਉਸ ਦੀ ਕਿਸੇ ਚੌਕੀ 'ਤੇ ਚੀਨ ਨੇ ਕਬਜ਼ਾ ਨਹੀਂ ਕੀਤਾ। ਇਸ ਨਾਲ ਚੀਨ ਦੇ ਰਣਨੀਤੀਕਾਰਾਂ ਨੂੰ ਖਾਸੀ ਰਾਹਤ ਮਿਲੀ ਹੈ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਦੀ ਫਾਇਦੇ ਦੀ ਸਥਿਤੀ ਨੂੰ ਭਾਰਤ ਨੇ ਸਵੀਕਾਰ ਕਰ ਲਿਆ ਹੈ। ਸਿਆਸੀ ਮਾਹਰ ਦਾਅਵਾ ਕਰ ਰਹੇ ਹਨ ਕਿ ਮੋਦੀ ਦਾ ਇਹ ਬਿਆਨ ਭਵਿੱਖ ਵਿਚ ਭਾਰਤ ਲਈ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ।

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

**Regal Jewels**
2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਲੱਦਾਖ ਝੜਪ ਪਿੱਛੋਂ ਭਾਰਤ ਦੀਆਂ ਸਿਆਸੀ ਧਿਰਾਂ ਆਪਸ 'ਚ ਖਹਿਬੜੀਆਂ

**ਨਵੀਂ ਦਿੱਲੀ:** ਲੱਦਾਖ ਸਰਹੱਦ ਨੇੜੇ ਚੀਨੀ ਤੇ ਭਾਰਤੀ ਫੌਜਾਂ ਵਿਚ ਟਕਰਾਅ ਤੋਂ ਬਾਅਦ ਭਾਰਤ ਦੀਆਂ ਸਿਆਸੀ ਧਿਰਾਂ ਆਪਸ ਵਿਚ ਉਲਝ ਗਈਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੀਨੀ ਫੌਜਾਂ ਦੇ ਭਾਰਤੀ ਸਰਹੱਦ ਅੰਦਰ ਦਾਖਲੇ ਬਾਰੇ ਦਿੱਤੇ ਬਿਆਨ ਪਿੱਛੋਂ ਸਿਆਸਤ ਭਖ ਗਈ ਹੈ। ਮੋਦੀ ਸਰਬ ਪਾਰਟੀ ਮੀਟਿੰਗ ਵਿਚ ਦਾਅਵਾ ਕਰ ਬੈਠੇ ਕਿ ਚੀਨੀ ਫੌਜ ਭਾਰਤੀ ਸਰਹੱਦ ਵਿਚ ਦਾਖਲ ਹੋਈ ਹੀ ਨਹੀਂ। ਵਿਰੋਧੀ ਧਿਰਾਂ ਵੱਲੋਂ ਭਾਜਪਾ ਸਰਕਾਰ ਨੂੰ ਘੇਰਦੇ ਹੋਏ ਸਵਾਲ ਦਾਗੇ ਜਾ ਰਹੇ ਹਨ ਕਿ ਜੇ ਚੀਨੀ ਫੌਜ ਦਾਖਲ ਹੀ ਨਹੀਂ ਹੋਈ ਤਾਂ ਰੌਲਾ ਕਿਸ ਗੱਲ ਦਾ ਸੀ, ਕਿਉਂ 20 ਭਾਰਤੀ ਜਵਾਨਾਂ ਨੂੰ ਆਪਣੀ ਜਾਨ ਗਵਾਉਣੀ ਪਈ।

ਕਾਂਗਰਸ ਵੱਲੋਂ ਇਕ ਤੋਂ ਬਾਅਦ ਇਕ ਨੇਤਾਵਾਂ ਨੇ ਮੋਦੀ ਦੇ ਬਿਆਨ 'ਤੇ ਤਿੱਖੇ ਪ੍ਰਤੀਕਰਮ ਦਿੱਤੇ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮੋਦੀ ਦੇ ਉਕਤ ਬਿਆਨ ਦੇ ਹਵਾਲੇ ਨਾਲ ਪੁੱਛਿਆ ਕਿ ਜੇਕਰ ਚੀਨ ਦੀ ਹੀ ਜ਼ਮੀਨ ਸੀ ਤਾਂ ਸਾਡੇ ਫੌਜੀ ਕਿਉਂ ਅਤੇ ਕਿਥੇ ਸ਼ਹੀਦ ਹੋਏ। ਰਾਹੁਲ ਗਾਂਧੀ ਨੇ ਸਵਾਲ ਉਠਾਉਂਦਿਆਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨੇ ਚੀਨ ਦੇ ਹਮਲੇ ਅੱਗੇ ਹਥਿਆਰ ਸੁੱਟ ਦਿੱਤੇ ਹਨ।

ਸਾਬਕਾ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸਰਕਾਰ 'ਤੇ ਸਵਾਲਾਂ ਦੀ ਝੜੀ ਲਗਾ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਬਿਆਨ ਫੌਜ ਮੁਖੀ, ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਦੇ ਪਹਿਲਾਂ ਦੇ ਬਿਆਨਾਂ ਤੋਂ ਉਲਟ ਹੈ।

ਚਿਦੰਬਰਮ ਨੇ ਪੁੱਛਿਆ ਕਿ ਜੇਕਰ ਕਿਸੇ ਚੀਨੀ ਫੌਜੀ ਨੇ ਐਲ.ਏ.ਸੀ. ਪਾਰ ਹੀ ਨਹੀਂ ਕੀਤੀ ਅਤੇ ਭਾਰਤੀ ਸਰਹੱਦ 'ਚ ਦਾਖਲ ਹੀ ਨਹੀਂ ਹੋਏ ਤਾਂ 5-6 ਮਈ ਨੂੰ ਦੋਵਾਂ ਫੌਜਾਂ ਦਾ ਆਹਮੋ-ਸਾਹਮਣੇ ਆਉਣਾ ਕੀ ਸੀ? 5 ਮਈ ਤੋਂ 6 ਜੂਨ ਦਰਮਿਆਨ ਕਮਾਂਡਰ ਪੱਧਰ ਦੀ ਗੱਲਬਾਤ ਕਿਸ ਮੁੱਦੇ 'ਤੇ ਹੋਈ। 15-16 ਜੂਨ ਨੂੰ ਦੋਵਾਂ ਦੇਸ਼ਾਂ ਦੇ ਫੌਜੀਆਂ ਦਰਮਿਆਨ ਹਿੰਸਕ ਝੜਪਾਂ ਕਿਥੇ ਹੋਈਆਂ ਅਤੇ 20 ਭਾਰਤੀ ਫੌਜੀ ਕਿਥੇ ਸ਼ਹੀਦ ਹੋਏ? ਉਨ੍ਹਾਂ ਇਹ ਵੀ ਪੁੱਛਿਆ ਕਿ ਜੇਕਰ ਚੀਨੀ ਫੌਜੀ ਭਾਰਤੀ ਸਰਹੱਦਾਂ 'ਚ ਦਾਖਲ ਹੀ ਨਹੀਂ ਹੋਏ ਤਾਂ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਬਿਆਨ 'ਚ ਪਹਿਲਾਂ ਵਾਲੀ ਸਥਿਤੀ ਬਹਾਲ ਕਰਨ ਦੀ ਗੱਲ ਕਿਉਂ ਕੀਤੀ ਗਈ।

ਕਾਂਗਰਸੀ ਨੇਤਾ ਰਣਦੀਪ ਸਿੰਘ ਸੁਰਜੇਵਾਲਾ ਨੇ ਪ੍ਰਧਾਨ ਮੰਤਰੀ ਦੇ ਬਿਆਨ ਤੋਂ ਬਾਅਦ ਚੀਨ ਵਲੋਂ ਮੁੜ ਗਲਵਾਨ ਵਾਦੀ 'ਤੇ ਕੀਤੇ ਦਾਅਵੇ ਉਤੇ ਸਰਕਾਰ ਨੂੰ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ। ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਵੀ ਸਰਕਾਰ ਤੋਂ ਸਪੱਸ਼ਟੀਕਰਨ ਦੀ ਮੰਗ ਕਰਦਿਆਂ ਕਿਹਾ ਕਿ ਹੁਣ ਭਾਰਤ ਦੇ ਹਿਸਾਬ ਨਾਲ ਅਸਲ ਕੰਟਰੋਲ ਰੇਖਾ ਕੀ ਹੈ? ਉਨ੍ਹਾਂ ਇਹ ਵੀ ਪੁੱਛਿਆ ਕਿ ਕੀ ਭਾਰਤੀ ਫੌਜੀ ਚੀਨੀ ਖੇਤਰ 'ਚ ਸਨ ਕੀ ਸਾਡੇ ਏਨੇ ਜਵਾਨਾਂ ਦੀ ਸ਼ਹਾਦਤ ਅਜਾਈਂ ਸੀ?



## ਮੋਦੀ ਚੀਨ ਦੇ ਸਾਜ਼ਿਸ਼ੀ ਰੁਖ ਨੂੰ ਤਾਕਤ ਨਾ ਦੇਣ: ਡਾ. ਮਨਮੋਹਨ ਸਿੰਘ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਲੱਦਾਖ ਵਿਚ ਚੀਨ ਨਾਲ ਵਿਵਾਦ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਾਲ ਹੀ ਵਿਚ ਦਿੱਤੇ ਬਿਆਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਮੋਦੀ ਨੂੰ ਆਪਣੇ ਬਿਆਨ ਨਾਲ ਚੀਨ ਦੇ ਸਾਜ਼ਿਸ਼ੀ ਰੁਖ ਨੂੰ ਤਾਕਤ ਨਹੀਂ ਦੇਣੀ ਚਾਹੀਦੀ ਅਤੇ ਸਰਕਾਰ ਦੇ ਸਭਨਾਂ ਅੰਗਾਂ ਨਾਲ ਮਿਲ ਕੇ ਮੌਜੂਦਾ ਚੁਣੌਤੀ ਦਾ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਮਰਾਹਕੁੰਨ ਪ੍ਰਚਾਰ ਕਦੇ ਵੀ ਕੂਟਨੀਤੀ ਅਤੇ ਮਜ਼ਬੂਤ ਅਗਵਾਈ ਦਾ ਬਦਲ ਨਹੀਂ ਹੋ ਸਕਦਾ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਵਾਨਾਂ ਦਾ ਬਲਿਦਾਨ ਅਜਾਈਂ ਨਹੀਂ ਜਾਣਾ ਚਾਹੀਦਾ।

## ਕਾਂਗਰਸ ਨੇ 43000 ਕਿਲੋਮੀਟਰ ਖੇਤਰ ਬਿਨਾ ਸੰਘਰਸ਼ ਚੀਨ ਨੂੰ ਦਿੱਤਾ: ਭਾਜਪਾ

**ਨਵੀਂ ਦਿੱਲੀ:** ਭਾਜਪਾ ਪ੍ਰਧਾਨ ਜੇਪੀ ਨੱਡਾ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਮੋੜਵਾਂ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਵਜੋਂ ਭਾਰਤ ਦੀ ਸੈਂਕੜੇ ਕਿਲੋਮੀਟਰ ਜ਼ਮੀਨ ਚੀਨ ਨੂੰ ਬਿਨਾਂ ਸੰਘਰਸ਼ ਦੇ ਸੌਂਪ ਦਿੱਤੀ ਅਤੇ ਉਨ੍ਹਾਂ ਦੇ ਕਾਰਜਕਾਲ ਵਿਚ 2010 ਤੋਂ 2013 ਵਿਚਾਲੇ ਗੁਆਂਢੀ ਮੁਲਕ ਨੇ 600 ਵਾਰ ਘੁਸਪੈਠ ਕੀਤੀ। ਭਾਜਪਾ ਮੁਖੀ ਨੇ ਕਿਹਾ ਕਿ ਕਾਂਗਰਸੀ ਆਗੂਆਂ ਨੇ ਬਾਲਾਕੋਟ ਹਵਾਈ ਹਮਲੇ ਅਤੇ ਸਰਜੀਕਲ ਸਟ੍ਰਾਈਕ ਮਗਰੋਂ ਵੀ ਅਜਿਹਾ ਹੀ ਕੀਤਾ ਸੀ। ਉਨ੍ਹਾਂ ਟਵੀਟ ਕੀਤਾ, 'ਡਾ. ਮਨਮੋਹਨ ਸਿੰਘ ਉਸੇ ਪਾਰਟੀ ਤੋਂ ਆਉਂਦੇ ਹਨ, ਜਿਸ ਨੇ 43000 ਕਿਲੋਮੀਟਰ ਤੋਂ ਵਧ ਭਾਰਤੀ ਖੇਤਰ ਚੀਨ ਨੂੰ ਦਿੱਤਾ ਸੀ।

## ਨਰਿੰਦਰ ਮੋਦੀ ਨਹੀਂ, ਸਰੈਂਡਰ ਮੋਦੀ: ਰਾਹੁਲ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਪਰ ਭਾਰਤੀ ਇਲਾਕਾ ਚੀਨ ਨੂੰ ਸੌਂਪਣ ਦਾ ਦੋਸ਼ ਲਗਾਉਣ ਤੋਂ ਬਾਅਦ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਉਨ੍ਹਾਂ 'ਤੇ ਵਿਅੰਗ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਅਸਲ ਵਿਚ ਸਰੈਂਡਰ ਮੋਦੀ ਹਨ। ਰਾਹੁਲ ਗਾਂਧੀ ਨੇ ਟਵੀਟ ਵਿਚ ਇਹ ਗੱਲ ਆਖੀ ਤੇ ਨਾਲ ਹੀ ਉਨ੍ਹਾਂ ਨੇ ਵਿਦੇਸ਼ੀ ਪ੍ਰਕਾਸ਼ਨ ਦੇ ਲੇਖ ਦਾ ਵੀ ਜ਼ਿਕਰ ਕੀਤਾ ਜਿਸ ਦਾ ਸਿਰਲੇਖ ਹੈ, 'ਭਾਰਤ ਦੀ ਚੀਨ ਪ੍ਰਤੀ ਸਮਰਪਣ ਨੀਤੀ ਦਾ ਖੁਲਾਸਾ ਹੋਇਆ ਹੈ।' ਟਵੀਟ ਵਿਚ ਉਨ੍ਹਾਂ ਕਿਹਾ ਨਰਿੰਦਰ ਮੋਦੀ ਅਸਲ ਵਿਚ ਸਰੈਂਡਰ ਮੋਦੀ ਹਨ।



# ਭਾਰਤ ਵਲੋਂ ਚੀਨ ਖਿਲਾਫ ਆਰਥਕ ਮੋਰਚੇਬੰਦੀ

**ਨਵੀਂ ਦਿੱਲੀ:** ਲੱਦਾਖ ਦੀ ਗਲਵਾਨ ਘਾਟੀ ਵਿਚ ਚੀਨੀ ਤੇ ਭਾਰਤੀ ਫੌਜਾਂ ਵਿਚ ਹਿੰਸਕ ਟਕਰਾਅ ਤੋਂ ਬਾਅਦ ਭਾਰਤ ਨੇ ਚੀਨ ਖਿਲਾਫ ਆਰਥਿਕ ਮੋਰਚੇਬੰਦੀ ਸ਼ੁਰੂ ਕਰ ਦਿੱਤੀ ਹੈ। ਭਾਰਤ 'ਚ ਚੀਨੀ ਸਾਮਾਨ ਵਿਰੁੱਧ ਗੁੱਸੇ ਦੀ ਲਹਿਰ ਸ਼ੁਰੂ ਹੋਈ ਹੈ। ਪਹਿਲੀ ਕਾਰਵਾਈ ਵਿਚ ਹੀ ਰੇਲਵੇ ਨੇ ਚੀਨੀ ਕੰਪਨੀ ਦਾ 471 ਕਰੋੜ ਰੁਪਏ ਦਾ ਠੇਕਾ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ 1000 ਕਰੋੜ ਰੁਪਏ ਦੇ ਪੁਰਜ਼ੇ ਲੈਣ ਵਾਲਾ ਸਮਝੌਤਾ ਵੀ ਤੋੜਨ ਦੀ ਤਿਆਰੀ ਕਰ ਲਈ ਹੈ।

ਦੇਸ਼ 'ਚ 7 ਕਰੋੜ ਦੁਕਾਨਦਾਰਾਂ ਦਾ ਸੰਗਠਨ ਜਿਸ ਨੂੰ 'ਸੀ.ਏ.ਟੀ.' ਕਿਹਾ ਜਾਂਦਾ ਹੈ, ਨੇ ਵੀ ਚੀਨ ਦੇ ਸਾਮਾਨ ਨੂੰ ਦੁਕਾਨਦਾਰਾਂ ਵਲੋਂ ਨਾ ਰੱਖਣ ਤੇ ਗਾਹਕਾਂ ਵਲੋਂ ਨਾ ਖਰੀਦਣ ਦੀ ਅਪੀਲ ਕੀਤੀ ਹੈ। ਕੇਂਦਰੀ ਰਾਸ਼ਨ ਤੇ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਵੀ ਚੀਨੀ ਸਾਮਾਨ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਹੈ। 'ਸੀ.ਏ.ਟੀ.' ਨੇ ਕਿਹਾ ਹੈ ਕਿ ਚੀਨੀ ਸਾਮਾਨ ਨਾ ਖਰੀਦ ਕੇ ਭਾਰਤ 1 ਲੱਖ ਕਰੋੜ ਰੁਪਏ ਦੀ ਦਰਾਮਦ ਦੇ ਘਾਟੇ ਤੋਂ ਬਚ ਸਕਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਸ ਸਮੇਂ ਆਤਮ-ਨਿਰਭਰਤਾ ਦੀ ਗੱਲ ਕੀਤੀ ਹੈ ਅਤੇ ਬਰਾਮਦ ਘਟਾ ਕੇ ਦੇਸ਼ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਦੀ ਅਪੀਲ ਕੀਤੀ ਹੈ। ਦੁਨੀਆਂ ਭਰ 'ਚ ਵੀ ਵੱਡੇ ਦੇਸ਼ਾਂ ਵਲੋਂ ਚੀਨ ਦੇ ਖਿਲਾਫ ਆਰਥਿਕ ਮੋਰਚਾਬੰਦੀ ਕਰਨ ਬਾਰੇ ਸੋਚਿਆ ਜਾ ਰਿਹਾ ਹੈ। ਭਾਰਤ ਤੇ ਚੀਨ ਦੇ ਕਾਰੋਬਾਰ ਦਾ ਹੁਣ ਤੱਕ ਅਨੁਪਾਤ 20:80 ਦਾ ਰਿਹਾ ਹੈ ਭਾਵ ਚੀਨ ਭਾਰਤ ਤੋਂ 4 ਗੁਣਾ ਜ਼ਿਆਦਾ ਸਾਮਾਨ ਇਥੇ ਭੇਜਦਾ ਹੈ। ਸਾਲ 2019-20 ਵਿਚ ਇਹ ਕਾਰੋਬਾਰ 100 ਬਿਲੀਅਨ (100 ਅਰਬ) ਡਾਲਰ ਦੇ ਨੇੜੇ-ਤੇੜੇ ਪਹੁੰਚ ਗਿਆ ਹੈ।

ਅਮਰੀਕਾ, ਭਾਰਤ ਤੋਂ ਬਾਅਦ ਉਸ ਦਾ ਦੂਸਰਾ ਵੱਡਾ ਵਪਾਰਕ ਭਾਈਵਾਲ ਰਿਹਾ ਹੈ। ਭਾਰਤ ਵਿਚ ਵੀ ਚੀਨ ਦਾ ਵਪਾਰ ਤੇਜ਼ੀ ਨਾਲ ਵਧਿਆ ਹੈ। ਚੀਨ ਦੀਆਂ ਹਜ਼ਾਰਾਂ ਕੰਪਨੀਆਂ ਨੇ ਵੱਖ-ਵੱਖ ਸਸਤੇ ਉਤਪਾਦ ਭਾਰਤੀ ਬਾਜ਼ਾਰ ਵਿਚ ਉਤਾਰ ਦਿੱਤੇ,




ਜਿਸ ਨਾਲ ਭਾਰਤ ਨੂੰ ਵਪਾਰ 'ਚ ਵੱਡਾ ਘਾਟਾ ਸਹਿਣਾ ਪਿਆ। ਪਿਛਲੇ ਸਾਲਾਂ ਦੇ ਅੰਕੜਿਆਂ ਮੁਤਾਬਕ ਸਾਲ 2015 ਵਿਚ ਭਾਰਤ ਨੇ ਚੀਨ ਨੂੰ 11.93 ਫੀਸਦੀ ਮਾਲ ਬਰਾਮਦ ਕੀਤਾ ਜਦੋਂ ਕਿ ਇਸੇ ਸਾਲ ਚੀਨ ਤੋਂ 60.41 ਫੀਸਦੀ ਮਾਲ ਦਰਾਮਦ ਹੋਇਆ। ਸਾਲ 2016 'ਚ ਭਾਰਤ ਦੀ ਬਰਾਮਦ 9.01 ਫੀਸਦੀ ਸੀ ਜਦੋਂ ਕਿ ਚੀਨ ਤੋਂ ਦਰਾਮਦ 61.07 ਫੀਸਦੀ ਦੀ ਹੋਈ ਸੀ। ਸਾਲ 2017 'ਚ ਭਾਰਤ ਨੇ 10.71 ਫੀਸਦੀ ਮਾਲ ਚੀਨ ਨੂੰ ਭੇਜਿਆ ਜਦੋਂ ਕਿ ਇਸ ਨੇ ਚੀਨ ਤੋਂ 61.28 ਫੀਸਦੀ ਮਾਲ ਖਰੀਦਿਆ। ਸਾਲ 2018 ਵਿਚ ਭਾਰਤ ਦਾ ਚੀਨ 'ਚ 13.33 ਫੀਸਦੀ ਸਾਮਾਨ ਗਿਆ ਅਤੇ ਉਥੋਂ 70.38 ਫੀਸਦੀ ਸਾਮਾਨ ਭਾਰਤ ਪੁੱਜਾ।

ਸਾਲ 2019 'ਚ 6.75 ਫੀਸਦੀ ਸਾਮਾਨ ਭਾਰਤ ਨੇ ਚੀਨ ਨੂੰ ਭੇਜਿਆ ਜਦੋਂ ਕਿ ਚੀਨ ਤੋਂ 70.71 ਫੀਸਦੀ ਸਾਮਾਨ ਆਇਆ। ਚਲਦੇ ਸਾਲ 2020 ਦੀ ਫੀਸਦੀ ਵੀ ਇਸ ਦੇ ਨੇੜੇ-ਤੇੜੇ ਹੀ ਕਹੀ ਜਾ ਸਕਦੀ ਹੈ। ਚੀਨ ਤੋਂ ਆਈਆਂ ਵਸਤਾਂ ਵਿਚ ਉਪਭੋਗੀ ਸਾਮਾਨ ਦੇ ਨਾਲ ਖਿਡੌਣੇ, ਕੱਪੜਾ, ਉਸਾਰੀ ਦਾ ਸਾਮਾਨ, ਰਸੋਈ ਦਾ ਸਾਮਾਨ, ਬਿਜਲੀ ਦਾ ਸਾਮਾਨ, ਘੜੀਆਂ, ਗਹਿਣੇ, ਕਾਗਜ਼ ਤੇ ਕਾਪੀਆਂ ਪੈਨਸਲਾਂ ਆਦਿ ਵਸਤਾਂ ਨਾਲ ਭਾਰਤੀ ਬਾਜ਼ਾਰ ਭਰੇ ਪਏ ਹਨ। ਅਨੇਕਾਂ ਹੀ ਸਮਝੌਤੇ ਚੀਨ ਦੀਆਂ ਕੰਪਨੀਆਂ ਨਾਲ ਕੀਤੇ ਗਏ ਅਤੇ ਕੀਤੇ ਜਾ ਰਹੇ ਹਨ। ਪਰ ਹੁਣ ਜਦੋਂ ਚੀਨ ਸਰਹੱਦੀ ਮਸਲੇ 'ਤੇ ਪਹਿਲਾਂ ਵਾਂਗ ਖੁੱਲ੍ਹੀ ਖੇਡ ਖੇਡ ਰਿਹਾ ਹੈ ਤਾਂ ਉਸ ਵਲੋਂ ਧਾਰੀ ਅਜਿਹੀ ਖੂਨੀ ਨੀਅਤ ਦਾ ਭਾਰਤ 'ਚ ਸਖਤ ਪ੍ਰਤੀਕਰਮ ਹੋਇਆ ਹੈ।

## ਕਿਸੇ ਗਲਤਫਹਿਮੀ 'ਚ ਨਾ ਰਹੇ ਭਾਰਤ: ਚੀਨ

**ਪੇਈਚਿੰਗ:** ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਦੋਸ਼ ਲਾਇਆ ਹੈ ਕਿ 15 ਜੂਨ ਦੀ ਸ਼ਾਮ ਨੂੰ ਭਾਰਤੀ ਜਵਾਨਾਂ ਨੇ ਦੋਵਾਂ ਧਿਰਾਂ ਦੇ ਫੌਜੀ ਅਧਿਕਾਰੀਆਂ ਵਿਚਾਲੇ ਬਣੀ ਸਹਿਮਤੀ ਤੋੜ ਕੇ ਅਸਲ ਕੰਟਰੋਲ ਰੇਖਾ ਪਾਰ ਕੀਤੀ। ਇਸੇ ਕਾਰਨ ਹਿੰਸਕ ਟਕਰਾਅ ਹੋਇਆ। ਵਾਂਗ ਨੇ ਕਿਹਾ ਕਿ ਭਾਰਤੀ ਫੌਜ ਦੀ ਇਸ 'ਖਤਰਨਾਕ ਕਾਰਵਾਈ ਨੇ ਸਰਹੱਦੀ ਵਿਵਾਦ ਟਾਲਣ ਲਈ ਬਣੇ ਸਮਝੌਤੇ ਤੇ ਕੌਮਾਂਤਰੀ ਸਬੰਧਾਂ ਦੇ ਨੇਮਾਂ ਦੀ ਗੰਭੀਰ ਉਲੰਘਣਾ ਕੀਤੀ।' ਉਨ੍ਹਾਂ ਮੰਗ ਕੀਤੀ ਕਿ ਭਾਰਤ ਇਸ ਘਟਨਾ ਦੀ 'ਗਹਿਰਾਈ ਨਾਲ ਜਾਂਚ' ਕਰਵਾਏ ਤੇ ਜ਼ਿੰਮੇਵਾਰੀ ਤੈਅ ਕਰੇ ਤਾਂ ਕਿ ਇਸ ਤਰ੍ਹਾਂ ਦੀ ਘਟਨਾ ਦੁਬਾਰਾ ਨਾ ਵਾਪਰੇ।

# ਚੀਨ ਨੇ ਗਲਵਾਨ ਘਾਟੀ 'ਤੇ ਕੀਤਾ ਪ੍ਰਭੂਸੱਤਾ ਦਾ ਦਾਅਵਾ

**ਪੇਈਚਿੰਗ:** ਚੀਨੀ ਅਤੇ ਭਾਰਤੀ ਫੌਜ ਦੀ ਹੋਈ ਝੜਪ ਤੋਂ ਬਾਅਦ ਚੀਨ ਨੇ ਗਲਵਾਨ ਘਾਟੀ 'ਤੇ ਆਪਣੀ ਪ੍ਰਭੂਸੱਤਾ ਦਾ ਦਾਅਵਾ ਕੀਤਾ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜਿਅਨ ਨੇ ਕਿਹਾ ਕਿ ਗਲਵਾਨ ਘਾਟੀ ਖੇਤਰ ਦੀ ਪ੍ਰਭੂਸੱਤਾ ਹਮੇਸ਼ਾ ਚੀਨ ਨਾਲ ਸਬੰਧਤ ਰਹੀ ਹੈ। ਉਨ੍ਹਾਂ ਕਿਹਾ ਅਸੀਂ ਭਾਰਤ ਨਾਲ ਹੋਰ ਵੱਧ ਝੜਪਾਂ ਨਹੀਂ ਦੇਖਣਾ ਚਾਹੁੰਦੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਰਹੱਦ ਨਾਲ ਜੁੜੇ ਮੁੱਦਿਆਂ ਉਤੇ ਸਾਡੀ ਕਮਾਂਡਰ ਪੱਧਰ ਦੀ ਗੱਲਬਾਤ ਦੀ ਸਰਬਸੰਮਤੀ ਦੇ ਬਾਅਦ ਵੀ ਭਾਰਤੀ ਫੌਜੀਆਂ ਨੇ ਸਾਡੀ ਸਰਹੱਦ ਦੇ ਪ੍ਰੋਟੋਕਾਲ ਦੀ ਉਲੰਘਣਾ ਕੀਤੀ। ਅਸੀਂ ਭਾਰਤ ਨਾਲ ਆਪਣੇ ਸਰਹੱਦੀ ਫੌਜੀਆਂ ਨੂੰ ਸਖਤੀ ਨਾਲ ਅਨੁਸ਼ਾਸਿਤ ਕਰਨ, ਉਲੰਘਣਾ ਅਤੇ ਭੜਕਾਊ ਗਤੀਵਿਧੀ ਨੂੰ ਰੋਕਣ ਲਈ ਗੱਲਬਾਤ ਰਾਹੀਂ ਮਤਭੇਦਾਂ ਨੂੰ ਸੁਲਝਾਉਣ ਲਈ ਕਹਿੰਦੇ ਰਹੇ ਹਾਂ। ਅਸੀਂ ਕੂਟਨੀਤਕ ਤੇ ਫੌਜੀ ਚੈਨਲਾਂ ਰਾਹੀਂ ਗੱਲਬਾਤ ਕਰ ਰਹੇ ਹਾਂ।

ਲਿਜਿਅਨ ਨੇ ਕਿਹਾ ਕਿ ਇਸ ਖੇਤਰ ਵਿਚ ਚੀਨੀ ਫੌਜੀ ਪਿਛਲੇ ਕਈ ਸਾਲਾਂ ਤੋਂ ਗਸ਼ਤ ਕਰ ਰਹੇ ਹਨ। ਬੁਲਾਰੇ ਨੇ ਕਿਹਾ ਕਿ ਇਸ ਸਾਲ ਅਪਰੈਲ ਮਗਰੋਂ ਭਾਰਤੀ ਫੌਜ ਨੇ ਗਲਵਾਨ ਘਾਟੀ 'ਚ ਅਸਲ ਕੰਟਰੋਲ ਰੇਖਾ ਉਤੇ ਸੜਕ, ਪੁਲ ਤੇ ਹੋਰ ਉਸਾਰੀ ਕਾਰਜ ਸ਼ੁਰੂ ਕੀਤੇ ਹਨ। ਉਸ ਨੇ ਕਿਹਾ ਕਿ ਚੀਨ ਨੇ ਇਸ ਗੈਰਕਾਨੂੰਨੀ ਉਸਾਰੀ ਬਾਰੇ ਕਈ ਵਾਰ ਉਜਰ ਵੀ ਜਤਾਇਆ ਸੀ, ਪਰ ਭਾਰਤ ਨੇ ਅਸਲ ਕੰਟਰੋਲ ਰੇਖਾ ਪਾਰ ਕਰਕੇ ਭੜਕਾਉਣ ਵਾਲੀ ਕਾਰਵਾਈ ਜਾਰੀ ਰੱਖੀ।

ਉਸ ਨੇ ਕਿਹਾ ਕਿ 15 ਜੂਨ ਦੀ ਸ਼ਾਮ ਨੂੰ ਭਾਰਤੀ ਫੌਜੀਆਂ ਨੇ ਕਮਾਂਡਰ ਪੱਧਰ ਦੀ ਬੈਠਕ 'ਚ ਹੋਈ ਸਹਿਮਤੀ ਦੀ ਉਲੰਘਣਾ ਕਰਦਿਆਂ ਇਕ ਵਾਰ ਫਿਰ ਅਸਲ ਕੰਟਰੋਲ ਰੇਖਾ ਉਲੰਘੀ ਅਤੇ ਉਥੇ ਗੱਲਬਾਤ ਲਈ ਗਏ ਚੀਨੀ ਅਧਿਕਾਰੀਆਂ ਤੇ ਜਵਾਨਾਂ 'ਤੇ ਹਮਲਾ ਕੀਤਾ।

## ਭਾਰਤ ਨੇ ਚੀਨ ਦਾ ਦਾਅਵਾ ਨਕਾਰਿਆ

**ਨਵੀਂ ਦਿੱਲੀ:** ਭਾਰਤ ਨੇ ਚੀਨ ਵੱਲੋਂ ਗਲਵਾਨ ਘਾਟੀ 'ਤੇ ਜਤਾਏ ਖੁਦਮੁਖਤਾਰੀ ਦੇ ਦਾਅਵੇ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਘਾਟੀ ਬਾਰੇ ਸਥਿਤੀ ਇਤਿਹਾਸਕ ਪੱਖੋਂ ਪੂਰੀ ਤਰ੍ਹਾਂ ਸਪੱਸ਼ਟ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਨੁਰਾਗ ਸ੍ਰੀਵਾਸਤਵ ਨੇ ਕਿਹਾ ਕਿ ਚੀਨ ਦੇ ਦਾਅਵੇ ਨੂੰ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਬੁਲਾਰੇ ਨੇ ਕਿਹਾ ਕਿ ਚੀਨ ਦਾ ਉਪਰੋਕਤ ਦਾਅਵਾ ਬੀਤੇ 'ਚ ਉਸ ਦੇ ਆਪਣੇ ਸਟੈਂਡ ਨਾਲ ਹੀ ਮੇਲ ਨਹੀਂ ਖਾਂਦਾ ਹੈ। ਉਨ੍ਹਾਂ ਕਿਹਾ ਕਿ ਚੀਨ ਦੇ ਹਮਲਾਵਰ ਰਵੱਈਏ ਦਾ ਭਾਰਤੀ ਫੌਜ ਨੇ ਹਮੇਸ਼ਾ ਢੁਕਵਾਂ ਜਵਾਬ ਦਿੱਤਾ ਹੈ।

# ਚੀਨ ਨੂੰ ਮੂੰਹ-ਤੋੜ ਜਵਾਬ ਦੇਣ ਲਈ ਸੁਰੱਖਿਆ ਬਲਾਂ ਨੂੰ ਪੂਰੀ ਖੁੱਲ੍ਹ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਤਿੰਨਾਂ ਸੈਨਾਵਾਂ ਦੇ ਮੁਖੀਆਂ ਨਾਲ ਬੈਠਕ ਕਰਕੇ ਪੂਰਬੀ ਲੱਦਾਖ ਵਿਚ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ। ਜਿਸ ਤੋਂ ਬਾਅਦ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਚੀਨ ਨਾਲ ਲੱਗਦੀ 3500 ਕਿਲੋਮੀਟਰ ਲੰਬੀ ਸਰਹੱਦ 'ਤੇ ਸੁਰੱਖਿਆ ਬਲਾਂ ਨੂੰ ਚੀਨ ਦੀ ਕਿਸੇ ਵੀ ਮਾੜੀ ਹਰਕਤ ਦਾ ਮੂੰਹ-ਤੋੜ ਜਵਾਬ ਦੇਣ ਦੀ ਪੂਰੀ ਤਰ੍ਹਾਂ ਖੁੱਲ੍ਹ ਦਿੱਤੀ ਗਈ ਹੈ। ਇਸ ਬੈਠਕ ਵਿਚ ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ, ਫੌਜ ਮੁਖੀ ਜਨਰਲ ਐਮ. ਐਮ. ਨਰਵਾਣੇ, ਜਲ ਸੈਨਾ ਮੁਖੀ ਕਰਮਬੀਰ ਸਿੰਘ ਤੇ ਹਵਾਈ ਸੈਨਾ ਮੁਖੀ ਆਰ. ਕੇ. ਐਸ. ਭਦੌਰੀਆ ਸ਼ਾਮਲ ਹੋਏ।

ਜ਼ਿਕਰਯੋਗ ਹੈ ਕਿ ਬੀਤੀ 15 ਜੂਨ ਨੂੰ ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿਚ ਚੀਨੀ ਫੌਜੀਆਂ ਨਾਲ ਹੋਈ ਝੜਪ 'ਚ 20 ਭਾਰਤੀ ਜਵਾਨ ਸ਼ਹੀਦ ਹੋਣ ਤੋਂ ਬਾਅਦ ਭਾਰਤ ਨੇ ਪਹਿਲਾਂ ਹੀ ਚੀਨ ਨਾਲ ਲੱਗਦੀ ਸਰਹੱਦ 'ਤੇ ਲੜਾਕੂ ਜਹਾਜ਼ ਤੇ ਹਜ਼ਾਰਾਂ ਹੋਰ ਜਵਾਨਾਂ ਨੂੰ ਭੇਜ ਦਿੱਤਾ ਹੈ। ਫੌਜੀ ਸੂਤਰਾਂ ਨੇ ਦੱਸਿਆ ਕਿ ਗਲਵਾਨ ਘਾਟੀ ਵਿਚ ਹੋਈ ਝੜਪ ਤੋਂ ਬਾਅਦ ਭਾਰਤੀ ਜਵਾਨ ਹੁਣ ਕਿਸੇ ਤਰ੍ਹਾਂ ਦੀ ਝੜਪ ਦੌਰਾਨ ਹਥਿਆਰਾਂ ਦੀ ਵਰਤੋਂ ਨਾ ਕਰਨ ਲਈ ਪਾਬੰਦ ਨਹੀਂ ਹੋਣਗੇ। ਹਥਿਆਰਬੰਦ ਫੌਜ ਨੂੰ ਚੀਨ ਦੀ ਕਿਸੇ ਵੀ ਨਾਪਾਕ ਹਰਕਤ ਦਾ ਜਵਾਬ ਦੇਣ ਲਈ ਪੂਰੀ ਤਰ੍ਹਾਂ ਖੁੱਲ੍ਹ ਦਿੱਤੀ ਗਈ ਹੈ।

ਪੂਰਬੀ ਲੱਦਾਖ ਵਿਚ ਚੀਨੀ ਸੈਨਾ ਨਾਲ ਜਾਰੀ ਤਣਾਅ ਦਰਮਿਆਨ ਸਰਕਾਰ ਨੇ ਤਿੰਨੇ ਸੈਨਾਵਾਂ ਨੂੰ ਘਾਤਕ ਹਥਿਆਰ ਅਤੇ ਗੋਲਾ ਬਾਰੂਦ ਖਰੀਦਣ ਲਈ 500 ਕਰੋੜ ਰੁਪਏ ਦੇ ਹੰਗਾਮੀ ਫੰਡ ਨੂੰ ਮਨਜ਼ੂਰੀ ਦਿੱਤੀ ਹੈ। ਭਾਵ ਸਰਕਾਰ ਨੇ ਤਿੰਨੇ ਸੈਨਾਵਾਂ ਨੂੰ ਉਨ੍ਹਾਂ ਦੀ ਜ਼ਰੂਰਤ ਦੇ ਅਨੁਸਾਰ 500 ਕਰੋੜ ਰੁਪਏ ਤੱਕ ਦੇ ਘਾਤਕ ਹਥਿਆਰਾਂ ਅਤੇ ਗੋਲਾ ਬਾਰੂਦ ਨੂੰ ਖਰੀਦਣ ਦਾ ਅਧਿਕਾਰ ਦਿੱਤਾ ਹੈ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਨੇ ਤਿੰਨੇ ਸੈਨਾਵਾਂ ਦੇ ਉਪ ਮੁਖੀਆਂ ਨੂੰ ਖਤਰਨਾਕ ਅਸਤਰ ਸ਼ਸਤਰ ਦੀ ਤੁਰਤ ਤੇ ਹੰਗਾਮੀ ਖਰੀਦ ਲਈ 500 ਕਰੋੜ ਰੁਪਏ ਤੱਕ ਦੇ ਵਿੱਤੀ ਅਧਿਕਾਰ ਦਿੱਤੇ ਹਨ। ਸੈਨਾਵਾਂ ਨੂੰ ਅਸਲ ਕੰਟਰੋਲ ਰੇਖਾ 'ਤੇ ਆਪਰੇਸ਼ਨਲ ਤਿਆਰੀ ਨੂੰ ਵਧਾਉਣ ਲਈ ਸ਼ਾਰਟ ਨੋਟਿਸ 'ਤੇ ਹਥਿਆਰ ਅਤੇ ਮਿਲਟਰੀ ਸਾਜ਼ੋ ਸਾਮਾਨ ਖਰੀਦਣ ਲਈ ਵਿਸ਼ੇਸ਼ ਵਿੱਤੀ ਤਾਕਤਾਂ ਦਿੱਤੀਆਂ ਗਈਆਂ ਹਨ।


## ਭਾਰਤ-ਚੀਨ ਸਰਹੱਦ 'ਤੇ ਸਥਿਤੀ ਬਹੁਤ ਪੇਚੀਦਾ: ਟਰੰਪ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਚੀਨ ਤੇ ਭਾਰਤ ਵਿਚਾਲੇ ਸਰਹੱਦੀ ਸਥਿਤੀ 'ਬਹੁਤ ਪੇਚੀਦਾ' ਬਣੀ ਹੋਈ ਹੈ ਤੇ ਉਨ੍ਹਾਂ ਦੇ ਪ੍ਰਸ਼ਾਸਨ ਵੱਲੋਂ ਇਸ ਤਣਾਅ ਨੂੰ ਘਟਾਉਣ ਲਈ ਦੋਹਾਂ ਦੇਸ਼ਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ।

ਟਰੰਪ ਨੇ ਓਕਲਾਹਾਮਾ 'ਚ ਆਪਣੀ ਪਹਿਲੀ ਰੈਲੀ ਨੂੰ ਸੰਬੋਧਨ ਕਰਨ ਜਾਣ ਤੋਂ ਪਹਿਲਾਂ ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਭਾਰਤ ਤੇ ਚੀਨ ਨਾਲ ਗੱਲਬਾਤ ਕਰ ਰਹੇ ਹਾਂ, ਉਹ ਦੋਵੇਂ (ਚੀਨ-ਭਾਰਤ) ਵੱਡੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ।

# ਬੇਕਾਬੂ ਤੇਲ ਕੀਮਤਾਂ ਨੇ ਮੋਦੀ ਸਰਕਾਰ ਦੀ ਨੀਅਤ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਕਰੋਨਾ ਕਾਰਨ ਮੰਦੀ ਦੇ ਸ਼ਿਕਾਰ ਲੋਕਾਂ ਨੂੰ ਹੁਣ ਤੇਲ ਕੀਮਤਾਂ 'ਚ ਲਗਾਤਾਰ ਵਾਧੇ ਨੇ ਉਜਾੜੇ ਦੇ ਰਾਹ ਪਾ ਦਿੱਤਾ ਹੈ। ਕਿਸੇ ਸਮੇਂ ਕੌਮਾਂਤਰੀ ਪੱਧਰ ਉਤੇ 100 ਡਾਲਰ ਪ੍ਰਤੀ



ਬੈਰਲ ਤੋਂ ਵੀ ਵਧੇਰੇ ਕੱਚੇ ਮਾਲ ਦੀ ਕੀਮਤ ਹੋਣ ਸਮੇਂ ਵੀ ਡੀਜ਼ਲ ਤੇ ਪੈਟਰੋਲ ਦੀ ਕੀਮਤ 70 ਅਤੇ 80 ਰੁਪਏ ਤੋਂ ਪ੍ਰਤੀ ਲਿਟਰ ਤੋਂ ਘੱਟ ਹੀ ਰਹੀ ਹੈ ਪਰ ਇਸ ਵੇਲੇ ਕੱਚੇ ਤੇਲ ਦੀ ਕੀਮਤ 40 ਡਾਲਰ ਪ੍ਰਤੀ ਬੈਰਲ ਹੈ। ਇਸ ਦੇ ਬਾਵਜੂਦ ਡੀਜ਼ਲ ਤੇ ਪੈਟਰੋਲ ਦੀ ਕੀਮਤ 70 ਸਾਲ ਦੇ ਇਤਿਹਾਸ ਵਿਚ ਸਭ ਤੋਂ ਵਧੇਰੇ ਕ੍ਰਮਵਾਰ 71.34 ਰੁਪਏ ਤੇ 80.09 ਰੁਪਏ ਤੱਕ ਪਹੁੰਚ ਗਈ ਹੈ। ਤੇਲ ਵਪਾਰ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ 'ਚ ਕੱਚੇ ਤੇਲ ਦੀ ਕੌਮਾਂਤਰੀ ਕੀਮਤ ਦਾ ਕੋਈ ਅਰਥ ਹੀ ਨਹੀਂ ਰਿਹਾ, ਕਿਉਂਕਿ ਭਾਰਤ ਸਰਕਾਰ ਨੇ ਤੇਲ ਉੱਪਰ ਪ੍ਰਤੀ ਲਿਟਰ ਐਕਸਾਈਜ਼ ਡਿਊਟੀ 32 ਰੁਪਏ ਲਗਾ ਰੱਖੀ ਹੈ ਤੇ ਪੰਜਾਬ ਸਰਕਾਰ ਨੇ 22 ਰੁਪਏ ਪ੍ਰਤੀ ਲਿਟਰ ਵੈਟ ਵੱਖਰਾ ਲਗਾਇਆ ਹੈ ਜਦਕਿ ਤੇਲ ਦਾ ਅਸਲ ਭਾਅ 22 ਰੁਪਏ ਲਿਟਰ ਹੀ ਹੈ।

ਇਸ ਤਰ੍ਹਾਂ ਆਮ ਆਦਮੀ ਨੂੰ ਇਕ ਲਿਟਰ ਤੇਲ ਖਰੀਦਣ ਸਮੇਂ ਕੇਂਦਰ ਤੇ ਪੰਜਾਬ ਸਰਕਾਰ ਨੂੰ 54 ਰੁਪਏ ਤਾਰਨੇ ਪੈਂਦੇ ਹਨ। ਦੋਵਾਂ ਸਰਕਾਰਾਂ ਨੇ ਕਰੋਨਾ ਆਫਤ ਸਮੇਂ ਲੋਕਾਂ ਨੂੰ ਮਹਿੰਗਾਈ ਦੀ ਭੱਠੀ 'ਚ ਝੋਕਣ ਲਈ ਟੈਕਸਾਂ 'ਚ ਕਰੀਬ 11 ਰੁਪਏ ਲਿਟਰ ਵਾਧਾ ਕੀਤਾ ਸੀ ਤੇ ਹੁਣ ਤੇਲ ਕੰਪਨੀਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਇਤਿਹਾਸ 'ਚ ਇਹ ਪਹਿਲਾ ਮੌਕਾ ਹੈ ਜਦ 14 ਦਿਨ ਤੋਂ ਬਿਨਾਂ ਨਾਗਾ ਤੇਲ ਕੀਮਤਾਂ 'ਚ ਵਾਧਾ ਕੀਤਾ ਜਾ ਰਿਹਾ ਹੈ। ਇਸ ਵੇਲੇ ਕਿਸਾਨਾਂ ਦੀਆਂ ਫਸਲਾਂ ਦੀ ਬਿਜਾਈ ਦਾ ਸਮਾਂ ਹੈ। ਤੇਲ ਕੀਮਤਾਂ 'ਚ ਵਾਧੇ ਨੇ ਕਿਸਾਨਾਂ ਉਪਰ ਸਿੱਧਾ ਆਰਥਿਕ ਸੱਟ ਮਾਰੀ ਹੈ।

ਕਰੋਨਾ ਵਾਇਰਸ ਦੀ ਆਫਤ ਕਾਰਨ ਪੂਰਾ ਦੇਸ਼ ਆਰਥਿਕ ਮੰਦੀ ਦਾ ਸ਼ਿਕਾਰ ਹੈ ਤੇ ਹਰ ਖੇਤਰ ਵੱਡੇ ਸੰਕਟ ਮੂੰਹ ਆਇਆ ਪਿਆ ਹੈ ਪਰ ਮੋਦੀ ਸਰਕਾਰ ਨੂੰ ਆਮ ਲੋਕਾਂ ਦੀ ਤੰਗੀ ਤੇ ਮੁਸੀਬਤਾਂ ਦੀ ਕੋਈ ਪ੍ਰਵਾਹ ਨਹੀਂ ਤੇ ਨਿੱਜੀ ਕੰਪਨੀਆਂ ਨੂੰ ਕੀਮਤਾਂ 'ਚ ਵਾਧੇ ਤੋਂ ਰੋਕਣ ਦਾ ਨਾਂ ਵੀ ਨਹੀਂ ਲਿਆ ਜਾ ਰਿਹਾ।

ਭਾਰਤੀ ਕਿਸਾਨ ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਝੋਨੇ ਦੀ ਲੁਆਈ ਵਾਸਤੇ ਜ਼ਮੀਨ ਦੀ ਤਿਆਰੀ ਉਪਰ ਘੱਟੋ-ਘੱਟ 1000 ਤੋਂ 1200 ਰੁਪਏ ਤੇਲ ਕੀਮਤ 'ਚ ਵਾਧੇ ਕਾਰਨ ਖਰਚਾ ਵਧ ਗਿਆ ਹੈ। ਡੀਜ਼ਲ ਕੀਮਤ 'ਚ 10 ਰੁਪਏ ਲਿਟਰ ਤੋਂ ਵਧੇਰੇ ਵਾਧਾ ਹੋਇਆ ਹੈ। ਇਸ ਦਾ ਮਾਰੂ ਅਸਰ ਟਰਾਂਸਪੋਰਟ ਧੰਦੇ ਉੱਪਰ ਸਭ ਤੋਂ ਵਧੇਰੇ ਦੇਖਣ ਨੂੰ ਮਿਲ ਰਿਹਾ ਹੈ। ਬਾਜ਼ਾਰ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਤੇਲ ਕੀਮਤਾਂ 'ਚ ਹੋ ਰਿਹਾ ਅਥਾਹ ਵਾਧਾ ਆਉਣ ਵਾਲੇ ਦਿਨਾਂ 'ਚ ਵਸਤਾਂ ਦੀ ਪ੍ਰਚੂਨ ਮਹਿੰਗਾਈ 'ਚ ਵੀ ਵਾਧਾ ਕਰੇਗਾ ਤੇ ਇਸ ਨਾਲ ਹਰ ਵਸਤ ਦੀ ਹੀ ਕੀਮਤ ਵਿਚ ਵਾਧਾ ਹੋ ਸਕਦਾ ਹੈ।

## ਰਾਹਤ ਦੇਵੇ ਕੇਂਦਰ ਸਰਕਾਰ: ਸੁਖਬੀਰ ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਹਾਲ ਹੀ ਵਿਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਕੀਤੇ ਗਏ ਵਾਧੇ ਨੂੰ ਵਾਪਸ ਲੈਂਦਿਆਂ ਤੇਲ ਕੀਮਤਾਂ ਘਟਾ ਕੇ ਕਿਸਾਨਾਂ ਦੇ ਨਾਲ ਨਾਲ ਆਮ ਆਦਮੀ ਤੇ ਵਪਾਰ ਤੇ ਇੰਡਸਟਰੀ ਨੂੰ ਬਹੁਤ ਲੋੜੀਂਦੀ ਰਾਹਤ ਪ੍ਰਦਾਨ ਕਰੇ।

ਉਨ੍ਹਾਂ ਕਿਹਾ ਕਿ ਪਿਛਲੇ 16 ਦਿਨਾਂ ਵਿਚ ਤੇਲ ਕੀਮਤਾਂ ਵਿਚ ਚੋਖਾ ਵਾਧਾ ਕੀਤਾ ਗਿਆ ਹੈ ਜਿਸ ਨਾਲ ਦੇਸ਼ ਦੇ ਅਰਥਚਾਰੇ 'ਤੇ ਬਹੁਤ ਦਬਾਅ ਪਿਆ ਹੈ ਜਦਕਿ ਇਹ ਪਹਿਲਾਂ ਹੀ ਕਰੋਨਾ ਲੌਕਡਾਊਨ ਦੇ ਕਾਰਨ ਬੇਤਹਾਸ਼ਾ ਮਾਰ ਹੇਠ ਆਇਆ ਹੈ। ਸੁਖਬੀਰ ਨੇ ਕਿਹਾ ਕਿ ਇਹ ਵਾਧਾ ਵਾਪਸ ਲੈਣਾ ਇਸ ਲਈ ਵੀ ਵਾਜਬ ਹੋਵੇਗਾ ਕਿਉਂਕਿ ਕੌਮਾਂਤਰੀ ਬਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ 'ਚ ਅਣਕਿਆਸੀ ਗਿਰਾਵਟ ਆਈ ਹੈ।

# ਉਦਯੋਗਾਂ ਨੂੰ 1037 ਕਰੋੜ ਦੀਆਂ ਰਿਆਇਤਾਂ ਮਨਜ਼ੂਰ

**ਚੰਡੀਗੜ੍ਹ:** ਉਦਯੋਗਿਕ ਤੇ ਵਪਾਰ ਨੀਤੀ 2017 ਤਹਿਤ ਹੁਣ ਤੱਕ 1037.66 ਕਰੋੜ ਰੁਪਏ ਦੀਆਂ ਵਿੱਤੀ ਰਿਆਇਤਾਂ/ ਛੋਟਾਂ ਪਹਿਲਾਂ ਹੀ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ। ਇਹ ਇਸ ਸਮੇਂ ਦੌਰਾਨ ਸਰਕਾਰ ਵਲੋਂ ਦਿੱਤੀ ਗਈ 3522.41 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਤੋਂ ਵੱਖਰੀ ਹੈ।

ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ 17.10.2017 ਨੂੰ ਉਦਯੋਗਿਕ ਵਪਾਰ ਅਤੇ ਵਿਕਾਸ ਨੀਤੀ 2017 ਨੋਟੀਫਾਈ ਕੀਤੀ ਗਈ ਸੀ। 53 ਐਮ.ਐਸ.ਐਮਈਜ਼. ਅਤੇ ਵੱਡੀਆਂ ਉਦਯੋਗਿਕ ਇਕਾਈਆਂ ਨੂੰ ਵਿਚਾਰਿਆ ਗਿਆ ਅਤੇ ਸੂਬੇ ਵਿਚ 5776.46 ਕਰੋੜ ਰੁਪਏ ਦੇ ਨਿਵੇਸ਼ ਨਾਲ ਵਿੱਤੀ ਰਿਆਇਤਾਂ ਦਿੱਤੀਆਂ ਗਈਆਂ। ਇਨ੍ਹਾਂ 53 ਉਦਯੋਗਿਕ ਇਕਾਈਆਂ ਵਿਚੋਂ, 23 ਇਕਾਈਆਂ ਨੂੰ 100 ਬਿਜਲੀ ਡਿਊਟੀ ਦੀ ਛੋਟ ਦਿੱਤੀ ਗਈ ਜੋ ਕਿ ਲਗਭਗ 1023.66 ਕਰੋੜ ਰੁਪਏ ਬਣਦੀ ਹੈ। ਇਸੇ ਤਰ੍ਹਾਂ 8 ਇਕਾਈਆਂ ਨੂੰ 3.69 ਕਰੋੜ ਰੁਪਏ ਦੀ ਸਟੈਂਪ ਡਿਊਟੀ ਦੀ ਛੋਟ, 6 ਇਕਾਈਆਂ ਨੂੰ 2.45 ਕਰੋੜ ਰੁਪਏ ਦੀ ਸੀ.ਐਲ.ਯੂ/ਈ.ਡੀ.ਸੀ. ਦੀ ਛੋਟ ਅਤੇ 3 ਇਕਾਈਆਂ ਨੂੰ ਵੈਟ/ਐਸ.ਜੀ.ਐਸ.ਟੀ. ਮਾਰਕੀਟ ਫੀਸ ਦੀ ਛੋਟ, ਸੂਖਮ ਅਤੇ ਲਘੂ ਉਦਯੋਗਾਂ (ਸੀ.ਜੀ.ਟੀ.ਐਮ.ਐਸ.ਈ.) ਲਈ 7.86 ਕਰੋੜ ਰੁਪਏ ਦੇ ਕ੍ਰੈਡਿਟ ਗਾਰੰਟੀ ਫੰਡ ਟਰੱਸਟ ਦਿੱਤੇ ਗਏ।


ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ


ਯੰਗਸਟਾਊਨ, ਓਹਾਇਓ (Youngstown, Ohio) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3,000 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878

26-





Madan Khatri

Want to Buy/Sell Homes, THs, Condos!

Call Madan Khatri

Ph: 847-530-1550

www.PropertyZoo.com

CALL TO BUY / SELL HOME TODAY!

Top Producer at the office in 2011-2013-2014
*****A Broker who can work with you from Beginning to End, Call Now!!!*****

BHHS American Heritage
1010 Rohwing Road, Elk Grove Village, IL



Grocery Store For Sale!

in Greenwood, Indiana

Bombay Market Indian Grocery Store
2801 Fairview Place Set C, Greenwood, Indiana 46142

Big Indian population in the area. Lots of room to grow. The store currently has room in the back to turn into a kitchen as well.

Asking price: $25,000.

Includes: All Inventory, 7 New 3-Door Coolers, 2 Freezers, POS System as well as all the shelving.

The Store is located on a very busy intersection on state route 135 across from LA Fitness and many other shopping plazas like Kroger.

Please contact:
Sunny, Ph: 317-987-5602
Aman, Ph: 317-656-7051

23-



Personalized Service-Committed To Quality

Solutions Financial Mortgage Company

Purchase & Refinance Your Home Loans



Cell 312-608-0006

2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@gosfmc.com
Web: www.gosfmc.com

## ਕੈਪਟਨ ਅਮਰਿੰਦਰ ਵਲੋਂ ਚੀਨ ਨੂੰ ਸਬਕ ਸਿਖਾਉਣ ਦੀ ਸਲਾਹ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਚੀਨ ਨੂੰ ਕਬਜ਼ੇ ਵਾਲੀ ਜ਼ਮੀਨ ਤੁਰਤ ਖਾਲੀ ਕਰਵਾਉਣ ਲਈ ਅਲਟੀਮੇਟਮ ਜਾਰੀ ਕਰੇ, ਜਿਸ ਵਿਚ ਸਪੱਸ਼ਟ ਚਿਤਾਵਨੀ ਦਿੱਤੀ ਜਾਵੇ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਲਈ ਗੰਭੀਰ ਨਤੀਜੇ ਨਿਕਲਣਗੇ।



ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਭਾਵੇਂ ਅਜਿਹੀ ਕਾਰਵਾਈ ਨਾਲ ਭਾਰਤ ਨੂੰ ਕੁਝ ਸਿੱਟੇ ਭੁਗਤਣੇ ਪੈਣਗੇ ਪਰ ਖੇਤਰੀ ਅਖੰਡਤਾ ਉਪਰ ਅਜਿਹੀ ਘੁਸਪੈਠ ਅਤੇ ਹਮਲੇ ਜਾਰੀ ਰੱਖਣ ਨੂੰ ਹੋਰ ਸਹਿਣ ਨਹੀਂ ਕੀਤਾ ਜਾ ਸਕਦਾ। ਮੁੱਖ ਮੰਤਰੀ ਨੇ ਇਥੇ ਤਿੰਨ ਸੈਨਿਕਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਿਨ੍ਹਾਂ ਦੀਆਂ ਦੇਹਾਂ ਨੂੰ ਗਲਵਾਨ ਵਾਦੀ ਤੋਂ ਲਿਆਂਦਾ ਗਿਆ। ਸੰਗਰੂਰ ਤੋਂ ਸੈਨਿਕ ਗੁਰਬਿੰਦਰ ਸਿੰਘ, ਮਾਨਸਾ ਤੋਂ ਗੁਰਤੇਜ ਸਿੰਘ ਅਤੇ ਹਮੀਰਪੁਰ (ਹਿਮਾਚਲ ਪ੍ਰਦੇਸ਼) ਤੋਂ ਅੰਕੁਸ਼ ਦੀਆਂ ਦੇਹਾਂ ਉਤੇ ਫੁੱਲ ਮਾਲਾਵਾਂ ਭੇਟ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਸਿਜਦਾ ਕਰਦਿਆਂ ਕਿਹਾ ਕਿ ਮੁਲਕ ਸਦਾ ਉਨ੍ਹਾਂ ਦਾ ਰਿਣੀ ਰਹੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਤਜਰਬੇ ਤੋਂ ਪਤਾ ਲਗਦਾ ਹੈ ਕਿ ਜਦੋਂ ਵੀ ਰੋਹ ਦਾ ਸਾਹਮਣਾ ਹੋਇਆ ਤਾਂ ਚੀਨ ਵਾਲੇ ਹਮੇਸ਼ਾ ਪਿੱਛੇ ਹਟ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਗਿੱਦੜ ਭਬਕੀਆਂ ਦਾ ਜਵਾਬ ਦੇਣ ਦਾ ਸਮਾਂ ਹੈ ਅਤੇ ਹਰ ਭਾਰਤੀ ਵੀ ਇਹੀ ਚਾਹੁੰਦਾ ਹੈ ਕਿ ਚੀਨ ਨੂੰ ਮੂੰਹ ਤੋੜਵਾਂ ਜਵਾਬ ਦਿੱਤੇ ਜਾਵੇ।

## ਸ਼ਹੀਦਾਂ ਦੇ ਨਾਂਵਾਂ 'ਤੇ ਸਕੂਲਾਂ ਦਾ ਨਾਮ ਰੱਖਣ ਦਾ ਫੈਸਲਾ

**ਮਾਨਸਾ:** ਪੰਜਾਬ ਸਰਕਾਰ ਨੇ ਭਾਰਤ-ਚੀਨ ਸਰਹੱਦ 'ਤੇ ਸ਼ਹੀਦ ਹੋਣ ਵਾਲੇ ਪੰਜਾਬ ਦੇ ਚਾਰੇ ਜਵਾਨਾਂ ਦੇ ਪਿੰਡਾਂ ਵਿਚਲੇ ਸਰਕਾਰੀ ਸਕੂਲਾਂ ਦੇ ਨਾਮ ਹੁਣ ਉਨ੍ਹਾਂ ਦੇ ਨਾਵਾਂ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਸਿੱਖਿਆ ਵਿਭਾਗ ਵਲੋਂ ਬਾਕਾਇਦਾ ਚਾਰੇ ਜ਼ਿਲ੍ਹਿਆਂ ਦੇ ਸਿੱਖਿਆ ਅਧਿਕਾਰੀਆਂ ਨੂੰ ਇਸ ਸਬੰਧੀ ਲਿਖਤੀ ਹੁਕਮ ਜਾਰੀ ਕਰ ਦਿੱਤੇ ਗਏ ਹਨ। ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਜਾਰੀ ਮੀਮੋ ਮੁਤਾਬਕ ਮਾਨਸਾ ਜ਼ਿਲ੍ਹੇ ਦੇ ਸਕੂਲ ਦਾ ਨਾਮ ਸ਼ਹੀਦ ਗੁਰਤੇਜ ਸਿੰਘ ਸਰਕਾਰੀ ਮਿਡਲ ਸਕੂਲ ਬੀਰੇਵਾਲਾ ਡੋਗਰਾ, ਪਟਿਆਲਾ ਜ਼ਿਲ੍ਹੇ ਦੇ ਸਕੂਲ ਦਾ ਨਾਮ ਸ਼ਹੀਦ ਨਾਇਬ ਸੂਬੇਦਾਰ ਮਨਦੀਪ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਸੀਲ, ਗੁਰਦਾਸਪੁਰ ਜ਼ਿਲ੍ਹੇ ਦੇ ਸਕੂਲ ਦਾ ਨਾਮ ਸ਼ਹੀਦ ਨਾਇਬ ਸੂਬੇਦਾਰ ਸਤਨਾਮ ਸਿੰਘ ਸਰਕਾਰੀ ਮਿਡਲ ਸਕੂਲ ਭੋਜ ਰਾਜ ਅਤੇ ਸੰਗਰੂਰ ਜ਼ਿਲ੍ਹੇ ਦੇ ਸਕੂਲ ਦਾ ਨਾਮ ਸ਼ਹੀਦ ਸਿਪਾਹੀ ਗੁਰਬਿੰਦਰ ਸਿੰਘ ਸਰਕਾਰੀ ਹਾਈ ਸਕੂਲ ਤੋਲਾਵਾਲ ਦੇ ਨਾਮ ਰੱਖਣ ਲਈ ਪ੍ਰਵਾਨਗੀ ਦੇ ਦਿੱਤੀ ਹੈ।

# ਜੀ. ਐਸ. ਟੀ. ਚੋਰਾਂ ਵਲੋਂ ਖਜਾਨੇ ਨੂੰ ਚੂਨਾ

**ਚੰਡੀਗੜ੍ਹ:** ਦੇਸ਼ ਅੰਦਰ ਜੀ.ਐਸ.ਟੀ. ਚੋਰੀ ਤੇ ਫਰਜ਼ੀ ਬਿੱਲਾਂ ਸਹਾਰੇ ਰਿਫੰਡ ਲੈਣ ਦੇ ਚੱਲ ਰਹੇ ਗੋਰਖ ਧੰਦੇ ਕਰਕੇ ਕੇਂਦਰ ਤੇ ਰਾਜ ਸਰਕਾਰ ਦੇ ਖਜ਼ਾਨੇ ਨੂੰ ਮੋਟਾ ਚੂਨਾ ਲੱਗ ਰਿਹਾ ਹੈ। ਮਾਹਿਰਾਂ ਅਨੁਸਾਰ ਜੇਕਰ ਦੇਸ਼ ਵਿਚੋਂ ਜੀ.ਐਸ.ਟੀ. ਚੋਰੀ ਤੇ ਫਰਜ਼ੀ ਬਿੱਲਾਂ ਸਹਾਰੇ ਰਿਫੰਡ ਲੈਣ ਦਾ ਧੰਦਾ ਬੰਦ ਹੋ ਜਾਵੇ ਤਾਂ ਇਕ ਸਾਲ ਵਿਚ ਦੇਸ਼ ਦੀ ਜੀ. ਐਸ. ਟੀ. ਤੋਂ ਆਮਦਨ 12 ਲੱਖ ਕਰੋੜ ਰੁਪਏ ਤੋਂ ਵਧ ਕੇ ਦੁੱਗਣੀ 24 ਲੱਖ ਕਰੋੜ ਹੋ ਸਕਦੀ ਹੈ।


ਭਾਰਤ ਦਾ ਜ਼ਰੂਰੀ ਘਰੇਲੂ ਉਤਪਾਦਨ 237000 ਬਿਲੀਅਨ ਰੁਪਏ ਤੋਂ ਉਪਰ ਹੈ ਅਤੇ ਕੌਮਾਂਤਰੀ ਕਾਰੋਬਾਰ 59 ਲੱਖ ਕਰੋੜ ਰੁਪਏ ਤੋਂ ਵੀ ਜ਼ਿਆਦਾ ਹੈ, ਜਿਸ 'ਚ ਮਹੱਤਵਪੂਰਨ ਗੱਲ ਇਹ ਹੈ ਕਿ 35 ਲੱਖ ਕਰੋੜ ਦਾ ਨਿਰਯਾਤ ਹੋਣਾ ਹੈ, ਅਜਿਹੇ ਵਿਚ ਭਾਰਤ ਦੀ ਜੀ.ਐਸ.ਟੀ. ਤੋਂ ਕੁੱਲ ਆਮਦਨ 12 ਲੱਖ ਕਰੋੜ ਤੋਂ ਵੀ ਘੱਟ ਹੈ। ਆਲ ਟਰੇਡ ਐਂਡ ਇੰਡਸਟਰੀਜ਼ ਫੋਰਮ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਚਿੱਠੀ ਵਿਚ ਇਸ ਧੰਦੇ ਦਾ ਪਰਦਾਫਾਸ਼ ਕੀਤਾ ਹੈ।

ਜੀ.ਐਸ.ਟੀ. ਕਰ ਪ੍ਰਣਾਲੀ ਗੱਲ ਕੀਤੀ ਜਾਵੇ, ਤਾਂ ਜ਼ਿਆਦਾਤਰ ਰਾਜਾਂ ਵਿਚ ਡੀਜ਼ਲ ਤੇ ਪੈਟਰੋਲ ਨੂੰ ਛੱਡ ਕੇ ਬਾਕੀ ਉਤਪਾਦਾਂ ਦੇ ਸਿਰਫ 30 ਫੀਸਦੀ ਹੀ ਬਿੱਲ ਬਣ ਰਹੇ ਹਨ ਅਤੇ 70 ਫੀਸਦੀ ਉਤਪਾਦ ਬਿਨਾਂ ਬਿੱਲ ਦੇ ਵਿਕ ਰਹੇ ਹਨ, ਜਿਸ ਦਾ ਵੱਡਾ ਕਾਰਨ ਰਾਜ ਤੇ ਅੰਤਰਰਾਜੀ ਪਾਸਰਾਂ ਦੀ ਸਰਗਰਮੀ ਹੈ, ਜੋ ਮਾਲ ਇਕ ਥਾਂ ਤੋਂ ਦੂਸਰੇ 'ਤੇ ਬਿਨਾਂ ਬਿੱਲ ਪਹੁੰਚਾਉਣ ਦਾ ਕੰਮ ਕਰਦੇ ਹਨ। ਪਾਸਰ 10 ਹਜ਼ਾਰ ਤੋਂ 50 ਹਜ਼ਾਰ ਰੁਪਏ ਤੱਕ ਪ੍ਰਤੀ ਟਰੱਕ ਪੈਸੇ ਲੈ ਕੇ ਮਾਲ ਦੇਸ਼ ਦੇ ਕਿਸੇ ਵੀ ਕੋਨੇ ਵਿਚ ਬਿਨਾਂ ਰੁਕਾਵਟ ਦੇ ਭੇਜ ਰਹੇ ਹਨ। ਭਾਰਤ ਵਿਚ ਜੀ.ਐਸ.ਟੀ. ਇਨਪੁੱਟ ਦੇ ਲਈ ਵੀ ਵੱਡਾ ਠੱਗੀ ਦਾ ਖੇਡ ਚੱਲ ਰਿਹਾ ਹੈ, ਜਿਸ ਨਾਲ ਦੇਸ਼ ਦੇ ਖਜਾਨੇ ਨੂੰ ਰੋਜ਼ਾਨਾ ਅਰਬਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ। ਜੇਕਰ ਕਿਸੇ ਵੀ ਉਤਪਾਦ ਦਾ ਬਿੱਲ ਬਚ ਜਾਵੇ, ਤਾਂ ਉਸ ਨੂੰ ਅੱਗੇ ਵੇਚ ਦਿੱਤਾ ਜਾਂਦਾ ਹੈ।

ਫਰਜ਼ੀ ਬਿੱਲਾਂ ਦਾ ਕੰਮ ਕਰਨ ਵਾਲੇ ਠੱਗ ਕਿਸਮ ਦੇ ਲੋਕ ਸਾਈਕਲ, ਆਟੋ ਪਾਰਟਸ, ਇਲੈਕਟ੍ਰੋਨਿਕ ਸਾਮਾਨ ਤੇ ਹੋਰ ਸਮਾਨ ਦੇ ਬਿੱਲ ਬਚਾ ਕੇ ਅੱਗੋਂ ਵੇਚ ਦਿੰਦੇ ਹਨ, ਜਿਹੜੇ ਬਿੱਲ ਖਰੀਦਦੇ ਹਨ, ਉਹ ਸਰਕਾਰ ਤੋਂ ਪੂਰਾ ਰਿਫੰਡ ਲੈ ਲੈਂਦੇ ਹਨ। ਫਰਜ਼ੀ ਬਿੱਲਾਂ ਤਹਿਤ ਰਿਫੰਡ ਲੈਣ ਦਾ ਧੰਦਾ ਅਯਾਤ ਤੇ ਨਿਰਯਾਤ ਵਿਚ ਜ਼ਿਆਦਾ ਚੱਲ ਰਿਹਾ ਹੈ। ਉਦਾਹਰਨ ਦੇ ਤੌਰ ਉਤੇ 12 ਫੀਸਦੀ ਸਾਈਕਲ ਵਾਲੇ ਪੁਰਜ਼ਿਆਂ ਨੂੰ 28 ਫੀਸਦੀ ਆਟੋ ਪਾਰਟਸ ਵਾਲੇ ਪੁਰਜ਼ੇ ਦਿਖਾ ਕੇ ਸਰਕਾਰ ਤੋਂ ਪੂਰਾ ਰਿਫੰਡ ਲੈ ਲੈਂਦੇ ਹਨ।

## ਪਾਕਿਸਤਾਨ ਦੇ ਪਹਿਲੇ ਟੈਲੀਵਿਜ਼ਨ ਹੋਸਟ ਤਾਰਿਕ ਅਜ਼ੀਜ਼ ਦਾ ਦੇਹਾਂਤ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਸਿੱਧ ਰੇਡੀਓ ਅਤੇ ਟੈਲੀਵਿਜ਼ਨ ਐਂਕਰ ਤਾਰਿਕ ਅਜ਼ੀਜ਼ ਦਾ ਲਾਹੌਰ 'ਚ ਦੇਹਾਂਤ ਹੋ ਗਿਆ। ਉਹ 84 ਸਾਲਾਂ ਦੇ ਸਨ। ਦੱਸਣਯੋਗ ਹੈ ਕਿ ਤਾਰਿਕ ਅਜ਼ੀਜ਼ ਦਾ ਜਨਮ 28 ਅਪਰੈਲ 1936 ਨੂੰ ਜਲੰਧਰ 'ਚ ਹੋਇਆ ਸੀ।



ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ ਅਤੇ ਸਾਹੀਵਾਲ 'ਚ ਜਾ ਵਸਿਆ, ਜਿਥੇ ਉਨ੍ਹਾਂ ਨੇ ਆਪਣੀ ਮੁਢਲੀ ਵਿਦਿਆ ਪ੍ਰਾਪਤ ਕੀਤੀ। ਉਨ੍ਹਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ 1960 'ਚ ਰੇਡੀਓ ਪਾਕਿਸਤਾਨ ਤੋਂ ਕੀਤੀ ਅਤੇ ਬਾਅਦ 'ਚ ਉਹ ਪਾਕਿ ਦੇ ਪਹਿਲੇ ਟੈਲੀਵਿਜ਼ਨ ਹੋਸਟ ਬਣੇ। ਉਨ੍ਹਾਂ ਦਾ ਪ੍ਰੋਗਰਾਮ ਨੀਲਾਮ ਘਰ, ਜਿਸ ਦਾ ਨਾਂ ਬਾਅਦ 'ਚ ਤਾਰਿਕ ਅਜ਼ੀਜ਼ ਸ਼ੋਅ ਰੱਖਿਆ ਗਿਆ, ਦੀ ਸ਼ੁਰੂਆਤ ਸਾਲ 1974 'ਚ ਪਾਕਿਸਤਾਨ ਟੈਲੀਵਿਜ਼ਨ 'ਤੇ ਹੋਈ ਅਤੇ ਉਹ ਸ਼ੋਅ ਚਾਰ ਦਹਾਕਿਆਂ ਤੱਕ ਜਾਰੀ ਰਹੀ, ਜਿਸ ਨੇ ਤਾਰਿਕ ਅਜ਼ੀਜ਼ ਨੂੰ ਵਿਸ਼ੇਸ਼ ਪਛਾਣ ਦਿੱਤੀ।

# ਲਾਪਤਾ ਹੋਏ 85 ਹਜ਼ਾਰ ਬੱਚਿਆਂ ਦਾ ਕੋਈ ਸੁਰਾਗ ਨਹੀਂ

**ਚੰਡੀਗੜ੍ਹ:** ਭਾਰਤ ਵਿਚੋਂ 2013 ਤੋਂ ਲੈ ਕੇ 2018 ਤੱਕ ਅਗਵਾ ਅਤੇ ਲਾਪਤਾ ਹੋਏ 85 ਹਜ਼ਾਰ ਬੱਚਿਆਂ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਲੱਗਾ ਹੈ। ਇਸ ਸਬੰਧੀ ਆਰ.ਟੀ.ਆਈ. ਐਕਟੀਵਿਸਟ ਰੋਹਿਤ ਸੱਭਰਵਾਲ ਨੇ ਸੂਚਨਾ ਅਤੇ ਅਧਿਕਾਰ ਐਕਟ ਤਹਿਤ ਮੰਗੀ ਜਾਣਕਾਰੀ ਤੋਂ ਇਹ ਸਨਸਨੀਖੇਜ਼ ਖੁਲਾਸਾ ਹੋਇਆ ਹੈ।

ਸੱਭਰਵਾਲ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਉਤਰ ਪ੍ਰਦੇਸ਼ 'ਚੋਂ 8525, ਮਹਾਰਾਸ਼ਟਰ 5838, ਮੱਧ ਪ੍ਰਦੇਸ਼ 4878, ਬਿਹਾਰ 3700, ਦਿੱਲੀ 6668, ਪੰਜਾਬ 'ਚ 357, ਬੱਚਿਆਂ ਨੂੰ ਅਗਵਾ ਕੀਤਾ ਗਿਆ। ਇਸ ਤੋਂ ਇਲਾਵਾ ਦਿੱਲੀ 'ਚ 5884, ਮੱਧ ਪ੍ਰਦੇਸ਼ 6636, ਬਿਹਾਰ 5100, ਪੱਛਮੀ ਬੰਗਾਲ 5822, ਉੜੀਸਾ 2322, ਉੱਤਰ ਪ੍ਰਦੇਸ਼ 2905 ਅਤੇ ਪੰਜਾਬ 'ਚ 1949 ਬੱਚੇ ਭੇਦ ਭਰੇ ਹਾਲਾਤਾਂ 'ਚ ਲਾਪਤਾ ਹੋਏ ਹਨ। ਮੁੱਖ ਤੌਰ 'ਤੇ ਇਨ੍ਹਾਂ ਸੂਬਿਆਂ 'ਚ ਜ਼ਿਆਦਾਤਰ ਬੱਚੇ ਅਗਵਾ ਲਾਪਤਾ ਹੋਏ ਹਨ, ਪਰ ਸੂਬਾ ਸਰਕਾਰਾਂ ਵਲੋਂ ਬੱਚਿਆਂ ਦੀ ਭਾਲ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ, ਇਸ ਵਜ੍ਹਾ ਕਰਕੇ ਹੀ ਪੰਜ ਸਾਲ 'ਚ ਦੇਸ਼ ਭਰ 'ਚ ਲਾਪਤਾ ਹੋਏ 85 ਹਜ਼ਾਰ ਬੱਚਿਆਂ ਦਾ ਕੋਈ ਸੁਰਾਗ ਨਹੀਂ ਲੱਗਾ ਹੈ। ਦੇਸ਼ 'ਚ ਮੇਘਾਲਿਆ ਇਕ ਅਜਿਹਾ ਸੂਬਾ ਹੈ ਜਿਥੇ ਕਿ ਜਿੰਨੇ ਬੱਚੇ ਅਗਵਾ ਜਾਂ ਲਾਪਤਾ ਹੋਏ, ਸਰਕਾਰ ਵਲੋਂ ਬਰਾਮਦ ਕਰਕੇ ਮਾਪਿਆਂ ਹਵਾਲੇ ਕਰ ਦਿੱਤੇ ਗਏ, ਜਦਕਿ ਉਹ ਦੇਸ਼ ਦਾ ਅਜਿਹਾ ਸੂਬਾ ਹੈ ਜਿਥੇ ਸਭ ਤੋਂ ਘੱਟ ਦੋ ਬੱਚੇ ਹੀ ਅਗਵਾ ਅਤੇ ਲਾਪਤਾ ਹੋਏ ਸਨ।

SERVING
Wisconsin & Illinois State
Residential or Commercial
Buying, Selling, Renting or Investing
Buy thru us Get Best Service
+ Thousands of Dollars cash back.
Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!



For the best deal call:
Jesse Singh (e-PRO, SFR, CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com
12 years experience (Full time service)
Sold: #780 Homes and #82 Commercials.
RE/MAX COMMERCIAL · RE/MAX PLATINUM CLUB · e-PRO · SFR SHORT SALES & FORECLOSURE RESOURCE · CIAS Certified Investor Agent Specialist

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
●Residential Loans (Purchase, Refinance & Cash Out Refinance). ●Self Employed and H1 Visa ●Jumbo loans ●Commercial Property With Business or Business Only. ●Business Equity Line of Credit. ●Multi Unit Investment Property.

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਸਰਕਾਰੀ ਮੁਲਾਜ਼ਮਾਂ ਨੂੰ ਨਿਕੰਮੇ ਤੇ ਭ੍ਰਿਸ਼ਟ ਗਰਦਾਨ ਕੇ ਘਰਾਂ ਨੂੰ ਤੋਰਨ ਦੀ ਤਿਆਰੀ

**ਚੰਡੀਗੜ੍ਹ:** ਸਰਕਾਰੀ ਮੁਲਾਜ਼ਮਾਂ ਨੂੰ ਨਿਕੰਮੇ ਤੇ ਭ੍ਰਿਸ਼ਟ ਗਰਦਾਨ ਕੇ ਪੰਜਾਬ ਸਰਕਾਰ ਘਰਾਂ ਨੂੰ ਤੋਰਨ ਦੀ ਤਿਆਰੀ 'ਚ ਹੈ। ਸੂਬਾ ਸਰਕਾਰ ਦੇ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ 'ਤੇ ਵੱਖ-ਵੱਖ ਵਿਭਾਗਾਂ ਵਿਚ ਕੰਮ ਕਰਦੇ ਹਜ਼ਾਰਾਂ ਮੁਲਾਜ਼ਮਾਂ ਦੀਆਂ ਸੂਚੀਆਂ ਤਿਆਰ ਕੀਤੇ ਜਾਣ ਦਾ ਪਤਾ ਲੱਗਿਆ ਹੈ।

ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ 15, 20, 25 ਅਤੇ 30 ਸਾਲ ਦੀ ਸੇਵਾ ਵਾਲੇ 'ਨਿਕੰਮੇ' ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਛਾਂਟੀ ਕੀਤੇ ਜਾਣ ਲਈ ਵੱਖ-ਵੱਖ ਵਿਭਾਗਾਂ ਨੂੰ ਸਪੱਸ਼ਟ ਤਜਵੀਜ਼ਾਂ ਭੇਜਣ ਲਈ ਕਿਹਾ ਹੈ। ਇਸ ਸਬੰਧੀ ਪੰਜਾਬ ਸਰਕਾਰ ਦੇ ਜਲ ਸਰੋਤ ਵਿਭਾਗ ਨੇ ਤਾਂ 29 ਮਈ ਨੂੰ ਇਕ ਯਾਦ ਪੱਤਰ ਨੰ 419 ਵੀ ਵਿਭਾਗ ਦੇ ਮੁੱਖ ਇੰਜੀਨੀਅਰ ਨੂੰ ਲਿਖ ਕੇ ਉਕਤ ਨੂੰ ਅੰਜਾਮ ਦੇਣ ਦੀ ਗੱਲ ਕਹੀ ਹੈ। ਇਹ ਵੀ ਕਿ ਜਲ ਸਰੋਤ ਵਿਭਾਗ, ਪੁਲਿਸ ਅਤੇ ਹੋਰਨਾਂ ਵਿਭਾਗਾਂ ਨੇ ਅਜਿਹੀਆਂ ਸੂਚੀਆਂ ਤਿਆਰ ਕਰ ਲਈਆਂ ਹਨ ਅਤੇ ਪੰਜਾਬ ਸਰਕਾਰ ਦਾ ਇਸ਼ਾਰਾ ਮਿਲਦੇ ਹੀ ਹਜ਼ਾਰਾਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕੀਤਾ ਜਾ ਸਕਦਾ ਹੈ। ਭਰੋਸੇਯੋਗ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਸਰਕਾਰ 4 ਲੱਖ ਮੁਲਾਜ਼ਮਾਂ ਦੇ ਡੋਪ ਟੈਸਟ ਤੇ 25 ਕਰੋੜ ਰੁਪਏ ਖਰਚਣ ਜਾ ਰਹੀ ਹੈ ਜਿਸ ਨਾਲ ਬਹੁਤੇ ਮੁਲਾਜ਼ਮਾਂ ਨੂੰ ਨਿਕੰਮੇ ਘੋਸ਼ਿਤ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਛਾਂਟੀ ਕਰਨੀ ਸਰਕਾਰ ਨੂੰ ਸੁਖਾਲੀ ਹੋ ਜਾਵੇਗੀ।

ਸੂਬਾ ਸਰਕਾਰ ਨੇ ਪੰਜਾਬ ਰਾਜ ਵਿਜੀਲੈਂਸ ਬਿਊਰੋ ਨੂੰ ਮੁਲਾਜ਼ਮਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਵਧਦੇ ਵਿੱਤੀ ਬੋਝ ਤੋਂ ਸਰਕਾਰਾਂ ਘਬਰਾਹਟ 'ਚ ਹੈ। ਸੂਤਰਾਂ ਦਾ ਦਾਅਵਾ ਹੈ ਕਿ ਪੰਜਾਬ ਦੇ ਖਜ਼ਾਨੇ ਦਾ 21 ਹਜ਼ਾਰ ਕਰੋੜ ਰੁਪਏ ਮੁਲਾਜ਼ਮਾਂ ਦੀਆਂ ਤਨਖਾਹਾਂ ਦੇ ਰੂਪ ਅਤੇ 700 ਕਰੋੜ ਪੈਨਸ਼ਨਰਾਂ ਨੂੰ ਪੈਨਸ਼ਨ ਦੇਣ ਲਈ ਚਲਾ ਜਾਂਦਾ ਹੈ।

ਜਾਣਕਾਰੀ ਅਨੁਸਾਰ ਸੂਬੇ ਅੰਦਰ ਲਗਭਗ 7.5 ਲੱਖ ਮੁਲਾਜ਼ਮ ਅਤੇ ਪੈਨਸ਼ਨਰ ਹਨ। ਸੂਬਾ ਸਰਕਾਰ ਮੁਲਾਜ਼ਮਾਂ ਨੂੰ ਉਨ੍ਹਾਂ ਨੂੰ ਪੇਅ ਕਮਿਸ਼ਨ ਦੀ ਰਿਪੋਰਟ ਦੇਣ ਅਤੇ ਬਕਾਇਆ ਪਏ ਡੀ.ਏ. ਦਾ 4000 ਕਰੋੜ ਦੇਣ ਤੋਂ ਵੀ ਟਾਲਾ ਵੱਟਦੀ ਆ ਰਹੀ ਹੈ। ਪੰਜਾਬ ਸਰਕਾਰ ਵਲੋਂ ਮੁਲਾਜ਼ਮਾਂ ਨੂੰ ਜ਼ਬਰੀ ਸੇਵਾ ਮੁਕਤ ਕਰਨ ਜਿਹੇ ਫੈਸਲੇ ਲਏ ਜਾ ਰਹੇ ਹਨ। ਇਸੇ ਕੜੀ ਤਹਿਤ ਸੂਬਾ ਸਰਕਾਰ ਨੇ ਖੇਤੀਬਾੜੀ ਵਿਭਾਗ ਦੀਆਂ ਲਗਭਗ 2200 ਅਤੇ ਜਲ ਸਪਲਾਈ ਸੈਨੀਟੇਸ਼ਨ ਦੀਆਂ ਲਗਭਗ 1800 ਅਸਾਮੀਆਂ ਅਤੇ ਸਿੱਖਿਆ ਵਿਭਾਗ ਦੀਆਂ 435 ਅਸਾਮੀਆਂ ਸਣੇ ਵੱਖ-ਵੱਖ ਵਿਭਾਗਾਂ ਵਿਚ ਖਾਲੀ ਤੇ ਤਰੱਕੀਯੋਗ ਪੋਸਟਾਂ ਨੂੰ ਖਤਮ ਕਰ ਦਿੱਤਾ ਹੈ।

# ਫੈਂਸੀ ਨੰਬਰਾਂ ਦੇ ਸ਼ੌਕੀਨਾਂ ਨੇ ਚੁੱਕੀ ਸਰਕਾਰ ਦੀ ਆਰਥਕ ਖੁਸ਼ਕੀ

**ਚੰਡੀਗੜ੍ਹ:** ਪਿਛਲੇ ਦੋ ਵਰ੍ਹਿਆਂ ਤੋਂ ਪੰਜਾਬ ਦੇ ਸਰਕਾਰੀ ਖਜ਼ਾਨੇ ਨੂੰ ਫੈਂਸੀ ਨੰਬਰਾਂ ਤੋਂ ਚੰਗੀ ਕਮਾਈ ਹੋਈ। ਲੋਕਾਂ ਦੀ ਫੈਂਸੀ ਨੰਬਰਾਂ ਦੀ ਪਸੰਦ ਵੱਖੋ ਵੱਖਰੀ ਹੈ। ਪੁਰਾਣੇ ਰਜਿਸਟ੍ਰੇਸ਼ਨ ਨੰਬਰ (ਵਿੰਟੇਜ ਨੰਬਰ) ਸਾਲ 2017 ਤੋਂ ਬੰਦ ਹੋ ਗਏ ਹਨ, ਜਿਸ ਕਰਕੇ ਈ-ਨਿਲਾਮੀ 'ਚ ਨਵੇਂ ਨੰਬਰ ਮਹਿੰਗੇ ਵਿਕਣ ਲੱਗੇ ਹਨ। ਟਰਾਂਸਪੋਰਟ ਵਿਭਾਗ ਪੰਜਾਬ ਤੋਂ ਆਰ.ਟੀ.ਆਈ. 'ਚ ਪ੍ਰਾਪਤ ਵੇਰਵਿਆਂ ਅਨੁਸਾਰ ਲੰਘੇ ਦੋ ਵਰ੍ਹਿਆਂ (2018 ਤੇ 2019) 'ਚ ਗੱਡੀਆਂ ਦੇ ਫੈਂਸੀ ਨੰਬਰਾਂ (ਰਜਿਸਟ੍ਰੇਸ਼ਨ ਨੰਬਰ) ਤੋਂ ਸਰਕਾਰੀ ਖਜ਼ਾਨੇ ਨੂੰ 41.48 ਕਰੋੜ ਦੀ ਆਮਦਨ ਹੋਈ ਹੈ। ਮਤਲਬ, ਪੰਜਾਬੀ ਲੋਕ ਫੈਂਸੀ ਨੰਬਰਾਂ 'ਤੇ ਔਸਤਨ ਹਰ ਮਹੀਨੇ ਪੌਣੇ ਦੋ ਕਰੋੜ ਰੁਪਏ ਖਰਚਦੇ ਹਨ। ਪ੍ਰਤੀ ਦਿਨ ਦੀ ਔਸਤਨ ਪੌਣੇ ਛੇ ਲੱਖ ਰੁਪਏ ਬਣਦੀ ਹੈ। ਜਦੋਂ ਤੋਂ ਫੈਂਸੀ ਨੰਬਰਾਂ ਦੀ ਰਿਜ਼ਰਵ ਕੀਮਤ ਘਟਾਈ ਹੈ, ਉਦੋਂ ਤੋਂ ਆਮਦਨੀ ਦਾ ਗਰਾਫ ਉਤਾਂਹ ਚੜ੍ਹਿਆ ਹੈ।

ਸਰਕਾਰੀ ਸੂਚਨਾ ਅਨੁਸਾਰ ਫੈਂਸੀ ਨੰਬਰਾਂ ਤੋਂ ਸਾਲ 2018 ਵਿੱਚ 16.41 ਕਰੋੜ ਰੁਪਏ ਅਤੇ ਸਾਲ 2019 ਵਿਚ 25.07 ਕਰੋੜ ਦੀ ਆਮਦਨ ਹੋਈ ਹੈ। ਜਨਵਰੀ 2020 ਦੇ ਇਕੋ ਮਹੀਨੇ 'ਚ ਇਹੋ ਆਮਦਨ 2.34 ਕਰੋੜ ਦੀ ਰਹੀ ਹੈ। ਫੈਂਸੀ ਨੰਬਰ 0001 ਦੀ ਪਹਿਲਾਂ ਰਾਖਵੀਂ ਕੀਮਤ ਪੰਜ ਲੱਖ ਰੁਪਏ ਸੀ ਜੋ ਦੋ ਸਾਲ ਪਹਿਲਾਂ ਘਟਾ ਕੇ 2.50 ਲੱਖ ਰੁਪਏ ਕਰ ਦਿੱਤੀ ਗਈ ਹੈ। ਜਨਵਰੀ 2014 ਤੋਂ ਦਸੰਬਰ 2017 (ਚਾਰ ਸਾਲ) ਦੌਰਾਨ ਫੈਂਸੀ ਨੰਬਰਾਂ ਤੋਂ ਕਮਾਈ ਸਿਰਫ 3.88 ਕਰੋੜ ਰਹੀ ਹੈ। ਜਾਣਕਾਰੀ ਅਨੁਸਾਰ ਜੋ ਪਹਿਲਾਂ ਵਿੰਟੇਜ ਨੰਬਰ (ਛੋਟੇ ਨੰਬਰ) ਕਾਫੀ ਮਹਿੰਗੇ ਵਿਕਦੇ ਸਨ, ਉਹ ਹੁਣ ਮਿਲਣੇ ਬੰਦ ਹੋ ਗਏ ਹਨ।

# ਸਿੱਖਸ ਫਾਰ ਜਸਟਿਸ ਦੇ ਪੰਨੂ ਖਿਲਾਫ ਦੇਸ਼ ਧਰੋਹ ਦਾ ਕੇਸ ਦਰਜ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਅਮਰੀਕਾ ਅਧਾਰਤ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਦੇਸ਼ ਧਰੋਹ ਅਤੇ ਗੈਰਕਾਨੂੰਨੀ ਗਤੀਵਿਧੀਆਂ ਅਤੇ ਪੰਜਾਬ ਦੇ ਨੌਜਵਾਨਾਂ ਨੂੰ 'ਰੈਫਰੈਂਡਮ 2020' ਦੇ ਹੱਕ ਵਿਚ ਭੜਕਾਉਣ, ਪੰਜਾਬ ਨੂੰ ਭਾਰਤ ਨਾਲੋਂ ਵੱਖ ਕਰਨ ਲਈ ਭੜਕਾਉਣ ਅਤੇ ਦੇਸ਼ ਦੀਆਂ ਹਥਿਆਰਬੰਦ ਫੌਜਾਂ ਵਿਚ ਅਸੰਤੁਸ਼ਟੀ ਜਾਂ ਬਗਾਵਤ ਫੈਲਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਹਠ ਕੇਸ ਦਰਜ ਕੀਤਾ ਹੈ।



ਦੋਸ਼ ਹਨ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਮੁੱਖ ਤੌਰ 'ਤੇ ਅਮਰੀਕਾ ਤੋਂ ਵੱਖ-ਵੱਖ ਅੰਤਰਰਾਸ਼ਟਰੀ ਨੰਬਰਾਂ ਤੋਂ ਪਹਿਲਾਂ ਤੋਂ ਰਿਕਾਰਡ ਕੀਤੇ ਆਡੀਓ ਸੰਦੇਸ਼ (ਆਈ. ਵੀ. ਆਰ.) ਰਾਹੀਂ ਪੰਜਾਬ ਦੇ ਲੋਕਾਂ ਨੂੰ ਭੜਕਾ ਰਿਹਾ ਸੀ। ਪੰਨੂ ਖਿਲਾਫ ਧਾਰਾ 124-ਏ (ਭਾਰਤ ਵਿਰੁੱਧ ਜੰਗ ਛੇੜਨਾ), 131 (ਵਿਦਰੋਹ ਨੂੰ ਦੂਰ ਕਰਨ) 153-ਏ (ਗੈਰ ਕਾਨੂੰਨੀ ਗਤੀਵਿਧੀਆਂ ਰੋਕਥਾਮ) ਦੀ ਧਾਰਾ 10 (ਏ), 13 (1) ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਸਿੱਖਿਆ ਬੋਰਡ ਅਸਾਮੀਆਂ ਖਤਮ ਕਰਨ 'ਤੇ ਨੋਟਿਸ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ 435 ਅਸਾਮੀਆਂ ਖਤਮ ਕੀਤੇ ਜਾਣ ਅਤੇ ਵਿਸ਼ੇਸ਼ ਭੱਤੇ ਬੰਦ ਕਰਨ ਕਾਰਨ ਬੋਰਡ ਦੀ ਮੁਲਾਜ਼ਮ ਯੂਨੀਅਨ ਤੇ 28 ਮੁਲਾਜ਼ਮਾਂ ਵੱਲੋਂ ਦਾਖਲ ਇਕ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਰਕਾਰ ਅਤੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕਰ ਲਿਆ ਹੈ। ਬੋਰਡ ਆਫ ਡਾਇਰੈਕਟਰ ਨੇ 15 ਮਈ ਨੂੰ ਇਕ ਮਤਾ ਪਾਸ ਕਰਕੇ ਉਪਰੋਕਤ ਫੈਸਲਾ ਲਿਆ ਸੀ, ਜਿਸ ਕਾਰਨ ਮੁਲਾਜ਼ਮਾਂ ਤੇ ਯੂਨੀਅਨ ਨੇ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਸੀ।


ਵੇਟਰ, ਹੈਲਪਰ ਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।
ਸੰਪਰਕ ਕਰੋ, ਦਵਿੰਦਰ ਸਿੰਘ
ਫੋਨ: 262-391-7666





The Law Firm Of Fatima Johnson
3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

*We are experienced in.*

- Deportation Defense
- VAWA
- Asylum
- Work Permit
- Family and Marriage Based
- Investor Visa (H1B, E-2, EB-5)
- SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

*Licensed to Practice Immigration Law in all 50 States.*

Ph: 317-252-0013
info@vitalvisa.com
**This is an attorney advertisement**








MIDWAY Business Broker
We Build Your Dreams

For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY REALTY GROUP
We Build Your Dreams

MIDWAY REALTY GROUP
For all your Residential Real Estate Needs
Join our team, we are hiring real estate agents.

We help you to
- Home Selling
- Home Buying
- Rental / Lease
- New Construction
- Foreclosed / Short Sale
- REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at WWW.MBBBIZ.COM
AJEET SINGH : 847-529-9778
NICK VERMA : 630-664-1435

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕੈਨੇਡਾ 'ਚ ਡੁੱਬਣ ਨਾਲ ਪੰਜਾਬੀ ਨੌਜਵਾਨ ਦੀ ਮੌਤ

**ਟੋਰਾਂਟੋ:** ਕਿਊਬਕ ਸਿਟੀ ਨੇੜੇ ਜੇਕੁਏਸ-ਕਾਰਟੀਏ ਦਰਿਆ 'ਚ ਪੰਜਾਬੀ ਨੌਜਵਾਨ ਅਮਰਪ੍ਰੀਤ ਸਿੰਘ ਮੁੱਧੜ (20) ਦੀ ਡੁੱਬਣ ਕਾਰਨ ਮੌਤ ਹੋ ਗਈ। ਪਤਾ ਲੱਗਾ ਹੈ ਕਿ ਜਲੰਧਰ ਨਾਲ ਸਬੰਧਤ ਅਮਰਪ੍ਰੀਤ ਦਰਿਆ 'ਚ ਤੈਰਨ ਗਿਆ ਸੀ ਪਰ ਪਾਣੀ ਦੇ ਤੇਜ਼ ਵਹਾਅ ਅੱਗੇ ਸੰਭਲ ਨਾ ਸਕਿਆ। ਉਸ ਨੂੰ ਲੱਭਣ ਵਾਸਤੇ ਪੁਲਿਸ ਤੇ ਬਚਾਓ ਅਮਲੇ ਵਲੋਂ ਤੈਰਾਕਾਂ, ਗੋਤਾਖੋਰਾਂ, ਕਿਸ਼ਤੀਆਂ ਤੇ ਹੈਲੀਕਾਪਟਰ ਦੀ ਮਦਦ ਲਈ ਗਈ ਅਤੇ ਅਗਲੇ ਦਿਨ ਸਵੇਰੇ ਉਸ ਦੀ ਲਾਸ਼ ਦਰਿਆ 'ਚ ਜਿਥੋਂ ਉਹ ਲਾਪਤਾ ਹੋਇਆ ਸੀ, ਉਥੋਂ ਕਰੀਬ 150 ਮੀਟਰ ਦੂਰੋਂ ਮਿਲੀ। ਘਟਨਾ ਵਾਲੀ ਜਗ੍ਹਾ ਕਿਊਬਕ ਸਿਟੀ ਤੋਂ 50 ਕੁ ਕਿੱਲੋਮੀਟਰ ਉੱਤਰ ਵਲ ਹੈ। ਅਧਿਕਾਰੀਆਂ ਨੇ ਦੱਸਿਆ ਕਿ ਤੈਰਨ ਸਮੇਂ ਦੋਵੇਂ ਮੁੰਡੇ ਬਿਨਾਂ ਲਾਈਫ ਜੈਕੇਟ ਤੋਂ ਦਰਿਆ 'ਚ ਗਏ ਸਨ। ਪਾਣੀ ਦੇ ਵਹਾਅ ਤੇ ਲਹਿਰਾਂ ਅੱਗੇ ਅਮਰਪ੍ਰੀਤ ਦੀ ਪੇਸ਼ ਨਾ ਗਈ ਜਦਕਿ ਉਸ ਦਾ ਸਾਥੀ ਬਾਹਰ ਨਿਕਲਣ 'ਚ ਕਾਮਯਾਬ ਰਿਹਾ।

## ਲਾਪਤਾ ਕਸ਼ਮੀਰੀ ਪੀ. ਐਚ. ਡੀ ਸਕਾਲਰ ਅਤਿਵਾਦੀਆਂ ਨਾਲ ਰਲਿਆ: ਪੁਲਿਸ

**ਸ੍ਰੀਨਗਰ:** ਜੰਮੂ-ਕਸ਼ਮੀਰ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਸ੍ਰੀਨਗਰ ਤੋਂ ਲਾਪਤਾ ਪੀਐਚ.ਡੀ ਸਕਾਲਰ ਹਿਜ਼ਬੁਲ ਮੁਜਾਹਿਦੀਨ ਦੇ ਅਤਿਵਾਦੀ ਸਮੂਹ ਵਿਚ ਸ਼ਾਮਲ ਹੋ ਗਿਆ ਹੈ। ਹਿਲਾਲ ਅਹਿਮਦ ਡਾਰ, ਜੋ ਆਪਣੀ ਪੀਐਚ.ਡੀ ਕਰ ਰਿਹਾ ਸੀ, 13 ਜੂਨ ਨੂੰ ਕੇਂਦਰੀ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਵਿਚ ਨਾਰਨਗ ਦੀ ਯਾਤਰਾ ਦੌਰਾਨ ਲਾਪਤਾ ਹੋ ਗਿਆ, ਜਦੋਂ ਉਸ ਦੇ ਚਾਰ ਹੋਰ ਦੋਸਤ ਉਸੇ ਸ਼ਾਮ ਘਰ ਆਏ ਗਏ ਪਰ ਹਿਲਾਲ ਨਹੀਂ ਆਇਆ। ਉਸ ਦੇ ਪਰਿਵਾਰ ਨੇ ਸ੍ਰੀਨਗਰ ਵਿਚ ਪ੍ਰਦਰਸ਼ਨ ਕੀਤਾ ਅਤੇ ਪ੍ਰਸ਼ਾਸਨ ਅਤੇ ਪੁਲਿਸ ਨੂੰ ਉਸ ਨੂੰ ਲੱਭਣ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ। ਕਸ਼ਮੀਰ ਦੇ ਇੰਸਪੈਕਟਰ ਜਨਰਲ (ਆਈ.ਜੀ.ਪੀ.) ਵਿਜੇ ਕੁਮਾਰ ਨੇ ਕਿਹਾ ਕਿ ਲਾਪਤਾ ਨੌਜਵਾਨ ਅਤਿਵਾਦੀਆਂ ਵਿਚ ਸ਼ਾਮਲ ਹੋ ਗਿਆ ਹੈ।

## ਟਰੰਪ ਹੁਣ ਚੋਣ ਮੂਡ ਵਿਚ ਆਇਆ

*(ਸਫਾ ਇਕ ਦੀ ਬਾਕੀ)*

ਤੋਂ ਵੱਖ ਹੋ ਗਏ ਹਨ।

ਇਨ੍ਹਾਂ ਨੀਤੀਆਂ ਖਿਲਾਫ ਭਾਰਤੀ-ਅਮਰੀਕੀਆਂ ਸਮੇਤ ਲੱਖਾਂ ਲੋਕਾਂ ਨੇ ਵੱਖ-ਵੱਖ ਸ਼ਹਿਰਾਂ 'ਚ ਜ਼ੋਰਦਾਰ ਮੁਜ਼ਾਹਰੇ ਵੀ ਕੀਤੇ। ਸਿਆਸੀ ਮਾਹਰਾਂ ਦਾ ਦਾਅਵਾ ਹੈ ਕਿ ਮੌਜੂਦਾ ਸਮਾਂ ਟਰੰਪ ਸਰਕਾਰ ਲਈ ਵੱਡੀ ਚੁਣੌਤੀ ਵਾਲਾ ਹੈ। ਕਰੋਨਾ ਵਾਇਰਸ ਦੇ ਟਾਕਰੇ ਵਿਚ ਨਾਕਾਮੀ ਕਾਰਨ ਟਰੰਪ ਦੀ ਹਰ ਪਾਸੇ ਆਲੋਚਨਾ ਹੋ ਰਹੀ ਹੈ। ਮੁਲਕ ਵਿਚ ਸਿਆਹਫਾਮ ਰੋਹ ਨੇ ਸਰਕਾਰਾਂ ਦੀਆਂ ਜੜ੍ਹਾਂ ਹਿਲਾਈਆਂ ਹੋਈਆਂ ਹਨ।

ਹਾਲ ਹੀ ਵਿਚ ਟਰੰਪ ਦੀ ਚੋਣ ਮੁਹਿੰਮ ਨਾਲ ਜੁੜੀ ਰੈਲੀ ਵੀ ਮੌਜੂਦਾ ਸਰਕਾਰ ਦੀਆਂ ਅੱਖਾਂ ਖੋਲ੍ਹਣ ਵਾਲੀ ਸੀ। ਇਹ ਰੈਲੀ ਓਕਲਾਹੋਮਾ ਦੇ ਡਾਊਨਟਾਊਨ ਟੁਲਸਾ ਵਿਚ ਕੀਤੀ ਜਾਣੀ ਸੀ। ਸੋਸ਼ਲ ਮੀਡੀਆ ਉਤੇ ਜੋ ਫੋਟੋਆਂ ਪੋਸਟ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਰੈਲੀ ਵਾਲੀ ਥਾਂ ਉਤੇ ਬਹੁਤ ਘੱਟ ਲੋਕ ਨਜ਼ਰ ਆ ਰਹੇ ਸਨ ਅਤੇ ਕੁਰਸੀਆਂ ਖਾਲੀ ਹਨ। ਰਾਸ਼ਟਰਪਤੀ ਨੇ ਸਿਹਤ ਚਿਤਾਵਨੀ ਦੀਆਂ ਪ੍ਰਵਾਹ ਨਾ ਕਰਦਿਆਂ ਇਸ ਰੈਲੀ ਦਾ ਪ੍ਰੋਗਰਾਮ ਬਣਾਇਆ ਸੀ। ਇਸ ਲਈ ਟਰੰਪ ਹੁਣ ਆਪਣੇ ਪੁਰਾਣੇ ਪੈਂਤੜੇ ਨੂੰ ਮੁੜ ਅਜ਼ਮਾਉਣ ਵਾਲੇ ਰਾਹ ਤੁਰ ਪਿਆ ਹੈ।

## ਹਰਸਿਮਰਤ ਬਾਦਲ ਵਲੋਂ ਭਾਰਤ 'ਚ ਤਿਆਰ ਖਾਣਾ ਵਿਸ਼ਵ ਭਰ 'ਚ ਵੇਚਣ ਦਾ ਸੱਦਾ

**ਲੰਬੀ:** ਕੇਂਦਰੀ ਫੂਡ ਪ੍ਰੋਸੈਸਿੰਗ ਉਦਯੋਗ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਭਾਰਤੀ ਸੁਪਰ ਫੂਡਜ਼ ਦਾ ਪੱਛਮੀ ਮੁਲਕਾਂ 'ਚ ਮੰਡੀਕਰਨ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਇਸ ਵੇਲੇ ਸਾਰਾ ਧਿਆਨ ਪੌਸ਼ਟਿਕ ਖਾਣੇ ਉਤੇ ਹੈ ਅਤੇ ਇਹ ਸਹੀ ਸਮਾਂ ਹੈ ਵਿਸ਼ਵ ਫੂਡ ਮਾਰਕੀਟ ਵਿਚ ਭਾਰਤੀ ਛਾਪ ਤੇਜ਼ੀ ਨਾਲ ਵਧਾਈ ਜਾਵੇ। ਉਹ ਪਿੰਡ ਬਾਦਲ ਵਿਚਲੀ ਰਿਹਾਇਸ਼ ਤੋਂ ਫੂਡ ਪ੍ਰੋਸੈਸਿੰਗ ਐਕਸਕਲੂਸਿਵ ਇਨਵੈਸਟਮੈਂਟ ਫੋਰਮ ਆਫ ਇਨਵੈਸਟ ਇੰਡੀਆ ਵੈਬਿਨਾਰ ਦੀ ਪ੍ਰਧਾਨਗੀ ਕਰ ਰਹੇ ਸਨ।

ਨਿਵੇਸ਼ ਫੋਰਮ ਵੈਬਿਨਾਰ ਵਿਚ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਰਮੇਸ਼ਵਰ ਤੇਲੀ, ਆਂਧਰਾ ਪ੍ਰਦੇਸ਼ ਦੇ ਵਣਜ ਮੰਤਰੀ ਐਮ. ਗੌਤਮ ਰੈਡੀ, ਆਸਾਮ ਦੇ ਉਦਯੋਗ ਮੰਤਰੀ ਚੰਦਰ ਮੋਹਨ ਪਟਵਾਰੀ ਅਤੇ ਪੰਜਾਬ ਦੇ ਲੋਕ ਨਿਰਮਾਣ ਵਿਭਾਗ ਮੰਤਰੀ ਵਿਜੈਇੰਦਰ ਸਿੰਗਲਾ ਨੇ ਵੀ ਸ਼ਮੂਲੀਅਤ ਕੀਤੀ। ਕੇਂਦਰੀ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਮੰਤਰਾਲੇ ਨੇ ਘਰੇਲੂ ਤੇ ਵਿਦੇਸ਼ੀ ਨਿਵੇਸ਼ਕਾਂ ਵਲੋਂ ਭਾਰਤ ਵਿਚ ਵਪਾਰ ਕਰਨ ਵਿਚ ਮਦਦ ਵਾਸਤੇ ਇਨਵੈਸਟ ਇੰਡੀਆ ਵਿਚ ਨਿਵੇਸ਼ ਸਹੂਲਤ ਸੈਲ ਸਥਾਪਿਤ ਕੀਤਾ ਹੈ। ਉਨ੍ਹਾਂ ਵਿਸ਼ਵ ਭਰ ਦੀਆਂ ਰਿਟੇਲ ਆਊਟਲੈਟਸ ਵਿਚ ਰੈਡੀ ਟੂ ਈਟ ਵੰਨਗੀ ਦਾ ਭਾਰਤੀ ਖਾਣਾ ਵਧਾਉਣ 'ਤੇ ਜ਼ੋਰ ਦਿੱਤਾ।

## ਬਠਿੰਡਾ ਥਰਮਲ ਦੀ ਜ਼ਮੀਨ ਵੇਚਣ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਬਠਿੰਡਾ ਦੇ ਸ੍ਰੀ ਗੁਰੂ ਨਾਨਕ ਦੇਵ ਥਰਮਲ ਪਾਵਰ ਪਲਾਂਟ ਦੀ 1764 ਏਕੜ ਜ਼ਮੀਨ ਨੂੰ ਵਿਕਸਤ ਕਰਕੇ ਵੇਚਣ ਦੇ ਸਰਕਾਰੀ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਕੈਬਨਿਟ ਦੇ ਇਸ ਫੈਸਲੇ ਨਾਲ ਪੰਜਾਹ ਸਾਲ ਪੁਰਾਣਾ ਬਿਜਲੀ ਪ੍ਰੋਜੈਕਟ ਹੁਣ ਪੰਜਾਬ ਦੇ ਸਨਅਤੀ ਨਕਸ਼ੇ ਤੋਂ ਸਦਾ ਲਈ ਮਿਟ ਜਾਵੇਗਾ।

ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸ ਰਾਹੀਂ ਹੋਈ ਕੈਬਨਿਟ ਮੀਟਿੰਗ 'ਚ ਬਠਿੰਡਾ ਥਰਮਲ ਦੀ 1764 ਏਕੜ ਜ਼ਮੀਨ ਦੇ ਪੁਨਰ ਵਿਕਾਸ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਮੰਤਰੀ ਮੰਡਲ ਦੇ ਫੈਸਲੇ ਨਾਲ ਜ਼ਮੀਨ ਪੁੱਡਾ ਨੂੰ ਸੌਂਪ ਦਿੱਤੀ ਜਾਵੇਗੀ। ਪੁੱਡਾ ਇਸ ਜ਼ਮੀਨ ਨੂੰ ਵਿਕਸਿਤ ਕਰੇਗਾ ਅਤੇ ਜ਼ਮੀਨ ਦੀ ਅਸਲ ਕੀਮਤ ਤੋਂ ਇਲਾਵਾ ਪਾਵਰਕੌਮ ਨੂੰ ਮੁਨਾਫੇ 'ਚੋਂ 80 ਫੀਸਦੀ ਹਿੱਸੇਦਾਰੀ ਮਿਲੇਗੀ। ਪੰਜਾਬ ਸਰਕਾਰ ਦੀ ਗਾਰੰਟੀ ਨਾਲ ਪੁੱਡਾ ਜ਼ਮੀਨ ਨੂੰ ਵਿਕਸਿਤ ਕਰਨ ਲਈ 100 ਕਰੋੜ ਰੁਪਏ ਤੱਕ ਦਾ ਕਰਜ਼ਾ ਲਵੇਗਾ। ਬਠਿੰਡਾ ਪਲਾਂਟ ਦੀ ਜ਼ਮੀਨ ਬਾਰੇ 18 ਮਈ 2020 ਨੂੰ ਕੈਬਨਿਟ ਸਬ-ਕਮੇਟੀ ਬਣੀ ਸੀ ਜਿਸ ਵਿਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ, ਉਦਯੋਗ ਤੇ ਵਣਜ ਮੰਤਰੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਤੌਰ ਮੈਂਬਰ ਸ਼ਾਮਲ ਸਨ।

## ਅਦਾਲਤ ਵਲੋਂ ਬੋਲਟਨ ਦੀ ਪੁਸਤਕ ਰਿਲੀਜ਼ ਨੂੰ ਹਰੀ ਝੰਡੀ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਪ੍ਰਸ਼ਾਸਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਫੈਡਰਲ ਜੱਜ ਨੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਜੌਹਨ ਬੋਲਟਨ ਨੂੰ ਆਪਣੀ ਪੁਸਤਕ ਰਿਲੀਜ਼ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਚਿੰਤਾ ਪ੍ਰਗਟਾਈ ਸੀ ਕਿ ਪੁਸਤਕ ਰਿਲੀਜ਼ ਹੋਣ ਨਾਲ ਗੁਪਤ ਜਾਣਕਾਰੀ ਦੇ ਭੇਤ ਖੁੱਲ੍ਹ ਜਾਣਗੇ। ਅਮਰੀਕਾ ਦੇ ਜ਼ਿਲ੍ਹਾ ਜੱਜ ਰੋਇਸ ਲੈਮਬਰਥ ਵਲੋਂ ਸੁਣਾਏ ਇਸ ਫੈਸਲੇ ਨਾਲ ਬੋਲਟਨ ਦੀ ਜਿੱਤ ਹੋਈ ਹੈ। ਪੁਸਤਕ ਵਿਚ ਵ੍ਹਾਈਟ ਹਾਊਸ 'ਚ ਬੋਲਟਨ ਦੇ ਡੇਢ ਵਰ੍ਹੇ ਦੇ ਕਾਰਜਕਾਲ ਦੌਰਾਨ ਰਾਸ਼ਟਰਪਤੀ ਟਰੰਪ ਵਲੋਂ ਵਿਦੇਸ਼ ਨੀਤੀ ਬਾਰੇ ਲਏ ਫੈਸਲਿਆਂ ਦੀ ਨੁਕਤਾਚੀਨੀ ਕੀਤੀ ਗਈ ਹੈ। ਟਰੰਪ ਨੂੰ ਖਦਸ਼ਾ ਹੈ ਕਿ ਕਿਤਾਬ 'ਚ ਕੀਤੇ ਗਏ ਖੁਲਾਸਿਆਂ ਨਾਲ ਉਸ ਦੀ ਚੋਣ ਮੁਹਿੰਮ 'ਤੇ ਅਸਰ ਪੈ ਸਕਦਾ ਹੈ।

## ਚੀਨ ਦਾ ਨੇਪਾਲ ਦੇ ਪਿੰਡ 'ਤੇ ਕਬਜ਼ਾ

**ਨਵੀਂ ਦਿੱਲੀ:** ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਚੀਨ ਨੇ ਨੇਪਾਲ ਦੇ ਇਕ ਪਿੰਡ 'ਤੇ ਕਬਜ਼ਾ ਕਰ ਲਿਆ ਹੈ ਅਤੇ ਕਥਿਤ ਤੌਰ 'ਤੇ ਇਸ ਦੇ ਸ਼ਮੂਲੀਅਤ ਨੂੰ ਜਾਇਜ਼ ਠਹਿਰਾਉਣ ਲਈ ਸੀਮਾ ਦੇ ਥੰਮ੍ਹ ਹਟਾ ਦਿੱਤੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਚੀਨ ਨੇ ਹੌਲੀ ਹੌਲੀ ਕਈ ਨੇਪਾਲੀ ਖੇਤਰਾਂ ਵਿਚ ਪੂਰਨ ਨਿਯੰਤਰਣ ਕਰਨ ਲਈ ਉਨ੍ਹਾਂ ਨੂੰ ਆਪਣੇ ਕਬਜ਼ੇ ਵਿਚ ਲੈ ਰਿਹਾ ਹੈ।

ਤਾਜ਼ਾ ਮਾਮਲੇ ਵਿਚ ਗੋਰਖਾ ਜ਼ਿਲ੍ਹੇ ਦਾ ਰੂਈ ਪਿੰਡ ਹੈ, ਜੋ ਹੁਣ ਚੀਨ ਦੇ ਪੂਰੇ ਕੰਟਰੋਲ ਵਿਚ ਹੈ। 72 ਘਰਾਂ ਵਾਲੇ ਇਸ ਪਿੰਡ ਦੇ ਵਸਨੀਕ ਆਪਣੀ ਅਸਲ ਪਛਾਣ ਲਈ ਲੜ ਰਹੇ ਹਨ। ਇਹ ਵੀ ਦਰਸਾਉਂਦਾ ਹੈ ਕਿ ਕਿਵੇਂ ਨੇਪਾਲ ਦੀ ਮੌਜੂਦਾ ਸਰਕਾਰ ਨੇ ਚੀਨ ਅੱਗੇ ਆਤਮ ਸਮਰਪਣ ਕਰ ਦਿੱਤਾ ਹੈ। ਸੂਤਰਾਂ ਨੇ ਦੱਸਿਆ ਕਿ ਰੂਈ ਪਿੰਡ ਤੋਂ ਇਲਾਵਾ ਚੀਨ ਨੇ ਨੇਪਾਲ ਦੇ ਰਣਨੀਤਕ ਪੱਖੋਂ ਅਹਿਮ 11 ਥਾਵਾਂ 'ਤੇ ਕਬਜ਼ਾ ਕਰ ਲਿਆ ਹੈ। ਚੀਨ ਦੀ ਸਰਹੱਦ ਨਾਲ ਲੱਗਦੇ ਨੇਪਾਲ ਦੇ ਚਾਰ ਜ਼ਿਲ੍ਹਿਆਂ ਵਿਚ ਤਕਰੀਬਨ 36 ਹੈਕਟੇਅਰ ਜ਼ਮੀਨ ਉਤੇ ਚੀਨ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਪਰ ਹੁਣ ਤੱਕ ਨੇਪਾਲੀ ਸਰਕਾਰ ਇਸ ਬਾਰੇ ਚੁੱਪ ਹੈ। ਚੀਨ ਦੁਆਰਾ ਪਿਛਲੇ ਦੋ ਸਾਲਾਂ ਵਿਚ ਰੂਈ ਪਿੰਡ ਦਾ ਕਬਜ਼ਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਹੈ।

## ਪਾਕਿਸਤਾਨ ਤੋਂ ਭਾਰਤੀ ਦੂਤਾਵਾਸ ਦੇ 5 ਅਧਿਕਾਰੀ ਵਤਨ ਪਰਤੇ

**ਅਟਾਰੀ:** ਇਸਲਾਮਾਬਾਦ ਸਥਿਤ ਭਾਰਤੀ ਦੂਤਾਵਾਸ ਦੇ 5 ਅਧਿਕਾਰੀ ਅਟਾਰੀ ਵਾਹਗਾ ਸਰਹੱਦ ਰਸਤੇ ਵਤਨ ਪਹੁੰਚ ਗਏ। ਇਨ੍ਹਾਂ ਵਿਚ ਉਹ ਦੋ ਅਧਿਕਾਰੀ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਬੀਤੇ ਦਿਨੀਂ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ. ਆਈ. ਵਲੋਂ ਅਗਵਾ ਕਰਕੇ ਤਸੀਹੇ ਦੇਣ ਉਪਰੰਤ ਹਾਦਸੇ ਦਾ ਝੂਠਾ ਮਾਮਲਾ ਦਰਜ ਕੀਤਾ ਗਿਆ ਸੀ।

ਪਾਕਿਸਤਾਨ ਦੀ ਇਸ ਕਾਰਵਾਈ ਨੂੰ ਭਾਰਤ ਵਲੋਂ 31 ਮਈ ਨੂੰ ਜਾਸੂਸੀ ਕਰਦਿਆਂ ਫੜੇ ਗਏ ਦਿੱਲੀ ਸਥਿਤ ਪਾਕਿਸਤਾਨੀ ਦੂਤਾਵਾਸ ਦੇ ਦੋ ਅਧਿਕਾਰੀਆਂ ਨੂੰ ਭਾਰਤ ਵਿਚੋਂ ਕੱਢੇ ਜਾਣ ਦੇ ਬਦਲੇ ਵਜੋਂ ਵੇਖਿਆ ਜਾ ਰਿਹਾ ਹੈ। ਇਸਲਾਮਾਬਾਦ ਸਥਿਤ ਭਾਰਤੀ ਦੂਤਾਵਾਸ ਦੇ ਦੋ ਅਧਿਕਾਰੀਆਂ ਪੋਲ ਸਿਲਵਾਦਾਸ ਅਤੇ ਦਿਵੂ ਬ੍ਰਹਮਾ ਨੂੰ ਕੰਮ 'ਤੇ ਜਾਣ ਸਮੇਂ ਪਾਕਿਸਤਾਨ ਦੀ ਬਦਨਾਮ ਖੁਫੀਆ ਏਜੰਸੀ ਆਈ.ਐਸ.ਆਈ. ਵਲੋਂ ਅਗਵਾ ਕਰਕੇ ਕਈ ਘੰਟੇ ਪੁੱਛਗਿਛ ਦੇ ਨਾਂ 'ਤੇ ਜ਼ਲੀਲ ਕੀਤਾ ਗਿਆ ਸੀ। ਭਾਰਤ ਵਲੋਂ ਦਬਾਅ ਪਾਉਣ 'ਤੇ ਇਨ੍ਹਾਂ ਦੋਹਾਂ ਅਧਿਕਾਰੀਆਂ ਖਿਲਾਫ ਐਕਸੀਡੈਂਟ ਦੀ ਝੂਠੀ ਐਫ.ਆਈ.ਆਰ. ਦਰਜ ਕਰਕੇ ਇਨ੍ਹਾਂ ਨੂੰ ਭਾਰਤੀ ਦੂਤਾਵਾਸ ਦੇ ਹਵਾਲੇ ਕੀਤਾ ਗਿਆ ਸੀ।

## ਬਠਿੰਡਾ ਦਾ ਨੌਜਵਾਨ ਬਰਤਾਨਵੀ ਫੌਜ ਵਲੋਂ ਨਾਟੋ ਦਸਤੇ 'ਚ ਸ਼ਾਮਲ

**ਬਠਿੰਡਾ:** ਇਸ ਜ਼ਿਲ੍ਹੇ ਦੇ ਪਿੰਡ ਭੋਖੜਾ ਵਾਸੀ ਰਾਜਵੰਤ ਸਿੰਘ ਬਰਾੜ ਨੂੰ ਬਰਤਾਨਵੀ ਫੌਜ ਵਲੋਂ ਨਾਟੋ ਦਸਤੇ ਵਿਚ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਉਸ ਦੀ ਪੈਰਾ ਕਮਾਂਡੋ ਫੋਰਸ ਵਿਚ ਚੋਣ ਹੋਈ ਹੈ ਜਿਸ ਨੂੰ ਲੈ ਕੇ ਮਾਪਿਆਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

ਪਿੰਡ ਵਾਸੀ ਆਖਦੇ ਹਨ ਕਿ ਇਸ ਨੌਜਵਾਨ ਨੇ ਪਿੰਡ ਦਾ ਨਾਂ ਕੌਮਾਂਤਰੀ ਪੱਧਰ ਉਤੇ ਰੌਸ਼ਨ ਕੀਤਾ ਹੈ। ਪਿੰਡ ਭੋਖੜਾ ਦੇ ਸਰਕਾਰੀ ਸਕੂਲ ਵਿਚ ਪੜ੍ਹਾਈ ਕਰਨ ਵਾਲਾ ਇਹ ਨੌਜਵਾਨ ਸੱਤ ਵਰ੍ਹੇ ਪਹਿਲਾਂ ਅਗਲੇਰੀ ਪੜ੍ਹਾਈ ਲਈ ਇੰਗਲੈਂਡ ਗਿਆ ਸੀ। ਰਾਜਵੰਤ ਦਾ ਪਿਤਾ ਮਹਿੰਦਰ ਸਿੰਘ ਖੇਤੀ ਕਰਦਾ ਹੈ ਤੇ ਉਸ ਦੇ ਦੋ ਬੱਚੇ ਹਨ। ਰਾਜਵੰਤ ਤੇ ਉਸ ਦੀ ਭੈਣ ਇੰਗਲੈਂਡ 'ਚ ਰਹਿੰਦੇ ਹਨ।

## ਭਾਰਤ ਤੇ ਚੀਨ ਪੂਰਬੀ ਲੱਦਾਖ ਦੇ ਟਕਰਾਅ ਵਾਲੇ ਖੇਤਰਾਂ 'ਚੋਂ ਹਟਣ ਲਈ ਸਹਿਮਤ

**ਨਵੀਂ ਦਿੱਲੀ:** ਭਾਰਤ ਅਤੇ ਚੀਨ ਦੇ ਫੌਜੀ ਕਮਾਂਡਰਾਂ ਦਰਮਿਆਨ ਹੋਈ ਬੈਠਕ ਦੌਰਾਨ ਦੋਵਾਂ ਦੇਸ਼ਾਂ ਦੀਆਂ ਫੌਜਾਂ ਨੇ ਪੂਰਬੀ ਲੱਦਾਖ ਵਿਚ ਸੰਘਰਸ਼ ਖੇਤਰ ਤੋਂ ਹਟਣ 'ਤੇ ਸਹਿਮਤੀ ਦੇ ਦਿੱਤੀ ਹੈ। ਸੂਤਰਾਂ ਨੇ ਕਿਹਾ ਕਿ ਇਹ ਗੱਲਬਾਤ 'ਸੁਹਿਰਦ, ਸਕਾਰਾਤਮਕ ਅਤੇ ਉਸਾਰੂ ਮਾਹੌਲ' ਵਿਚ ਹੋਈ ਅਤੇ ਇਹ ਫੈਸਲਾ ਲਿਆ ਗਿਆ ਕਿ ਦੋਵੇਂ ਧਿਰਾਂ ਪੂਰਬੀ ਲੱਦਾਖ ਦੇ ਸਾਰੇ ਟਕਰਾਅ ਵਾਲੇ ਟਿਕਾਣਿਆਂ ਤੋਂ ਹਟਣ ਦੇ ਤੌਰ ਤਰੀਕਿਆਂ ਨੂੰ ਅਮਲੀ ਰੂਪ ਦੇਣਗੇ।

14 ਕੋਰ ਕਮਾਂਡਰ ਲੈਫਟੀਨੈਂਟ ਜਨਰਲ ਹਰਿੰਦਰ ਸਿੰਘ ਅਤੇ ਤਿੱਬਤ ਮਿਲਟਰੀ ਜ਼ਿਲ੍ਹਾ ਕਮਾਂਡਰ ਮੇਜਰ ਜਨਰਲ ਲੂ ਲਿਨ ਨੇ ਪਿਛਲੇ ਹਫਤੇ ਭਾਰਤ ਅਤੇ ਚੀਨੀ ਫੌਜ ਵਿਚਾਲੇ ਗਲਵਾਨ ਵਾਦੀ ਵਿਚ ਹੋਈ ਹਿੰਸਕ ਝੜਪ ਤੋਂ ਬਾਅਦ ਤਣਾਅ ਘੱਟ ਕਰਨ ਦੇ ਉਦੇਸ਼ ਨਾਲ ਤਕਰੀਬਨ 11 ਘੰਟਿਆਂ ਤੱਕ ਗੱਲਬਾਤ ਕੀਤੀ। ਸੂਤਰਾਂ ਮੁਤਾਬਕ ਦੋਵਾਂ ਧਿਰਾਂ ਵਿਚਾਲੇ ਟਕਰਾਅ ਤੋਂ ਪਿੱਛੇ ਹਟਣ ਲਈ ਆਪਸੀ ਸਮਝੌਤਾ ਹੋਇਆ ਹੈ।

## ਸ਼ਿਵ ਸੈਨਾ ਨੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਗ੍ਰਿਫਤਾਰੀ ਮੰਗੀ

**ਪਟਿਆਲਾ:** ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਹੇਠ ਜਥੇਬੰਦੀ ਨੇ ਪੰਜਾਬ ਭਰ ਦੇ ਡਿਪਟੀ ਕਮਿਸ਼ਨਰ ਦਫਤਰਾਂ ਰਾਹੀਂ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਭੇਜੇ। ਇਸ ਦੌਰਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ 'ਤੇ ਖਾਲਿਸਤਾਨ ਦੀ ਮੰਗ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਦੀ ਗ੍ਰਿਫਤਾਰੀ ਮੰਗੀ ਗਈ ਹੈ।

ਪ੍ਰਧਾਨ ਪਵਨ ਗੁਪਤਾ ਨੇ ਕਿਹਾ ਕਿ ਇਨ੍ਹਾਂ ਨੂੰ ਰਾਸ਼ਟਰੀ ਸੁਰੱਖਿਆ ਅਧਿਨਿਯਮ ਤਹਿਤ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਜੈਜ਼ੀ ਬੈਂਸ ਦੀ ਗ੍ਰਿਫਤਾਰੀ ਵੀ ਮੰਗੀ। ਇਸੇ ਤਹਿਤ ਸ਼ਿਵ ਸੈਨਾ ਦੇ ਉਤਰੀ ਭਾਰਤ ਹਿੰਦੁਸਤਾਨ ਯੁਵਾ ਸੈਨਾ ਦੇ ਚੇਅਰਮੈਨ ਰਾਜੇਸ਼ ਕੌਸ਼ਿਕ, ਜ਼ਿਲ੍ਹਾ ਪ੍ਰਧਾਨ ਸ਼ਮਾਕਾਂਤ ਪਾਂਡੇ, ਮੀਤ ਪ੍ਰਧਾਨ ਰਵਿੰਦਰ ਸਿੰਗਲਾ ਸਮੇਤ ਵਿਸ਼ਾਲ ਕੰਬੋਜ, ਵਿਸ਼ਾਲ ਜਿੰਦਲ, ਕੇਕੇ ਗਾਬਾ, ਐਡਵੋਕੇਟ ਪੰਕਜ ਗੌਰ ਅਤੇ ਹਰਪ੍ਰੀਤ ਸਿੰਘ ਨੇ ਪਟਿਆਲਾ ਦੇ ਏ.ਡੀ.ਸੀ. ਪੂਜਾ ਸਿਆਲ ਗਰੇਵਾਲ ਨੂੰ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪਿਆ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬਜ਼ੁਰਗਾਂ 'ਚ ਬੇਚੈਨੀ ਤੇ ਤਣਾਓ ਸਬੰਧੀ ਚਰਚਾ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸੀਨੀਅਰ ਸਿਟੀਜਨਜ਼ ਲਈ ਬੀਬੀ ਗੁਰਪ੍ਰੀਤ ਕੌਰ ਪ੍ਰਿਆ ਨੇ ਬੁੱਧਵਾਰ ਨੂੰ ਜ਼ੂਮ ਰਾਹੀਂ ਬੇਚੈਨੀ ਅਤੇ ਤਣਾਓ (ਡਿਪਰੈਸ਼ਨ) ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਦਾ ਇੰਤਜ਼ਾਮ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਟਰਸਟੀ ਪ੍ਰੇਮਪਾਲ ਸਿੰਘ ਨੇ ਕੀਤਾ ਸੀ। ਬੀਬੀ ਪ੍ਰਿਆ ਨੇ ਕਲਿਨਿਕਲ ਮੈਂਟਲ ਹੈਲਥ ਵਿਚ ਮਾਸਟਰਜ਼ ਕੀਤੀ ਹੋਈ ਹੈ ਅਤੇ ਲੰਮਾ ਤਜਰਬਾ ਹੈ। ਬੀਬੀ ਪ੍ਰਿਆ ਸਿੱਖ ਰਿਲੀਜੀਅਸ ਸੁਸਾਇਟੀ ਦੀ ਕੋਵਿਡ-19 ਵਾਲੰਟੀਅਰ ਕਮੇਟੀ ਦੀ ਅਹਿਮ ਵਾਲੰਟੀਅਰ ਹੈ। ਕਮੇਟੀ ਨੇ ਕਰੋਨਾ ਮਹਾਮਾਰੀ ਦੀ ਸਖਤਾਈ ਥੱਲੇ ਆਏ 8000 ਤੋਂ ਵੱਧ ਲੋਕਾਂ ਨੂੰ ਮੁਫਤ ਖਾਣਾ ਅਤੇ ਇੰਡੀਆ ਤੋਂ ਆ ਕੇ ਸ਼ਿਕਾਗੋ ਫਸੇ ਮੁਸਾਫਿਰਾਂ ਨੂੰ ਦਵਾਈਆਂ ਵੀ ਦਿੱਤੀਆਂ। ਮਹਾਮਾਰੀ ਕਾਰਨ ਘਰਾਂ ਅੰਦਰ ਡੱਕੇ ਬਜ਼ੁਰਗਾਂ ਲਈ ਬੇਚੈਨੀ ਅਤੇ ਤਣਾਓ ਤੋਂ ਬਚਾਅ ਲਈ ਇਹ ਵਧੀਆ ਉਪਰਾਲਾ ਸੀ।

ਅਮਰੀਕਾ ਵਿਚ ਕਰੀਬ 4 ਮਿਲੀਅਨ ਮਰਦ ਤਣਾਅ (ਡਿਪਰੈਸ਼ਨ) ਦੇ ਮਰੀਜ਼ ਹਨ। ਮਰਦਾਂ ਵਿਚ ਔਰਤਾਂ ਨਾਲੋਂ ਆਤਮ ਹੱਤਿਆ ਦਾ ਕੋਹੜ 4-5 ਗੁਣਾ ਵਧੇਰੇ ਹੈ। ਇਹ ਤਾਜ਼ੇ ਅੰਕੜੇ ਨੌਰਥ-ਵੈਸਟਰਨ ਮੈਂਟਲ ਮੈਡੀਕਲ ਕੌਂਸਲ ਦੇ ਹਨ। ਬੀਬੀ ਪ੍ਰਿਆ ਮੁਤਾਬਕ ਬੇਚੈਨੀ ਅਤੇ ਤਣਾਓ ਦੇ ਚਿੰਨ੍ਹ ਕੁਝ ਵੱਖਰੇ ਹਨ ਤੇ ਕੁਝ ਸਾਂਝੇ। ਜਿਵੇਂ ਉਦਾਸੀਨਤਾ, ਚਿੜਚੜਾਪਣ, ਆਤਮ ਹੱਤਿਆ ਦਾ ਖਿਆਲ, ਥਕਾਵਟ ਤਣਾਓ ਦੇ ਚਿੰਨ੍ਹ ਹਨ ਅਤੇ ਬੇਚੈਨੀ ਦੇ ਚਿੰਨ੍ਹ ਕੰਬਣਾ, ਘਬਰਾਹਟ, ਧੜਕਣ ਦਾ ਤੇਜ਼ ਹੋ ਜਾਣਾ, ਪਸੀਨਾ ਛੁਟਣਾ, ਅਸ਼ਾਂਤੀ, ਸਾਹ ਫੁੱਲਣਾ, ਲਫਜ਼ਾਂ ਦਾ ਅਸਪਸ਼ਟ ਹੋਣਾ ਆਦਿ।

ਬੀਬੀ ਪ੍ਰਿਆ ਨੇ ਦੱਸਿਆ ਕਿ ਇਨ੍ਹਾਂ ਬਿਮਾਰੀਆਂ ਅਧੀਨ ਇਨਸਾਨ ਕਮਜ਼ੋਰ ਤੇ ਲਾਚਾਰ ਮਹਿਸੂਸ ਕਰਦਾ ਹੈ। ਦਬਾਓ ਪੈਣ ਲੱਗ ਜਾਂਦੇ ਹਨ। ਸੰਤੁਲਨ ਵਿਗੜ ਜਾਂਦਾ ਹੈ। ਇਹ ਚਿੰਨ੍ਹ ਪਹਿਲਾਂ ਤੋਂ ਵੀ ਹੋ ਸਕਦੇ ਹਨ, ਪਰ ਹੁਣ ਪ੍ਰਤੱਖ ਦਿਸਣ ਲੱਗ ਪੈਂਦੇ ਹਨ। ਗੁੱਸਾ ਵਧ ਜਾਂਦਾ ਹੈ। ਸੁਭਾਅ 'ਚ ਵੱਧ ਉਤਰਾ-ਚੜ੍ਹਾਅ ਆਉਣ ਲਗਦੇ ਹਨ। ਸਿਰ ਦਰਦ ਦੀ ਸ਼ਿਕਾਇਤ ਅਤੇ ਸੱਤਾਹੀਣ ਮਹਿਸੂਸ ਕਰਦਾ ਹੈ। ਬੇਉਮੀਦ ਜਾਹਰ ਕਰਦਾ ਹੈ। ਦੁਖੀ ਜਾਪਦਾ ਹੈ। ਦੁਨੀਆਂ 'ਚ ਨਕਾਰਿਆ ਮਹਿਸੂਸ ਕਰਦਾ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਉਹ ਇਲਾਜ ਤੋਂ ਬਾਹਰੀ ਹੈ। ਪਹਿਲਾਂ ਤਾਂ ਉਸ ਨੂੰ ਗਹੁ ਨਾਲ ਸਮਝੋ, ਸੁਣੋ, ਛੋਟੀ-ਛੋਟੀ ਗੱਲਬਾਤ ਕਰੋ। ਜਿਹੜਾ ਉਹ ਸਮਾਜਕ ਜ਼ਿੰਮੇਵਾਰੀਆਂ ਤੋਂ ਉਚਾਟ ਲਗਦਾ ਹੈ, ਉਸ ਨੂੰ ਅਹਿਸਾਸ ਕਰਾਓ ਕਿ ਉਸ ਦੀ ਉਸ ਦੇ ਪਰਿਵਾਰ, ਰਿਸ਼ਤੇਦਾਰਾਂ, ਦੋਸਤਾਂ, ਸਬੰਧੀਆਂ ਨੂੰ ਲੋੜ ਹੈ। ਹੌਲੀ-ਹੌਲੀ ਉਸ ਨੂੰ ਡਾਕਟਰੀ ਮਦਦ ਲਈ ਤਿਆਰ ਕਰੋ। ਕਰੋਨਾ ਦੀ ਮਹਾਮਾਰੀ ਵਰਗੇ ਅਚਾਨਕ ਸਦਮੇ ਇਸ ਬਿਮਾਰੀ ਨੂੰ ਹੋਰ ਵਧਾਉਂਦੇ ਹਨ। ਘਰ ਵਿਚ ਝਗੜੇ ਸ਼ੁਰੂ ਹੋ ਜਾਂਦੇ ਹਨ। ਸਰੀਰ ਦਾ ਢਾਂਚਾ ਕੰਮ ਕਰਨ ਲਈ ਉਤਸ਼ਾਹਿਤ ਨਹੀਂ ਹੁੰਦਾ। ਅੰਦਰ ਡਰ ਪੈਦਾ ਹੋ ਜਾਂਦਾ ਹੈ। ਵਪਾਰਕ ਹਾਨੀ ਜਾਂ ਬੇਰੁਜ਼ਗਾਰੀ ਵੀ ਇਸ ਬਿਮਾਰੀ ਨੂੰ ਵਧਾਉਂਦੀ ਹੈ। ਘਰੇਲੂ ਖਰਚੇ ਵਿਤੋਂ ਬਾਹਰ ਹੋ ਜਾਣ ਤਾਂ ਵੀ ਪ੍ਰੇਸ਼ਾਨੀ ਵਧ ਜਾਂਦੀ ਹੈ। ਮੌਜੂਦਾ ਹਾਲਾਤ ਵਿਚ ਇਹ ਬਿਮਾਰੀ 22 ਫੀਸਦੀ ਵਧ ਗਈ ਹੈ, ਜਿਸ ਕਰ ਕੇ ਪੈਨਿਕ ਅਟੈਕ ਹੋ ਰਹੇ ਹਨ। ਇਨਸਾਨ ਦੀ ਔਸਤਨ ਉਮਰ ਵਧ ਗਈ ਹੈ, ਜਿਸ ਕਰ ਕੇ ਲੋਕ ਵਧੇਰੇ ਪ੍ਰੇਸ਼ਾਨ ਹੋ ਰਹੇ ਹਨ।



ਗੁਰਪ੍ਰੀਤ ਕੌਰ ਪ੍ਰਿਆ

ਸਾਹ ਦੀ ਰਫਤਾਰ ਵਧ ਜਾਂਦੀ ਹੈ। ਬੋਲਣ 'ਚ ਰੁਕਾਵਟ ਹੋ ਸਕਦੀ ਹੈ। ਨੀਂਦ ਘਟ ਸਕਦੀ ਹੈ। ਜਿਵੇਂ ਇਮਤਿਹਾਨਾਂ ਦੌਰਾਨ ਕੁਝ ਲੋਕਾਂ ਨੂੰ ਹੁੰਦਾ ਹੈ। ਹੱਥਾਂ ਪੈਰਾਂ ਵਿਚ ਝਰਨਾਹਟ ਹੋ ਸਕਦੀ ਹੈ। ਛਾਤੀ ਵਿਚ ਦਬਾਓ ਬਣਦਾ ਹੈ। ਦਰਦ ਮਹਿਸੂਸ ਹੋ ਸਕਦਾ ਹੈ। ਇਨਸਾਨ ਆਪੇ ਤੋਂ ਬਾਹਰ ਹੋ ਸਕਦਾ ਹੈ।

ਬੀਬੀ ਪ੍ਰਿਆ ਨੇ ਸਲਾਹ ਦਿੱਤੀ ਕਿ ਅਜਿਹੇ ਹਾਲਾਤ ਵਿਚ ਇਕ ਦੂਜੇ ਦਾ ਸਹਾਰਾ ਬਣਨਾ ਜ਼ਰੂਰੀ ਹੈ। ਅਹਿਸਾਸ ਦਿਵਾਓ ਕਿ ਤੁਸੀਂ ਇਕੱਲੇ ਨਹੀਂ ਹੋ। ਜਿਹੜੀ ਗਲ 'ਚ ਉਹ ਦਿਲਚਸਪੀ ਲੈਂਦਾ ਹੈ, ਉਸ ਨੂੰ ਹੱਲਾਸ਼ੇਰੀ ਦੇਵੋ। ਅਜਿਹੇ ਹਾਲਾਤ ਵਿਚ ਇਨਸਾਨ ਖੁਦ ਨਾਲ ਹੀ ਗੱਲਾਂ ਕਰਨ ਲੱਗ ਜਾਂਦਾ ਹੈ। ਖਿਆਲਾਂ ਵਿਚ ਹੀ ਡੁੱਬਿਆ ਰਹਿੰਦਾ ਹੈ। ਧੀਮੇ-ਧੀਮੇ ਉਸ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰੋ। ਇਨਸਾਨ ਦੀ ਹਾਲਤ ਭੜਕ ਸਕਦੀ ਹੈ। ਕਾਰਨ ਸਰੀਰਕ ਵੀ ਹੋ ਸਕਦਾ ਹੈ ਅਤੇ ਸਰੀਰ ਦੀ ਅੰਦਰੂਨੀ ਉਥਲ-ਪੁਥਲ ਵੀ। ਕਈ ਵਾਰ ਇਹ ਖਾਨਦਾਨੀ ਵੀ ਹੋ ਸਕਦੀ ਹੈ। ਇਸ ਵਿਚ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਕਈ ਵਾਰ ਲੋਕ ਸਮਾਜਕ ਰੁਤਬੇ ਤੋਂ ਵੀ ਪ੍ਰੇਸ਼ਾਨ ਹੋਏ ਰਹਿੰਦੇ ਹਨ ਕਿ ਸਮਾਜ ਕੀ ਕਹੇਗਾ? ਜੇ ਹਾਲਤ ਕਾਬੂ 'ਚੋਂ ਬਾਹਰ ਹੁੰਦੇ ਲੱਗੇ ਤਾਂ ਦਵਾਈ ਤੋਂ ਕਤਰਾਉਣਾ ਨਹੀਂ ਚਾਹੀਦਾ। ਕੁਝ ਦਵਾਈਆਂ ਵੀ ਸੰਤੁਲਨ ਖਰਾਬ ਕਰਦੀਆਂ ਹਨ।

ਬੀਬੀ ਪ੍ਰਿਆ ਅਨੁਸਾਰ ਜ਼ਰੂਰੀ ਹੈ ਕਿ ਆਪਣੇ ਪ੍ਰਾਇਮਰੀ ਡਾਕਟਰ ਨਾਲ ਵਿਚਾਰ-ਵਟਾਂਦਰਾ ਕਰੋ ਤਾਂ ਕਿ ਉਸ ਨੂੰ ਪਤਾ ਹੋਵੇ ਕਿ ਤੁਸੀਂ ਕਿਹੜੀ-ਕਿਹੜੀ ਦਵਾਈ ਲੈ ਰਹੇ ਹੋ। ਧਰਮ ਵੀ ਅਜਿਹੇ ਹਾਲਤ ਵਿਚ ਸਹਾਰਾ ਬਣ ਸਕਦਾ ਹੈ, ਜੇ ਵਿਸ਼ਵਾਸ ਬਣਿਆ ਰਹੇ ਤਾਂ। ਜੇ ਮਨ, ਸਰੀਰ ਤੇ ਆਤਮਾ ਦਾ ਸੁਮੇਲ ਨਾ ਬਣੇ ਤਾਂ ਮਦਦ ਲਈ ਗੁਹਾਰ ਲਾਉਣੀ ਚਾਹੀਦੀ ਹੈ ਅਤੇ ਧਰਮ ਅਹਿਮ ਰੋਲ ਨਿਭਾ ਸਕਦਾ ਹੈ; ਪਰ ਪਖੰਡਾਂ ਵਿਚ ਪੈਣ ਦੀ ਲੋੜ ਨਹੀਂ।

ਕਿਸੇ ਮਨੋਵਿਗਿਆਨੀ ਮਾਹਰ ਨਾਲ ਗੱਲ ਕਰ ਲੈਣੀ ਚਾਹੀਦੀ ਹੈ। ਅੱਜ ਕੱਲ੍ਹ ਕਰੋਨਾ ਨੇ ਜੋ ਹਾਲਾਤ ਬਣਾ ਦਿੱਤੇ ਹਨ, ਹਰ ਇਨਸਾਨ ਇਕੱਲੇਪਣ ਨਾਲ ਜੂਝ ਰਿਹਾ ਹੈ। ਇਸ ਵਿਚ ਜ਼ਰੂਰੀ ਹੈ ਕਿ ਟਾਈਮ ਟੇਬਲ ਬਣਾਇਆ ਹੋਵੇ ਤਾਂ ਕਿ ਕਿਸੇ ਨਾ ਕਿਸੇ ਆਹਰ ਵਿਚ ਲੱਗੇ ਰਹੋ। ਸੰਗੀਤ ਸੁਣ ਲੈਣਾ ਚਾਹੀਦਾ ਹੈ। ਪੜ੍ਹਾਈ 'ਚ ਮਨ ਲਾਉਣ ਦੀ ਕੋਸ਼ਿਸ਼ ਕਰੋ। ਨਾਮ ਸਿਮਰਨ ਕਾਫੀ ਲਾਹੇਵੰਦ ਹੁੰਦਾ ਹੈ। ਵਕਤ ਸਿਰ ਸਹੀ ਮਾਤਰਾ ਵਿਚ ਖਾਣਾ ਖਾਓ, ਥਾਇਰਾਇਡ ਵੀ ਚੈਕ ਕਰਵਾਉਣਾ ਚਾਹੀਦਾ ਹੈ। ਇਸ ਦੀ ਗੜਬੜ ਹੋ ਜਾਵੇ ਤਾਂ ਵੀ ਘਬਰਾਹਟ ਹੋ ਜਾਂਦੀ ਹੈ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਅੱਛਾ, ਸਹੀ ਖਿਆਲਾਂ ਵਾਲਾ ਜੋਟੀਦਾਰ ਲੱਭ ਲਓ, ਸੁਭਾਅ ਵਿਚ ਥੋੜ੍ਹੀ ਲਚਕ ਰੱਖੋ। ਸਹੀ ਕਿਤਾਬਾਂ ਮੈਗਜ਼ੀਨ ਪੜ੍ਹੋ। ਖਬਰਾਂ ਅਤੇ ਟੀਵੀ 'ਤੇ ਬਹੁਤਾ ਧਿਆਨ ਨਾ ਦੇਵੋ। ਜੀਵਨ ਵਿਚ ਥੋੜ੍ਹੀ ਭਿੰਨਤਾ ਰੱਖੋ। ਕਸਰਤ ਕੁਰਸੀ 'ਤੇ ਬਹਿ ਕੇ ਵੀ ਕੀਤੀ ਜਾ ਸਕਦੀ ਹੈ। ਅੱਜ ਕੱਲ੍ਹ ਤਾਂ ਆਈ ਫੋਨ, ਆਈ ਪੈਡ 'ਤੇ ਜੋ ਮਰਜ਼ੀ ਲੱਭ ਲਓ। ਇਸਤੇਮਾਲ ਕਿਵੇਂ ਕਰਨਾ ਹੈ, ਤੁਹਾਡੀ ਮਰਜ਼ੀ ਹੈ।

ਬੀਬੀ ਪ੍ਰਿਆ ਨਾਲ ਸੰਪਰਕ ਈਮੇਲ gsingh241@gmail.com ਅਤੇ ਸਿੱਖ ਸੀਨੀਅਰ ਸਿਟੀਜ਼ਨਜ਼ ਦੀਆਂ ਗਤੀਵਿਧੀਆਂ ਬਾਰੇ ਠਾਕਰ ਸਿੰਘ ਬਸਾਤੀ ਨਾਲ basatit@aol.com ਜਾਂ ਸੁਰਿੰਦਰਪਾਲ ਸਿੰਘ ਕਾਲੜਾ ਨਾਲ ਫੋਨ: 847-305-9119 ਰਾਹੀਂ ਕੀਤਾ ਜਾ ਸਕਦਾ ਹੈ।

## ਪੂਨਮ ਕਾਂਗੜਾ ਪੰਜਾਬ ਐਸ. ਸੀ. ਕਮਿਸ਼ਨ ਦੀ ਮੈਂਬਰੀ ਤੋਂ ਮੁਅੱਤਲ

**ਸੰਗਰੂਰ:** ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀ ਮੈਂਬਰ ਪੂਨਮ ਕਾਂਗੜਾ ਨੂੰ ਕਮਿਸ਼ਨ ਦੀ ਮੈਂਬਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਪੂਨਮ ਕਾਂਗੜਾ ਤੇ ਉਸ ਦੇ ਪਰਿਵਾਰ ਖਿਲਾਫ ਇਕ ਵਿਅਕਤੀ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਦੋਸ਼ ਹੈ, ਜੋ ਥਾਣਾ ਸਿਟੀ-1 ਸੰਗਰੂਰ 'ਚ ਦਰਜ ਕੇਸ ਅਧੀਨ ਜੁਡੀਸ਼ਲ ਰਿਮਾਂਡ 'ਤੇ ਜੇਲ੍ਹ ਵਿਚ ਬੰਦ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੀ ਮਹਿਲਾ ਆਗੂ ਤੇ ਪੰਜਾਬ ਐਸ.ਸੀ. ਕਮਿਸ਼ਨ ਦੀ ਮੈਂਬਰ ਪੂਨਮ ਕਾਂਗੜਾ ਤੇ ਉਸ ਦੇ ਪਰਿਵਾਰ ਤੋਂ ਕਥਿਤ ਤੌਰ 'ਤੇ ਤੰਗ ਹੋ ਕੇ ਸੰਜੀਵ ਕੁਮਾਰ ਉਰਫ ਟੋਨੀ (ਜੋ ਕਿ ਸਿਵਲ ਹਸਪਤਾਲ 'ਚ ਵਾਰਡ ਅਟੈਂਡੈਂਟ ਸੀ) ਨੇ ਜ਼ਹਿਰੀਲੀ ਦਵਾਈ ਨਿਗਲ ਕੇ ਖੁਦਕੁਸ਼ੀ ਕਰ ਲਈ ਸੀ।

ਬੀਤੀ 5 ਜੂਨ ਨੂੰ ਪੀੜਤ ਪਰਿਵਾਰ ਅਤੇ ਵਾਲਮੀਕ ਭਾਈਚਾਰੇ ਦੇ ਲੋਕਾਂ ਨੇ ਮ੍ਰਿਤਕ ਦੀ ਲਾਸ਼ ਮੁੱਖ ਸੜਕ 'ਤੇ ਰੱਖ ਕੇ ਕਾਂਗੜਾ ਪਰਿਵਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਸੀ ਅਤੇ ਪੂਨਮ ਕਾਂਗੜਾ ਨੂੰ ਐਸ.ਸੀ. ਕਮਿਸ਼ਨ ਦੀ ਮੈਂਬਰੀ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਸੀ। ਮ੍ਰਿਤਕ ਦੀ ਪਤਨੀ ਚੰਦਾ ਰਾਣੀ ਨੇ ਪੂਨਮ ਕਾਂਗੜਾ ਤੇ ਉਸ ਦੇ ਪਰਿਵਾਰ ਖਿਲਾਫ ਉਨ੍ਹਾਂ ਦੀ ਲੜਕੀ ਨੂੰ ਵਰਗਲਾ ਕੇ ਆਪਣੇ ਲੜਕੇ ਨਾਲ ਕਥਿਤ ਤੌਰ 'ਤੇ ਘਰੋਂ ਭਜਾਉਣ ਅਤੇ ਸੱਤਾ ਦੀ ਤਾਕਤ ਨਾਲ ਉਸ ਦੇ ਪਤੀ ਨੂੰ ਧਮਕਾਉਣ ਦਾ ਦੋਸ਼ ਲਾਇਆ ਸੀ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Shan Grill Indian Restaurant
1910 N. Rand Rd., Palatine, IL 60074
ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ
ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ
Our speciality: Chicken Seekh Kabob
Special Catering offer $10 package
Minimum 25 people
Ph: 847-358-1900
9-


# Matrimonials

## ਲੜਕੀ ਦੀ ਲੋੜ ਹੈ

Gursikh (Sardar/Prajapat), 34 yrs, American born and raised boy, looking for life partner. Graduate from UC Berkeley, currently working in tech seeking educated, western raised family girl. Caste not important. Please contact, Ph: 925-360-0609 24-27

Looking for a beautiful citizen/green card holder girl in USA for handsome Nandha Sikh Boy (clean shaven), 26 yrs, 5'-8", living in San Francisco and working as a Software Engineer in top IT firm. MS in computer science. Cast no bar. Pl. Contact, Ph: 925-378-8025 21-24

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or E-mail: billsinghtech@gmail.com 21-24

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

ਪੰਜਾਬ ਟਾਈਮਜ਼

## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24

## ਲੜਕੀ ਦੀ ਲੋੜ ਹੈ

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ: 317-888-2040

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਖਾਲਿਸਤਾਨ ਦੇ ਸੰਘਰਸ਼ ਨੂੰ ਯੋਜਨਾਬੱਧ ਢੰਗ ਨਾਲ ਚਲਾਉਣ ਦੀ ਰੂਪ-ਰੇਖਾ ਤਿਆਰ

**ਨਿਊ ਯਾਰਕ (ਬਿਊਰੋ):** ਸਿੱਖ ਕੌਮ ਦੇ ਕੌਮੀ ਘਰ 'ਖਾਲਿਸਤਾਨ' ਲਈ ਲੋਕਤੰਤਰੀ ਢੰਗ ਨਾਲ ਜੱਦੋਜਹਿਦ ਕਰ ਰਹੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਇਸ ਸੰਘਰਸ਼ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਦੀ ਦੂਰਅੰਦੇਸ਼ੀ ਰੂਪ ਰੇਖਾ ਤਿਆਰ ਕੀਤੀ ਗਈ ਹੈ। ਇਸੇ ਲੜੀ ਵਿਚ ਦਲ ਨਾਲ ਨੌਜਵਾਨ ਪੀੜ੍ਹੀ ਨੂੰ ਜੋੜਨ, ਸੰਘਰਸ਼ ਲਈ ਕੌਮ ਨੂੰ ਜਾਗਰੂਕ ਕਰਨ ਸਮੇਤ ਵਿਸ਼ਵ ਪੱਧਰੀ ਸਿਆਸਤ ਨਾਲ ਤਾਲਮੇਲ ਰੱਖਣ ਨੂੰ ਪਹਿਲ ਦਿੱਤੀ ਜਾਵੇਗੀ। ਪਾਰਟੀ ਵਲੋਂ ਵੱਖ ਵੱਖ ਵਿਸ਼ਿਆਂ ਦੀਆਂ ਸਬ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ।

ਇਹ ਜਾਣਕਾਰੀ ਦਿੰਦਿਆਂ ਪਾਰਟੀ ਦੇ ਕਨਵੀਨਰ ਬੂਟਾ ਸਿੰਘ ਖੜੌਦ ਤੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਦੱਸਿਆ ਕਿ ਵਰਤਮਾਨ ਸਮੇਂ ਵਿਚ ਖਾਲਿਸਤਾਨ ਦੇ ਸੰਘਰਸ਼ ਨੂੰ ਚੜ੍ਹਦੀ ਕਲਾ ਨਾਲ ਲੜਨ ਲਈ ਪਾਰਟੀ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਫੈਸਲੇ ਕੀਤੇ ਗਏ ਹਨ।

ਇਸ ਸਬੰਧੀ ਲੰਘੀ 9 ਜੂਨ ਨੂੰ ਹੋਈ ਦਲ ਦੀ ਅਮਰੀਕਾ ਇਕਾਈ ਦੀ ਪੰਜ ਮੈਂਬਰ ਕਮੇਟੀ ਦੀ ਮੀਟਿੰਗ ਵਿਚ ਪਾਰਟੀ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕਨਵੀਨਰ ਬੂਟਾ ਸਿੰਘ ਖੜੌਦ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ ਤੇ ਜਨਰਲ ਸਕੱਤਰ ਮੱਖਣ ਸਿੰਘ ਕਲੇਰ ਸ਼ਾਮਿਲ ਹੋਏ। ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਪਿਛਲੀ ਮੀਟਿੰਗ ਵਿਚ ਕਮੇਟੀਆਂ ਸਬੰਧੀ ਪਾਸ ਕੀਤੇ ਮਤੇ 'ਤੇ ਵਿਚਾਰ ਕਰਕੇ ਅਮਲੀ ਰੂਪ ਦਿੱਤਾ ਗਿਆ। ਪੰਜ ਕਮੇਟੀਆਂ ਬਣਾ ਕੇ ਚੇਅਰਮੈਨ ਤੇ ਸੈਕਟਰੀ ਚੁਣੇ ਗਏ ਹਨ ਅਤੇ ਮੈਂਬਰ ਵੀ ਲਏ ਗਏ ਹਨ।

ਵਿਤ ਕਮੇਟੀ ਵਿਚ ਪੰਜ ਮੈਂਬਰ ਤੇ ਪੰਜ ਸਟੇਟਾਂ ਦੇ ਪ੍ਰਧਾਨ ਲਏ ਗਏ ਹਨ, ਜਿਨ੍ਹਾਂ ਵਿਚ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਲਖਵੀਰ ਸਿੰਘ ਕੰਗ ਸ਼ਿਕਾਗੋ, ਤਰਸੇਮ ਸਿੰਘ ਕੈਲੀਫੋਰਨੀਆ, ਜੋਗਾ ਸਿੰਘ ਨਿਊ ਜਰਸੀ, ਰੇਸ਼ਮ ਸਿੰਘ ਵਰਜੀਨੀਆ ਤੇ ਦਲਵਿੰਦਰ ਸਿੰਘ ਨਿਊ ਯਾਰਕ ਸ਼ਾਮਲ ਹਨ। ਸੁਰਜੀਤ ਸਿੰਘ ਕੁਲਾਰ ਨੂੰ ਵਿਤ ਕਮੇਟੀ ਦਾ ਚੇਅਰਮੈਨ ਤੇ ਤਰਸੇਮ ਸਿੰਘ ਖਾਲਸਾ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਹੈ।

ਮੀਡੀਆ ਕਮੇਟੀ ਵਿਚ ਜੀਤ ਸਿੰਘ ਆਲੋਅਰਖ ਟੈਕਸਸ, ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਨਿਊ ਜਰਸੀ, ਮੱਖਣ ਸਿੰਘ ਕਲੇਰ ਸ਼ਿਕਾਗੋ, ਸੰਤ ਬਲਵੀਰ ਸਿੰਘ ਸ਼ਿਕਾਗੋ ਤੇ ਇੰਦਰਪਾਲ ਸਿੰਘ ਸਿਆਟਲ ਲਏ ਗਏ ਹਨ। ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਨੂੰ ਇਸ ਕਮੇਟੀ ਦਾ ਚੇਅਰਮੈਨ ਤੇ ਮੱਖਣ ਸਿੰਘ ਕਲੇਰ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਹੈ।

ਆਡਿਟ ਕਮੇਟੀ ਵਿਚ ਦਵਿੰਦਰ ਸਿੰਘ ਦਿਓ ਵਰਜੀਨੀਆ; ਨਿਊ ਜਰਸੀ ਤੋਂ ਜੋਗਾ ਸਿੰਘ, ਹਰਜਿੰਦਰ ਸਿੰਘ ਤੇ ਅਵਤਾਰ ਸਿੰਘ; ਸੁਰਿੰਦਰ ਸਿੰਘ ਨਿਊ ਯਾਰਕ ਅਤੇ ਕੈਲੀਫੋਰਨੀਆ ਤੋਂ ਹਰਦੀਪ ਸਿੰਘ ਤੇ ਸੁਰਿੰਦਰ ਸਿੰਘ ਲਏ ਗਏ ਹਨ। ਜੋਗਾ ਸਿੰਘ ਨੂੰ ਚੇਅਰਮੈਨ ਤੇ ਦਵਿੰਦਰ ਸਿੰਘ ਦਿਓ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਹੈ।

ਅਨੁਸ਼ਾਸਨੀ ਕਮੇਟੀ ਵਿਚ ਦਲਬੀਰ ਸਿੰਘ ਚੀਮਾ ਸ਼ਿਕਾਗੋ, ਲਖਵਿੰਦਰ ਸਿੰਘ ਮਿਸ਼ੀਗਨ, ਸੁਰਿੰਦਰ ਸਿੰਘ ਇੰਡੀਆਨਾ; ਕੈਲੀਫੋਰਨੀਆ ਤੋਂ ਇੰਦਰਪਾਲ ਸਿੰਘ ਸਿਆਟਲ, ਜਰਨੈਲ ਸਿੰਘ ਸਟਾਕਟਨ, ਸੁਲੱਖਣ ਸਿੰਘ, ਦਰਬਾਰਾ ਸਿੰਘ, ਬਲਵਿੰਦਰ ਸਿੰਘ ਤੇ ਗੁਰਮੇਲ ਸਿੰਘ ਸੰਘਾ ਸ਼ਾਮਲ ਕੀਤੇ ਗਏ ਹਨ। ਦਲਬੀਰ ਸਿੰਘ ਚੀਮਾ ਨੂੰ ਚੇਅਰਮੈਨ ਤੇ ਇੰਦਰਪਾਲ ਸਿੰਘ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਹੈ।

ਐਡਵਾਈਜ਼ਰੀ ਕਮੇਟੀ ਵਿਚ ਸੁਰਜੀਤ ਸਿੰਘ ਕੁਲਾਰ ਨਿਊ ਯਾਰਕ, ਬੂਟਾ ਸਿੰਘ ਖੜੌਦ ਨਿਊ ਜਰਸੀ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ ਓਹਾਇਓ, ਮੱਖਣ ਸਿੰਘ ਕਲੇਰ, ਇੰਦਰਜੀਤ ਸਿੰਘ ਨਿਊ ਜਰਸੀ, ਪ੍ਰੋ. ਬਲਜਿੰਦਰ ਸਿੰਘ ਮੋਰਜੰਡ, ਸੰਤ ਬਲਵੀਰ ਸਿੰਘ, ਰੁਮਿੰਦਰਜੀਤ ਸਿੰਘ ਮਿੰਟੂ ਕੈਲੀਫੋਰਨੀਆ, ਅਰਵਿੰਦਰ ਸਿੰਘ ਕੈਲੀਫੋਰਨੀਆ, ਦੀਪਇੰਦਰਜੀਤ ਸਿੰਘ ਮਾਨ ਓਰੇਗਨ, ਸੁਲਤਾਨ ਸਿੰਘ ਕੈਨਸਸ, ਸੁਰਿੰਦਰ ਸਿੰਘ ਇੰਡੀਆਨਾ, ਨਰਿੰਦਰ ਸਿੰਘ ਨਿਊ ਯਾਰਕ, ਭੁਪਿੰਦਰ ਸਿੰਘ ਨਿਊ ਜਰਸੀ, ਬਲਜੀਤ ਸਿੰਘ ਕੈਲੀਫੋਰਨੀਆ ਤੇ ਬਾਬਾ ਅਮਰਜੀਤ ਸਿੰਘ ਨਿਊ ਯਾਰਕ ਸ਼ਾਮਿਲ ਕੀਤੇ ਗਏ ਹਨ। ਇਸ ਕਮੇਟੀ ਵਿਚ ਰੁਪਿੰਦਰ ਸਿੰਘ ਬਾਠ ਨੂੰ ਚੇਅਰਮੈਨ ਤੇ ਸੁਲਤਾਨ ਸਿੰਘ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ ਹੈ।

# ਪਾਕਿਸਤਾਨ 'ਚ ਬਾਬਾ ਗੁਰੂ ਨਾਨਕ 'ਵਰਸਿਟੀ ਦਾ ਪਹਿਲਾ ਪੜਾਅ ਮੁਕੰਮਲ

**ਇਸਲਾਮਾਬਾਦ:** ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਉਤੇ ਜਾਰੀ ਹੈ ਅਤੇ ਉਸਾਰੀ ਦੇ ਚੱਲਦਿਆਂ ਪਹਿਲੇ ਪੜਾਅ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਹਿਲੇ ਪੜਾਅ 'ਤੇ 8 ਕਰੋੜ ਰੁਪਏ ਦੀ ਲਾਗਤ ਆਈ ਹੈ ਅਤੇ ਇਸ ਰਕਮ ਨਾਲ ਯੂਨੀਵਰਸਿਟੀ ਦੀ ਚਾਰ ਦੀਵਾਰੀ ਦੀ ਉਸਾਰੀ ਦਾ ਕੰਮ ਮੁਕੰਮਲ ਕੀਤਾ ਗਿਆ ਹੈ।




ਲਹਿੰਦੇ ਪੰਜਾਬ ਦੀ ਸਰਕਾਰ ਦੀ 110 ਏਕੜ ਜ਼ਮੀਨ ਭੂਮੀ ਮਾਫੀਆ ਤੋਂ ਕਬਜ਼ਾਮੁਕਤ ਕਰਵਾ ਕੇ ਪਿਛਲੇ ਵਰ੍ਹੇ 28 ਅਕਤੂਬਰ ਨੂੰ ਉਥੇ ਪਾਕਿਸਤਾਨ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਪਾਕਿ ਦੇ ਸੰਘੀ ਗ੍ਰਹਿ ਮੰਤਰੀ ਬ੍ਰਿਗੇਡੀਅਰ (ਸੇਵਾ ਮੁਕਤ) ਇਜਾਜ਼ ਅਹਿਮਦ ਸ਼ਾਹ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਯੂਨੀਵਰਸਿਟੀ ਦੀ ਉਸਾਰੀ ਦਾ ਕੰਮ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਉਤੇ ਉਸਾਰੀ ਜਾਣ ਵਾਲੀ ਇਸ ਯੂਨੀਵਰਸਿਟੀ ਨਾਲ ਸ੍ਰੀ ਨਨਕਾਣਾ ਸਾਹਿਬ, ਸ਼ੇਖੂਪੁਰਾ, ਜੜ੍ਹਾਂਵਾਲਾ, ਓਕਾੜਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਦੀ ਸਹੂਲਤ ਮਿਲੇਗੀ ਅਤੇ ਇਥੇ ਗੁਰਮੁਖੀ, ਪੰਜਾਬੀ, ਅੰਗਰੇਜ਼ੀ, ਉਰਦੂ ਸਮੇਤ ਵੱਖ-ਵੱਖ ਭਾਸ਼ਾਵਾਂ 'ਚ ਹਰ ਉਹ ਕੋਰਸ ਤੇ ਪੜ੍ਹਾਈ ਕਰਾਈ ਜਾਵੇਗੀ, ਜੋ ਪਾਕਿ ਦੀਆਂ ਪੁਰਾਣੀਆਂ ਤੇ ਨਾਮਵਰ ਯੂਨੀਵਰਸਿਟੀਆਂ 'ਚ ਕਰਾਈ ਜਾ ਰਹੀ ਹੈ। ਦੂਜੇ ਪੜਾਅ ਦੀ ਉਸਾਰੀ 'ਤੇ 100 ਕਰੋੜ ਰੁਪਏ ਦੀ ਲਾਗਤ ਨਾਲ ਹੋਸਟਲ, ਦਾਖਲਾ ਬਲਾਕ ਅਤੇ ਕਲਾਸ-ਰੂਮ ਦੀ ਉਸਾਰੀ ਜਲਦੀ ਸ਼ੁਰੂ ਕਰਵਾਈ ਜਾਵੇਗੀ।

## ਨਵਜੋਤ ਸਿੱਧੂ ਨੇ ਸਾਹੋ-ਸਾਹ ਕੀਤੀ ਬਿਹਾਰ ਪੁਲਿਸ

**ਅੰਮ੍ਰਿਤਸਰ:** 2019 ਦੀਆਂ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਦੇ ਇਥੇ ਘਰ 'ਚ ਬਿਹਾਰ ਪੁਲਿਸ ਉਨ੍ਹਾਂ ਦੇ ਗ੍ਰਿਫਤਾਰੀ ਵਾਰੰਟ ਲੈ ਕੇ ਪੁੱਜ ਗਈ। ਪੁਲਿਸ ਪੰਜ ਦਿਨ ਸਿੱਧੂ ਦੇ ਘਰ ਦੇ ਬਾਹਰ ਬੈਠੀ ਰਹੀ ਪਰ ਸਿੱਧੂ ਨਹੀਂ ਮਿਲੇ ਹਨ।

ਬਿਹਾਰ ਦੇ ਜ਼ਿਲ੍ਹਾ ਕਟਿਆਰ ਤੋਂ ਆਈ ਪੁਲਿਸ ਟੀਮ ਦੇ ਅਧਿਕਾਰੀ ਨੇ ਦੱਸਿਆ ਕਿ ਸਿੱਧੂ ਖਿਲਾਫ ਇਹ ਮਾਮਲਾ ਪੂਰਨੀਆਂ ਵਿਖੇ ਇਕ ਫਿਰਕੇ ਖਿਲਾਫ ਵਿਵਾਦਗ੍ਰਸਤ ਭਾਸ਼ਣ ਦੇਣ ਦਾ ਹੈ, ਜਿਸ ਸਬੰਧੀ ਉਹ ਪਿਛਲੇ 5 ਦਿਨਾਂ ਤੋਂ ਇਥੇ ਸਿੱਧੂ ਦੇ ਘਰ ਹੋਲੀ ਸਿਟੀ ਵਿਖੇ ਉਨ੍ਹਾਂ ਨੂੰ ਮਿਲਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਹ ਜੁਰਮ ਜ਼ਮਾਨਤਯੋਗ ਹੋਣ ਕਾਰਨ ਉਨ੍ਹਾਂ ਨੂੰ ਮੌਕੇ 'ਤੇ ਹੀ ਜ਼ਮਾਨਤ ਮਿਲਣੀ ਯੋਗ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮਿਲ ਨਹੀਂ ਰਹੇ ਅਤੇ ਇਸ ਤੋਂ ਪਹਿਲਾਂ ਉਹ ਬੀਤੇ ਸਾਲ ਵੀ ਨੋਟਿਸ ਦੇਣ ਲਈ ਆਏ ਸਨ ਪਰ ਉਸ ਵੇਲੇ ਵੀ ਸਿੱਧੂ ਨਹੀਂ ਮਿਲੇ ਸਨ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ 'ਚ ਸਿੱਧੂ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਣਾ ਹੈ, ਜਿਸ ਲਈ ਪੰਕਜ ਕੁਮਾਰ ਸੀਨੀਅਰ ਪੁਲਿਸ ਅਧਿਕਾਰੀ ਕਟਿਆਰ ਦੇ ਹੁਕਮ ਹੋਏ ਹਨ। ਇਸ ਸਬੰਧੀ ਉਨ੍ਹਾਂ ਵਲੋਂ ਬਕਾਇਦਾ ਇਥੇ ਸਿੱਧੂ ਦੀ ਹਦੂਦ ਦੇ 'ਚ ਪੈਂਦੇ ਥਾਣਾ ਛਾਉਣੀ ਦੀ ਪੁਲਿਸ ਨੂੰ ਵੀ ਸੂਚਿਤ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਥਾਣਾ ਛਾਉਣੀ ਦੇ ਮੁਖੀ ਰਣਜੀਤ ਸਿੰਘ ਨੇ ਦੱਸਿਆ ਕਿ ਬਿਹਾਰ ਦੀ ਪੁਲਿਸ ਟੀਮ ਸ: ਸਿੱਧੂ ਨੂੰ ਨੋਟਿਸ ਦੇਣ ਲਈ ਆਈ ਸੀ ਪਰ ਸਿੱਧੂ ਉਨ੍ਹਾਂ ਨੂੰ ਨਹੀਂ ਮਿਲ ਸਕੇ।

# ਬਹਿਬਲ ਗੋਲੀ ਕਾਂਡ: ਪੰਕਜ ਮੋਟਰ ਦਾ ਐਮ.ਡੀ. ਵੀ ਗ੍ਰਿਫਤਾਰ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਵਿਸ਼ੇਸ਼ ਜਾਂਚ ਟੀਮ ਨੇ ਪੰਕਜ ਮੋਟਰਜ਼ ਫਰੀਦਕੋਟ ਦੇ ਮੈਨੇਜਿੰਗ ਡਾਇਰੈਕਟਰ ਪੰਕਜ ਬਾਂਸਲ ਨੂੰ ਗ੍ਰਿਫਤਾਰ ਕੀਤਾ ਹੈ। ਪੰਕਜ ਬਾਂਸਲ ਦੀ ਫਰੀਦਕੋਟ 'ਚ ਕਾਰ ਏਜੰਸੀ ਸੀ ਅਤੇ ਬਹਿਬਲ ਗੋਲੀ ਕਾਂਡ ਤੋਂ ਬਾਅਦ ਐਸ.ਐਸ.ਪੀ. ਮੋਗਾ ਦੀ ਜਿਪਸੀ ਨੂੰ ਇਸ ਕਾਰ ਏਜੰਸੀ ਦੀ ਵਰਕਸ਼ਾਪ 'ਚ ਲਿਆਂਦਾ ਗਿਆ ਸੀ। ਬਾਅਦ 'ਚ ਏਜੰਸੀ ਦੇ ਮੁਲਾਜ਼ਮਾਂ ਦੀ ਸਹਾਇਤਾ ਨਾਲ ਪੁਲਿਸ ਦੀ ਜਿਪਸੀ ਇਕਬਾਲ ਆਸ਼ਿਆਨੇ 'ਚ ਭੇਜੀ ਗਈ ਸੀ। ਇਸ ਜਿਪਸੀ 'ਚ ਪੁਲਿਸ ਅਧਿਕਾਰੀ ਬਿਕਰਮ ਸਿੰਘ ਨੇ ਦੋ ਗੋਲੀਆਂ ਮਾਰੀਆਂ। ਵਿਸ਼ੇਸ਼ ਟੀਮ ਨੇ ਪੜਤਾਲ ਦੌਰਾਨ ਪੰਕਜ ਮੋਟਰਜ਼ ਦੇ ਮਾਲਕ ਮੈਨੇਜਰ ਅਤੇ ਗੰਨਮੈਨ ਤੋਂ ਲੰਬੀ ਪੁੱਛ ਪੜਤਾਲ ਕੀਤੀ ਸੀ। ਉਨ੍ਹਾਂ ਨੇ ਇਸ ਸਬੰਧੀ ਅਦਾਲਤ 'ਚ ਵੀ ਆਪਣੇ ਬਿਆਨ ਕਲਮਬੰਦ ਕਰਵਾਏ ਹਨ।

ਪੰਕਜ ਬਾਂਸਲ ਐਸ.ਪੀ. ਬਿਕਰਮਜੀਤ ਸਿੰਘ ਦੇ ਖਾਸ ਦੋਸਤਾਂ 'ਚ ਸ਼ਾਮਲ ਸੀ। 14 ਅਕਤੂਬਰ 2015 ਨੂੰ ਬਹਿਬਲ ਗੋਲੀ ਕਾਂਡ ਪਿੱਛੋਂ ਦੋ ਸਿੱਖ ਨੌਜਵਾਨਾਂ ਦੀ ਪੁਲਿਸ ਦੀ ਗੋਲੀ ਨਾਲ ਮੌਤ ਹੋ ਗਈ ਸੀ ਅਤੇ ਪੁਲਿਸ ਨੇ ਖੁਦ ਨੂੰ ਬਚਾਉਣ ਲਈ ਇਕ ਝੂਠੀ ਕਹਾਣੀ ਰਚੀ ਜਿਸ 'ਚ ਪੰਕਜ ਬਾਂਸਲ ਤੇ ਉਸ ਦੇ ਕੁਝ ਹੋਰ ਮੁਲਾਜ਼ਮਾਂ ਨੇ ਅਹਿਮ ਭੂਮਿਕਾ ਨਿਭਾਈ। ਜਾਂਚ ਟੀਮ ਨੇ ਪੰਕਜ ਮੋਟਰਜ਼ ਦੇ ਮੁਲਾਜ਼ਮਾਂ ਨੂੰ ਪੁੱਛ ਪੜਤਾਲ ਲਈ ਅੰਮ੍ਰਿਤਸਰ ਬੁਲਾਇਆ ਸੀ, ਜਿਸ ਪਿੱਛੋਂ ਪੰਕਜ ਬਾਂਸਲ ਨੂੰ ਹਿਰਾਸਤ 'ਚ ਲਿਆ ਗਿਆ ਹੈ। ਬਹਿਬਲ ਗੋਲੀ ਕਾਂਡ 'ਚ ਇਹ ਤੀਜੀ ਗ੍ਰਿਫਤਾਰੀ ਹੈ। ਪੰਕਜ ਬਾਂਸਲ 'ਤੇ ਮੁਲਜ਼ਮਾਂ ਨੂੰ ਬਚਾਉਣ ਲਈ ਸਾਜ਼ਿਸ਼ ਰਚਣ ਤੇ ਸਬੂਤ ਮਿਟਾਉਣ ਦੇ ਦੋਸ਼ਾਂ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਕੇਸ 'ਚ ਪਹਿਲਾਂ ਸੁਹੇਲ ਸਿੰਘ ਬਰਾੜ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

# ਨਸਲੀ ਵਿਤਕਰਾ: ਟਰੂਡੋ ਨੇ ਜਗਮੀਤ ਸਿੰਘ ਨੂੰ ਦਿੱਤੀ ਹਮਾਇਤ

**ਓਟਾਵਾ:** ਸਾਥੀ ਸੰਸਦ ਮੈਂਬਰ ਖਿਲਾਫ 'ਨਸਲੀ' ਟਿੱਪਣੀ ਕਰਨ ਉਤੇ ਸੰਸਦ ਵਿਚੋਂ ਇਕ ਦਿਨ ਲਈ ਮੁਅੱਤਲ ਹੋਏ ਨਿਊ ਡੈਮੋਕਰੈਟਿਕ ਪਾਰਟੀ ਦੇ ਮੁਖੀ ਜਗਮੀਤ ਸਿੰਘ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਮਾਇਤ ਦਿੱਤੀ ਹੈ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ 'ਚ ਨਸਲੀ ਵਿਤਕਰੇ ਨੂੰ ਰੋਕਣ ਲਈ ਜਗਮੀਤ ਸਿੰਘ ਨੇ ਮਤਾ ਲਿਆਂਦਾ ਸੀ ਜਿਸ ਦੀ ਸਦਨ ਨੇ ਹਮਾਇਤ ਕੀਤੀ ਸੀ ਪਰ ਇਕ ਸੰਸਦ ਮੈਂਬਰ ਨੇ ਇਸ ਦਾ ਪੱਖ ਨਹੀਂ ਪੂਰਿਆ ਸੀ।



ਦੋਵਾਂ ਵਿਚਕਾਰ ਬਹਿਸ ਮਗਰੋਂ ਸਪੀਕਰ ਨੇ ਜਗਮੀਤ ਸਿੰਘ ਨੂੰ ਇਕ ਦਿਨ ਲਈ ਸਦਨ 'ਚੋਂ ਮੁਅੱਤਲ ਕਰ ਦਿੱਤਾ ਸੀ। ਟਰੂਡੋ ਨੇ ਕਿਹਾ, "ਜਦੋਂ ਕੋਈ ਅਹਿਮ ਆਗੂ ਹਾਊਸ ਆਫ ਕਾਮਨਜ਼ 'ਚ ਅਜਿਹਾ ਕੋਈ ਬਿਆਨ ਦਿੰਦਾ ਹੈ ਤਾਂ ਉਸ ਤੋਂ ਲੋਕਾਂ ਨੂੰ ਤਕਲੀਫ ਹੋਣਾ ਸੁਭਾਵਿਕ ਹੈ ਪਰ ਸਾਨੂੰ ਇਸ ਸਮੱਸਿਆ ਨਾਲ ਸਿੱਝਣ ਦੀ ਲੋੜ ਹੈ ਕਿਉਂਕਿ ਮੁਲਕ ਨੂੰ ਅਗਾਂਹ ਲੈ ਕੇ ਵੀ ਜਾਣਾ ਹੈ।"

ਜ਼ਿਕਰਯੋਗ ਹੈ ਕਿ ਟਰੂਡੋ ਲਗਾਤਾਰ ਆਖਦੇ ਰਹੇ ਹਨ ਕਿ ਕੈਨੇਡੀਅਨ ਸੰਸਥਾਵਾਂ 'ਚੋਂ ਨਸਲੀ ਵਿਤਕਰੇ ਦੀ ਸੋਚ ਨੂੰ ਖਤਮ ਕਰਨ ਦੀ ਲੋੜ ਹੈ। ਇਸ ਦੌਰਾਨ ਜਗਮੀਤ ਸਿੰਘ ਨੇ ਸਾਥੀ ਸੰਸਦ ਮੈਂਬਰ ਨੂੰ ਨਸਲਵਾਦੀ ਆਖਣ 'ਤੇ ਉਸ ਤੋਂ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ ਹੈ। ਸੀ.ਬੀ.ਸੀ. ਨਿਊਜ਼ ਦੇ ਪ੍ਰੋਗਰਾਮ ਦੌਰਾਨ ਉਨ੍ਹਾਂ ਕਿਹਾ ਕਿ ਸੰਸਦ ਮੈਂਬਰ ਤੋਂ ਮੁਆਫੀ ਮੰਗਣਾ ਨਸਲੀ ਵਿਤਕਰੇ ਖਿਲਾਫ ਲੜਾਈ ਨੂੰ ਕਮਜ਼ੋਰ ਕਰਨਾ ਹੋਵੇਗਾ।

# ਹੁਣ ਉਤਰਾਖੰਡ ਵਿਚ ਪੰਜਾਬੀ ਕਿਸਾਨਾਂ ਨੂੰ ਉਜਾੜੇ ਦੀ ਕਾਰਵਾਈ

**ਚੰਡੀਗੜ੍ਹ:** ਉਤਰਾਖੰਡ ਅਤੇ ਉਤਰ ਪ੍ਰਦੇਸ਼ ਪੰਜਾਬੀ ਕਿਸਾਨਾਂ ਵੱਲੋਂ ਖਰੀਦ ਕੇ ਆਬਾਦ ਕੀਤੀਆਂ ਜ਼ਮੀਨਾਂ ਤੋਂ ਬੇਦਖਲ ਕਰਨ ਦੀ ਨੀਤੀ ਨੇ ਉਤਰਾਖੰਡ ਅਤੇ ਉਤਰ ਪ੍ਰਦੇਸ਼ ਦੇ 10 ਹਜ਼ਾਰ ਪਰਿਵਾਰਾਂ ਨੂੰ ਡਰ ਅਤੇ ਸਹਿਮ ਦੇ ਸਾਏ ਹੇਠ ਜਿਉਣ ਲਈ ਮਜਬੂਰ ਕਰ ਦਿੱਤਾ ਹੈ। ਉਤਰਾਖੰਡ ਦੇ ਊਧਮ ਸਿੰਘ ਨਗਰ ਨਾਲ ਸਬੰਧਤ ਕਿਸਾਨਾਂ 'ਤੇ ਉਜਾੜੇ ਦੀ ਤਲਵਾਰ ਹਾਲ ਦੀ ਘੜੀ ਲਟਕੀ ਹੋਈ ਹੈ। ਪੀੜਤ ਕਿਸਾਨਾਂ ਦੇ ਦੱਸਣ ਮੁਤਾਬਕ ਉਤਰ ਪ੍ਰਦੇਸ਼ ਦੇ 17 ਪਿੰਡਾਂ ਦੇ ਕਿਸਾਨਾਂ ਦੇ ਛੇ ਹਜ਼ਾਰ ਏਕੜ ਰਕਬੇ ਉਤੇ ਸਰਕਾਰ ਦੀ ਅੱਖ ਹੈ।

ਉਜਾੜੇ ਦੇ ਸਾਏ ਹੇਠ ਦਿਨ ਕੱਟ ਰਹੇ ਇਨ੍ਹਾਂ ਪਰਿਵਾਰਾਂ ਦੀ ਅਗਵਾਈ ਕਰ ਰਹੇ ਹਰਭਜਨ ਸਿੰਘ ਵਿਰਕ ਅਤੇ ਜਸਵੀਰ ਸਿੰਘ ਵਿਰਕ ਨੇ ਦੱਸਿਆ ਕਿ ਯੂ.ਪੀ. ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਕੁਝ ਪਿੰਡਾਂ 'ਚ ਤਾਂ ਕਿਸਾਨਾਂ ਵੱਲੋਂ ਬੀਜੀ ਕਣਕ ਵੱਢ ਕੇ ਇਵੇਂ ਕਾਰਵਾਈ ਕੀਤੀ ਹੈ, ਜਿਵੇਂ ਧਾੜਵੀਆਂ ਵੱਲੋਂ ਹੱਲਾ ਬੋਲਿਆ ਜਾਂਦਾ ਹੋਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਾਲੀਆਂ ਫਸਲਾਂ ਵੀ ਨਹੀਂ ਵੱਢਣ ਦਿੱਤੀਆਂ ਸਗੋਂ ਚਾਰ ਦਹਾਕਿਆਂ ਤੋਂ ਕਾਬਜ਼ ਅਤੇ ਮਾਲਕ ਚੱਲੇ ਆ ਰਹੇ ਕਿਸਾਨਾਂ ਨੂੰ ਬੇਦਖਲ ਕਰਨ ਦਾ ਯਤਨ ਕੀਤਾ ਗਿਆ।

ਕਿਸਾਨਾਂ ਨੇ ਦੋਸ਼ ਲਾਇਆ ਕਿ ਉਤਰ ਪ੍ਰਦੇਸ਼ ਵਿਚ ਭਾਜਪਾ ਸਰਕਾਰ ਵੱਲੋਂ ਲਖੀਮਪੁਰ ਖੀਰੀ, ਰਾਮਪੁਰ, ਰੁਦਰਪੁਰ ਅਤੇ ਬਾਜਪੁਰ ਜ਼ਿਲ੍ਹਿਆਂ ਵਿਚ ਸਿਰਫ ਪੰਜਾਬੀ ਕਿਸਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਇਸ ਸਾਰੀ ਕਾਰਵਾਈ ਪਿੱਛੇ ਰਾਜਸੀ ਸਾਜ਼ਿਸ਼ ਹੋਣ ਦਾ ਸ਼ੱਕ ਪ੍ਰਗਟ ਕਰਦਿਆਂ ਕਿਹਾ ਕਿ ਕਿਸਾਨਾਂ ਦੇ ਵੱਖ-ਵੱਖ ਸਿਆਸੀ ਧਿਰਾਂ ਨਾਲ ਸਬੰਧ ਹਨ ਪਰ ਭਾਜਪਾ ਡੰਡੇ ਦੇ ਜ਼ੋਰ ਨਾਲ ਸਿੱਖਾਂ ਦੀ ਹਮਾਇਤ ਲੈਣੀ ਚਾਹੁੰਦੀ ਹੈ। ਉਨ੍ਹਾਂ ਉਜਾੜੇ ਦੇ ਸਾਰੇ ਘਟਨਾਕ੍ਰਮ ਨੂੰ ਸਿਆਸੀ ਚਾਲ ਦੱਸਿਆ ਤੇ ਉਮੀਦ ਪ੍ਰਗਟਾਈ ਕਿ ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਸੰਕਟ ਦੀ ਇਸ ਘੜੀ ਵਿਚ ਉਤਰਾਖੰਡ ਅਤੇ ਉਤਰ ਪ੍ਰਦੇਸ਼ ਦੇ ਪੰਜਾਬੀ ਕਿਸਾਨਾਂ ਦੀ ਬਾਂਹ ਫੜਨਗੇ।

ਊਧਮ ਸਿੰਘ ਨਗਰ ਦੀ ਕਹਾਣੀ ਬਿਆਨ ਕਰਦਿਆਂ ਹਰਭਜਨ ਸਿੰਘ ਵਿਰਕ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਪੰਜਾਬੀ ਕਿਸਾਨਾਂ ਨੇ ਸੂਦ ਪਰਿਵਾਰ ਤੋਂ 1960 ਤੋਂ 1970 ਦੇ ਸਮੇਂ ਦੌਰਾਨ ਜ਼ਮੀਨਾਂ ਮੁੱਲ ਲਈਆਂ ਸਨ। ਇਨ੍ਹਾਂ ਜ਼ਮੀਨਾਂ ਦੀ ਬਾਕਾਇਦਾ ਰਜਿਸਟਰੀ ਹੋਈ ਤੇ ਮਾਲ ਵਿਭਾਗ ਵਿਚ ਮਾਲਕੀ ਦੇ ਸਬੂਤ ਹਨ। ਅਚਨਚੇਤ ਹੀ ਇਕ ਦਿਨ ਊਧਮ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਵੱਲੋਂ 20 ਪਿੰਡਾਂ ਦੇ 5500 ਏਕੜ ਰਕਬੇ, ਜਿਸ ਜ਼ਮੀਨ ਦੀ ਮਾਲਕੀ ਪੰਜਾਬੀ ਕਿਸਾਨਾਂ ਦੀ ਹੈ, ਸਬੰਧੀ ਅਖ਼ਬਾਰਾਂ ਵਿਚ ਨੋਟਿਸ ਜਾਰੀ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਨੋਟਿਸ ਰਾਹੀਂ ਜ਼ਮੀਨਾਂ ਦੀਆਂ ਰਜਿਸਟਰੀਆਂ ਅਤੇ ਹੋਰ ਗਤੀਵਿਧੀਆਂ ਉਤੇ ਪਾਬੰਦੀ ਲਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸੂਦ ਪਰਿਵਾਰ ਤੋਂ ਖਰੀਦੀਆਂ ਜ਼ਮੀਨਾਂ ਨੂੰ ਹਥਿਆਉਣ ਦਾ ਕੋਈ ਕਾਨੂੰਨੀ ਰਾਹ ਨਾ ਲੱਭਿਆ ਤਾਂ ਪ੍ਰਸ਼ਾਸਨ ਨੇ ਬਿਨਾਂ ਕਾਰਨ ਇਕ ਤਰ੍ਹਾਂ ਨਾਲ ਜ਼ਮੀਨ ਐਕੁਆਇਰ ਕਰਨ ਦਾ ਰਾਹ ਅਖਤਿਆਰ ਕਰ ਲਿਆ।

ਸ੍ਰੀ ਵਿਰਕ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਕਿਸਾਨਾਂ ਦਾ ਵਫਦ ਸੂਬੇ ਦੇ ਟਰਾਂਸਪੋਰਟ ਅਤੇ ਸਿੱਖਿਆ ਮੰਤਰੀਆਂ ਦੀ ਅਗਵਾਈ ਹੇਠ ਮੁੱਖ ਮੰਤਰੀ ਸ੍ਰੀ ਰਾਵਤ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਵੀ ਬੇਦਖਲੀ ਦਾ ਭੈਅ ਖਤਮ ਨਹੀਂ ਹੋਇਆ ਕਿਉਂਕਿ ਕੁਝ ਸ਼ਰਾਰਤੀ ਲੋਕਾਂ ਵੱਲੋਂ ਲਗਾਤਾਰ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਸ੍ਰੀ ਵਿਰਕ ਅਨੁਸਾਰ 20 ਪਿੰਡਾਂ ਵਿਚੋਂ ਹਰੇਕ ਪਿੰਡ 'ਚ 8 ਤੋਂ 10 ਹਜ਼ਾਰ ਦੀ ਆਬਾਦੀ ਹੈ, ਜਿਸ 'ਚ 80% ਪੰਜਾਬੀ ਕਿਸਾਨ ਹਨ। ਸੋ, ਉਜਾੜਾ ਪੰਜਾਬੀਆਂ ਦਾ ਹੀ ਹੋਣਾ ਹੈ।

### 'ਉਜਾੜਾ ਭਾਜਪਾ ਦੀ ਘੱਟ ਗਿਣਤੀਆਂ ਬਾਰੇ ਸੋਚ ਦਾ ਹਿੱਸਾ'

**ਚੰਡੀਗੜ੍ਹ:** ਪੰਜਾਬ ਸਰਕਾਰ, ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਯੂਪੀ ਅਤੇ ਉਤਰਾਖੰਡ 'ਚ ਪੰਜਾਬੀ ਕਿਸਾਨਾਂ ਦੇ ਉਜਾੜੇ ਨੂੰ ਭਾਜਪਾ ਦੀ ਘੱਟ ਗਿਣਤੀਆਂ ਪ੍ਰਤੀ ਸੋਚ ਅਤੇ ਨੀਤੀ ਦਾ ਹੀ ਹਿੱਸਾ ਦੱਸਿਆ ਹੈ।

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਯੂਪੀ ਤੇ ਉਤਰਾਖੰਡ ਦੇ ਕਰੀਬ 10 ਹਜ਼ਾਰ ਪੰਜਾਬੀ ਕਿਸਾਨਾਂ ਨੂੰ ਸਰਕਾਰੀ ਧੱਕੇਸ਼ਾਹੀ ਨਾਲ ਉਜਾੜੇ ਜਾਣ ਦਾ ਤਿੱਖਾ ਵਿਰੋਧ ਕਰਦੇ ਹੋਏ ਕਿਹਾ ਕਿ ਭਾਜਪਾ ਸ਼ਾਸਿਤ ਦੋਵੇਂ ਸਰਕਾਰਾਂ ਤਰਾਈ ਖੇਤਰ ਨੂੰ ਜ਼ਰਖੇਜ਼ ਅਤੇ ਖੁਸ਼ਹਾਲ ਬਣਾਉਣ ਵਾਲੇ ਪੰਜਾਬੀ ਕਿਸਾਨਾਂ 'ਤੇ 'ਗੁਜਰਾਤ ਦਾ ਉਜਾੜਾ ਮਾਡਲ' ਥੋਪ ਰਹੀਆਂ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਤਰਾਖੰਡ ਅਤੇ ਯੂਪੀ ਵਿਚ ਸਰਕਾਰ ਵੱਲੋਂ ਪੰਜਾਬੀ ਕਿਸਾਨਾਂ ਖਿਲਾਫ ਅਪਨਾਇਆ ਰਵੱਈਆ ਨਿੰਦਣਯੋਗ ਹੈ। ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਨੂੰ ਭਾਜਪਾ ਦਾ ਘੱਟ ਗਿਣਤੀਆਂ 'ਤੇ ਇਕ ਹੋਰ ਹਮਲਾ ਕਰਾਰ ਦਿੱਤਾ।

# ਵਿਰਾਸਤੀ ਯਾਦਗਾਰਾਂ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਰਾਸਤੀ ਯਾਦਗਾਰਾਂ ਤੇ ਸਰਕਟ ਹਾਊਸ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਤਿਆਰੀ ਕਰ ਲਈ ਹੈ, ਜਿਸ ਤਹਿਤ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ, ਚੱਪੜਚਿੜੀ ਦੀ ਸਾਂਭ-ਸੰਭਾਲ ਦਾ ਕੰਮ ਵੀ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਤਹਿਤ ਨਿੱਜੀ ਹੱਥਾਂ ਵਿਚ ਦਿੱਤਾ ਜਾਵੇਗਾ।

ਇਸ ਤਰ੍ਹਾਂ ਸਰਕਾਰ ਵਿਰਾਸਤੀ ਯਾਦਗਾਰਾਂ ਦਾ ਖੁਦ ਰੱਖ-ਰਖਾਅ ਕਰਨ ਤੋਂ ਭੱਜ ਰਹੀ ਜਾਪਦੀ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਇਹ ਵਿਰਾਸਤੀ ਪ੍ਰੋਜੈਕਟ ਬਣੇ ਸਨ ਜਿਨ੍ਹਾਂ ਦੀ ਸਾਂਭ-ਸੰਭਾਲ ਵਾਸਤੇ ਸ਼ਰਾਬ 'ਤੇ ਸਭਿਆਚਾਰਕ ਸੈੱਸ ਵੀ ਲੱਗਾ ਸੀ। ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਇਹ ਫੈਸਲੇ ਲਏ ਗਏ ਹਨ। ਪੀ.ਆਈ.ਡੀ.ਬੀ. ਵੱਲੋਂ 12 ਜੂਨ ਨੂੰ ਹੋਈ ਮੀਟਿੰਗ ਦੇ ਫੈਸਲੇ ਜਾਰੀ ਕੀਤੇ ਗਏ ਹਨ। ਬਾਬਾ ਬੰਦਾ ਸਿੰਘ ਬਹਾਦਰ ਮੈਮੋਰੀਅਲ ਦੀ ਉਸਾਰੀ 'ਤੇ 46.02 ਕਰੋੜ ਰੁਪਏ ਖਰਚੇ ਗਏ ਹਨ।

ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ ਇਸ ਵਿਰਾਸਤੀ ਪ੍ਰੋਜੈਕਟ ਦੇ ਰੱਖ-ਰਖਾਅ ਦਾ ਕੰਮ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਤਹਿਤ



ਨਿੱਜੀ ਹੱਥਾਂ ਵਿਚ ਦੇ ਦਿੱਤਾ ਜਾਵੇਗਾ ਜਿਸ ਵਾਸਤੇ ਟੈਂਡਰ ਜਾਰੀ ਕੀਤੇ ਜਾਣੇ ਹਨ। ਪ੍ਰੋਜੈਕਟ ਵਿਚ ਆਡੀਓ-ਵਿਜ਼ੂਅਲ ਅਤੇ ਲਾਈਟਿੰਗ ਵਗੈਰਾ ਦੀ ਸਾਂਭ-ਸੰਭਾਲ ਢੁਕਵੀਂ ਨਹੀਂ ਹੈ। ਵੱਡਾ ਘੱਲੂਘਾਰਾ ਸਮਾਰਕ ਕੁੱਪ ਰੋਹੀੜਾ ਅਤੇ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਉਤੇ 42 ਕਰੋੜ ਰੁਪਏ ਦੀ ਲਾਗਤ ਆਈ ਸੀ ਪਰ ਇਹ ਪ੍ਰੋਜੈਕਟ ਪੀ.ਪੀ.ਪੀ. ਮੋਡ ਦੇ ਯੋਗ ਨਹੀਂ ਬਣ ਸਕੇ। ਇਸੇ ਤਰ੍ਹਾਂ ਬਠਿੰਡਾ, ਜਲੰਧਰ, ਲੁਧਿਆਣਾ ਅਤੇ ਗੁਰਦਾਸਪੁਰ ਦੇ ਸਰਕਟ ਹਾਊਸਾਂ ਦੀ ਸਾਂਭ-ਸੰਭਾਲ ਆਦਿ ਦਾ ਕੰਮ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਤਹਿਤ ਹੋਵੇਗਾ। ਆਮ ਰਾਜ ਪ੍ਰਬੰਧਨ ਵਿਭਾਗ ਨੇ ਇਸ ਵਾਸਤੇ ਬੋਰਡ ਨੂੰ ਅਗਲੀ ਪ੍ਰਕਿਰਿਆ ਸ਼ੁਰੂ ਕਰਨ ਦੀ ਝੰਡੀ ਦੇ ਦਿੱਤੀ ਹੈ।

ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਚਲੀ ਜਗ੍ਹਾ ਨੂੰ ਵੀ ਚਾਰ ਤਾਰਾ ਵਿਰਾਸਤੀ ਹੋਟਲ ਵਿਚ ਵਿਕਸਤ ਕੀਤਾ ਜਾਣਾ ਹੈ। ਅੰਮ੍ਰਿਤਸਰ ਦੇ ਸਰਕਟ ਹਾਊਸ ਨੂੰ ਪੰਜ ਤਾਰਾ ਦੀ ਥਾਂ ਹੁਣ ਚਾਰ ਤਾਰਾ ਪ੍ਰੋਜੈਕਟ ਵਜੋਂ ਪੀ.ਪੀ.ਪੀ. ਮੋਡ ਤਹਿਤ ਵਿਕਸਤ ਕੀਤਾ ਜਾਵੇਗਾ। ਕੋਵਿਡ-19 ਕਰ ਕੇ ਲੇਟ ਹੋਏ ਉਸਾਰੀ ਅਧੀਨ ਪ੍ਰੋਜੈਕਟਾਂ ਨੂੰ ਕੁਝ ਢਿੱਲਾਂ ਦੇਣ ਦਾ ਫੈਸਲਾ ਲਿਆ ਗਿਆ ਹੈ। ਪਠਾਨਕੋਟ-ਡਲਹੌਜ਼ੀ ਰੋਡ ਉਤੇ ਕੌਮਾਂਤਰੀ ਮਿਆਰ ਵਾਲੇ ਸੈਰ-ਸਪਾਟਾ ਕੇਂਦਰ ਨੂੰ ਸਿਧਾਂਤਕ ਤੌਰ 'ਤੇ ਜੰਗਲਾਤ ਵਿਭਾਗ ਤੋਂ ਹਰੀ ਝੰਡੀ ਮਿਲ ਗਈ ਹੈ।

## 'ਆਪ' ਵੱਲੋਂ ਫੈਸਲੇ ਦਾ ਵਿਰੋਧ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸੂਬੇ ਦੀ ਕਾਂਗਰਸ ਸਰਕਾਰ ਵਲੋਂ ਵਿਰਾਸਤੀ ਯਾਦਗਾਰਾਂ ਅਤੇ ਸਰਕਾਰੀ ਸਰਕਟ ਹਾਊਸਾਂ ਨੂੰ ਨਿੱਜੀ ਹੱਥਾਂ 'ਚ ਸੌਂਪੇ ਜਾਣ ਦਾ ਸਖਤ ਵਿਰੋਧ ਕਰਦਿਆਂ ਇਸ ਨੂੰ ਸੱਤਾਧਾਰੀ ਸਿਆਸਤਦਾਨਾਂ ਤੇ ਅਫਸਰਾਂ ਦੀ ਸਰਪ੍ਰਸਤੀ ਥੱਲੇ ਚੱਲ ਰਹੇ ਬਹੁਭਾਂਤੀ ਮਾਫੀਆ ਦੀ ਇਕ ਹੋਰ ਕਿਸਮ ਹੋਣ ਦਾ ਦੋਸ਼ ਲਗਾਇਆ ਹੈ। 'ਆਪ' ਆਗੂ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਇਸ ਨਾਲ ਜਿਥੇ ਸੈਂਕੜਿਆਂ ਦੀ ਗਿਣਤੀ 'ਚ ਸਰਕਾਰੀ ਮੁਲਾਜ਼ਮਾਂ ਦੀਆਂ ਨੌਕਰੀਆਂ 'ਤੇ ਗਾਜ ਡਿੱਗੇਗੀ ਅਤੇ ਨਵੀਂ ਸਰਕਾਰੀ ਭਰਤੀ ਦੇ ਮੌਕੇ ਹਮੇਸ਼ਾ ਲਈ ਖੁੱਸਣਗੇ।

## ਅਕਾਲੀ ਦਲ ਨੇ ਕੈਪਟਨ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਕਾਂਗਰਸ ਸਰਕਾਰ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਤੇ ਛੋਟਾ ਤੇ ਵੱਡਾ ਘੱਲੂਘਾਰਾ ਸਮੇਤ ਵਿਰਾਸਤੀ ਯਾਦਗਾਰਾਂ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀ.ਪੀ.ਪੀ.) ਮਾਡਲ ਤਹਿਤ ਨਿੱਜੀ ਹੱਥਾਂ 'ਚ ਸੌਂਪਣ ਦੇ ਫੈਸਲੇ ਦੀ ਸ਼੍ਰੋਮਣੀ ਅਕਾਲੀ ਦਲ ਨੇ ਜ਼ੋਰਦਾਰ ਨਿਖੇਧੀ ਕੀਤੀ ਹੈ। ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਬਹੁਤ ਹੀ ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਸਰਕਾਰ ਨੇ ਸਰਕਟ ਹਾਊਸਾਂ ਦੀ ਤੁਲਨਾ ਵਿਰਾਸਤੀ ਯਾਦਗਾਰਾਂ ਨਾਲ ਕੀਤੀ ਹੈ ਅਤੇ ਇਨ੍ਹਾਂ ਨੂੰ ਨਿੱਜੀ ਹੱਥਾਂ 'ਚ ਦੇਣ ਦਾ ਫੈਸਲਾ ਕੀਤਾ ਹੈ ਤਾਂ ਕਿ ਇਨ੍ਹਾਂ ਦੀ ਸੰਭਾਲ 'ਤੇ ਸਰਕਾਰ ਨੂੰ ਪੈਸਾ ਨਾ ਖਰਚਣਾ ਪਵੇ।

# ਨਾਨਕਸ਼ਾਹੀ ਕੈਲੰਡਰ ਦਾ ਮੁੱਦਾ ਮੁੜ ਭਖਿਆ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਦਾ ਮੁੱਦਾ ਮੁੜ ਉਭਰਿਆ ਹੈ। ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਲਾਗੂ ਕੀਤਾ ਜਾਵੇ ਅਤੇ ਜੇ ਅਜਿਹਾ ਨਹੀਂ ਹੋ ਸਕਦਾ ਤਾਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਤੇ ਜੰਤਰੀ ਤੋਂ 'ਨਾਨਕਸ਼ਾਹੀ' ਸ਼ਬਦ ਹਟਾ ਦਿੱਤਾ ਜਾਵੇ। ਦੋ ਸਫਿਆਂ ਦੇ ਆਪਣੇ ਪੱਤਰ ਵਿਚ ਗਿਆਨੀ ਕੇਵਲ ਸਿੰਘ, ਜੋ ਕਿ ਇਸ ਵੇਲੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਮੂਹ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਵੀ ਹਨ, ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਪੀਲ ਕੀਤੀ ਹੈ ਕਿ ਸਮੁੱਚੇ ਪੰਥ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ 2003 ਵਾਲੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕੀਤਾ ਜਾਵੇ ਅਤੇ ਇਸੇ ਦਾ ਪ੍ਰਤੀਰੂਪ ਛਾਪਿਆ ਜਾਵੇ। ਅਜਿਹਾ ਕਰਨ ਨਾਲ ਸੰਸਾਰ ਭਰ ਦੇ ਸਿੱਖਾਂ ਅੰਦਰ ਹਰ ਸਾਲ ਗੁਰਪੁਰਬਾਂ ਅਤੇ ਸ਼ਹੀਦੀ ਦਿਹਾੜਿਆਂ ਸਬੰਧੀ ਪੈਦਾ ਹੁੰਦਾ ਭੰਬਲਭੂਸਾ ਖਤਮ ਹੋਵੇਗਾ। ਉਨ੍ਹਾਂ ਲਿਖਿਆ ਕਿ ਜੇ ਉਹ ਅਜਿਹਾ ਨਹੀਂ ਕਰ ਸਕਦੇ ਤਾਂ ਕੈਲੰਡਰ ਜਾਂ ਜੰਤਰੀ ਤੋਂ 'ਨਾਨਕਸ਼ਾਹੀ' ਸ਼ਬਦ ਹਟਾ ਦਿੱਤਾ ਜਾਵੇ। 'ਨਾਨਕਸ਼ਾਹੀ' ਸ਼ਬਦ ਦੇ ਨਾਲ ਹੋਰ ਕੈਲੰਡਰ ਛਾਪੇ ਜਾਣ ਨਾਲ ਸਮੁੱਚੇ ਪੰਥ ਨੂੰ ਦਰਦ ਹੁੰਦਾ ਹੈ।

ਉਨ੍ਹਾਂ ਕਿਹਾ ਕਿ 2003 ਵਿਚ ਸ੍ਰੀ ਅਕਾਲ ਤਖਤ ਦੀ ਪ੍ਰਵਾਨਗੀ ਮਗਰੋਂ ਜਾਰੀ ਕੀਤੇ ਗੁਰਮਤੇ ਰਾਹੀਂ ਸ਼੍ਰੋਮਣੀ ਕਮੇਟੀ ਨੇ ਇਹ ਕੈਲੰਡਰ ਲਾਗੂ ਕੀਤਾ ਸੀ। 1995 ਵਿਚ ਵਿਸ਼ਵ ਸਿੱਖ ਸੰਮੇਲਨ ਵੇਲੇ ਸਿੱਖਾਂ ਦੀ ਆਜ਼ਾਦ ਤੇ ਅੱਡਰੀ ਹੋਂਦ ਵਾਸਤੇ ਵੱਖਰਾ ਕੈਲੰਡਰ ਬਣਾਉਣ ਦੀ ਮੰਗ ਉਭਰੀ ਸੀ, ਜਿਸ ਤਹਿਤ ਪਾਲ ਸਿੰਘ ਪੁਰੇਵਾਲ ਨੇ ਸਿੱਖ ਕੈਲੰਡਰ ਦਾ ਖਰੜਾ ਤਿਆਰ ਕੀਤਾ ਸੀ, ਜਿਸ ਨੂੰ ਖਾਲਸਾ ਪੰਥ ਦੇ 300 ਸਾਲਾ ਖਾਲਸਾ ਦਿਵਸ 'ਤੇ ਲਾਗੂ ਕਰਨ ਦਾ ਫੈਸਲਾ ਲਿਆ ਗਿਆ ਸੀ। ਉਸ ਵੇਲੇ ਵੀ ਵਿਘਨ ਪਿਆ ਅਤੇ ਇਹ ਕਾਰਜ ਰੁਕ ਗਿਆ। ਮੁੜ 2003 ਵਿਚ ਸ਼੍ਰੋਮਣੀ ਕਮੇਟੀ



ਦੇ ਤਤਕਾਲੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਗਿਆ। 2011 ਵਿਚ ਹਾਕਮਾਂ ਦੇ ਪ੍ਰਭਾਵ ਹੇਠ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਹੁਣ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਤੋਂ ਜਿਹੜਾ ਕੈਲੰਡਰ ਜਾਰੀ ਕੀਤਾ ਗਿਆ ਹੈ, ਉਹ ਨਾਨਕਸ਼ਾਹੀ ਨਹੀਂ ਸਗੋਂ ਬਿਕਰਮੀ ਕੈਲੰਡਰ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਮੌਜੂਦਾ ਕੈਲੰਡਰ ਅਤੇ ਜੰਤਰੀ ਤੋਂ 'ਨਾਨਕਸ਼ਾਹੀ' ਸ਼ਬਦ ਹਟਾ ਦਿੱਤਾ ਜਾਵੇ।

# ਢੀਂਡਸਿਆਂ ਵਲੋਂ ਨਵੀਂ ਪਾਰਟੀ ਬਣਾਉਣ ਦੀ ਤਿਆਰੀ

**ਸੰਗਰੂਰ:** ਸੀਨੀਅਰ ਅਕਾਲੀ ਆਗੂ ਅਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਆਪਣੇ ਹਮਖਿਆਲੀ ਸਾਥੀਆਂ ਅਤੇ ਟਕਸਾਲੀ ਅਕਾਲੀਆਂ ਨਾਲ ਸਲਾਹ ਕਰ ਕੇ ਨਵੀਂ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਵੀਂ ਪਾਰਟੀ ਇਸੇ ਮਹੀਨੇ ਹੋਂਦ ਵਿਚ ਆ ਜਾਵੇਗੀ। ਪਾਰਟੀ ਦਾ ਨਾਮ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ ਕਿ ਇਸ ਬਾਰੇ ਮੀਟਿੰਗ ਵਿਚ ਫੈਸਲਾ ਕੀਤਾ ਜਾਵੇਗਾ ਅਤੇ ਮੀਟਿੰਗ ਅਗਲੇ ਹਫਤੇ ਹੋ ਸਕਦੀ ਹੈ। ਸ. ਢੀਂਡਸਾ ਨੇ ਦੱਸਿਆ ਕਿ ਬਾਦਲਕਿਆਂ ਤੋਂ ਦੁਖੀ ਅਕਾਲੀ ਆਗੂ ਉਨ੍ਹਾਂ ਨਾਲ ਜੁੜ ਰਹੇ ਹਨ।





ਉਧਰ, ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਦੋਸ਼ ਲਾਇਆ ਹੈ ਕਿ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਅੰਦਰ ਤੀਜਾ ਫਰੰਟ ਉਸਾਰਨ ਦੀਆਂ ਕੋਸ਼ਿਸ਼ਾਂ ਨੂੰ ਤਾਰਪੀਡੋ ਕਰਨ ਉਤੇ ਤੁਲੇ ਹੋਏ ਹਨ। ਅਕਾਲੀ ਦਲ (ਬਾਦਲ) ਕੇਂਦਰ ਦੇ ਦਬਾਅ ਹੇਠ ਤੇ ਕੈਪਟਨ ਅਮਰਿੰਦਰ ਦੀ ਸਲਾਹ ਨਾਲ ਫੈਸਲੇ ਲੈ ਕੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ। ਉਨ੍ਹਾਂ ਚਿਤਾਵਨੀ ਭਰੇ ਲਹਿਜ਼ੇ 'ਚ ਕਿਹਾ ਕਿ 'ਹਿੱਸੇਦਾਰੀ' ਦੀ ਰਾਜਨੀਤੀ ਪੰਜਾਬੀਆਂ ਨੂੰ ਉਕਾ ਹੀ ਪ੍ਰਵਾਨ ਨਹੀਂ ਹੈ।

ਗੱਲਬਾਤ ਦੌਰਾਨ ਹਿੱਸੇਦਾਰੀ ਦੀ ਰਾਜਨੀਤੀ ਨੂੰ ਹੋਰ ਸਪਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਲੋਕਾਂ ਦਾ ਧਿਆਨ ਅਹਿਮ ਮੁੱਦਿਆਂ ਤੋਂ ਹਟਾ ਕੇ ਉਤਰ ਕਾਟੋ ਮੈਂ ਚੜ੍ਹਾਂ ਵਾਲੀ ਰਾਜਨੀਤੀ ਕਰ ਰਹੀਆਂ ਹਨ। ਢੀਂਡਸਾ ਨੇ ਕਿਹਾ ਕਿ ਕੈਪਟਨ ਦੀਆਂ ਹਦਾਇਤਾਂ ਕਰਕੇ ਹੀ ਪੂਰੇ ਪੰਜਾਬ ਅੰਦਰ ਪ੍ਰਸ਼ਾਸਨ ਨੇ ਕਰੋਨਾ ਮਹਾਮਾਰੀ ਦੀ ਮੁਢਲੀ ਸੁਰੱਖਿਆ ਲਈ ਬਣੇ ਨਿਯਮਾਂ ਨੂੰ ਛਿੱਕੇ ਟੰਗ ਕੇ ਅਕਾਲੀ ਦਲ (ਬਾਦਲ) ਨੂੰ ਇਕੱਠ ਕਰਨ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਜਦ ਕਿ ਸੁਖਦੇਵ ਸਿੰਘ ਢੀਂਡਸਾ ਦੇ 'ਬਾਦਲ ਛੱਡੋ' ਮੁਹਿੰਮ ਵਿਚ ਪੰਜਾਬ ਤੋਂ ਵੱਧ ਆਗੂਆਂ ਸਮਰਥਕਾਂ ਦੇ ਸ਼ਾਮਲ ਹੋਣ ਉੱਤੇ ਕੇਸ ਦਰਜ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਕਰ ਕੇ ਬਹੁਤ ਸਾਰੇ ਆਗੂਆਂ ਨਾਲ ਵੀ.ਡੀ.ਓ ਕਾਨਫਰੰਸ ਜ਼ਰੀਏ ਗੱਲਬਾਤ ਕਰਨੀ ਪਈ।

## ਨਵੀਂ ਪਾਰਟੀ ਬਾਰੇ ਮੈਨੂੰ ਕੁਝ ਪਤਾ ਨਹੀਂ: ਬ੍ਰਹਮਪੁਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਹੈ ਕਿ ਰਾਜ ਸਭਾ ਦੇ ਮੈਂਬਰ ਸੁਖਦੇਵ ਸਿੰਘ ਢੀਂਡਸਾ ਦਾ ਇਹ ਬਿਆਨ ਮੇਰੀ ਜਾਣਕਾਰੀ ਵਿਚ ਨਹੀਂ ਕਿ ਨਵੀਂ ਪਾਰਟੀ ਇਸੇ ਮਹੀਨੇ ਹੋਂਦ ਵਿਚ ਆ ਜਾਏਗੀ, ਮੇਰੀ ਇਸ ਸਬੰਧੀ ਕਈ ਟਕਸਾਲੀ ਅਕਾਲੀਆਂ ਤੇ ਹਮਖਿਆਲ ਵਿਅਕਤੀਆਂ ਨਾਲ ਗੱਲਬਾਤ ਹੋ ਚੁੱਕੀ ਹੈ। ਵਰਨਣਯੋਗ ਹੈ ਕਿ ਢੀਂਡਸਾ ਨੇ ਦਾਅਵਾ ਕੀਤਾ ਸੀ ਕਈ ਟਕਸਾਲੀ ਅਕਾਲੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਨਵੀਂ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਹੈ ਤੇ ਨਵੀਂ ਪਾਰਟੀ ਇਸੇ ਮਹੀਨੇ ਹੋਂਦ ਵਿਚ ਆ ਜਾਏਗੀ, ਜਿਸ ਦਾ ਨਾਂ ਮੀਟਿੰਗ ਵਿਚ ਤਹਿ ਕੀਤਾ ਜਾਏਗਾ।

# ਗੁਰਦੁਆਰਾ ਪੈਲਾਟਾਈਨ ਦੇ ਗ੍ਰੰਥੀ ਅਤੇ ਕੀਰਤਨੀਏ ਸਿੰਘਾਂ ਨੂੰ ਵਧਾਈ ਦਿੱਤੀ

**ਸ਼ਿਕਾਗੋ (ਬਿਊਰੋ):** ਸਿੱਖ ਸੀਨੀਅਰ ਸਿਟੀਜ਼ਨਜ਼ ਨੇ ਕਾਫੀ ਦੇਰ ਤੋਂ ਕਰੋਨਾ ਕਰ ਕੇ ਬੰਦ ਹੋਈ ਦੁਪਹਿਰ ਦੇ ਖਾਣੇ (ਲੰਚ) ਦੀ ਰਵਾਇਤ ਮੁੜ ਚਾਲੂ ਕਰਨ ਲਈ ਸਥਾਨ ਚੁਣਿਆ, ਮਿਡਵੈਸਟ ਦਾ ਸਭ ਤੋਂ ਪੁਰਾਣਾ ਅਤੇ ਵੱਡਾ ਗੁਰਦੁਆਰਾ ਪੈਲਾਟਾਈਨ। ਇਥੇ ਕਾਫੀ ਅਰਸੇ ਤੋਂ ਰਹਿ ਰਹੇ ਗ੍ਰੰਥੀ ਅਤੇ ਕੀਰਤਨੀਏ ਸਿੰਘਾਂ ਨੂੰ ਆਖਰਕਾਰ ਗ੍ਰੀਨ ਕਾਰਡ ਮਿਲ ਗਏ ਹਨ। ਸੀਨੀਅਰ ਸਿਟੀਜ਼ਨਜ਼ ਨੇ ਪੀਜ਼ਾ ਤੇ ਸਾਰੇ ਭਾਈ ਸਿੰਘਾਂ ਨੂੰ ਇਕ-ਇਕ ਗਿਫਟ ਕਾਰਡ ਅਤੇ ਜਿਨ੍ਹਾਂ ਨੂੰ ਗ੍ਰੀਨ ਕਾਰਡ ਮਿਲੇ, ਵਧਾਈ ਪੱਤਰਾਂ 'ਤੇ ਦਸਤਖਤ ਕਰ ਕੇ ਨਾਲ ਸ਼ੁਭ ਕਾਮਨਾਵਾਂ ਦਿੱਤੀਆਂ। ਸੁਰਿੰਦਰਪਾਲ ਸਿੰਘ ਕਾਲੜਾ ਨੇ ਅਰਦਾਸ ਕਰ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਅਗਲੇ ਪ੍ਰੋਗਰਾਮਾਂ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਗੁਰਦੁਆਰੇ ਦੇ ਮੁੱਖ ਸੇਵਾਦਾਰ ਡਾ. ਪਰਦੀਪ ਸਿੰਘ ਗਿੱਲ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਅਤੇ ਬੋਰਡ, ਸੰਗਤ ਤੇ ਸੀਨੀਅਰ ਸਿਟੀਜ਼ਨਜ਼ ਦਾ ਧੰਨਵਾਦ ਕੀਤਾ।

ਗੁਰਦੁਆਰੇ ਦੇ ਮੁੱਖ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਪਿਛੋਂ ਪਿੰਡ ਗੁਨੋਪੁਰ ਜ਼ਿਲਾ ਗੁਰਦਾਸਪੁਰ ਤੋਂ ਹਨ। ਉਹ ਕਥਾਵਾਚਕ ਹਨ ਅਤੇ ਨਿਰੋਲ ਗੁਰਬਾਣੀ ਦੀ ਵਿਆਖਿਆ ਕਰ ਕੇ ਸੰਗਤ ਨੂੰ ਭਰਮਾਂ-ਭੁਲੇਖਿਆਂ ਤੋਂ ਦੂਰ ਰਹਿਣ ਲਈ ਪ੍ਰੇਰਦੇ ਹਨ। ਜੋ ਧਾਰਨਾ ਗੁਰਬਾਣੀ ਮੁਤਾਬਿਕ ਸਹੀ ਨਹੀਂ ਉਤਰਦੀ, ਉਸ ਦਾ ਖੰਡਨ ਕਰਦੇ ਹਨ। ਸੰਗਤ ਨੂੰ ਸਮਝਾਉਂਦੇ ਹਨ ਕਿ ਕੁਝ ਰੀਤਾਂ ਧਾਰਮਿਕ ਹਨ, ਕੁਝ ਸਭਿਆਚਾਰਕ। ਉਨ੍ਹਾਂ ਦਾ ਯੂ ਟਿਊਬ 'ਤੇ ਚੈਨਲ ਵੀ Bhai Parminderjit Singh Kathawachak ਚਲਦਾ ਹੈ। ਕਰੋਨਾ ਦਰਮਿਆਨ ਵੀ ਸੰਝ ਸਵੇਰ ਯੂ ਟਿਊਬ 'ਤੇ ਕਥਾ ਚਲਦੀ ਹੈ। ਕਰੋਨਾ ਕਰ ਕੇ ਉਨ੍ਹਾਂ ਦੇ ਪਰਿਵਾਰ ਦੇ ਆਉਣ ਵਿਚ ਦੇਰੀ ਹੋ ਰਹੀ ਹੈ।

ਉਨ੍ਹਾਂ ਗੁਰਮਤਿ ਕਾਲਜ ਪਟਿਆਲਾ ਤੋਂ 1998 ਵਿਚ ਧਰਮ ਅਧਿਐਨ ਵਿਸ਼ੇ 'ਚ ਮਾਸਟਰਜ਼ ਡਿਗਰੀ ਕੀਤੀ ਹੋਈ ਹੈ। ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ ਚੰਡੀਗੜ੍ਹ ਤੋਂ ਵਿਸ਼ੇਸ਼ ਧਰਮ ਪ੍ਰਚਾਰ ਦੀ ਟ੍ਰੇਨਿੰਗ ਲਈ। ਕਈ ਸੰਸਥਾਵਾਂ ਵਿਚ ਸੇਵਾ ਨਿਭਾਉਣ ਪਿਛੋਂ ਉਹ ਫਰਵਰੀ 2015 ਵਿਚ ਇਕ ਮਹੀਨੇ ਲਈ ਪੈਲਾਟਾਈਨ ਗੁਰਦੁਆਰੇ ਆਏ ਸਨ। ਉਨ੍ਹਾਂ ਦੀ ਯੋਗਤਾ ਨੂੰ ਮੁੱਖ ਰੱਖ ਕੇ 2016 ਵਿਚ ਪੱਕੇ ਤੌਰ 'ਤੇ ਮੁਖ ਗ੍ਰੰਥੀ ਦੀ ਸੇਵਾ ਦੇ ਦਿੱਤੀ ਗਈ। ਉਨ੍ਹਾਂ ਨਾਲ ਸੰਪਰਕ ਈਮੇਲ parminderjitsingh98@gmail.com 'ਤੇ ਕੀਤਾ ਜਾ ਸਕਦਾ ਹੈ।





*ਜਲੰਧਰ ਵਾਲਿਆਂ ਦਾ ਕੀਰਤਨੀ ਜਥਾ ਅਤੇ (ਸੱਜੇ) ਭਾਈ ਪਰਮਿੰਦਰਜੀਤ ਸਿੰਘ*


ਲੰਮੇ ਸਮੇਂ ਤੋਂ ਗੁਰਦੁਆਰਾ ਪੈਲਾਟਾਈਨ ਵਿਚ ਕੀਰਤਨ ਦੀ ਸੇਵਾ ਨਿਭਾ ਰਹੇ ਭਾਈ ਰਾਜਿੰਦਰ ਸਿੰਘ ਜਲੰਧਰ, ਭਾਈ ਅਮਰੀਕ ਸਿੰਘ ਤੇ ਭਾਈ ਗੁਰਮੀਤ ਸਿੰਘ ਦੇ ਜਥੇ ਨੂੰ ਗ੍ਰੀਨ ਕਾਰਡ ਮਿਲ ਗਏ। ਇਨ੍ਹਾਂ ਨੂੰ ਸਿੱਖ ਸੀਨੀਅਰਜ਼ ਵੱਲੋਂ ਵੀ ਗਿਫਟ ਕਾਰਡਾਂ ਨਾਲ ਨਿਵਾਜਿਆ ਗਿਆ। ਭਾਈ ਰਾਜਿੰਦਰ ਸਿੰਘ ਅਤੇ ਭਾਈ ਅਮਰੀਕ ਸਿੰਘ ਨੇ ਰਾਗਾਂ ਦੀ ਵਿਦਿਆ ਭਾਈ ਕੁਲਦੀਪ ਸਿੰਘ ਤੋਂ ਜਲੰਧਰ ਵਿਖੇ ਸਿੱਖੀ ਤੇ ਭਾਈ ਗੁਰਮੀਤ ਸਿੰਘ ਨੇ ਤਬਲੇ ਦੀ ਸਿਖਲਾਈ ਪੰਡਿਤ ਰਮਾ ਕਾਂਤ ਜਲੰਧਰ ਤੋਂ ਸਿੱਖੀ। ਜਥਾ 1998 ਤੋਂ ਕੀਰਤਨ ਦੀ ਸੇਵਾ ਨਿਭਾ ਰਿਹਾ ਹੈ ਅਤੇ ਪੂਰੇ ਭਾਰਤ ਵਿਚ ਕੈਨੇਡਾ, ਇੰਗਲੈਂਡ ਵਿਚ ਸੇਵਾ ਨਿਭਾ ਚੁਕਾ ਹੈ ਤੇ ਹੁਣ 2008 ਤੋਂ ਪੈਲਾਟਾਈਨ ਟਿਕ ਗਿਆ ਹੈ।

ਪਿਛਲੇ ਕੁਝ ਸਮੇਂ ਤੋਂ ਭਾਈ ਹਰਜੀਤ ਸਿੰਘ ਲਾਂਗਰੀ ਦੀ ਸੇਵਾ ਨਿਭਾ ਰਹੇ ਹਨ। ਉਹ ਅਜੇ ਆਰ-1 ਵੀਜ਼ੇ 'ਤੇ ਹਨ। ਵੈਸੇ ਉਹ ਕੀਰਤਨ ਦੇ ਮਾਹਿਰ ਹਨ, ਸੁਰੀਲੀ ਅਵਾਜ਼ ਹੈ। ਐਸ. ਜੀ. ਪੀ. ਸੀ. ਦੇ ਮੁਲਾਜ਼ਮ ਰਹਿ ਚੁਕੇ ਹਨ। 1993 ਤੋਂ ਕੀਰਤਨ ਦੀ ਸੇਵਾ ਇੰਡੀਆ, ਦੁੱਬਈ, ਕੈਨੇਡਾ ਵਿਚ ਨਿਭਾ ਚੁਕੇ ਹਨ। ਉਨ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਅਤੇ ਬਾਬਾ ਬਕਾਲੇ ਵਿਖੇ ਕੀਰਤਨ ਦੀ ਸੇਵਾ ਨਿਭਾਈ। ਭਾਰਤ ਦੇ ਨਾਮਵਰ ਹਜ਼ੂਰੀ ਰਾਗੀ, ਜਿਵੇਂ ਭਾਈ ਸੁਰਿੰਦਰ ਸਿੰਘ ਜੋਧਪੁਰੀ, ਭਾਈ ਗੁਰਵਿੰਦਰ ਸਿੰਘ, ਭਾਈ ਹਰਨਾਮ ਸਿੰਘ ਤੇ ਭਾਈ ਲਖਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨਾਲ ਸੰਗਤ ਕਰਦੇ ਰਹੇ ਹਨ। ਹੋਰ ਜਾਣਕਾਰੀ ਲਈ ਫੋਨ: 847-358-1117 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਰੋਨਾ ਟੀਕੇ ਦੀ ਅਗਾਊਂ ਬੁਕਿੰਗ 'ਚ ਜੁਟੇ ਅਮੀਰ ਮੁਲਕ

**ਲੰਡਨ:** ਕਰੋਨਾ ਵਾਇਰਸ ਦਾ ਟੀਕਾ ਤਿਆਰ ਕਰਨ ਲਈ ਚੱਲ ਰਹੇ ਮੁਕਾਬਲੇ ਕਾਰਨ ਅਮੀਰ ਦੇਸ਼ ਪਹਿਲਾਂ ਹੀ ਇਨ੍ਹਾਂ ਟੀਕਿਆਂ ਦਾ ਆਰਡਰ ਦੇ ਕੇ ਇਨ੍ਹਾਂ ਨੂੰ ਬੁੱਕ ਕਰ ਰਹੇ ਹਨ ਅਤੇ ਅਜਿਹੀ ਸਥਿਤੀ ਵਿਚ ਗਰੀਬ ਅਤੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਇਹ ਟੀਕੇ ਮਿਲਣਗੇ ਜਾਂ ਨਹੀਂ ਇਹ ਇਕ ਵੱਡਾ ਸਵਾਲ ਹੈ।

ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ, ਰੈੱਡ ਕਰਾਸ ਅਤੇ ਰੈਡ ਕ੍ਰੇਸੈਂਟ ਅਤੇ ਹੋਰ ਸੰਗਠਨਾਂ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਇਹ ਨੈਤਿਕ ਤੌਰ 'ਤੇ ਲਾਜ਼ਮੀ ਹੈ ਕਿ ਟੀਕਾ ਸਾਰਿਆਂ ਤੱਕ ਪਹੁੰਚੇ ਪਰ ਬਿਨਾਂ ਕਿਸੇ ਵਿਸਤ੍ਰਿਤ ਰਣਨੀਤੀ ਤੋਂ ਟੀਕਿਆਂ ਦੀ ਸਹੀ ਵੰਡ ਸੰਭਵ ਨਹੀਂ ਹੈ। ਜਨੇਵਾ ਦੇ ਮੈਡੀਸਨਸ ਸੈਂਸ ਫਰੰਟੀਅਰਜ਼ ਦੇ ਸੀਨੀਅਰ ਕਾਨੂੰਨੀ ਅਤੇ ਨੀਤੀ ਸਲਾਹਕਾਰ ਯੁਆਨ ਕਯਾਂਗ ਹੂ ਨੇ ਕਿਹਾ, "ਸਾਰਿਆਂ ਕੋਲ ਟੀਕਾ ਪੁੱਜ ਰਿਹਾ ਹੈ, ਇਸ ਦਾ ਖੂਬਸੂਰਤ ਖਾਕਾ ਤਿਆਰ ਹੈ ਪਰ ਇਸ ਬਾਰੇ ਕੋਈ ਰਣਨੀਤੀ ਨਹੀਂ ਹੈ ਕਿ ਇਹ ਕਿਵੇਂ ਹੋਏਗਾ।"ਇਸ ਮਹੀਨੇ ਦੇ ਸ਼ੁਰੂ ਵਿਚ ਟੀਕਾ ਸੰਮੇਲਨ ਵਿਚ ਘਾਨਾ ਦੇ ਰਾਸ਼ਟਰਪਤੀ ਨਾਨਾ




ਅਕੂਫੋ-ਐਡੋ ਨੇ ਕਿਹਾ ਸੀ, "ਕੋਵਿਡ-19 ਦੇ ਵਿਸ਼ਵਵਿਆਪੀ ਪ੍ਰਸਾਰ ਨੇ ਸਾਨੂੰ ਦੱਸਿਆ ਹੈ ਕਿ ਬਿਮਾਰੀਆਂ ਸਰਹੱਦਾਂ ਤੱਕ ਨਹੀਂ ਅਤੇ ਕੋਈ ਵੀ ਦੇਸ਼ ਇਕੱਲੇ ਉਨ੍ਹਾਂ ਨਾਲ ਨਜਿੱਠ ਨਹੀਂ ਸਕਦਾ। ਸਿਰਫ ਟੀਕੇ ਹੀ ਮਨੁੱਖਾਂ ਨੂੰ ਇਸ ਵਾਇਰਸ ਤੋਂ ਬਚਾ ਸਕਦੇ ਹਨ।"ਕਰੋਨਾ ਖਾਤਮਾ ਟੀਕੇ ਬਣਾਉਣ ਲਈ ਵਿਸ਼ਵਵਿਆਪੀ ਕੋਸ਼ਿਸ਼ਾਂ ਜਾਰੀ ਹਨ ਪਰ ਅਗਲੇ ਸਾਲ ਤੋਂ ਪਹਿਲਾਂ ਕਿਸੇ ਨੂੰ ਲਾਇਸੈਂਸ ਮਿਲਣ ਦੀ ਉਮੀਦ ਨਹੀਂ ਹੈ। ਫਿਰ ਵੀ ਬਹੁਤ ਸਾਰੇ ਅਮੀਰ ਦੇਸ਼ਾਂ ਨੇ ਇਸ ਦੇ ਆਉਣ ਤੋਂ ਪਹਿਲਾਂ ਹੀ ਇਸ ਦੇ ਲਈ ਆਰਡਰ ਦੇਣੇ ਸ਼ੁਰੂ ਕਰ ਦਿੱਤੇ ਹਨ। ਬਰਤਾਨੀਆ ਅਤੇ ਅਮਰੀਕਾ ਨੇ ਇਸ ਵਿਚ ਲੱਖਾਂ ਡਾਲਰ ਦਾ ਨਿਵੇਸ਼ ਕੀਤਾ ਹੈ ਅਤੇ ਬਦਲੇ ਵਿਚ ਦੋਵੇਂ ਦੇਸ਼ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇ। ਇਥੋਂ ਤੱਕ ਕਿ ਬਰਤਾਨਵੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਟੀਕੇ ਦੀ ਮਨਜ਼ੂਰੀ ਮਿਲਣ 'ਤੇ ਇਸ ਦੀਆਂ ਪਹਿਲੀਆਂ 3 ਕਰੋੜ ਖੁਰਾਕਾਂ ਉਸ ਨੂੰ ਦਿੱਤੀਆਂ ਜਾਣਗੀਆਂ। ਕੰਪਨੀ 'ਐਸਟਰਾਜ਼ੇਨੇਕਾ' ਨੇ ਵੀ ਅਮਰੀਕਾ ਲਈ ਘੱਟੋ ਘੱਟ 3 ਕਰੋੜ ਖੁਰਾਕਾਂ ਦਾ ਇਕਰਾਰਨਾਮਾ ਕੀਤਾ ਹੈ।

## ਐਂਟੀ-ਵਾਇਰਲ ਡਰੱਗ ਦੀ ਮਨਜ਼ੂਰੀ

**ਨਵੀਂ ਦਿੱਲੀ:** ਦੇਸ਼ 'ਚ ਕਰੋਨਾ ਵਾਇਰਸ ਦੇ ਵਧਦੇ ਮਾਮਲਿਆਂ ਤੇ ਮੌਤਾਂ ਦੇ ਰੁਝਾਨ ਨੂੰ ਦੇਖਦਿਆਂ ਡਰੱਗ ਕੰਟਰੋਲਰ ਜਨਰਲ ਆਫ ਇੰਡੀਆ (ਡੀ.ਸੀ.ਜੀ.ਆਈ.) ਨੇ ਕੋਵਿਡ-19 ਦੇ ਹਲਕੇ ਤੋਂ ਦਰਮਿਆਨੇ ਮਾਮਲਿਆਂ 'ਚ ਐਂਟੀ-ਵਾਇਰਲ ਡਰੱਗ ਫੈਵੀਪੀਰਾਵੀਰ ਦੀ ਹੰਗਾਮੀ ਹਾਲਤ 'ਚ ਸੀਮਤ ਵਰਤੋਂ ਕਰਨ ਦੀ ਮਨਜ਼ੂਰੀ ਦਿੱਤੀ ਹੈ। ਡੀ. ਸੀ. ਜੀ. ਆਈ. ਨੇ ਡਰੱਗ ਦਾ ਨਿਰੀਖਣ ਪ੍ਰਵਾਨਗੀ ਪ੍ਰਕਿਰਿਆ ਤਹਿਤ ਘਰੇਲੂ ਫਰਮ ਗਲੇਨਮਾਰਕ ਫਾਰਮਾਸੂਟੀਕਲਜ਼ ਨੂੰ ਫੈਵੀਪੀਰਾਵੀਰ (200 ਐਮ.ਜੀ.) ਦਾ ਨਿਰਮਾਣ ਤੇ ਬਾਜ਼ਾਰੀਕਰਨ ਦੀ ਆਗਿਆ ਦਿੱਤੀ ਹੈ।

ਜਾਣਕਾਰੀ ਅਨੁਸਾਰ ਡਰੱਗ ਦੀ ਵਰਤੋਂ ਕਰਨ ਸਮੇਂ ਮਰੀਜ਼ ਜਾਂ ਉਸ ਦੇ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ।

## ਰਿਲਾਇੰਸ ਇੰਡਸਟਰੀਜ਼ ਹੋਈ ਕਰਜ਼ ਮੁਕਤ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀਜ਼ ਦੇ ਮੁਖੀ ਮੁਕੇਸ਼ ਅੰਬਾਨੀ ਨੇ ਕਿਹਾ ਹੈ ਕਿ ਦੋ ਮਹੀਨਿਆਂ ਦੌਰਾਨ ਨਿਵੇਸ਼ਕਾਂ ਤੋਂ ਰਿਕਾਰਡ 1.69 ਲੱਖ ਕਰੋੜ ਰੁਪਏ ਜੁਟਾਉਣ ਤੋਂ ਬਾਅਦ ਕੰਪਨੀ



ਦਾ ਸ਼ੁੱਧ ਕਰਜ਼ਾ ਸਿਫਰ 'ਤੇ ਆ ਗਿਆ ਹੈ। 58 ਦਿਨਾਂ ਵਿਚ ਰਿਲਾਇੰਸ ਇੰਡਸਟਰੀਜ਼ ਨੇ ਗਲੋਬਲ ਟੈਕਨਾਲੋਜੀ ਨਿਵੇਸ਼ਕਾਂ ਤੋਂ 1.15 ਲੱਖ ਕਰੋੜ ਰੁਪਏ ਇਕੱਠੇ ਕੀਤੇ ਹਨ। ਕੰਪਨੀ ਨੇ ਆਪਣੇ ਜੀਓ ਪਲੇਟਫਾਰਮਸ ਲਿਮਟਿਡ ਵਿਚ ਹਿੱਸੇਦਾਰੀ ਵੇਚ ਕੇ ਇਹ ਰਕਮ ਜੁਟਾਈ ਹੈ। ਇਸ ਦੇ ਨਾਲ ਹੀ ਇਸ ਨੇ ਰਾਈਟਸ ਈਸ਼ੂ ਜਾਰੀ ਕਰਕੇ 53,124.20 ਕਰੋੜ ਇਕੱਠੇ ਕੀਤੇ ਹਨ। ਬਿਆਨ ਦੇ ਅਨੁਸਾਰ ਰਿਲਾਇੰਸ ਦਾ 31 ਮਾਰਚ 2020 ਦੇ ਅੰਤ ਤੱਕ 1,61,035 ਕਰੋੜ ਰੁਪਏ ਦਾ ਕਰਜ਼ਾ ਸੀ। ਅੰਬਾਨੀ ਨੇ ਕਿਹਾ, "ਮੈਂ ਕੰਪਨੀ ਦੇ ਹਿੱਸੇਦਾਰਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ। ਰਿਲਾਇੰਸ ਦਾ ਸ਼ੁੱਧ ਕਰਜ਼ਾ 31 ਮਾਰਚ 2021 ਦੀ ਨਿਰਧਾਰਤ ਮਿਆਦ ਤੋਂ ਬਹੁਤ ਪਹਿਲਾਂ ਹੀ ਸਿਫਰ ਹੋ ਗਿਆ ਹੈ।"

# ਸੁਰੱਖਿਆ ਕੌਂਸਲ ਦੀ ਅਸਥਾਈ ਸੀਟ 'ਤੇ ਭਾਰਤ ਕਾਬਜ਼

**ਨਵੀਂ ਦਿੱਲੀ:** ਭਾਰਤ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (ਯੂ.ਐਨ.ਐਸ.ਸੀ) ਦੀ ਅਸਥਾਈ ਸੀਟ 'ਤੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਅਸਥਾਈ ਮੈਂਬਰ ਵਜੋਂ ਭਾਰਤ ਦੀ ਦੋ ਵਰ੍ਹਿਆਂ ਦੀ ਮਿਆਦ ਪਹਿਲੀ ਜਨਵਰੀ 2021 ਤੋਂ ਸ਼ੁਰੂ ਹੋਵੇਗੀ। ਦੱਸਣਯੋਗ ਹੈ ਕਿ ਭਾਰਤ ਨੇ ਅੱਠਵੀਂ ਵਾਰ ਸੰਯੁਕਤ ਰਾਸ਼ਟਰ 'ਚ ਬੈਠਣ ਦਾ ਹੱਕ ਹਾਸਲ ਕੀਤਾ ਹੈ।

ਜਨਰਲ ਅਸੈਂਬਲੀ 'ਚ ਹੋਈ ਚੋਣ ਦੌਰਾਨ 192 ਮੈਂਬਰ ਦੇਸ਼ਾਂ ਦੇ ਸਫੀਰਾਂ ਨੇ ਕਰੋਨਾ ਲਾਗ ਤੋਂ ਬਚਾਅ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਵੋਟਾਂ ਪਾਈਆਂ। ਪੰਜ ਗੈਰ-ਸਥਾਈ ਸੀਟਾਂ ਦੇ ਲਈ ਚੋਣ ਅਮਲ ਮਗਰੋਂ ਆਏ ਨਤੀਜਿਆਂ ਮੁਤਾਬਕ ਭਾਰਤ ਨੇ 192 ਵਿਚੋਂ 184 ਵੋਟਾਂ ਹਾਸਲ ਕਰ ਕੇ ਏਸ਼ੀਆ-ਪ੍ਰਸ਼ਾਂਤ ਖਿੱਤੇ ਦੇ ਉਮੀਦਵਾਰ ਵਜੋਂ ਜਿੱਤ ਹਾਸਲ ਕੀਤੀ। ਹੁਣ 2021 'ਚ ਭਾਰਤ, ਨਾਰਵੇ, ਆਇਰਲੈਂਡ ਅਤੇ ਮੈਕਸੀਕੋ ਸ਼ਕਤੀਸ਼ਾਲੀ ਆਲਮੀ ਸੰਸਥਾ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ 'ਚ ਪੰਜ ਸਥਾਈ ਮੈਂਬਰਾਂ ਰੂਸ, ਚੀਨ, ਫਰਾਂਸ, ਯੂ.ਕੇ. ਅਤੇ ਅਮਰੀਕਾ ਤੋਂ ਇਲਾਵਾ ਅਸਥਾਈ ਮੈਂਬਰਾਂ ਅਸਤੋਨੀਆ, ਨਾਈਜਰ, ਸੇਂਟ ਵਿਨਸੈਂਟ, ਗ੍ਰੇਨੇਡੀਅਨ, ਟਿਊਨੀਸ਼ੀਆ ਤੇ ਵੀਅਤਨਾਮ ਨਾਲ ਬੈਠਣਗੇ।

ਇਸ ਤੋਂ ਪਹਿਲਾਂ ਭਾਰਤ 1950-51, 1967-68, 1972-73, 1977-78, 1984-85, 1991-92 ਅਤੇ 2011-12 'ਚ ਕੌਂਸਲ ਦਾ ਅਸਥਾਈ ਮੈਂਬਰ ਚੁਣਿਆ ਜਾ ਚੁੱਕਾ ਹੈ। ਭਾਰਤ 2021-22 ਦੇ ਕਾਰਜਕਾਲ ਲਈ ਏਸ਼ੀਆ ਪ੍ਰਸ਼ਾਂਤ ਖਿੱਤੇ 'ਚੋਂ ਅਸਥਾਈ ਸੀਟ ਲਈ 8 ਉਮੀਦਵਾਰ ਸੀ। ਭਾਰਤ ਦੀ ਉਮੀਦਵਾਰੀ ਨੂੰ ਚੀਨ ਅਤੇ ਪਾਕਿਸਤਾਨ ਸਮੇਤ 55 ਮੈਂਬਰੀ ਏਸ਼ੀਆ ਪ੍ਰਸ਼ਾਂਤ ਖਿੱਤੇ ਦੇ ਮੈਂਬਰਾਂ ਵੱਲੋਂ ਪਿਛਲੇ ਸਾਲ ਜੂਨ 'ਚ ਸਰਬਸੰਮਤੀ ਨਾਲ ਸਮਰਥਨ ਦਿੱਤਾ ਗਿਆ ਸੀ। ਭਾਰਤ ਦੀ ਜਿੱਤ ਇਸ ਲਈ ਵੀ ਯਕੀਨੀ ਸੀ ਕਿਉਂਕਿ ਇਸ ਖਿੱਤੇ ਦੀ ਇਕਲੌਤੀ ਸੀਟ ਲਈ ਉਹ ਇਕਲੌਤਾ ਦਾਅਵੇਦਾਰ ਸੀ, ਜਿਸ ਦਾ 2 ਸਾਲ ਦਾ ਕਾਰਜਕਾਲ 2021-22 ਲਈ ਹੋਵੇਗਾ। ਇਸ ਦੌਰਾਨ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਰੂਸ, ਚੀਨ, ਅਮਰੀਕਾ, ਫਰਾਂਸ ਤੇ ਯੂ.ਕੇ. ਵੱਲੋਂ ਭਾਰਤ ਸਮੇਤ ਸੁਰੱਖਿਆ ਪ੍ਰੀਸ਼ਦ ਦੇ ਚੁਣੇ ਗਏ ਅਸਥਾਈ ਮੈਂਬਰਾਂ ਨੂੰ ਵਧਾਈ ਦਿੱਤੀ ਗਈ ਹੈ।

# ਆਸਟਰੇਲੀਆ 'ਚ ਤਿੰਨ ਪੜਾਵਾਂ 'ਚ ਮਿਲੇਗੀ ਪਾਬੰਦੀਆਂ 'ਚ ਢਿੱਲ

**ਬ੍ਰਿਸਬੇਨ:** ਆਸਟਰੇਲੀਆ ਦੀ ਸੰਘੀ ਸਰਕਾਰ ਨੇ ਸਮੂਹ ਰਾਜਾਂ ਲਈ ਕਰੋਨਾ ਵਾਇਰਸ ਸਬੰਧੀ ਪਾਬੰਦੀਆਂ ਘਟਾਉਣ ਲਈ ਤਿੰਨ ਪੜਾਵਾਂ ਵਾਲੀ ਯੋਜਨਾ ਦਾ ਐਲਾਨ ਕੀਤਾ ਹੈ। ਨਾਲ ਹੀ ਇਹ ਵੀ ਕਿਹਾ ਹੈ ਕਿ ਸਕੂਲਾਂ ਨੂੰ ਖੋਲ੍ਹਣ ਤੇ ਪਾੜ੍ਹਿਆਂ ਦੀ ਸਮੁੱਚੀ ਪੜ੍ਹਾਈ ਸਬੰਧੀ ਫੈਸਲਾ ਰਾਜਾਂ ਕੋਲ ਰਾਖਵਾਂ ਹੋਵੇਗਾ। ਵੱਖ-ਵੱਖ ਸੂਬਿਆਂ ਦੀ ਤਰ੍ਹਾਂ ਸੂਬਾ ਕੁਈਨਜ਼ਲੈਂਡ ਵਿਚ ਪਹਿਲਾਂ ਹੀ ਸਮਾਰੋਹਾਂ ਲਈ 20 ਲੋਕਾਂ ਦੇ ਇਕੱਠ ਦੀ ਪ੍ਰਵਾਨਗੀ ਮਿਲ ਚੁੱਕੀ ਹੈ। ਰੈਸਤਰਾਂ, ਕੈਫੇ, ਪੱਬ, ਲਾਇਬਰੇਰੀ, ਤਲਾਅ, ਸੁੰਦਰਤਾ ਸਲੂਨ, ਰਜਿਸਟਰਡ ਤੇ ਲਾਇਸੈਂਸਸ਼ੁਦਾ ਕਲੱਬ, ਆਰ.ਐਸ.ਐਲ ਕਲੱਬ, ਆਊਟਬੈਕ ਰੈਸਤਰਾਂ, ਹੋਟਲ ਤੇ ਕੈਸੀਨੋ ਵਿਚ 20 ਲੋਕਾਂ ਦੇ ਇਕੱਠ ਦੀ ਹੱਦਬੰਦੀ ਅਜੇ ਵੀ ਲਾਗੂ ਰਹੇਗੀ ਪਰ ਇਨ੍ਹਾਂ ਸਥਾਨਾਂ ਦੇ ਪ੍ਰਬੰਧਕਾਂ ਲਈ ਕੋਵਿਡ-ਸੇਫ ਸੁਰੱਖਿਆ ਯੋਜਨਾ ਅਤੇ ਆਉਣ ਵਾਲੇ ਸਾਰੇ ਲੋਕਾਂ ਦਾ ਵੇਰਵਾ ਰੱਖਣਾ ਜ਼ਰੂਰੀ ਹੋਵੇਗਾ।

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਗਵਾਂਢੀ ਦੇਸ਼ਾਂ ਨਾਲ ਸਬੰਧਾਂ ਬਾਰੇ ਝੂਲਦੀ ਭਾਰਤ ਦੀ ਵਿਦੇਸ਼ ਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਐਨ ਉਦੋਂ, ਜਦੋਂ ਸਾਰਾ ਭਾਰਤ ਦੇਸ਼ ਸੰਸਾਰ ਭਰ ਵਿਚ ਫੈਲੀ ਹੋਈ ਕਰੋਨਾ ਵਾਇਰਸ ਦੀ ਮਹਾਮਾਰੀ ਨਾਲ ਲੜਨ ਰੁੱਝਾ ਪਿਆ ਸੀ, ਭਾਰਤ-ਚੀਨ ਵਿਚਾਲੇ ਅਸਲੀ ਕੰਟਰੋਲ ਰੇਖਾ ਉਤੇ ਅਚਾਨਕ ਹੋਈ ਖੂਨੀ ਟੱਕਰ ਨੇ ਸਭ ਦਾ ਧਿਆਨ ਖਿੱਚ ਲਿਆ ਹੈ। ਜਦੋਂ ਤੱਕ ਚੀਨ ਨਾਲ ਇਹ ਟੱਕਰ ਨਹੀਂ ਹੋਈ, ਚਰਚਾ ਦਾ ਵਿਸ਼ਾ ਓਨਾ ਚੀਨ ਨਹੀਂ, ਜਿੰਨਾ ਇਹ ਸੀ ਕਿ ਪਾਕਿਸਤਾਨ ਨਾਲ ਸਬੰਧਾਂ ਦੀ ਕੁੜੱਤਣ ਕਿਸੇ ਦਿਨ ਚੰਦ ਚਾੜ੍ਹ ਸਕਦੀ ਹੈ। ਤਣਾਓ ਜ਼ਰੂਰ ਚੀਨ ਵਾਲੀ ਕੰਟਰੋਲ ਰੇਖਾ ਉਤੇ ਸੀ, ਪਰ ਜਦੋਂ ਦੋਹਾਂ ਦੇਸ਼ਾਂ ਦੇ ਡਿਪਲੋਮੈਟਾਂ ਤੇ ਫਿਰ ਦੋਹਾਂ ਦੀਆਂ ਫੌਜਾਂ ਦੇ ਜਰਨੈਲਾਂ ਦੀਆਂ ਮੀਟਿੰਗਾਂ ਚੱਲਣ ਲੱਗ ਪਈਆਂ ਤਾਂ ਖਬਰਾਂ ਇਹ ਸਨ ਕਿ ਤਣਾਓ ਘਟ ਰਿਹਾ ਹੈ ਤੇ ਦੋਹਾਂ ਧਿਰਾਂ ਦੀ ਫੌਜ ਪਿੱਛੇ ਹਟਣ ਵਾਲੀ ਹੈ। ਅਚਾਨਕ ਸੋਮਵਾਰ ਰਾਤ ਜਦੋਂ ਦੋਹਾਂ ਧਿਰਾਂ ਦੀ ਝੜਪ ਦੀ ਖਬਰ ਆਈ ਤਾਂ ਪਤਾ ਲੱਗਾ ਕਿ ਭਾਰਤ ਦੇ ਵੀਹ ਫੌਜੀ ਉਥੇ ਮਾਰੇ ਗਏ ਹਨ। ਇਸ ਨਾਲ ਇੱਕਦਮ ਸਾਰੀ ਸਥਿਤੀ ਬਦਲ ਗਈ। ਅੱਜ ਕੋਈ ਇਹ ਆਖ ਰਿਹਾ ਹੈ ਕਿ ਚੀਨ ਨੂੰ ਸਬਕ ਸਿਖਾਉਣ ਲਈ ਕੁਝ ਕਰਨਾ ਚਾਹੀਦਾ ਹੈ, ਪਤਾ ਨਹੀਂ ਕੀ ਕਰਨਾ ਚਾਹੀਦਾ ਹੈ? ਕੋਈ ਕਹਿੰਦਾ ਹੈ ਕਿ ਚੀਨੀ ਮਾਲ ਦਾ ਬਾਈਕਾਟ ਕਰਨ ਦਾ ਵਕਤ ਆ ਗਿਆ ਹੈ। ਜਿਹੜੇ ਲੋਕ ਚੀਨੀ ਸਾਮਾਨ ਦੇ ਬਾਈਕਾਟ ਦੀਆਂ ਗੱਲਾਂ ਕਹਿੰਦੇ ਹਨ, ਉਹ ਹੱਥਾਂ ਵਿਚ ਚੀਨ ਦੇ ਬਣੇ ਮੋਬਾਈਲ ਸੈੱਟ ਫੜ ਕੇ ਚੀਨ ਦੇ ਖਿਲਾਫ ਬੋਲਦੇ ਹਾਸੋਹੀਣੇ ਲੱਗਦੇ ਹਨ। ਕੇਂਦਰ ਸਰਕਾਰ ਦੇ ਆਪਣੇ ਕਈ ਵਿਭਾਗਾਂ ਵਿਚ ਵੀ ਚੀਨੀ ਮਾਲ ਦੀ ਖੁੱਲ੍ਹੀ ਵਰਤੋਂ ਹੋਈ ਜਾਂਦੀ ਹੈ। ਚਲੋ ਜੋ ਵੀ ਹੋਵੇ, ਦੇਸ਼ ਸਰਕਾਰ ਦੇ ਨਾਲ ਖੜਾ ਹੈ, ਖੜਾ ਰਹੇਗਾ।

ਹਰ ਔਖੀ ਘੜੀ ਵਿਚ ਭਾਰਤ ਦੇ ਲੋਕ ਆਪਣੀ ਸਰਕਾਰ, ਚਾਹੇ ਕਿਸੇ ਵੀ ਪਾਰਟੀ ਦੀ ਹੋਵੇ, ਦੇ ਨਾਲ ਖੜੋਂਦੇ ਆਏ ਹਨ ਤੇ ਖੜੋਂਦੇ ਰਹਿਣਗੇ, ਪਰ ਇਹ ਗੱਲ ਕਈ ਵਾਰ ਸੋਚਣੀ ਪੈਂਦੀ ਹੈ ਕਿ ਭਾਰਤ ਦੀ ਆਪਣੇ ਗਵਾਂਢੀਆਂ ਨਾਲ ਸਬੰਧਾਂ ਦੀ ਅਸਲ ਵਿਚ ਨੀਤੀ ਕੀ ਹੈ? ਅੱਜ ਸਵਾਲ ਚੀਨ ਦਾ ਉਠ ਰਿਹਾ ਹੈ, ਪਿਛਲੇਰੇ ਹਫਤੇ ਤੱਕ ਸਵਾਲ ਪਾਕਿਸਤਾਨ ਵੱਲ ਨੀਤੀ ਦਾ ਸੀ। ਇਸ ਦੌਰਾਨ ਨੇਪਾਲ ਨਾਲ ਵੀ ਸਬੰਧਾਂ ਵਿਚ ਕੌੜ ਆ ਚੁਕੀ ਹੈ। ਇਹ ਸਾਰਾ ਕੁਝ ਇਸ ਵੇਲੇ ਦੀ ਸਰਕਾਰ ਦੇ ਦੌਰਾਨ ਹੀ ਨਹੀਂ ਹੋਇਆ, ਪਿਛਲੇ ਕਾਫੀ ਸਮੇਂ ਤੋਂ ਅਸੀਂ ਵੇਖਦੇ ਰਹੇ ਹਾਂ ਕਿ ਭਾਰਤ ਦੀ ਵਿਦੇਸ਼ ਨੀਤੀ ਸਮਝਣਾ ਬੜਾ ਮੁਸ਼ਕਿਲ ਹੋ ਜਾਂਦਾ ਹੈ। ਕਦੀ ਗਵਾਂਢੀ ਦੇਸ਼ਾਂ ਦੇ ਹਾਕਮਾਂ ਨਾਲ ਹੱਦ ਤੋਂ ਵੱਧ ਉਲਾਰ ਹੋ ਕੇ ਜੱਫੀਆਂ ਪਾਉਣ ਦਾ ਚੱਕਰ ਚੱਲ ਪੈਂਦਾ ਹੈ ਤੇ ਕਦੀ ਉਨ੍ਹਾਂ ਨਾਲ ਏਨੀ ਕੌੜ ਵਧ ਜਾਂਦੀ ਹੈ ਕਿ ਮਰਨ-ਮਾਰਨ ਤੱਕ ਗੱਲ ਪਹੁੰਚ ਜਾਂਦੀ ਹੈ। ਵਿਦੇਸ਼ ਨੀਤੀ ਦਾ ਇੱਕ ਜਾਂ ਦੂਜੇ ਪਾਸੇ ਦਾ ਉਲਾਰਪਣ ਇਸ ਦੇਸ਼ ਦੇ ਨਾਗਰਿਕਾਂ ਦੇ ਪੱਲੇ ਹੀ ਨਹੀਂ ਪੈਂਦਾ।

ਚੀਨ ਨਾਲ ਸਬੰਧਾਂ ਵਿਚ ਇੱਕ ਅਜੀਬ ਮੋੜ ਪੰਡਿਤ ਜਵਾਹਰ ਲਾਲ ਨਹਿਰੂ ਦੇ ਵਕਤ ਆਇਆ ਸੀ, ਜਦੋਂ ਪਹਿਲਾਂ ਦੋਹਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ-ਜਵਾਹਰ ਲਾਲ ਨਹਿਰੂ ਅਤੇ ਚੂ ਐਨ ਲਾਈ ਨੇ ਮੀਟਿੰਗਾਂ ਕੀਤੀਆਂ ਤੇ ਆਪਸੀ ਸਾਂਝ ਵਧਾਉਣ ਲਈ 'ਪੰਚ ਸ਼ੀਲ' ਵਾਲਾ ਸਿਧਾਂਤ ਦੋਹੀਂ ਪਾਸੀਂ ਚੁੱਕਿਆ ਸੀ। ਫਿਰ ਅਸਲ ਕੰਟਰੋਲ ਰੇਖਾ ਉਤੇ ਥੋੜ੍ਹੀ-ਥੋੜ੍ਹੀ ਖਹਿਬਾਜ਼ੀ ਤੋਂ ਚੱਲਦੀ ਗੱਲ ਜੰਗ ਤੱਕ ਚਲੀ ਗਈ। ਅੱਜ ਫਿਰ ਉਹੋ ਕੁਝ ਹੁੰਦਾ ਪਿਆ ਹੈ। ਨਹਿਰੂ ਦੇ ਵਕਤ ਜਿਨ੍ਹਾਂ ਜਨ ਸੰਘ ਵਾਲੇ ਆਗੂਆਂ ਨੇ ਪੰਚ-ਸ਼ੀਲ ਸਿਧਾਂਤ ਦਾ ਵਿਰੋਧ ਕੀਤਾ ਸੀ ਅਤੇ ਚੀਨ ਨਾਲ ਨੇੜ ਕਰਨ ਕਰ ਕੇ ਨਹਿਰੂ ਦੇ ਖਿਲਾਫ ਮੁਹਿੰਮ ਵੀ ਵਿੱਢ ਰੱਖੀ ਸੀ, ਸਾਲ 2014 ਵਿਚ ਜਦੋਂ ਉਸੇ ਜਨ ਸੰਘ ਵਾਲਿਆਂ ਦੇ ਨਵੇਂ ਰਾਜਸੀ ਜੁਗਾੜ ਭਾਰਤੀ ਜਨਤਾ ਪਾਰਟੀ ਦਾ ਨੇਤਾ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣ ਗਿਆ ਤਾਂ ਉਸ ਨੇ ਚੀਨ ਦੇ ਰਾਸ਼ਟਰਪਤੀ ਨੂੰ ਗੁਜਰਾਤ ਵਿਚ ਸੱਦ ਕੇ ਕਈ ਥਾਂ ਘੁਮਾਇਆ ਅਤੇ ਨਿਜੀ ਨੇੜ ਵਾਲਾ ਪ੍ਰਭਾਵ ਬਣਾ ਦਿੱਤਾ ਸੀ। ਫਿਰ ਦੋਵੇਂ ਕਈ ਵਾਰ ਮਿਲੇ ਅਤੇ ਕਈ ਵਾਰ ਤਿੱਖੀ ਕੌੜ ਦਾ ਸਮਾਂ ਵੀ ਆਇਆ। ਦੋਹਾਂ ਦੀ ਆਖਰੀ ਮੀਟਿੰਗ ਹਾਲੇ ਬੀਤੇ ਅਕਤੂਬਰ ਵਿਚ ਭਾਰਤ ਦੇ ਤਾਮਿਲਨਾਡੂ ਵਿਚਲੇ ਮੱਲਾਪੁਰਮ ਸ਼ਹਿਰ ਵਿਚ ਹੋਈ ਸੀ ਤੇ ਉਥੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਵਿਰਾਸਤੀ ਯਾਦਗਾਰਾਂ ਵਿਚ ਘੁਮਾਉਣ ਸਮੇਂ ਨਰਿੰਦਰ ਮੋਦੀ ਉਸ ਦੇ ਗਾਈਡ ਵਾਂਗ ਵਿਹਾਰ ਕਰਦੇ ਪਏ ਸਨ।

ਫਿਰ ਖਬਰ ਆਈ ਕਿ ਦੋਹਾਂ ਦੇਸ਼ਾਂ ਵਿਚ ਅੱਜ ਤੋਂ ਸੱਤਰ ਸਾਲ ਪਹਿਲਾਂ ਨਹਿਰੂ ਦੇ ਵਕਤ ਬਣੀ ਪਹਿਲੀ ਸਾਂਝ ਦੀ ਯਾਦ ਵਿਚ ਭਾਰਤ ਸਰਕਾਰ ਨੇ ਇੱਕ ਸਿੱਕਾ ਅਪਰੈਲ ਵਿਚ ਜਾਰੀ ਕਰਨਾ ਹੈ, ਜੋ ਦੋਹਾਂ ਦੇਸ਼ਾਂ ਦੀ ਮਿੱਤਰਤਾ ਦਾ ਸੰਦੇਸ਼ ਦੇਵੇਗਾ। ਅਚਾਨਕ ਕਰੋਨਾ ਦੀ ਮਾਰ ਨੇ ਹਾਲਾਤ ਨਾ ਬਦਲ ਦਿੱਤੇ ਹੁੰਦੇ ਤੇ ਮਾਰਚ ਵਿਚ ਸਭ ਕੁਝ ਠੱਪ ਨਾ ਹੋ ਗਿਆ ਹੁੰਦਾ ਤਾਂ ਇਸ ਵੇਲੇ ਲੋਕਾਂ ਕੋਲ ਭਾਰਤ-ਚੀਨ ਦੋਸਤੀ ਦੇ ਸਿੱਕੇ ਘੁੰਮਦੇ ਹੋਣੇ ਸਨ। ਅੱਜ ਸਾਂਝ ਵਾਲੇ ਸਿੱਕੇ ਦੀ ਥਾਂ ਭਾਰਤ-ਚੀਨ ਦੀ ਫੌਜੀ ਝੜਪ ਕਾਰਨ ਹਰ ਪਾਸੇ ਕੁੜੱਤਣ ਅਤੇ ਟਕਰਾਓ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਭਲਕ ਨੂੰ ਫਿਰ ਦੋਸਤੀ ਦੀ ਗੱਲ ਚੱਲ ਸਕਦੀ ਹੈ।

ਸਾਡੇ ਦੂਜੇ ਪਾਸੇ ਪਾਕਿਸਤਾਨ ਹੈ, ਜਿਸ ਬਾਰੇ ਜਨ ਸੰਘ ਵਾਲੇ ਦਿਨਾਂ ਤੋਂ ਸੰਘ ਪਰਿਵਾਰ ਨਾਲ ਜੁੜੇ ਲੋਕ ਇਹ ਕਹਿੰਦੇ ਰਹੇ ਸਨ ਕਿ ਉਸ ਨੂੰ ਸਬਕ ਸਿਖਾਉਣ ਦੀ ਲੋੜ ਹੈ। ਉਸ ਦੇਸ਼ ਦੇ ਵਾਸਤੇ ਵੀ ਭਾਰਤ ਦੀ ਵਿਦੇਸ਼ ਨੀਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਵਕਤ ਤੋਂ ਅੱਜ ਤੱਕ ਝੂਲਣੇ ਜਿਹੀ ਬਣੀ ਰਹੀ ਹੈ। ਨਰਿੰਦਰ ਮੋਦੀ ਨੇ ਜਦੋਂ ਪਹਿਲੀ ਵਾਰੀ ਪ੍ਰਧਾਨ ਮੰਤਰੀ ਬਣਨ ਵਾਸਤੇ ਦੌੜ ਲਾਈ ਸੀ, ਉਸ ਨੇ ਕਿਹਾ ਸੀ ਕਿ ਅਸੀਂ ਜਿੱਤਾਂਗੇ ਤਾਂ ਪਾਕਿਸਤਾਨ ਵਿਚ ਸੁੰਨ ਵਰਤ ਜਾਵੇਗੀ ਤੇ ਜੇ ਅਸੀਂ ਜਿੱਤ ਨਾ ਸਕੇ ਤਾਂ ਪਾਕਿਸਤਾਨ ਵਿਚ ਖੁਸ਼ੀ ਮਨਾਈ ਜਾਵੇਗੀ। ਚੋਣ ਜਿੱਤਣ ਪਿੱਛੋਂ ਆਪਣੇ ਸਹੁੰ ਚੁੱਕਣ ਵੇਲੇ ਉਸੇ ਨਰਿੰਦਰ ਮੋਦੀ ਨੇ ਜੋ ਵਿਦੇਸ਼ੀ ਮਹਿਮਾਨ ਉਚੇਚੇ ਸੱਦੇ, ਉਨ੍ਹਾਂ ਵਿਚ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਉਸ ਦੀ ਧੀ ਵੀ ਸਨ। ਉਸੇ ਪਾਕਿਸਤਾਨ ਦਾ, ਜਿਸ ਦੇ ਖਿਲਾਫ ਲਲਕਾਰੇ ਮਾਰ ਕੇ ਚੋਣ ਜਿੱਤੀ ਸੀ।

ਦੋ ਕੁ ਮਹੀਨੇ ਲੰਘੇ ਸਨ ਕਿ ਜੰਮੂ-ਕਸ਼ਮੀਰ ਵਿਚ ਕੰਟਰੋਲ ਰੇਖਾ ਉਤੇ ਰੋਜ਼ ਹੁੰਦੀ ਗੋਲੀਬਾਰੀ ਕਾਰਨ ਸਬੰਧ ਵਿਗੜਨ ਲੱਗ ਪਏ ਤੇ ਥੋੜ੍ਹਾ ਸਮਾਂ ਪਿੱਛੋਂ ਜਦੋਂ ਉਸੇ ਨਵਾਜ਼ ਸ਼ਰੀਫ ਨਾਲ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਸਾਰਕ ਦੇ ਸਾਂਝੇ ਮੰਚ ਦੌਰਾਨ ਇਕੱਠੇ ਹੋਏ ਤਾਂ ਦੋਹਾਂ ਨੇ ਨਾ ਹੱਥ ਮਿਲਾਏ ਸਨ ਤੇ ਨਾ ਅੱਖ ਮਿਲਾਈ ਸੀ। ਨਵਾਜ਼ ਸ਼ਰੀਫ ਬੋਲਣ ਵਾਸਤੇ ਗਿਆ ਤਾਂ ਸਾਡੇ ਪ੍ਰਧਾਨ ਮੰਤਰੀ ਨੇ ਆਪਣੇ ਮੂੰਹ ਅੱਗੇ ਅਖਬਾਰ ਕਰ ਲਈ ਸੀ। ਸਿਰਫ ਚੌਵੀ ਘੰਟੇ ਪਿੱਛੋਂ ਜਦੋਂ ਨੇਪਾਲ ਦੇ ਪ੍ਰਧਾਨ ਮੰਤਰੀ ਦੇ ਘਰ ਦੋਵੇਂ ਜਣੇ ਪ੍ਰੈਸ ਦੇ ਸਾਹਮਣੇ ਆਏ ਤਾਂ ਤੇਤੀ ਸੈਕਿੰਡ ਇੱਕ ਦੂਸਰੇ ਦਾ ਹੱਥ ਫੜ ਕੇ ਹਿਲਾਈ ਗਏ ਸਨ। ਪਿੱਛੋਂ ਇਹ ਪਤਾ ਲੱਗਾ ਕਿ ਸਟੀਲ ਦੇ ਇੱਕ ਕਾਰੋਬਾਰੀ ਨੇ ਅੱਧੀ ਰਾਤ ਵੇਲੇ ਦੋਹਾਂ ਦੀ ਮੀਟਿੰਗ ਕਰਵਾ ਦਿੱਤੀ ਸੀ ਤੇ ਉਸ ਨਾਲ ਕੌੜ ਮਿਟ ਗਈ ਹੈ, ਪਰ ਇਹ ਸਾਂਝ ਮਸਾਂ ਇੱਕ ਮਹੀਨਾ ਚੱਲੀ ਤੇ ਫਿਰ ਬੋਲਚਾਲ ਬੰਦ ਹੋ ਗਿਆ ਸੀ।

ਇਸ ਤੋਂ ਪਹਿਲਾਂ ਜਦੋਂ ਭਾਰਤ-ਪਾਕਿਸਤਾਨ ਵਿਚਾਲੇ ਬੱਸ ਚਲਾਉਣੀ ਸੀ, ਉਦੋਂ ਦੇ ਸਾਡੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਬਿਨਾ ਸੱਦੇ ਤੋਂ ਲਾਹੌਰ ਚਲੇ ਗਏ ਅਤੇ ਉਥੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਸਮਝੌਤਾ ਵੀ ਸਿਰੇ ਚਾੜ੍ਹ ਆਏ ਸਨ। ਹਾਲੇ ਲਾਹੌਰ ਐਲਾਨਨਾਮੇ ਨੂੰ ਤਿੰਨ ਮਹੀਨੇ ਨਹੀਂ ਸਨ ਬੀਤੇ ਕਿ ਕਾਰਗਿਲ ਦੀਆਂ ਪਹਾੜੀਆਂ ਉਤੇ ਜੰਗ ਲੜਨੀ ਪੈ ਗਈ ਸੀ। ਫਿਰ ਨਵਾਜ਼ ਸ਼ਰੀਫ ਦਾ ਤਖਤਾ ਪਲਟ ਕੇ ਉਹ ਹੀ ਜਨਰਲ ਮੁਸ਼ੱਰਫ ਮੁਖੀਆ ਬਣ ਗਿਆ, ਜਿਸ ਨੇ ਕਾਰਗਿਲ ਦੀ ਜੰਗ ਛੇੜੀ ਸੀ। ਵਾਜਪਾਈ ਸਰਕਾਰ ਨੇ ਕਿਹਾ ਕਿ ਉਸ ਨਾਲ ਅਸੀਂ ਕੋਈ ਸਾਂਝ ਨਹੀਂ ਪਾ ਸਕਦੇ, ਪਰ ਮਸਾਂ ਇੱਕ ਸਾਲ ਲੰਘਿਆ ਸੀ ਅਤੇ ਉਸੇ ਜਨਰਲ ਮੁਸ਼ੱਰਫ ਨੂੰ ਦਿੱਲੀ ਸੱਦ ਕੇ ਉਸ ਦੇ ਜਨਮ ਵਾਲੇ ਘਰ ਨਹਿਰ ਵਾਲੀ ਹਵੇਲੀ ਦੇ ਦਰਸ਼ਨ ਵੀ ਕਰਵਾਏ ਤੇ ਆਗਰੇ ਦਾ ਤਾਜ ਮਹਿਲ ਵੀ ਵਿਖਾ ਕੇ ਸਮਝੌਤਾ ਹੋ ਜਾਣ ਦੀ ਆਸ ਕੀਤੀ ਸੀ। ਦੁੱਧ ਚੋਣ ਵੇਲੇ ਜਿਵੇਂ ਗਾਂ ਛੜ ਮਾਰ ਕੇ ਟਾਲ ਦਿੰਦੀ ਹੈ, ਉਦੋਂ ਉਥੇ ਲਿਖੇ ਪਏ ਸਮਝੌਤੇ ਉਤੇ ਦਸਤਖਤ ਕਰਨ ਤੋਂ ਨਾਂਹ ਕਰ ਕੇ ਮੁਸ਼ੱਰਫ ਅੱਧੀ ਰਾਤ ਨੂੰ ਪਾਕਿਸਤਾਨ ਨੂੰ ਉਡਾਰੀ ਲਾ ਗਿਆ ਸੀ ਤਾਂ ਭਾਰਤ ਵਿਚ ਫਿਰ ਕੁੜੱਤਣ ਦਾ ਦੌਰ ਸ਼ੁਰੂ ਹੋ ਗਿਆ ਸੀ। ਇਹ ਦੌਰ ਭਾਰਤ ਵਿਚ ਪਹਿਲਾਂ ਵੀ ਕਈ ਵਾਰੀ ਆਇਆ ਹੈ ਅਤੇ ਅਗਾਂਹ ਵੀ ਆਉਂਦਾ ਰਹਿਣਾ ਹੈ।


ਨੇਪਾਲ ਸਾਡਾ ਮਿੱਤਰ ਦੇਸ਼ ਹੈ। ਇਸ ਵਕਤ ਕੁਝ ਕੌੜ ਹੈ ਤਾਂ ਦੁਸ਼ਮਣਾਂ ਵਿਚ ਨਹੀਂ ਗਿਣ ਲੈਣਾ ਚਾਹੀਦਾ। ਪ੍ਰਧਾਨ ਮੰਤਰੀ ਦੀ ਜ਼ਿੰਮੇਵਾਰੀ ਸੰਭਾਲ ਕੇ ਨਰਿੰਦਰ ਮੋਦੀ ਨੇ ਸਭ ਤੋਂ ਪਹਿਲਾ ਦੌਰਾ ਏਸੇ ਨੇਪਾਲ ਦਾ ਕੀਤਾ ਅਤੇ ਸਦੀਆਂ ਪੁਰਾਣੇ ਭਾਰਤ-ਨੇਪਾਲ ਸਬੰਧ ਅੱਗੇ ਵਧਾਉਣ ਦਾ ਐਲਾਨ ਕੀਤਾ ਸੀ। ਮਗਰੋਂ ਕੁਝ ਮੁੱਦਿਆਂ ਉਤੇ ਕੁੜੱਤਣ ਆ ਗਈ ਤਾਂ ਸਦੀਆਂ ਦੀ ਸਾਂਝ ਨੂੰ ਟੁੱਟ ਗਿਆ ਨਹੀਂ ਮੰਨ ਲੈਣਾ ਚਾਹੀਦਾ। ਮੋੜਾ ਪੈਣ ਦੀ ਗੁੰਜਾਇਸ਼ ਅਜੇ ਵੀ ਰੱਖਣੀ ਚਾਹੀਦੀ ਹੈ।

ਬੰਗਲਾ ਦੇਸ਼ ਨਾਲ ਨਰਿੰਦਰ ਮੋਦੀ ਸਰਕਾਰ ਨੇ ਇੱਕ ਸਮਝੌਤਾ ਕੀਤਾ ਸੀ ਤੇ ਠੀਕ ਕੀਤਾ ਸੀ। ਇਸ ਸਮਝੌਤੇ ਦਾ ਦੂਜਾ ਪੱਖ ਇਹ ਹੈ ਕਿ ਇਸ ਦਾ ਸਾਰਾ ਖਰੜਾ ਪਿਛਲੀ ਡਾ. ਮਨਮੋਹਨ ਸਿੰਘ ਵਾਲੀ ਸਰਕਾਰ ਨੇ ਬਣਾਇਆ ਸੀ ਤੇ ਜਦੋਂ ਦੋਹਾਂ ਦੇਸ਼ਾਂ ਵੱਲੋਂ ਦਸਤਖਤਾਂ ਲਈ ਪੇਸ਼ ਕਰਨਾ ਸੀ ਤਾਂ ਭਾਜਪਾ ਨੇ ਇਸ ਦਾ ਵਿਰੋਧ ਕੀਤਾ ਸੀ। ਭਾਜਪਾ ਦੇ ਨਰਿੰਦਰ ਮੋਦੀ ਦੀ ਸਰਕਾਰ ਨੇ ਉਹੀ ਸਮਝੌਤਾ ਬੰਗਲਾ ਦੇਸ਼ ਨਾਲ ਕਰ ਲਿਆ ਤੇ ਇਨ੍ਹਾਂ ਦੀ ਵਿਦੇਸ਼ ਮੰਤਰੀ ਬਣਨ ਪਿੱਛੋਂ ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਪਾਰਲੀਮੈਂਟ ਵਿਚ ਪੇਸ਼ ਕਰਦੇ ਸਮੇਂ ਕਿਹਾ ਸੀ ਕਿ ਇਹ ਇੰਨ ਬਿੰਨ ਉਹੀ ਖਰੜਾ ਹੈ, ਜੋ ਪਿਛਲੀ ਸਰਕਾਰ ਨੇ ਤਿਆਰ ਕੀਤਾ ਸੀ, ਅਸੀਂ ਕੋਈ ਕੌਮਾ, ਬਿੰਦੀ ਵੀ ਨਹੀਂ ਬਦਲੀ। ਜਦੋਂ ਪਿਛਲੀ ਸਰਕਾਰ ਨੇ ਉਹ ਹੀ ਸਮਝੌਤਾ ਤਿਆਰ ਕੀਤਾ ਸੀ, ਜੋ ਨਰਿੰਦਰ ਮੋਦੀ ਸਰਕਾਰ ਨੇ ਲਾਗੂ ਕੀਤਾ ਸੀ, ਉਸ ਦੇ ਵਿਰੋਧ ਵਿਚ ਉਸੇ ਸੁਸ਼ਮਾ ਸਮਰਾਜ ਨੇ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿਚ ਚੋਖੀ ਦੁਹਾਈ ਪਾਈ ਸੀ। ਜੇ ਸਮਝੌਤਾ ਠੀਕ ਸੀ, ਫਿਰ ਉਦੋਂ ਹੀ ਹੋ ਲੈਣ ਦੇਣਾ ਚਾਹੀਦਾ ਸੀ ਤੇ ਜੇ ਇਹ ਸਮਝੌਤਾ ਭਾਰਤ ਦੇ ਹਿੱਤਾਂ ਲਈ ਠੀਕ ਨਹੀਂ ਸੀ ਤਾਂ ਭਾਜਪਾਈ ਰਾਜ ਦੇ ਵਕਤ ਵੀ ਨਹੀਂ ਸੀ ਕੀਤਾ ਜਾਣਾ ਚਾਹੀਦਾ। ਲੋਕਾਂ ਨੂੰ ਇਸ ਵਿਹਾਰ ਦਾ ਵੀ ਕੋਈ ਕਾਰਨ ਸਮਝ ਨਹੀਂ ਸੀ ਆ ਸਕਿਆ।

ਕਿਸੇ ਵੀ ਦੇਸ਼ ਦੀ ਵਿਦੇਸ਼ ਨੀਤੀ ਦੀ ਕੋਈ ਪੱਕੀ ਸੇਧ ਹੁੰਦੀ ਹੈ, ਪਰ ਭਾਰਤ ਦੀ ਵਿਦੇਸ਼ ਨੀਤੀ ਆਜ਼ਾਦੀ ਮਿਲਣ ਦੇ ਦਿਨ ਤੋਂ ਕਿਸੇ ਵੀ ਸਮੇਂ ਏਨੀ ਸਾਫ ਨਹੀਂ ਰਹੀ, ਜਿੰਨੀ ਹੋਣੀ ਚਾਹੀਦੀ ਹੈ। ਇਹ ਹਮੇਸ਼ਾ ਝੂਲੇ ਵਾਂਗ ਝੂਲਦੀ ਦਿਖਾਈ ਦਿੰਦੀ ਹੈ। ਕਦੀ ਇਹ ਹੱਦੋਂ ਵੱਧ ਉਲਾਰ ਨੀਤੀ ਦਾ ਪ੍ਰਭਾਵ ਦਿੰਦੀ ਹੈ, ਕਦੀ ਸਿਰੇ ਦੀ ਕੁੜੱਤਣ ਦਾ। ਦੂਜੇ ਪਾਸੇ ਭਾਰਤ ਦੇ ਲੋਕਾਂ ਦੀ ਦੇਸ਼ ਭਗਤੀ ਦੀ ਧੜਕਣ ਸਦਾ ਇੱਕ ਸਾਰ ਰਹੀ ਹੈ।

ਮਹਾਭਾਰਤ ਦੇ ਵਕਤ ਇੱਕ ਪਾਸੇ ਸੌ ਕੌਰਵ ਤੇ ਦੂਜੇ ਪਾਸੇ ਪੰਜ ਪਾਂਡਵਾਂ ਦੇ ਦੋ ਧੜੇ ਆਪਸ ਵਿਚ ਲੜ ਰਹੇ ਸਨ। ਦੇਸ਼ ਵਿਚ ਖਾਨਾ-ਜੰਗੀ ਵੇਖ ਕੇ ਵਿਦੇਸ਼ੀ ਤਾਕਤ ਨੇ ਹਮਲਾ ਕਰਨ ਦੀ ਸਾਜ਼ਿਸ਼ ਘੜੀ ਤਾਂ ਪੰਜਾਂ ਪਾਂਡਵਾਂ ਨੇ ਕੌਰਵਾਂ ਨੂੰ ਚਿੱਠੀ ਭੇਜੀ ਸੀ ਕਿ ਆਪੋ ਵਿਚ ਲੜਨ ਲਈ ਤੁਸੀਂ ਸੌ ਤੇ ਅਸੀਂ ਪੰਜ ਹਾਂ, ਪਰ ਜਦੋਂ ਵਿਦੇਸ਼ੀ ਤਾਕਤ ਨਾਲ ਭੇੜ ਦਾ ਸਵਾਲ ਹੋਵੇ ਤਾਂ ਤੁਸੀਂ ਸੌ ਅਤੇ ਅਸੀਂ ਪੰਜ ਨਹੀਂ, ਸਾਰੇ ਮਿਲ ਕੇ ਇੱਕ ਸੌ ਪੰਜ ਬਣ ਕੇ ਮੈਦਾਨ ਵਿਚ ਡਟਾਂਗੇ। ਭਾਰਤ ਦੇ ਲੋਕ ਅੱਜ ਵੀ ਉਸੇ ਨੀਤੀ ਦੇ ਧਾਰਨੀ ਹਨ। ਆਪਸ ਵਿਚ ਰਾਜਨੀਤੀ ਵਾਲੇ ਮੱਤਭੇਦ ਹਜ਼ਾਰਾਂ ਹੋਣਗੇ ਅਤੇ ਹਮੇਸ਼ਾ ਰਹਿਣਗੇ, ਪਰ ਜਦੋਂ ਸਵਾਲ ਦੇਸ਼ ਦੀ ਰਾਖੀ ਦਾ ਹੋਵੇ, ਸਰਕਾਰ ਦੇ ਨਾਲ ਸਾਰੇ ਦੇਸ਼ ਦੇ ਲੋਕ ਖੜੇ ਦਿਖਾਈ ਦੇਣਗੇ। ਸਰਕਾਰ ਦੀ ਵਿਦੇਸ਼ ਨੀਤੀ ਵਿਚ ਉਲਝਣਾਂ ਦਾ ਸਵਾਲ ਫਿਰ ਵੀ ਖੜਾ ਰਹੇਗਾ।





# ਕਰੋਨਾ ਦੇ ਨਾਲ ਹੁਣ ਪੈਟਰੋਲ ਦੀ ਮਹਿੰਗਾਈ ਦੀ ਮਾਰ

ਅੱਬਾਸ ਧਾਲੀਵਾਲ, ਮਲੇਰਕੋਟਲਾ


ਕੌਮਾਂਤਰੀ ਪੱਧਰ 'ਤੇ ਬੇਸ਼ੱਕ ਕੱਚੇ ਤੇਲ ਦੀਆਂ ਕੀਮਤਾਂ ਵਿਚ ਪਿਛਲੇ ਕਈ ਸਾਲਾਂ ਤੋਂ ਗਿਰਾਵਟ ਵੇਖਣ ਨੂੰ ਮਿਲ ਰਹੀ ਹੈ, ਪਰ ਇਸ ਦੇ ਬਾਵਜੂਦ ਭਾਰਤ ਵਿਚ ਲੋਕਾਂ ਨੂੰ ਇਸ ਦਾ ਕੋਈ ਲਾਭ ਨਹੀਂ ਮਿਲ ਰਿਹਾ। ਹੁਣ ਜਦੋਂ ਕਿ ਪਿਛਲੇ ਦੋ-ਢਾਈ ਮਹੀਨਿਆਂ ਤੋਂ ਵੱਖ ਵੱਖ ਦੇਸ਼ਾਂ ਵਿਚ ਲੌਕਡਾਊਨ ਅਤੇ ਪਿਛਲੇ ਦਿਨੀਂ ਸਾਊਦੀ ਅਰਬ ਤੇ ਰੂਸ ਵਿਚਾਲੇ ਕੱਚੇ ਤੇਲ ਦੀਆਂ ਕੀਮਤਾਂ ਘਟਾਉਣ ਨੂੰ ਲੈ ਕੇ ਹੋਏ ਵਿਵਾਦ ਦੇ ਚਲਦਿਆਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਜਿਵੇਂ ਇਕ ਵਾਰ ਤਾਂ ਅਰਸ਼ ਤੋਂ ਫਰਸ਼ 'ਤੇ ਆ ਗਈਆਂ ਸਨ, ਚਾਹੀਦਾ ਤਾਂ ਇਹ ਸੀ ਕਿ ਸਰਕਾਰ ਇਨ੍ਹਾਂ ਘੱਟ ਹੋਈਆਂ ਕੀਮਤਾਂ ਦਾ ਫਾਇਦਾ ਕਰੋਨਾ ਦੀ ਮਾਰ ਝੱਲ ਰਹੇ ਦੇਸ਼ ਦੇ ਲੋਕਾਂ ਨੂੰ ਪਹੁੰਚਾ ਕੇ ਕੁਝ ਰਾਹਤ ਦਿੰਦੀ, ਪਰ ਅਜਿਹਾ ਨਾ ਕਰਦਿਆਂ ਸਗੋਂ ਪੈਟਰੋਲ, ਡੀਜ਼ਲ 'ਤੇ ਹੋਰ ਵਾਧੂ ਟੈਕਸ ਲਾ ਕੇ ਮਹਿੰਗੇ ਭਾਅ ਵੇਚਿਆ ਗਿਆ।

ਹੁਣ ਪਿਛਲੇ ਦਿਨਾਂ ਦੌਰਾਨ ਲਗਾਤਾਰ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਕੀਤਾ ਗਿਆ ਹੈ। ਭਾਵੇਂ ਕਰੋਨਾ ਪ੍ਰਕੋਪ ਦੇ ਚਲਦਿਆਂ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਹੇਠਾਂ ਆ ਗਈਆਂ ਹਨ, ਪਰ ਇਸ ਦੇ ਬਾਵਜੂਦ ਦੇਸ਼ 'ਚ ਪਿਛਲੇ ਕਾਫੀ ਦਿਨਾਂ ਤੋਂ ਲਗਾਤਾਰ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਜੋ ਵਾਧਾ ਵੇਖਣ ਨੂੰ ਮਿਲ ਰਿਹਾ ਹੈ, ਉਸ ਨਾਲ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਹਾਮਾਰੀ ਦੌਰਾਨ ਲੋਕਾਂ ਨੂੰ ਮਹਿੰਗਾਈ ਦੀ ਮਾਰ ਵੀ ਝੱਲਣੀ ਪੈ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਕੀਮਤਾਂ ਦੀ ਸਮੀਖਿਆ 82 ਦਿਨਾਂ ਤਕ ਮੁਲਤਵੀ ਰੱਖਣ ਪਿਛੋਂ ਲਗਾਤਾਰ 7ਵੇਂ-8ਵੇਂ ਦਿਨ ਵੀ ਪੈਟਰੋਲ ਤੇ ਡੀਜ਼ਲ ਮਹਿੰਗਾ ਹੋਇਆ ਹੈ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨੂੰ ਲੈ ਕੇ ਵਿਰੋਧੀ ਧਿਰ ਕਾਂਗਰਸ ਨੇ ਕੇਂਦਰ ਦੀ ਮੌਜੂਦਾ ਸਰਕਾਰ ਨੂੰ ਘੇਰਿਆ ਹੈ। ਕਾਂਗਰਸ ਨੇ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਪੈਟਰੋਲ ਤੇ ਡੀਜ਼ਲ 'ਤੇ ਟੈਕਸ ਲਾ ਕੇ ਆਮ ਆਦਮੀ 'ਤੇ ਬੋਝ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ 5 ਮਾਰਚ ਤੋਂ ਲੈ ਕੇ ਹੁਣ ਤੱਕ ਢਾਈ ਲੱਖ ਕਰੋੜ ਰੁਪਏ ਤੋਂ ਵੀ ਵੱਧ ਕਮਾ ਲਏ ਹਨ।

ਇਸ ਦਾ ਖੁਲਾਸਾ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀ ਕੀਮਤ ਡਿੱਗਦੀ ਜਾ ਰਹੀ ਹੈ ਤੇ ਇਹ ਪਿਛਲੇ 15 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ, ਪਰ ਫਿਰ ਵੀ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਭਾਰਤ ਵਿਚ ਅਸਮਾਨੀਂ ਚੜ੍ਹ ਰਹੀਆਂ ਹਨ। ਉਨ੍ਹਾਂ ਕਿਹਾ, "ਸਰਕਾਰ ਨੇ ਛੇ ਦਿਨਾਂ ਵਿਚ ਹੀ ਪੈਟਰੋਲ ਅਤੇ ਡੀਜ਼ਲ ਦੇ ਭਾਅ ਵਧਾ ਕੇ 44 ਹਜ਼ਾਰ ਕਰੋੜ ਰੁਪਏ ਕਮਾਏ ਹਨ।"

ਸਿੱਬਲ ਨੇ ਇਹ ਵੀ ਕਿਹਾ ਕਿ ਜੇ ਸਰਕਾਰ ਦੇ ਮਨ 'ਚ ਆਮ ਆਦਮੀ ਪ੍ਰਤੀ ਥੋੜ੍ਹੀ ਜਿਹੀ ਵੀ ਹਮਦਰਦੀ ਹੁੰਦੀ ਤਾਂ ਪ੍ਰਧਾਨ ਮੰਤਰੀ ਕੰਪਨੀਆਂ ਤੇ ਸਰਕਾਰ ਨੂੰ ਲਾਭ ਪਹੁੰਚਾਉਣ ਦੀ ਥਾਂ ਤੇਲ ਕੀਮਤਾਂ ਘਟਾ ਕੇ ਲੋਕਾਂ ਦੀ ਮਦਦ ਕਰਦੇ। ਉਨ੍ਹਾਂ ਕਿਹਾ ਜਦੋਂ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀ ਕੀਮਤ 106.85 ਡਾਲਰ ਸੀ ਤਾਂ ਪਹਿਲੀ ਮਈ 2014 'ਚ ਦਿੱਲੀ 'ਚ ਪੈਟਰੋਲ 71.41 ਰੁਪਏ 'ਤੇ ਵਿਕ ਰਿਹਾ ਸੀ, ਜਦੋਂ ਕਿ ਹੁਣ ਇਸ ਦਾ ਮੁੱਲ 75 ਤੋਂ 82 ਰੁਪਏ ਪ੍ਰਤੀ ਲਿਟਰ ਹੈ।



ਵਿਰੋਧੀ ਧਿਰ ਕਾਂਗਰਸ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਨੂੰ ਲੈ ਕੇ ਇਹ ਵੀ ਦੋਸ਼ ਲਾਇਆ ਹੈ ਕਿ ਸਰਕਾਰ ਲਗਾਤਾਰ ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ ਵਧਾ ਰਹੀ ਹੈ, ਕਿਉਂਕਿ ਉਸ ਕੋਲ ਆਮਦਨ ਦਾ ਕੋਈ ਦੂਜਾ ਸਾਧਨ ਨਹੀਂ ਹੈ।

ਇਸ ਸੰਦਰਭ ਵਿਚ ਪਾਰਟੀ ਦੇ ਸੀਨੀਅਰ ਆਗੂ ਕਪਿਲ ਸਿੱਬਲ ਨੇ ਦਾਅਵਾ ਵੀ ਕੀਤਾ ਕਿ ਕਰੋਨਾ ਸੰਕਟ ਸਮੇਂ ਵੀ ਭਾਰਤ 'ਚ ਪੈਟਰੋਲ 'ਤੇ ਟੈਕਸ ਦੁਨੀਆਂ 'ਚ ਸਭ ਤੋਂ ਵੱਧ ਕਰੀਬ 69 ਫੀਸਦੀ (ਬੰਗਲਾਦੇਸ਼ ਤੋਂ ਬਾਅਦ) ਹੈ ਅਤੇ ਸਰਕਾਰ ਆਮ ਲੋਕਾਂ ਨੂੰ ਕੋਈ ਰਾਹਤ ਨਹੀਂ ਦੇ ਰਹੀ। ਸਰਕਾਰੀ ਤੇਲ ਕੰਪਨੀਆਂ ਦੇ ਮੁੱਲ ਨੋਟੀਫਿਕੇਸ਼ਨ ਮੁਤਾਬਕ ਦਿੱਲੀ 'ਚ ਪੈਟਰੋਲ ਦੀ ਕੀਮਤ 74.57 ਰੁਪਏ ਪ੍ਰਤੀ ਲੀਟਰ ਤੋਂ ਵੱਧ ਕੇ 79.56 ਰੁਪਏ ਪ੍ਰਤੀ ਲੀਟਰ ਹੋ ਗਈ, ਉਥੇ ਹੀ ਡੀਜ਼ਲ ਦੀ ਕੀਮਤ ਵੀ ਵਧ ਗਈ ਹੈ। ਸਰਕਾਰ ਆਪਣਾ ਖਜਾਨਾ ਭਰ ਰਹੀ ਹੈ, ਪਰ ਬੋਝ ਆਮ ਲੋਕਾਂ 'ਤੇ ਪੈ ਰਿਹਾ ਹੈ।

ਇਸ ਦੇ ਨਾਲ ਹੀ ਸਿੱਬਲ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਦੇਸ਼ ਦੀ ਆਰਥਕ ਸਥਿਤੀ ਬਾਰੇ ਸਹੀ ਜਾਣਕਾਰੀ ਨਹੀਂ ਹੈ, ਇਸ ਲਈ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾ ਲਗਾਤਾਰ ਵਧਾਈਆਂ ਜਾ ਰਹੀਆਂ ਹਨ। ਸਰਕਾਰ ਕੋਲ ਮਾਲੀਏ ਦਾ ਕੋਈ ਸਾਧਨ ਨਹੀਂ ਹੈ, ਇਸ ਲਈ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾ ਰਹੀਆਂ ਹਨ।

ਪੰਜਾਬ ਟਾਈਮਜ਼

ਸਨਿੱਚਰਵਾਰ, 27 ਜੂਨ 2020

## ਬੇਕਿਰਕ ਸਿਆਸਤ

ਸੱਚਮੁੱਚ ਸੰਸਾਰ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਪੰਜਾਬ ਤੋਂ ਲੈ ਕੇ ਇਸ ਵਕਤ ਸੰਸਾਰ ਦੇ ਸਭ ਤੋਂ ਤਾਕਤਵਰ ਮੰਨੇ ਜਾਂਦੇ ਮੁਲਕ ਅਮਰੀਕਾ ਵਿਚ ਉਥਲ-ਪੁਥਲ ਚੱਲ ਰਹੀ ਹੈ। ਤੇਜ਼ ਰਫਤਾਰ ਵਾਲੀ 21ਵੀਂ ਸਦੀ ਦਾ ਦੂਜਾ ਦਹਾਕਾ ਮੁੱਕਣ 'ਤੇ ਆਇਆ ਹੈ ਤਾਂ ਸੰਸਾਰ ਭਰ ਵਿਚ ਜਮਹੂਰੀਅਤ ਦੀ ਪਰਿਭਾਸ਼ਾ ਬਦਲ ਰਹੀ ਹੈ ਅਤੇ ਇਹ ਸਿਰਫ ਚੋਣਾਂ ਦੁਆਲੇ ਸਿਮਟਦੀ ਪ੍ਰਤੀਤ ਹੋ ਰਹੀ ਹੈ। ਇਸ ਦਾ ਆਭਾਸ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਵੀਜ਼ਿਆਂ ਬਾਰੇ ਜਾਰੀ ਨਵੇਂ ਹੁਕਮਾਂ ਤੋਂ ਭਲੀ-ਭਾਂਤ ਹੋ ਜਾਂਦਾ ਹੈ। ਟਰੰਪ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਨਵੰਬਰ ਵਿਚ ਹੋ ਰਹੀਆਂ ਚੋਣਾਂ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਮੁੜ ਮੈਦਾਨ ਵਿਚ ਹਨ। ਇਸ ਵਕਤ ਮੁਲਕ ਅੰਦਰ ਜੋ ਮਾਹੌਲ ਹੈ, ਉਹ ਬਹੁਤਾ ਉਨ੍ਹਾਂ ਦੇ ਹੱਕ ਵਿਚ ਨਹੀਂ ਜਾਪਦਾ। ਅਸਲ ਵਿਚ ਪਹਿਲਾਂ ਕਰੋਨਾ ਵਾਇਰਸ ਅਤੇ ਫਿਰ ਸਿਆਹਫਾਮ ਜੌਰਜ ਫਲਾਇਡ ਦੀ ਮੌਤ ਤੋਂ ਬਾਅਦ ਜੋ ਮਾਹੌਲ ਬਣਿਆ ਹੈ, ਉਸ ਨੇ ਰਾਸ਼ਟਰਪਤੀ ਦੀ ਸਾਖ ਨੂੰ ਖੋਰਾ ਲਾਇਆ ਹੈ। ਇਸੇ ਕਰ ਕੇ ਸਿਆਸੀ ਵਿਸ਼ਲੇਸ਼ਕ ਟਰੰਪ ਦੇ ਐਲਾਨੇ ਨਵੇਂ ਹੁਕਮਾਂ ਨੂੰ ਰਾਸ਼ਟਰਪਤੀ ਚੋਣਾਂ ਨਾਲ ਜੋੜ ਰਹੇ ਹਨ। ਪਿਛਲੀ ਵਾਰ ਵੀ ਡੋਨਲਡ ਟਰੰਪ ਹੋਰ ਮਸਲਿਆਂ ਦੇ ਨਾਲ-ਨਾਲ 'ਆਪਣੇ ਲੋਕਾਂ' ਨੂੰ ਵੱਧ ਰੁਜ਼ਗਾਰ ਦਾ ਮੁੱਦਾ ਲੈ ਕੇ ਮੈਦਾਨ ਵਿਚ ਨਿੱਤਰਿਆ ਸੀ। ਇਸ ਨੇ ਉਸ ਦੀ ਚੋਣ ਮੁਹਿੰਮ ਨਾਲ ਉਹ ਵੋਟਰ ਜੋੜ ਦਿੱਤੇ ਸਨ, ਜਿਨ੍ਹਾਂ ਨੂੰ ਜਾਪਦਾ ਸੀ ਕਿ ਉਨ੍ਹਾਂ ਦਾ ਰੁਜ਼ਗਾਰ ਬਾਹਰੋਂ ਆ ਰਹੇ ਪਰਵਾਸੀਆਂ ਕਾਰਨ ਖੁੱਸ ਰਿਹਾ ਹੈ। ਹੁਣ ਵਾਲੇ ਹੁਕਮਾਂ ਵਿਚ ਵੀ ਟਰੰਪ ਨੇ ਇਹੀ ਸੁਨੇਹਾ ਸੁੱਟਣ ਦਾ ਯਤਨ ਕੀਤਾ ਹੈ ਕਿ ਉਸ ਨੂੰ 'ਆਪਣੇ ਲੋਕਾਂ' ਦੇ ਰੁਜ਼ਗਾਰ ਬਾਰੇ ਕਿੰਨਾ ਫਿਕਰ ਹੈ!

ਭਾਰਤੀ ਹੁਕਮਰਾਨ ਵੀ ਕਰੋਨਾ ਦੇ ਮਸਲੇ 'ਤੇ ਬਹੁਤ ਕਸੂਤੇ ਫਸੇ ਹੋਏ ਹਨ। ਚੁਫੇਰਿਓਂ ਇਹੀ ਅਵਾਜ਼ਾਂ ਉਠ ਰਹੀਆਂ ਹਨ ਕਿ ਜਿਸ ਤਰ੍ਹਾਂ ਮੋਦੀ ਸਰਕਾਰ ਨੇ ਚਾਰ ਸਾਲ ਪਹਿਲਾਂ ਬਿਨਾ ਇੰਤਜ਼ਾਮ ਤੋਂ ਨੋਟਬੰਦੀ ਦਾ ਐਲਾਨ ਕਰ ਦਿੱਤਾ ਸੀ, ਕਰੋਨਾ ਦੇ ਮਾਮਲੇ ਵਿਚ ਵੀ ਅਜਿਹਾ ਹੀ ਕੀਤਾ ਗਿਆ। ਸੰਕਟ ਸਿਰ 'ਤੇ ਚੜ੍ਹਿਆ ਆ ਰਿਹਾ ਸੀ ਅਤੇ ਸਰਕਾਰ ਨੇ ਇੰਤਜ਼ਾਮ ਦੇ ਪੱਖ ਤੋਂ ਕੁਝ ਵੀ ਨਹੀਂ ਕੀਤਾ। ਭਾਰਤ ਵਿਚ ਕਰੋਨਾ ਦਾ ਪਹਿਲਾ ਕੇਸ ਭਾਵੇਂ ਜਨਵਰੀ ਵਿਚ ਹੀ ਰਿਪੋਰਟ ਹੋ ਗਿਆ ਸੀ, ਪਰ ਮੱਧ ਮਾਰਚ ਤਕ ਸਰਕਾਰ ਨੇ ਇਸ ਸੰਕਟ ਨੂੰ ਅਣਗੌਲਿਆ ਕਰੀ ਰੱਖਿਆ ਅਤੇ ਫਿਰ ਇਕਦਮ 24 ਮਾਰਚ ਨੂੰ ਮੁਕੰਮਲ ਲੌਕਡਾਊਨ ਦਾ ਐਲਾਨ ਕਰ ਦਿੱਤਾ। ਇਸ ਪਿਛੋਂ ਜੋ ਹਾਲ ਪਰਵਾਸੀ ਮਜ਼ਦੂਰਾਂ ਅਤੇ ਹੋਰ ਆਮ ਲੋਕਾਂ ਦਾ ਹੋਇਆ, ਉਹ ਹੁਣ ਕਿਸੇ ਤੋਂ ਲੁਕਿਆ ਹੋਇਆ ਨਹੀਂ। ਸਰਕਾਰ ਦੇ ਖਿਲਾਫ ਵਾਰ-ਵਾਰ ਇਕ ਗੱਲ ਹੀ ਨਿਕਲ ਰਹੀ ਹੈ ਕਿ ਕਿਸੇ ਨਾ ਕਿਸੇ ਕਾਰਨ ਘਰੋਂ ਨਿਕਲੇ ਲੋਕਾਂ ਨੂੰ ਘਰ ਤਕ ਪੁੱਜਣ ਦਾ ਸਮਾਂ ਵੀ ਨਾ ਦਿੱਤਾ ਗਿਆ। ਅਜਿਹੀ ਐਮਰਜੈਂਸੀ ਦੀ ਉਕਾ ਲੋੜ ਨਹੀਂ ਸੀ, ਸਗੋਂ ਸਿਹਤ ਢਾਂਚੇ ਨੂੰ ਸਰਗਰਮ ਕਰ ਕੇ ਇਸ ਸੰਕਟ ਨੂੰ ਕਾਬੂ ਹੇਠ ਰੱਖਿਆ ਜਾ ਸਕਦਾ ਸੀ, ਜਿਸ ਤਰ੍ਹਾਂ ਕੇਰਲ ਸਰਕਾਰ ਨੇ ਕੀਤਾ ਸੀ। ਕਰੋਨਾ ਦੇ ਪਹਿਲੇ ਕੇਸ ਕੇਰਲ ਵਿਚ ਰਿਪੋਰਟ ਹੋਏ ਸਨ, ਪਰ ਉਥੋਂ ਦੀ ਸੂਬਾ ਸਰਕਾਰ ਨੇ ਲੋੜੀਂਦੀਆਂ ਸਿਹਤ ਅਤੇ ਫੰਡ ਸਹੂਲਤਾਂ ਲੋਕਾਂ ਤਕ ਅੱਪੜਦੀਆਂ ਕਰ ਕੇ ਇਸ ਮਹਾਮਾਰੀ ਨੂੰ ਭਿਆਨਕ ਰੂਪ ਅਖਤਿਆਰ ਕਰਨ ਤੋਂ ਡੱਕ ਲਿਆ। ਮੋਦੀ ਸਰਕਾਰ ਨੇ ਕੋਈ ਇੰਤਜ਼ਾਮ ਤਾਂ ਕੀ ਕਰਨਾ ਸੀ, 20 ਲੱਖ ਕਰੋੜ ਰੁਪਏ ਦਾ ਜੋ ਵਿਸ਼ਾਲ ਪੈਕੇਜ ਐਲਾਨਿਆ ਸੀ, ਉਸ ਦਾ ਅੱਜ ਤਕ ਲੋਕਾਂ ਨੂੰ ਕੋਈ ਸਿੱਧਾ ਫਾਇਦਾ ਨਹੀਂ ਹੋਇਆ। ਇਹੀ ਨਹੀਂ, ਕਰੋਨਾ ਸੰਕਟ ਨਾਲ ਨਜਿੱਠਣ ਲਈ ਵੱਖਰੇ ਬਣਾਏ ਪੀ. ਐਮ. ਕੇਅਰ ਫੰਡ ਵਿਚ ਕਿੰਨੀ ਰਕਮ ਆਈ ਅਤੇ ਇਸ ਵਿਚੋਂ ਕਿੰਨੀ ਖਰਚੀ ਗਈ, ਇਸ ਬਾਰੇ ਕਿਤੇ ਕੋਈ ਹਿਸਾਬ-ਕਿਤਾਬ ਨਹੀਂ। ਅਜਿਹੇ ਸੂਰਤ-ਏ-ਹਾਲ ਦੌਰਾਨ ਚੀਨ ਨਾਲ ਲੜਾਈ ਦੀਆਂ ਖਬਰਾਂ ਆਉਣ ਲਗਦੀਆਂ ਹਨ ਅਤੇ ਨਾਲ ਦੀ ਨਾਲ ਮਾਹੌਲ ਬਦਲਣਾ ਸ਼ੁਰੂ ਹੋ ਜਾਂਦਾ ਹੈ। ਇਸੇ ਕਰ ਕੇ ਲੋਕਾਂ ਦੇ ਮਨ ਅੰਦਰ ਸਵਾਲ ਉਠਦਾ ਹੈ ਕਿ ਕਿਤੇ ਇਸ ਪਿਛੇ ਵੀ ਕੋਈ ਸਿਆਸਤ ਤਾਂ ਨਹੀਂ? ਅਸਲ ਵਿਚ ਅਜਿਹੀ ਬੇਭਰੋਸਗੀ ਮੋਦੀ ਸਰਕਾਰ ਨਾਲ ਡੂੰਘੀ ਜੁੜ ਚੁਕੀ ਹੈ। ਕੌਮਾਂਤਰੀ ਬਾਜ਼ਾਰ ਵਿਚ ਤੇਲ ਕੀਮਤਾਂ ਵਿਚ ਕੋਈ ਖਾਸ ਤਬਦੀਲੀ ਨਾ ਹੋਣ ਦੇ ਬਾਵਜੂਦ ਦੋ ਹਫਤਿਆਂ ਦੌਰਾਨ ਭਾਰਤ 'ਚ ਤੇਲ ਕੀਮਤਾਂ ਨੂੰ ਅੱਗ ਲੱਗੀ ਹੋਈ ਹੈ।

ਸੰਸਾਰ ਦੇ ਅਜਿਹੇ ਹਾਲਾਤ ਦੌਰਾਨ ਆਪਣੇ ਪੰਜਾਬ ਵਿਚ ਹੁਣ 2022 ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ ਸਰਗਰਮੀਆਂ ਸ਼ੁਰੂ ਵੀ ਹੋ ਗਈਆਂ ਹਨ। ਆਮ ਆਦਮੀ ਪਾਰਟੀ ਨੇ ਤਾਂ ਇਸ ਬਾਰੇ ਬਾਕਾਇਦਾ ਮੀਟਿੰਗ ਕਰ ਕੇ ਐਲਾਨ ਕੀਤਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਉਮੀਦਵਾਰ ਐਲਾਨ ਦਿੱਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਆਪਣੇ ਅੰਦਰੂਨੀ ਸੰਕਟ ਦੇ ਬਾਵਜੂਦ ਅਗਲੀਆਂ ਤਿਆਰੀਆਂ ਲਈ ਆਪਣੇ ਪਰ ਤੋਲ ਰਿਹਾ ਹੈ ਅਤੇ ਹੁਣ ਇਸ ਨੇ ਬਠਿੰਡਾ ਥਰਮਲ ਪਲਾਂਟ ਦੀ ਜ਼ਮੀਨ ਵੇਚੇ ਜਾਣ ਦੀ ਕਾਰਵਾਈ ਖਿਲਾਫ ਡਟਣ ਦਾ ਐਲਾਨ ਕਰ ਦਿੱਤਾ ਹੈ। ਇਹ ਵੱਕਾਰੀ ਥਰਮਲ ਪਲਾਂਟ 1969 ਵਿਚ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਆਗਮਨ ਪੁਰਬ ਮੌਕੇ ਅਰੰਭ ਕੀਤਾ ਗਿਆ ਸੀ। ਕਾਂਗਰਸ ਪਾਰਟੀ ਮੋਦੀ ਸਰਕਾਰ ਵਲੋਂ ਖੇਤੀ ਸੁਧਾਰਾਂ ਦੇ ਨਾਂ ਉਤੇ ਜਾਰੀ ਕੀਤੇ ਆਰਡੀਨੈਂਸਾਂ ਨੂੰ ਆਧਾਰ ਬਣਾ ਕੇ ਸਰਗਰਮੀ ਕਰਨ ਦੇ ਰੌਂਅ ਵਿਚ ਹੈ। ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਅਮਰੀਕਾ ਹੋਵੇ ਜਾਂ ਭਾਰਤ, ਤੇ ਜਾਂ ਫਿਰ ਪੰਜਾਬ, ਸਮੁੱਚੀ ਸਿਆਸਤ ਵੋਟਰਾਂ ਦੇ ਵਿਹੜਿਆਂ ਦੁਆਲੇ ਘੁੰਮਦੀ ਪ੍ਰਤੀਤ ਹੋ ਰਹੀ ਹੈ। ਬਿਨਾ ਸ਼ੱਕ ਕਿਰਤੀ-ਕਾਮਿਆਂ ਦਾ ਵੱਡਾ ਹਿੱਸਾ ਰੁਜ਼ਗਾਰ ਤੋਂ ਵਾਂਝਾ ਹੋ ਰਿਹਾ ਹੈ। ਕਰੋਨਾ ਸੰਕਟ ਨੇ ਜਿਸ ਤਰ੍ਹਾਂ ਆਰਥਕਤਾ ਨੂੰ ਢਾਹ ਲਾਈ ਹੈ, ਉਸ ਸੂਰਤ ਵਿਚ ਨਵੇਂ ਸਿਰਿਓਂ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਕਵਾਇਦ ਸ਼ੁਰੂ ਹੋਣੀ ਚਾਹੀਦੀ ਸੀ, ਪਰ ਸੰਸਾਰ ਦੇ ਹਰ ਖਿੱਤੇ ਦੇ ਸਿਆਸਤਦਾਨ, ਲੋਕਾਂ ਦੀ ਥਾਂ ਆਪਣੇ ਸਿਆਸੀ ਤੇ ਕਾਰੋਬਾਰੀ ਮੁਫਾਦ ਮੁਤਾਬਕ ਆਪੋ-ਆਪਣੇ ਰਸਤੇ ਬਣਾ ਰਹੇ ਹਨ। ਅਜਿਹੀ ਸਿਆਸਤ ਨੂੰ ਮੋੜਾ ਲੋਕਾਂ ਦੀ ਭਰਵੀਂ ਸਰਗਰਮੀ ਹੀ ਦੇ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵੀਹ ਉਤੇ ਛਾਇਆ ਉਨੀ!*

ਜਦੋਂ ਤੀਕ ਇਲਾਜ ਕੋਈ ਲੱਭਦਾ ਨਾ, ਡਾਕਟਰ ਕਹਿਣ ਪ੍ਰਹੇਜ਼ ਹੀ ਕਰੀ ਜਾਵੋ।<br>
ਕਿਸੇ ਰੋਗ ਦੇ ਦਿਸਣ ਨਾ ਚਿੰਨ੍ਹ ਭਾਵੇਂ, ਇਹਦੇ 'ਹੋਣ ਤੋਂ' ਫਿਰ ਵੀ ਡਰੀ ਜਾਵੋ।<br>
ਬਿਜਨਸ ਬੰਦ ਹੈ ਸੈਰ-ਸਪਾਟਿਆਂ ਦਾ, ਘਰ ਵਿਚ ਆਪਣੇ ਚੌਂਕੀਆਂ ਭਰੀ ਜਾਵੋ।<br>
ਜੀਵਨ-ਨਦੀ ਹੋ ਗਈ ਏ ਬਿਖਮ ਭਾਵੇਂ, ਸਬਰ ਸਹਿਜ ਦੇ ਆਸਰੇ ਤਰੀ ਜਾਵੋ।<br>
ਛਾਇਆ ਖੌਫ ਬੀਮਾਰੀ ਦਾ ਜੱਗ ਅੰਦਰ, ਡਰ ਦਿਲਾਂ 'ਚੋਂ ਕੋਈ ਵੀ ਕੱਢਦਾ ਨਹੀਂ।<br>
'ਵੀਹ' ਚੜ੍ਹ ਕੇ ਵੀ ਅੱਧਾ ਕੁ ਮੁੱਕਿਆ ਏ, ਕੋਵਿਡ-19 ਤਾਂ ਪਿੱਛਾ ਈ ਛੱਡਦਾ ਨਹੀਂ!

# ਆਤਮ-ਨਿਰਭਰਤਾ ਦੇ ਨਾਅਰੇ ਹੇਠ ਗੁਲਾਮੀ ਦੀ ਸਾਜ਼ਿਸ਼

ਅਮਰੀਕ ਸਿੰਘ*
ਫੋਨ: +91-84373-12220

ਮਈ ਮਹੀਨੇ ਟੀ.ਵੀ. ਉਪਰ ਦੇਸ਼ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਫਿਤਰਤ ਮੁਤਾਬਕ ਗੱਲਾਂ ਦੇ ਮਹਿਲ ਬਣਾਉਂਦਿਆਂ ਨਵਾਂ ਸ਼ਗੂਫਾ ਛੱਡਿਆ: 'ਆਤਮ-ਨਿਰਭਰ ਭਾਰਤ'। ਦੁਨੀਆਂ ਭਰ ਦੇ ਜਾਗਰੂਕ ਹਲਕੇ ਉਸ ਦੇ ਭਾਸ਼ਣ ਵਿਚੋਂ ਆਮ ਲੋਕਾਂ ਲਈ ਭਾਸ਼ਣ ਤੋਂ ਇਲਾਵਾ ਕੁਝ ਠੋਸ, ਕੁਝ ਸੱਚੀ-ਮੁੱਚੀ ਦਾ ਭਾਲਣ ਦੀ ਨਾਕਾਮ ਕੋਸ਼ਿਸ਼ ਕਰਦੇ ਰਹੇ। ਪ੍ਰਧਾਨ ਮੰਤਰੀ ਦੇ ਐਲਾਨੇ 20 ਲੱਖ ਕਰੋੜ ਰੁਪਏ ਦੇ 'ਮਹਾਂ ਪੈਕਜ' ਵਿਚੋਂ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਕਰਮਚਾਰੀਆਂ ਅਤੇ ਮਿਹਨਤਕਸ਼ ਲੋਕਾਂ ਹਿੱਸੇ ਇਕ ਵਾਰ ਫਿਰ ਉਪਦੇਸ਼, ਲਾਰੇ ਅਤੇ ਗੱਲਾਂ ਹੀ ਆਈਆਂ। ਮੋਦੀ ਦਾ ਆਤਮ-ਨਿਰਭਰ ਭਾਰਤ ਕਿਹੋ ਜਿਹਾ ਹੋਵੇਗਾ, ਇਸ ਬਾਰੇ ਕੁਝ ਕੁਝ ਝਲਕਾਰੇ ਉਨ੍ਹਾਂ ਦੇ 12 ਮਈ ਦੇ ਇਸ ਭਾਸ਼ਣ ਵਿਚੋਂ, ਬਹੁਤ ਕੁਝ ਮੋਦੀ ਸਰਕਾਰ ਵਲੋਂ ਧਾਰਨ ਕੀਤੀਆਂ ਨੀਤੀਆਂ ਵਿਚੋਂ ਅਤੇ ਬਾਕੀ ਸਭ ਕੁਝ ਵਿਤ ਮੰਤਰੀ ਨਿਰਮਲਾ ਸੀਤਾਰਾਮਨ ਵਲੋਂ ਲਗਾਤਾਰ ਪੰਜ ਦਿਨ ਕੀਤੀਆਂ ਪ੍ਰੈਸ ਕਾਨਫਰੰਸਾਂ ਵਿਚੋਂ ਸਾਹਮਣੇ ਨਜ਼ਰ ਆ ਗਿਆ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਆਪਣੇ ਦੇਸ਼ ਦੇ ਮਜਦੂਰਾਂ ਦੀ ਸੁਰੱਖਿਆ ਲਈ ਬਣੇ ਕਿਰਤ ਕਾਨੂੰਨ ਖਤਮ ਕਰ ਕੇ ਜਾਂ ਸਸਪੈਂਡ ਕਰ ਕੇ ਕਰੋੜਾਂ ਮਜ਼ਦੂਰਾਂ ਨੂੰ ਉਦਯੋਗਪਤੀਆਂ ਦੇ ਰਹਿਮੋ-ਕਰਮ ਉਪਰ ਛੱਡ ਕੇ ਕਿਹੋ ਜਿਹਾ 'ਆਤਮ-ਨਿਰਭਰ ਭਾਰਤ' ਬਣੇਗਾ? ਆਪਣੇ ਦੇਸ਼ ਦੇ ਵਸੀਲਿਆਂ, ਕੁਦਰਤੀ ਸਰੋਤਾਂ, ਆਪਣੇ ਦੇਸ਼ ਦੀ ਪੂੰਜੀ ਲੁਟਾ ਕੇ ਕਿਹੜੇ 'ਆਤਮ-ਨਿਰਭਰ ਭਾਰਤ' ਦੇ ਸੁਪਨੇ ਦੇਖੇ ਜਾ ਰਹੇ ਹਨ? ਜਿਸ ਤਰ੍ਹਾਂ ਕਿਰਤ ਕਾਨੂੰਨਾਂ ਵਿਚ ਸੋਧ ਦੇ ਨਾਮ ਉਪਰ ਨਿਗੂਣੇ ਮਜ਼ਦੂਰ ਹੱਕਾਂ ਉਪਰ ਡਾਕਾ ਮਾਰਿਆ ਜਾ ਰਿਹਾ ਹੈ; ਉਦਯੋਗਪਤੀਆਂ ਨੂੰ ਮਜ਼ਦੂਰਾਂ ਦਾ ਖੂਨ ਪਸੀਨਾ ਨਿਚੋੜਨ ਦੀਆਂ ਖੁੱਲ੍ਹਾਂ ਦਿਤੀਆਂ ਜਾ ਰਹੀਆਂ ਹਨ; ਜਿਵੇਂ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਛੋਟਾਂ, ਕਾਨੂੰਨਾਂ ਦੀ ਪਾਲਣਾ ਤੋਂ ਛੋਟਾਂ, ਕੁਦਰਤ ਨਾਲ ਖਿਲਵਾੜ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ; ਜਿਸ ਤਰ੍ਹਾਂ ਮੋਦੀ ਸਰਕਾਰ ਨੇ ਭੂਮੀ ਅਧਿਗ੍ਰਹਿਣ ਕਾਨੂੰਨ ਛਿੱਕੇ ਟੰਗ ਕਿਸਾਨਾਂ ਦੀਆਂ ਜ਼ਮੀਨਾਂ ਜਬਰਨ ਖੋਹੀਆਂ, ਭਵਿਖ ਵਿਚ ਹੋਰ ਵੀ ਵੱਡੇ ਪੱਧਰ 'ਤੇ ਖੋਹੇ ਜਾਣ ਦਾ ਖਦਸ਼ਾ ਹੈ; ਜਿਸ ਤਰ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਖਤਮ ਕਰ ਕੇ, ਭਾਰਤੀ ਖਾਦ ਨਿਗਮ (ਐਫ.ਸੀ.ਆਈ.) ਨੂੰ ਫਸਲਾਂ ਦੀ ਖਰੀਦ ਵਿਚੋਂ ਬਾਹਰ ਕਰ ਕੇ , ਦੇਸ਼ ਦੇ ਕਿਸਾਨਾਂ ਨੂੰ ਖੁੱਲ੍ਹੀ ਮੰਡੀ ਦੇ ਨਾਮ ਹੇਠ ਵੱਡੇ ਵੱਡੇ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੇ ਰਹਿਮੋ-ਕਰਮ 'ਤੇ ਛੱਡਿਆ ਜਾ ਰਿਹਾ ਹੈ, ਉਸ ਤੋਂ ਮੋਦੀ ਸਰਕਾਰ ਵਲੋਂ ਆਤਮ-ਨਿਰਭਰ ਭਾਰਤ ਦੇ ਨਾਂ ਹੇਠ ਲੁਕਾਈ ਗੁਲਾਮੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਕਰੋਨਾ ਸੰਕਟ ਦੀ ਆੜ ਵਿਚ ਵੋਕਲ ਫਾਰ ਲੋਕਲ, ਮੇਕ ਇਨ ਇੰਡੀਆ ਅਤੇ ਸਵਦੇਸ਼ੀ ਵਰਗੇ ਲਾਰਿਆਂ ਅਤੇ ਨਾਅਰਿਆਂ ਦੇ ਨਾਲ-ਨਾਲ, ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸੀ ਪੂੰਜੀ (ਐਫ.ਡੀ.ਆਈ.) ਲਈ ਲਾਲ ਕਲੀਨ ਵਿਛਾਉਣ ਦੇ ਵਾਅਦੇ 'ਆਤਮ-ਨਿਰਭਰ ਭਾਰਤ' ਦੇ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਭਲਾ ਕੀ ਹੋ ਸਕਦਾ ਹੈ? ਦੇਸ਼ ਦੀ ਸੁਰੱਖਿਆ ਨੂੰ ਤਾਕ ਉਪਰ ਰੱਖ ਦੇਸ਼ ਦੀਆਂ ਅਸਲ੍ਹਾ ਫੈਕਟਰੀਆਂ ਨੂੰ ਨਾ ਸਿਰਫ ਨਿੱਜੀ ਹੱਥਾਂ ਵਿਚ ਦਿੱਤਾ ਜਾ ਰਿਹਾ ਹੈ ਬਲਕਿ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ 74 ਫੀਸਦੀ ਤੱਕ ਵਧਾ ਕੇ, ਦੇਸ਼ ਅਤੇ ਦੇਸ਼ ਦੀਆਂ ਸੁਰੱਖਿਆ ਫੋਰਸਾਂ (ਜੋ ਗਰੀਬ ਤੇ ਆਮ ਲੋਕਾਂ ਦੇ ਬੱਚੇ ਹੁੰਦੇ ਹਨ) ਨੂੰ ਮੌਤ ਦੇ ਮੂੰਹ ਧੱਕਿਆ ਜਾ ਰਿਹਾ ਹੈ। ਦੇਸ਼ ਦੀ ਦੂਜੀ ਸੁਰੱਖਿਆ ਪੰਕਤੀ, ਸਭ ਤੋਂ ਵੱਡੀ ਰੁਜ਼ਗਾਰਦਾਤਾ, ਭਾਰਤੀ ਰੇਲਵੇ ਵਿਚ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮਨਜ਼ੂਰੀ ਦੇ ਕੇ ਦੁਨੀਆਂ ਭਰ ਦੀਆਂ ਦਿਓ ਕੱਦ ਕਾਰਪੋਰੇਸ਼ਨਾਂ ਹਵਾਲੇ ਕਰ ਦੇਣ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਦੇਸ਼ ਦੇ ਜਨਤਕ ਅਦਾਰਿਆਂ ਜਿਨ੍ਹਾਂ ਨੂੰ ਦੇਸ਼ ਦੇ ਲੋਕਾਂ ਦੁਆਰਾ ਢਿੱਡ ਬੰਨ੍ਹ ਕੇ ਕੀਤੀਆਂ ਬੱਚਤਾਂ ਅਤੇ ਕਰਮਚਾਰੀਆਂ ਦੇ ਖੂਨ ਪਸੀਨੇ ਨਾਲ ਉਸਾਰਿਆ ਗਿਆ ਸੀ ਤੇ ਜਿਸ ਨੇ ਦੇਸ਼ ਦੇ ਵਿਕਾਸ ਦੀ ਗੱਡੀ ਲੀਹ ਤੇ ਪਾਈ ਸੀ ਅਤੇ ਮੌਜੂਦਾ ਕਰੋਨਾ ਸੰਕਟ ਦੌਰਾਨ ਜਨਤਕ ਅਦਾਰਿਆਂ ਦੇ ਕਰਮਚਾਰੀ ਚਾਹੇ ਉਹ ਡਾਕਟਰ, ਨਰਸਾਂ, ਪੈਰਾ ਮੈਡੀਕਲ ਸਟਾਫ, ਪੁਲਿਸ, ਸਫਾਈ, ਰੇਲਵੇ, ਬਿਜਲੀ ਆਦਿ ਦੇ ਕਰਮਚਾਰੀ ਹੋਣ (ਜਿਨ੍ਹਾਂ ਨੂੰ ਦੇਸ਼ ਦਾ ਮੌਜੂਦਾ ਪ੍ਰਧਾਨ ਮੰਤਰੀ ਦੁਨੀਆਂ ਭਰ ਵਿਚ ਬਦਨਾਮ ਕਰਦਾ ਰਿਹਾ ਹੈ) ਨੇ ਸੀਮਤ ਸਾਧਨਾਂ ਦੇ ਬਾਵਜੂਦ ਕਰੋਨਾ ਮਹਾਮਾਰੀ ਦਾ ਚਟਾਨ ਵਾਂਗੂ ਟਾਕਰਾ ਕੀਤਾ। ਮੋਦੀ ਸਰਕਾਰ ਉਸ ਜਨਤਕ ਖੇਤਰ ਦਾ ਨਿਜੀਕਰਨ ਕਰਕੇ ਤੇ ਉਸ ਨੂੰ ਦੇਸੀ ਵਿਦੇਸ਼ੀ ਕਾਰਪੋਰੇਸ਼ਨਾਂ ਹਵਾਲੇ ਕਰ ਕੇ ਕੈਸਾ 'ਆਤਮ-ਨਿਰਭਰ ਭਾਰਤ' ਬਣਾਉਣਾ ਚਾਹੁੰਦੀ ਹੈ। 'ਸਦਮਾ ਸਿਧਾਂਤ' ਨਾਂ ਦੀ ਵਿਸ਼ਵ ਪ੍ਰਸਿਧ ਕਿਤਾਬ ਵਿਚ ਲੇਖਕਾ ਨਿਓਮੀ ਕਲਾਈਨ ਇਹ ਸਾਬਤ ਕਰਦੀ ਹੈ ਵੱਡੀਆਂ-ਵੱਡੀਆਂ ਦਿਓ ਕੱਦ ਕਾਰਪੋਰੇਸ਼ਨਾਂ ਮਹਿਜ਼ ਵਪਾਰ ਨਹੀਂ ਕਰਦੀਆਂ, ਨਾ ਹੀ ਗਰੀਬ ਦੇਸ਼ਾਂ ਦੇ ਵਿਕਾਸ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਹੁੰਦਾ ਹੈ ਜਿਵੇਂ ਮੋਦੀ ਦਾਅਵਾ ਕਰਦਾ ਹੈ; ਸਗੋਂ ਇਨ੍ਹਾਂ ਦੀ ਭੂਮਿਕਾ ਨੀਤੀਆਂ ਵਿਚ ਵੱਡੇ ਪੱਧਰ 'ਤੇ ਰੱਦੋਬਦਲ ਕਰਵਾ ਕੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਵਿਚ ਬੇਤਹਾਸ਼ਾ ਵਾਧਾ ਕਰਵਾ ਕੇ ਆਮ ਲੋਕਾਂ ਦਾ ਜੀਵਨ ਅਸਤ-ਵਿਅਸਤ ਕਰਵਾਉਣ, ਸਗੋਂ ਰਾਜ ਪਲਟੇ ਤੱਕ ਕਰਵਾਉਣ ਵਿਚ ਵੀ ਸਾਫ ਨਜ਼ਰ ਆਉਂਦੀ ਹੈ। ਸਾਨੂੰ ਭਾਰਤ ਦੇ ਲੋਕਾਂ ਨੂੰ ਈਸਟ ਇੰਡੀਆ ਕੰਪਨੀ ਨੇ ਉਪਰੋਕਤ ਸਬਕ ਸਦੀਆਂ ਪਹਿਲਾਂ ਸਿਖਾ ਦਿੱਤਾ ਸੀ। ਇਤਿਹਾਸ ਦੱਸਦਾ ਹੈ ਕਿ ਈਸਟ ਇੰਡੀਆ ਕੰਪਨੀ ਭਾਰਤ ਵਿਚ ਵਪਾਰ ਕਰਨ ਆਈ ਸੀ ਤੇ ਉਸ ਨੇ ਸਾਜ਼ਿਸ਼ਾਂ ਰਚ ਕੇ ਪੂਰੇ ਦੇਸ਼ ਨੂੰ ਆਪਣਾ ਗੁਲਾਮ ਬਣਾ ਲਿਆ ਸੀ। ਮੁਗਲ ਬਾਦਸ਼ਾਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਵਪਾਰ ਲਈ ਦਿੱਤੀਆਂ ਖੁੱਲ੍ਹਾਂ ਅਤੇ ਹੋਰ ਰਿਆਸਤਾਂ ਵਲੋਂ ਦਿਖਾਈਆਂ ਦਰਿਆਦਿਲੀਆਂ ਅੰਤ ਦੇਸ਼ ਨੂੰ ਲੈ ਡੁੱਬੀਆ ਸਨ। ਮੁਗਲ ਬਾਦਸ਼ਾਹਾਂ ਤੇ ਹੋਰ ਰਾਜਿਆਂ ਦੀਆਂ ਨੀਤੀਆਂ ਜਾਂ ਨਾਲਾਇਕੀਆਂ ਦੀ ਬਦੌਲਤ ਦੇਸ਼ ਦੇ ਲੋਕ ਸਦੀਆਂ ਦੀ ਲੰਮੀ ਗੁਲਾਮੀ ਹੰਢਾਉਣ ਲਈ ਮਜਬੂਰ ਹੋ ਗਏ ਸਨ।

ਸੁਆਲ ਤਾਂ ਇਹ ਵੀ ਹੈ ਕਿ ਜੇ ਵਿਦੇਸ਼ੀ ਕੰਪਨੀਆਂ ਨੇ ਹੀ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਹੁੰਦਾ ਤਾਂ ਈਸਟ ਇੰਡੀਆ ਕੰਪਨੀ ਨੇ ਭਾਰਤ ਦਾ ਵਿਕਾਸ ਕਰ ਕੇ ਇਸ ਨੂੰ ਆਤਮ ਨਿਰਭਰ ਕਿਉਂ ਨਾ ਬਣਾਇਆ? ਤੇ ਫਿਰ ਅੰਗਰੇਜ਼ੀ ਰਾਜ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਬ੍ਰਿਟਿਸ਼ ਰਾਜ ਦੀ ਲੁੱਟ-ਖਸੁੱਟ ਤੋਂ ਛੁਟਕਾਰਾ ਪਾਉਣ ਖਾਤਰ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮਰ ਮਿਟਣ ਵਾਲੇ ਲੱਖਾਂ ਸੂਰਬੀਰ ਯੋਧੇ ਕੀ ਗਲਤ ਸਨ? ਨਹੀਂ; ਸਗੋਂ ਭਾਰਤ ਦੇ ਆਜ਼ਾਦੀ ਸੰਗਰਾਮੀਏ ਪੂਰੀ ਤਰ੍ਹਾਂ ਸਪਸ਼ਟ ਸਨ ਕਿ ਅੰਗਰੇਜ਼ ਸਾਡੇ ਮੁਲਕ ਅਤੇ ਮੁਲਕ ਦੇ ਲੋਕਾਂ ਦੀ ਬੇਕਿਰਕੀ ਨਾਲ ਲੁੱਟ ਕਰਦੇ ਹਨ।

ਲਾਲਾ ਲਾਜਪਤ ਰਾਏ ਨੇ ਆਪਣੀ ਕਿਤਾਬ 'ਯੰਗ ਇੰਡੀਆ' ਵਿਚ ਭਾਰਤ ਅਤੇ ਭਾਰਤ ਦੇ ਲੋਕਾਂ ਦੀ ਗਰੀਬੀ ਦੀ ਗੱਲ ਕਰਦਿਆਂ ਸਾਬਤ ਕੀਤਾ ਕਿ ਸਾਡੀ ਗਰੀਬੀ ਦਾ ਅਸਲ ਕਾਰਨ ਅੰਗਰੇਜ਼ਾਂ ਦੁਆਰਾ ਕੀਤੀ ਜਾਂਦੀ ਸਾਡੀ ਅੰਨ੍ਹੇਵਾਹ ਲੁੱਟ ਹੈ। ਉਨ੍ਹਾਂ ਤੱਥਾਂ ਤੇ ਅੰਕੜਿਆਂ ਸਹਿਤ ਬ੍ਰਿਟਿਸ਼ ਸਾਮਰਾਜ ਦੀ ਲੁੱਟ ਨੂੰ ਨੰਗਿਆਂ ਕੀਤਾ ਅਤੇ ਦਾਅਵਾ ਕੀਤਾ ਸੀ ਕਿ ਆਜ਼ਾਦੀ ਤੋਂ ਬਾਅਦ ਜਦੋਂ ਇਹ ਲੁੱਟ-ਖਸੁੱਟ ਬੰਦ ਹੋ ਜਾਵੇਗੀ ਤਾਂ ਸਾਡੇ ਦੁੱਖ ਦਲਿਦਰ ਤੇ ਗਰੀਬੀ ਵੀ ਦੂਰ ਹੋ ਜਾਵੇਗੀ। ਆਜ਼ਾਦੀ ਦੇ 73 ਸਾਲਾਂ ਬਾਅਦ ਭਾਰਤੀ ਲੋਕਾਂ ਦੇ ਦੁਖ ਦਲਿਦਰ ਤੇ ਗਰੀਬੀ ਕਿਉਂ ਨਹੀਂ ਮੁੱਕੀ। ਇਹ ਵੱਖਰੀ ਬਹਿਸ ਦਾ ਮੁੱਦਾ ਹੈ ਪਰ ਵਿਦੇਸ਼ੀ ਕਾਰਪੋਰੇਸ਼ਨਾਂ ਗਰੀਬ ਮੁਲਕਾਂ ਦਾ ਵਿਕਾਸ ਨਹੀਂ ਬਲਕਿ ਅੰਨ੍ਹੇਵਾਹ ਲੁੱਟ ਕਰਦੀਆਂ ਹਨ, ਇਸ ਬਾਰੇ ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮੀਆ ਨੂੰ ਕੋਈ ਭੁਲੇਖਾ ਨਹੀਂ ਸੀ।

ਅੱਜ ਮੋਦੀ ਸਰਕਾਰ ਮੇਕ ਇਨ ਇੰਡੀਆ ਅਤੇ ਆਤਮ ਨਿਰਭਰ ਭਾਰਤ ਦੇ ਨਾਮ ਉਪਰ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਲਈ ਲਾਲ ਕਲੀਨ ਵਿਛਾ ਕੇ, ਈਜ਼ ਟੂ ਬਿਜ਼ਨਸ ਦੇ ਵਾਅਦੇ ਕਰ ਦੇਸ਼ ਦੇ ਲੋਕਾਂ ਨੂੰ ਫੇਰ ਗੁਲਾਮ ਬਣਾਉਣ ਦੇ ਉਲਟੇ ਰਸਤੇ ਚੱਲ ਰਹੀ ਹੈ। ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸ਼ੀ ਪੂੰਜੀ ਆਦਿ ਦੇ ਸਬਜ਼ਬਾਗ ਦੇਖਣ ਤੇ ਦਿਖਾਉਣ ਵਾਲਿਆਂ ਨੂੰ ਪੁਛਣਾ ਚਾਹੀਦਾ ਹੈ ਕਿ ਕੋਕਾ ਕੋਲਾ, ਪੈਪਸੀ, ਵਾਲਮਾਰਟ ਤੇ ਹੋਰ ਹਜ਼ਾਰਾਂ ਕੰਪਨੀਆਂ ਕੋਲੋਂ ਇਨ੍ਹਾਂ ਹੁਣ ਤੱਕ ਕਿਹੜੀ ਤਕਨੀਕ ਹਾਸਲ ਕੀਤੀ ਹੈ? ਉਲਟਾ ਇਨ੍ਹਾਂ ਕੰਪਨੀਆਂ ਨੇ ਕਿੰਨੀਆਂ ਹੀ ਭਾਰਤੀ ਕੰਪਨੀਆਂ ਨੂੰ ਨਿਗਲ ਲਿਆ ਹੈ। ਦੇਸ਼ ਦੇ ਲੋਕਾਂ ਦੀ ਅੰਨ੍ਹੀ ਲੁੱਟ ਕਰਕੇ ਮਣਾਂ ਮੂੰਹੀਂ ਸਰਮਾਇਆ ਦੇਸ਼ ਤੋਂ ਬਾਹਰ ਲਿਜਾ ਕੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਤੇ ਆਮ ਲੋਕਾਂ ਸੰਕਟ ਮੂੰਹ ਧੱਕ ਕੇ ਦੇਸ਼ ਦੀ ਆਤਮ ਨਿਰਭਰਤਾ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਨਾ ਸਿਰਫ ਸਾਡੇ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਅਤੇ ਦੇਸ਼ ਦੀ ਵਿਵਸਥਾ ਤੋਂ ਤੰਗ ਆ ਕੇ ਵਿਦੇਸ਼ੀਂ ਉਡਾਰੀ ਮਾਰਨ ਲਈ ਮਜਬੂਰ ਹੋ ਰਿਹਾ ਬਲਕਿ ਸਾਡੇ ਦੇਸ਼ ਦੇ 26 ਹਜ਼ਾਰ ਉਦਮੀ ਜਿਹੜੇ ਸਹੀ ਅਰਥਾਂ ਵਿਚ ਆਤਮ ਨਿਰਭਰ ਭਾਰਤ ਦਾ ਨਿਰਮਾਣ ਕਰ ਰਹੇ ਸਨ ਅਤੇ ਸੱਚੀ-ਮੁੱਚੀ ਮੇਕ ਇਨ ਇੰਡੀਆ ਵਿਚ ਆਪਣਾ ਯੋਗਦਾਨ ਪਾ ਰਹੇ ਸਨ, ਦੇਸ਼ ਛੱਡਣ ਲਈ ਮਜਬੂਰ ਹੋ ਚੁੱਕੇ ਹਨ। ਦੇਸ਼ ਵਿਚੋਂ ਪੂੰਜੀ, ਦਿਮਾਗੀ, ਹੁਨਰ ਆਦਿ ਦਾ ਨਿਕਾਸ ਮਜਬੂਰੀ ਵਿਚ ਪ੍ਰੰਤੂ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਤੇ ਮੋਦੀ ਸਰਕਾਰ ਵਿਦੇਸ਼ੀ ਪੂੰਜੀ ਨਿਵੇਸ਼ ਤੇ ਤਕਨੀਕ ਸਹਾਰੇ ਵਿਕਾਸ ਦੇ ਸੁਨਹਿਰੀ ਸੁਪਨੇ ਦੇਖ ਤੇ ਦਿਖਾ ਰਹੀ ਹੈ।

ਇਸ ਇਤਿਹਾਸ ਨੂੰ ਕੌਣ ਦੇਸ਼ ਵਾਸੀ ਭੁੱਲ ਸਕਦਾ ਹੈ ਕਿ ਅੰਗਰੇਜ਼ਾਂ ਨੇ ਸਾਡੀ ਖੇਤੀ, ਸਾਡੇ ਉਦਯੋਗਾਂ ਤੇ ਸਾਡੇ ਕਿਰਤੀਆਂ-ਕਿਸਾਨਾਂ ਨੂੰ ਉਜਾੜ ਕੇ ਆਪਣੇ ਉਦਯੋਗ ਧੰਦੇ ਸਥਾਪਤ ਕੀਤੇ ਸਨ। ਸਾਡੇ ਸਮਿਆਂ ਦਾ ਦੁਖਾਂਤ ਇਹ ਹੈ ਕਿ ਦੇਸ਼ ਦੇ ਸੁਨਹਿਰੀ ਇਤਿਹਾਸ ਦੀਆਂ ਬਾਤਾਂ ਪਾਉਣ ਵਾਲੇ, ਬਾਬਾ ਵਿਸ਼ਕਰਮਾ ਨੂੰ ਪੂਜਣ ਵਾਲੇ, ਦੇਸ਼ ਦੇ ਸੁਨਹਿਰੀ ਇਤਿਹਾਸ ਦਾ ਸਭ ਤੋਂ ਵੱਧ ਗੁਣਗਾਣ ਕਰਨ ਵਾਲੇ ਹਾਕਮ ਵਿਦੇਸ਼ੀ ਕੰਪਨੀਆਂ ਅੱਗੇ ਪੂਰੀ ਤਰ੍ਹਾਂ ਨਤਮਸਤਕ ਹਨ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਰੋਨਾ ਸੰਕਟ ਦੀ ਜੜ੍ਹ ਪੂੰਜੀਵਾਦੀ ਉਤਪਾਦਨ ਵਿਵਸਥਾ ਵਿਚ ਪਈ ਹੈ ਤੇ ਖੁੱਲ੍ਹੀ ਮੰਡੀ ਅਤੇ ਵਿਸ਼ਵੀਕਰਨ ਦੀਆਂ ਸਾਮਰਾਜੀ ਨੀਤੀਆਂ ਕਾਰਨ ਇਹ ਬਿਮਾਰੀ ਬੜੀ ਤੇਜ਼ੀ ਨਾਲ ਪੂਰੀ ਦੁਨੀਆਂ ਵਿਚ ਫੈਲ ਗਈ। ਅੱਜ ਸਮਾਂ ਪੂੰਜੀਵਾਦੀ, ਨਿਜੀਕਰਨ, ਉਦਾਰੀਕਰਨ, ਸੰਸਾਰੀਕਰਨ ਆਦਿ ਨੀਤੀਆਂ ਉਪਰ ਪੁਨਰ ਵਿਚਾਰ ਕਰਨ ਦੀ ਮੰਗ ਕਰ ਰਿਹਾ ਹੈ। ਸਚਾਈ ਤਾਂ ਇਹ ਵੀ ਹੈ ਕਿ ਆਤਮ ਨਿਰਭਰ ਆਰਥਿਕ ਵਿਵਸਥਾਵਾਂ ਉਪਰ ਸੰਕਟਾਂ ਦੀ ਮਾਰ ਹਮੇਸ਼ਾ ਘੱਟ ਪੈਂਦੀ ਹੈ। ਸਾਡੇ ਦੇਸ਼ ਦੇ ਹੁਕਮਰਾਨਾਂ ਨੇ 1991 ਵਿਚ ਜਿਵੇਂ ਦੇਸ਼ ਦੀ ਅਰਥ-ਵਿਵਸਥਾ ਨੂੰ ਸਾਮਰਾਜੀ ਮੁਲਕਾਂ ਨਾਲ ਨਰੜ ਕੇ ਦੇਸ ਦੀ ਖੇਤੀ, ਉਦਯੋਗ, ਧੰਦਿਆਂ ਅਤੇ ਲੋਕਾਂ ਨੂੰ ਉਜਾੜ ਕੇ ਦੇਸ਼ ਦੀ ਆਜ਼ਾਦੀ ਅਤੇ ਆਤਮ-ਨਿਰਭਰਤਾ ਨਾਲ ਖਿਲਵਾੜ ਕੀਤਾ ਸੀ, ਉਸ ਦੇ ਡਰਾਉਣੇ ਨਤੀਜੇ ਸਾਡੇ ਸਭ ਦੇ ਸਾਹਮਣੇ ਹਨ।

ਦੇਸ਼ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਤਮ ਨਿਰਭਰਤਾ, ਮੇਕ ਇਨ ਇੰਡੀਆ ਦਾ ਮਤਲਬ ਇਹ ਨਹੀਂ ਕਿ ਇਥੇ ਫੋਰਡ, ਜਨਰਲ ਮੋਟਰ, ਸੈਮਸੰਗ ਆਦਿ ਵਰਗੀਆਂ ਦੁਨੀਆਂ ਭਰ ਦੀਆਂ ਦਿਓ-ਕੱਦ ਕਾਰਪੋਰੇਸ਼ਨਾਂ ਇਥੇ ਉਤਪਾਦਨ ਕਰਨ ਅਤੇ ਇਥੋਂ ਦੇ ਕਿਰਤੀਆਂ, ਕਿਸਾਨਾਂ, ਨੌਜਵਾਨਾਂ, ਕੁਦਰਤੀ ਸਰੋਤਾਂ ਆਦਿ ਦੀ ਬੇਕਿਰਕੀ ਨਾਲ ਲੁੱਟ ਕਰਨ ਅਤੇ ਜਦੋਂ ਚਾਹੁਣ, ਉਹ ਉਦੋਂ ਉਤਪਾਦਨ, ਤਕਨੀਕ ਅਤੇ ਮੁਨਾਫਾ ਲੈ ਕੇ ਦੇਸ਼ ਵਿਚੋਂ ਰਫੂ ਚੱਕਰ ਹੋ ਜਾਣ। ਫੇਰ ਆਤਮ ਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਵਰਗੇ ਨਾਅਰਿਆਂ ਦਾ ਕੀ ਅਰਥ ਰਹਿ ਜਾਵੇਗਾ? ਮੇਕ ਇਨ ਇੰਡੀਆ ਦਾ ਮਤਲਬ ਭਾਰਤ ਦੇ ਲੋਕਾਂ ਲਈ, ਲੋਕਾਂ ਦੁਆਰਾ, ਲੋਕਾਂ ਦਾ ਹੋਣਾ ਚਾਹੀਦਾ ਹੈ। ਇਹ ਦੇਸ਼ ਦੇ ਲੋਕਾਂ, ਵਸੀਲਿਆਂ ਤੇ ਪੂੰਜੀ ਆਦਿ ਦੀ ਕੀਮਤ ਉਪਰ ਬਿਲਕੁਲ ਨਹੀਂ ਹੋਣਾ ਚਾਹੀਦਾ।

---

**ਕਾਰਜਕਾਰੀ ਪ੍ਰਧਾਨ,*
*ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ।*

# ਦਹਿਸ਼ਤੀ ਰਾਜ ਨੇ ਐਮਰਜੈਂਸੀ ਦੇ ਜ਼ੁਲਮਾਂ ਨੂੰ ਮਾਤ ਪਾਈ

ਲਾਇਲਾਜ ਆਰਥਕ ਅਤੇ ਰਾਜਨੀਤਕ ਸੰਕਟ ਵਿਚ ਘਿਰੇ ਹੁਕਮਰਾਨ ਸੰਵਿਧਾਨਕ ਜਵਾਬਦੇਹੀ ਤੋਂ ਬਚਣ ਲਈ ਸੰਵਿਧਾਨਕ ਅਮਲ ਦਾ ਭੋਗ ਪਾ ਕੇ ਪੁਲਿਸ ਰਾਜ ਥੋਪਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ 25 ਜੂਨ 1975 ਨੂੰ ਲਗਾਈ ਐਮਰਜੈਂਸੀ ਦੇ 21 ਮਹੀਨੇ ਬੇਹੱਦ ਜਬਰ ਹੋਇਆ। ਆਰਡੀਨੈਂਸ ਰਾਜ ਨੇ ਸਾਰੇ ਸੰਵਿਧਾਨਕ ਤੇ ਜਮਹੂਰੀ ਹੱਕ ਮੁਅੱਤਲ ਕਰ ਦਿੱਤੇ ਸਨ। ਪ੍ਰੈੱਸ ਉਪਰ ਸੈਂਸਰਸ਼ਿਪ ਸੀ। ਰਾਜਕੀ ਦਹਿਸ਼ਤਵਾਦ ਸਿਰਫ ਸੰਘਰਸ਼ਸ਼ੀਲ ਤੇ ਇਨਕਲਾਬੀ ਤਾਕਤਾਂ ਦੇ ਦਮਨ ਤੱਕ ਸੀਮਤ ਨਹੀਂ ਸੀ। ਵਿਰੋਧੀ ਧਿਰ ਦੀ ਜ਼ੁਬਾਨਬੰਦੀ ਲਈ ਮੁੱਖਧਾਰਾ ਵਿਰੋਧੀ ਧਿਰ ਨੂੰ ਥੋਕ ਪੱਧਰ 'ਤੇ ਜੇਲ੍ਹਾਂ ਵਿਚ ਡੱਕਣਾ ਵੀ ਉਸ ਕਾਲੇ ਦੌਰ ਦੀ ਵਿਸ਼ੇਸ਼ਤਾ ਸੀ।

ਬੂਟਾ ਸਿੰਘ
ਫੋਨ: +91-94634-74342

ਉਦੋਂ ਹੁਕਮਰਾਨ ਗੁੱਟ ਨੂੰ ਆਰਡੀਨੈਂਸ ਰਾਜ ਥੋਪਣ ਲਈ ਉਕਸਾਉਣ ਵਾਲੀ ਮੁੱਖ ਵਜ੍ਹਾ ਕੇਂਦਰ ਸਰਕਾਰ ਦੀ ਆਰਥਕ ਸੰਕਟ ਉਪਰ ਕਾਬੂ ਪਾਉਣ ਅਤੇ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਨਾਕਾਮੀ ਸੀ। 1971 ਦੀ ਜੰਗ ਅਤੇ 1974 ਦੇ ਐਟਮ ਬੰਬ ਧਮਾਕੇ ਦਾ ਰਾਸ਼ਟਰੀ ਜਨੂੰਨ ਵੀ ਆਮ ਲੋਕਾਂ 'ਚ ਫੈਲੀ ਰਾਜਨੀਤਕ ਬੇਚੈਨੀ ਨੂੰ ਰੋਕਣ 'ਚ ਅਸਫਲ ਸਾਬਤ ਹੋਇਆ ਸੀ। ਗੁਜਰਾਤ, ਬਿਹਾਰ ਵਿਚ ਲੋਕ ਸੜਕਾਂ ਉਪਰ ਨਿਕਲ ਆਏ ਸਨ। ਅਵਾਮੀ ਵਿਰੋਧ ਨੂੰ ਕੁਚਲਣ ਲਈ ਇੰਦਰਾ ਜੁੰਡਲੀ ਵਲੋਂ ਰਾਜਨੀਤਕ ਸੰਕਟ ਦੇ ਬਹਾਨੇ ਸੰਵਿਧਾਨਕ ਅਮਲ ਸਸਪੈਂਡ ਕਰਕੇ ਕੁਲ ਤਾਕਤ ਹਥਿਆ ਲਈ ਗਈ। ਆਖਿਰਕਾਰ ਮਾਰਚ 1977 ਦੀਆਂ ਆਮ ਚੋਣਾਂ ਵਿਚ ਤਾਨਾਸ਼ਾਹ ਜੁੰਡਲੀ ਨੂੰ ਸੱਤਾ ਤੋਂ ਪਾਸੇ ਹੋਣਾ ਪਿਆ।

ਐਮਰਜੈਂਸੀ ਨਾਲ ਨਾਗਰਿਕ ਅਤੇ ਜਮਹੂਰੀ ਹੱਕਾਂ ਦੀ ਜੋ ਚੇਤਨਾ ਵਿਕਸਤ ਹੋਈ, ਅਗਲੇ ਦਹਾਕਿਆਂ ਵਿਚ ਉਸ ਨੂੰ ਸੱਟ ਮਾਰਨ ਲਈ ਕਾਂਗਰਸ ਅਤੇ ਜਨਸੰਘ/ਭਾਜਪਾ ਵਲੋਂ ਸਿਲਸਿਲੇਵਾਰ ਤਰੀਕੇ ਨਾਲ ਹਿੰਦੂ ਪੱਤਾ ਖੇਡਿਆ ਗਿਆ। ਘੱਟ ਗਿਣਤੀਆਂ ਅਤੇ ਕੌਮੀਅਤਾਂ ਦੇ ਸੰਘਰਸ਼ਾਂ ਨੂੰ ਰਾਸ਼ਟਰੀ ਜਨੂੰਨ ਦਾ ਮਾਹੌਲ ਭੜਕਾ ਕੇ ਕੁਚਲਿਆ ਗਿਆ। 1990ਵਿਆਂ ਦੇ ਆਰਥਕ ਸੁਧਾਰ ਘੋਰ ਸੱਜੇ ਪੱਖੀਆਂ ਲਈ ਬਹੁਤ ਸਹਾਈ ਹੋਏ ਅਤੇ 2014 ਵਿਚ ਆਰ.ਐਸ.ਐਸ. ਫੈਸਲਾਕੁਨ ਬਹੁਮੱਤ ਨਾਲ ਸੱਤਾ ਵਿਚ ਆ ਗਈ। ਖੁੱਲ੍ਹੀ ਮੰਡੀ ਦਾ ਆਰਥਕ ਮਾਡਲ ਪਬਲਿਕ ਸੈਕਟਰ ਦੇ ਨਿੱਜੀਕਰਨ, ਜ਼ਰੂਰੀ ਸੇਵਾਵਾਂ ਦੇ ਵਪਾਰੀਕਰਨ, ਲੋਕਾਂ ਦੇ ਬੇਕਿਰਕ ਉਜਾੜੇ ਅਤੇ ਕੁਦਰਤੀ ਸਰੋਤਾਂ ਦੀ ਬੇਲਗਾਮ ਲੁੱਟ ਉਪਰ ਆਧਾਰਿਤ ਮਹਾਂ-ਘੁਟਾਲਿਆਂ ਦਾ ਮਾਡਲ ਹੈ। ਇਹ ਆਰਥਕ-ਸਮਾਜੀ ਪਾੜੇ ਨੂੰ ਹੋਰ ਡੂੰਘੇਰਾ ਕਰਨ ਵਾਲਾ ਮਾਡਲ ਹੈ ਜਿਸ ਵਿਚ ਸਟੇਟ ਦੀ ਭੂਮਿਕਾ ਹੋਰ ਵੀ ਵਹਿਸ਼ੀ, ਖੂੰਖਾਰ ਅਤੇ ਬੇਕਿਰਕ ਹੋ ਗਈ ਹੈ। ਇਹ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਦੀ ਮੂਲ ਫਿਤਰਤ ਹੈ। ਇਹ ਮਾਡਲ ਜਮਹੂਰੀ ਸਪੇਸ ਅਤੇ ਰਾਜ ਦੀ ਕਲਿਆਣਕਾਰੀ ਭੂਮਿਕਾ ਦੇ ਪੂਰੀ ਤਰ੍ਹਾਂ ਖਿਲਾਫ ਹੈ ਜਿਸ ਉਪਰ ਹਿੰਦੂਤਵ ਜਾਂ 'ਸੌਫਟ ਹਿੰਦੂਤਵ' ਸਾਰੇ ਇਕਮੱਤ ਹਨ। 2009 'ਚ ਆਦਿਵਾਸੀਆਂ ਦੇ ਜੁਝਾਰੂ ਵਿਰੋਧ ਨੂੰ ਕੁਚਲਣ ਲਈ ਅਪਰੇਸ਼ਨ ਗ੍ਰੀਨ ਹੰਟ ਸ਼ੁਰੂ ਕਰਨ, ਯੂ.ਏ.ਪੀ.ਏ. ਵਰਗੇ ਕਾਨੂੰਨਾਂ ਰਾਹੀਂ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕਰਨ ਅਤੇ ਬੇਕਸੂਰ ਲੋਕਾਂ ਨੂੰ ਫੜ ਕੇ ਜੇਲ੍ਹਾਂ ਵਿਚ ਸਾੜਨ ਦੇ ਸਵਾਲ ਉਪਰ ਕੇਂਦਰ ਅਤੇ ਰਾਜ ਸਰਕਾਰਾਂ ਦੀ ਪੂਰਨ ਸਹਿਮਤੀ ਸੀ। ਸਰਕਾਰ ਸੌਫਟ ਹਿੰਦੂਤਵ ਦੀ ਹੋਵੇ ਜਾਂ ਕੱਟੜ ਹਿੰਦੂਤਵ ਦੀ, ਹਿੰਦੂ ਰਾਸ਼ਟਰ ਦੇ ਐਲਾਨੀਆਂ ਪ੍ਰੋਜੈਕਟ ਨੂੰ ਛੱਡ ਕੇ ਸਟੇਟ ਦਾ ਬਾਕੀ ਕਾਰਵਿਹਾਰ ਉਹੀ ਹੈ। ਇਸੇ ਕਰਕੇ, ਆਰ.ਐਸ.ਐਸ. ਨੂੰ ਸੱਤਾ ਉਪਰ ਕਾਬਜ਼ ਹੋਣ 'ਚ ਕੋਈ ਮੁਸ਼ਕਿਲ ਨਹੀਂ ਆਈ, ਕਿਉਂਕਿ ਬਾਕੀ ਪਾਰਟੀਆਂ ਸਮਾਜਿਕ ਨਿਆਂ ਦੇ ਸਵਾਲਾਂ ਨੂੰ ਖੁਦ ਤਿਲਾਂਜਲੀ ਦੇ ਚੁੱਕੀਆਂ ਸਨ।

ਸੱਤਾ ਵਿਚ ਆ ਕੇ ਆਰ.ਐਸ.ਐਸ.-ਭਾਜਪਾ ਨੇ ਭਾਵੇਂ ਐਲਾਨੀਆਂ ਐਮਰਜੈਂਸੀ ਨਹੀਂ ਲਗਾਈ, ਇਹ ਆਰਡੀਨੈਂਸਾਂ ਰਾਹੀਂ ਸੰਵਿਧਾਨਕ ਵਿਵਸਥਾ ਨੂੰ ਖਤਮ ਕਰਨ ਵਾਲਾ ਬੇਕਿਰਕ ਤਾਨਾਸ਼ਾਹ ਰਾਜ ਹੈ। ਆਰ.ਐਸ.ਐਸ. ਨੇ ਆਪਣੇ ਮਨਹੂਸ ਇਰਾਦੇ ਕਦੇ ਛੁਪਾਏ ਵੀ ਨਹੀਂ। ਸਮਾਜਵਾਦ, ਧਰਮ ਨਿਰਪੱਖਤਾ, ਧਾਰਮਿਕ ਸਹਿਹੋਂਦ ਅਤੇ ਸਭਿਆਚਾਰਕ ਵੰਨ-ਸਵੰਨਤਾ ਆਦਿ ਅਗਾਂਹਵਧੂ ਮੁੱਲ ਸ਼ੁਰੂ ਤੋਂ ਹੀ ਆਰ.ਐਸ.ਐਸ. ਦੇ ਨਿਸ਼ਾਨੇ 'ਤੇ ਰਹੇ ਹਨ। ਸੰਘ ਜੋ ਮਨੂਸਮ੍ਰਿਤੀ ਨੂੰ ਸੰਵਿਧਾਨ ਦੇ ਰੂਪ 'ਚ ਸਵੀਕਾਰ ਕਰਾਉਣ ਲਈ ਸਿਰਤੋੜ ਯਤਨ ਕਰ ਰਿਹਾ ਸੀ, ਨੂੰ ਆਪਣੇ ਰਾਜਨੀਤਕ ਵਿੰਗ ਰਾਹੀਂ ਪਹਿਲਾਂ 1998 ਵਿਚ ਅਤੇ ਦੁਬਾਰਾ 2014 ਤੇ 2019 ਵਿਚ ਸੱਤਾ ਵਿਚ ਆ ਕੇ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਗਿਆ। ਇਸ ਏਜੰਡੇ ਅਨੁਸਾਰ ਸਮਾਜਿਕ ਭੰਨਘੜ ਹਰ ਖੇਤਰ ਵਿਚ ਸਾਫ ਦੇਖੀ ਜਾ ਸਕਦੀ ਹੈ। ਇਹ 'ਇੰਦਰਾ ਇੰਡੀਆ ਹੈ' ਵਰਗਾ ਵਰਤਾਰਾ ਨਹੀਂ ਹੈ, ਗੱਲ ਬਹੁਤ ਅੱਗੇ ਜਾ ਚੁੱਕੀ ਹੈ। ਰਾਜ ਢਾਂਚੇ ਦਾ ਬਹੁਤ ਡੂੰਘਾ ਫਿਰਕੂਕਰਨ ਹੋ ਚੁੱਕਾ ਹੈ ਅਤੇ ਹਿੰਦੂ ਹਿਤਾਂ ਦੀ ਵਾਹਦ ਰੱਖਿਅਕ ਦੇ ਤੌਰ 'ਤੇ ਆਰ.ਐਸ.ਐਸ. ਨੇ ਸਮਾਜ ਦੇ ਜ਼ਿਆਦਾਤਰ ਹਿੱਸਿਆਂ ਦੀ ਮਨੋ-ਚੇਤਨਾ ਮੱਲ ਲਈ ਹੈ।

ਵਿਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਪੁਸ਼ਤ-ਪਨਾਹੀ ਨਾਲ ਸੱਤਾ ਵਿਚ ਆ ਕੇ ਆਰ.ਐਸ.ਐਸ.-ਭਾਜਪਾ ਨੇ ਆਪਣਾ ਚੁਣੌਤੀ ਰਹਿਤ ਵੋਟ ਆਧਾਰ ਤਿਆਰ ਕੀਤਾ। ਬਹੁਗਿਣਤੀ ਦੀ ਮਨੋ-ਚੇਤਨਾ ਉਪਰ ਹਿੰਦੂ ਰਾਸ਼ਟਰਵਾਦ ਦੀ ਡੂੰਘੀ ਜਕੜ ਹੋਣ ਕਾਰਨ ਹਾਕਮ ਜਮਾਤੀ ਵਿਰੋਧੀ ਧਿਰ ਪੂਰੀ ਤਰ੍ਹਾਂ ਗੈਰ-ਪ੍ਰਸੰਗਿਕ ਹੋ ਗਈ ਹੈ। ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਦਾ ਦਬਦਬਾ ਇਸ ਕਦਰ ਹੈ ਕਿ ਚੋਣ ਪ੍ਰਕਿਰਿਆ ਅਤੇ ਪਾਰਲੀਮੈਂਟ ਦੀਆਂ ਬਹਿਸਾਂ ਅੰਦਰ ਬਾਕੀ ਪਾਰਟੀਆਂ, ਕਿਸੇ ਇੱਕਾ-ਦੁੱਕਾ ਅਪਵਾਦ ਛੱਡ ਕੇ, ਅਕਸਰ ਹੀ ਹਿੰਦੂ ਰਾਸ਼ਟਰਵਾਦੀ ਸੁਰ ਵਿਚ ਸੁਰ ਮਿਲਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ। ਨੋਟਬੰਦੀ, ਜੀ.ਐਸ.ਟੀ. ਵਰਗੇ ਵਿਆਪਕ ਤਬਾਹੀ ਮਚਾਉਣ ਵਾਲੇ ਫੈਸਲਿਆਂ ਦੇ ਬਾਵਜੂਦ ਆਰ.ਐਸ.ਐਸ.-ਭਾਜਪਾ ਚੋਣਾਂ ਵਿਚ ਹਿੰਦੂ ਰਾਸ਼ਟਰਵਾਦ ਦੇ ਜ਼ੋਰ ਹੂੰਝਾ-ਫੇਰੂ ਜਿੱਤ ਹਾਸਲ ਕਰਨ ਦੇ ਸਮਰੱਥ ਹੈ। ਇਸ ਨੇ ਕੇਂਦਰ ਦੇ ਹੱਥ ਵਿਚ ਤਾਕਤਾਂ ਦਾ ਅਤਿਅੰਤ ਕੇਂਦਰੀਕਰਨ ਕਰ ਲਿਆ ਹੈ। ਖੁਦ ਹੁਕਮਰਾਨ ਧਿਰ ਦੇ ਅੰਦਰ 'ਸੁਪਰੀਮ ਆਗੂ' ਅਤੇ ਉਸ ਦੇ ਆਪਾਸ਼ਾਹ ਗੁੱਟ ਨੇ ਮਜ਼ਬੂਤ ਲੀਡਰਸ਼ਿਪ ਦੇ ਨਾਂ ਹੇਠ ਐਨੀਆਂ ਬੇਪਨਾਹ ਤਾਕਤਾਂ ਹਥਿਆ ਲਈਆਂ ਹਨ ਕਿ ਬਾਕੀ ਲੀਡਰਸ਼ਿਪ ਦੀ ਫੈਸਲੇ ਲੈਣ ਵਿਚ ਭੂਮਿਕਾ ਜ਼ੀਰੋ ਹੋ ਗਈ ਹੈ। ਜੁਡੀਸ਼ਰੀ ਸਮੇਤ ਸਮੁੱਚੇ ਰਾਜ-ਢਾਂਚੇ, ਉਚ ਸਿੱਖਿਆ ਸੰਸਥਾਵਾਂ, ਮੀਡੀਆ, ਭਾਵ ਸਮਾਜੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਫਾਸ਼ੀਵਾਦੀ ਵਿਚਾਰਧਾਰਾ ਨੇ ਡੂੰਘੀ ਘੁਸਪੈਠ ਕਰ ਲਈ ਹੈ। ਜਮਹੂਰੀ ਵਿਰੋਧ ਅਤੇ ਅਸਹਿਮਤੀ ਦੇ ਹੱਕ ਨੂੰ ਦੇਸ਼ਧ੍ਰੋਹ ਬਣਾ ਦਿੱਤਾ ਗਿਆ ਹੈ। ਵੱਖ-ਵੱਖ ਨਾਵਾਂ ਹੇਠ ਡੇਟਾ ਸੰਗ੍ਰਹਿ ਕਰ ਕੇ ਸਰਵੇਲੈਂਸ ਸਟੇਟ ਥੋਪ ਦਿੱਤਾ ਗਿਆ ਹੈ। ਸੰਸਕ੍ਰਿਤੀਆਂ ਦੀ ਸਹਿਹੋਂਦ, ਵਿਚਾਰਾਂ ਦਾ ਆਦਾਨ-ਪ੍ਰਦਾਨ ਅਤੇ ਰਾਜਨੀਤਕ ਸੰਵਾਦ ਦੀ ਥਾਂ ਅਸਹਿਣਸ਼ੀਲਤਾ, ਬਹੁਗਿਣਤੀ ਦੀ ਧੌਂਸ ਅਤੇ ਰਾਜਕੀ ਸਰਪ੍ਰਸਤੀ ਵਾਲੀ ਦਹਿਸ਼ਤਵਾਦੀ ਹਿੰਸਾ ਨੇ ਲੈ ਲਈ ਹੈ। ਦਲਿਤਾਂ ਅਤੇ ਮੁਸਲਮਾਨਾਂ ਦੀਆਂ ਹਜੂਮੀ ਹੱਤਿਆਵਾਂ ਅਤੇ ਪੁਲਿਸ ਵਲੋਂ ਹੱਤਿਆਵਾਂ 'ਨਿਊ ਨਾਰਮਲ' ਬਣ ਗਈਆਂ ਹਨ।



ਸਾਧਵੀ ਪ੍ਰਗਿਆ ਸਿੰਘ, ਪ੍ਰਤਾਪ ਸਾਰੰਗੀ ਵਰਗੇ ਦਹਿਸ਼ਤਵਾਦੀਆਂ ਨੂੰ ਚੋਣਾਂ ਲੜਾ ਕੇ ਅਤੇ ਅਮਿਤ ਸ਼ਾਹ ਨੂੰ ਗ੍ਰਹਿ ਮੰਤਰੀ ਬਣਾ ਕੇ ਆਰ.ਐਸ.ਐਸ.-ਭਾਜਪਾ ਨੇ ਹੋਰ ਵੀ ਬੇਕਿਰਕੀ ਨਾਲ ਪੇਸ਼ ਆਉਣ ਦੇ ਸੰਕੇਤ ਪਹਿਲਾਂ ਹੀ ਦੇ ਦਿੱਤੇ ਸਨ। ਫਿਰ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਕੇ, ਬਾਬਰੀ ਮਸਜਿਦ ਵਿਵਾਦ ਦਾ ਫੈਸਲਾ ਆਪਣੀ ਇੱਛਾ ਅਨੁਸਾਰ ਕਰਵਾ ਕੇ ਅਤੇ ਫਿਰਕੂ ਨਾਗਰਿਕਤਾ ਸੋਧ ਕਾਨੂੰਨ ਥੋਪ ਕੇ ਆਰ.ਐਸ.ਐਸ. ਨੇ ਇਹ ਸਾਫ ਸੰਦੇਸ਼ ਦੇ ਦਿੱਤਾ ਕਿ ਹੁਣ ਉਨ੍ਹਾਂ ਦੀ ਮਰਜ਼ੀ ਹੀ ਕਾਨੂੰਨ ਹੈ ਅਤੇ ਰਾਜ ਢਾਂਚੇ ਦਾ ਹਰ ਕਲ-ਪੁਰਜਾ ਨਾਗਪੁਰੀ ਆਦੇਸ਼ ਅਨੁਸਾਰ ਕੰਮ ਕਰੇਗਾ। ਚਾਹੇ ਭੀਮਾ-ਕੋਰੇਗਾਓਂ ਦੇ ਮਾਮਲੇ ਹਨ ਜਾਂ ਸੀ.ਏ.ਏ. ਖਿਲਾਫ ਅੰਦੋਲਨਾਂ ਦੌਰਾਨ ਹਿੰਸਾ ਦੇ ਹਰ ਮਾਮਲੇ ਵਿਚ ਪੁਲਿਸ ਭਗਵੇਂ ਮੁਜਰਿਮਾਂ ਦੀ ਬਜਾਏ ਬੇਕਸੂਰ ਕਾਰਕੁਨਾਂ, ਬੁੱਧੀਜੀਵੀਆਂ, ਸੰਘ ਦੇ ਆਲੋਚਕਾਂ 'ਤੇ ਯੂ. ਏ. ਪੀ. ਏ. ਲਾ ਕੇ ਉਨ੍ਹਾਂ ਨੂੰ ਜੇਲ੍ਹ ਭੇਜ ਰਹੀ ਹੈ ਅਤੇ ਜੁਡੀਸ਼ਰੀ ਪੁਲਿਸ ਦੀਆਂ ਮਨਘੜਤ ਕਹਾਣੀਆਂ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਰਹੀ ਹੈ।

ਬਾਬਰੀ ਮਸਜਿਦ ਮਾਮਲੇ ਵਿਚ ਧੱਕੇਸ਼ਾਹੀ ਅਤੇ ਸੀ.ਏ.ਏ. ਵਿਰੁਧ ਮੁਸਲਿਮ ਅਵਾਮ ਦੇ ਤਹੱਮਲ ਭਰੇ ਸੰਘਰਸ਼ ਅਤੇ ਇਸ ਵਿਚ ਜਮਹੂਰੀ, ਇਨਸਾਫਪਸੰਦ ਤਾਕਤਾਂ ਤੇ ਹੋਰ ਦੱਬੇਕੁਚਲੇ ਹਿੱਸਿਆਂ ਦੀ ਸਰਗਰਮ ਸ਼ਮੂਲੀਅਤ ਨਾਲ ਜੋ ਨਵੀਂ ਜਮਹੂਰੀ ਚੇਤਨਾ ਅਤੇ ਰਾਜਨੀਤਕ ਸੋਝੀ ਉਭਰਨੀ ਸ਼ੁਰੂ ਹੋਈ ਸੀ, ਖਾਸ ਕਰ ਕੇ ਸਾਧਾਰਨ ਮੁਸਲਿਮ ਔਰਤਾਂ ਦੀ ਬੇਮਿਸਾਲ ਹਿੱਸੇਦਾਰੀ ਅਤੇ ਪੜ੍ਹੀਆਂ-ਲਿਖੀਆਂ ਵਿਦਿਆਰਥਣਾਂ ਦੀ ਆਗੂ ਭੂਮਿਕਾ ਦੇ ਰੂਪ ਵਿਚ, ਉਸ ਨੂੰ ਕੁਚਲਣ ਲਈ ਸੰਘ ਬ੍ਰਿਗੇਡ ਨੇ ਪੂਰੀ ਤਾਕਤ ਝੋਕ ਦਿੱਤੀ ਕਿਉਂਕਿ ਇਸ ਵਿਚ ਆਰ.ਐਸ.ਐਸ. ਦੇ ਏਜੰਡੇ ਨੂੰ ਸਖਤ ਟੱਕਰ ਦੇਣ ਅਤੇ ਅਵਾਮ ਨੂੰ ਜਗਾਉਣ ਦੀ ਵਿਸ਼ਾਲ ਸਮਰੱਥਾ ਸੀ। ਇਸ ਦੌਰਾਨ ਕਰੋਨਾ ਮਹਾਮਾਰੀ ਹੁਕਮਰਾਨਾਂ ਲਈ ਵਰਦਾਨ ਬਣ ਕੇ ਆਈ। ਮਹਾਮਾਰੀ ਦੇ ਬਹਾਨੇ ਇਸ ਵਿਸ਼ਾਲ ਸੰਭਾਵਨਾਵਾਂ ਵਾਲੀ ਲੋਕ ਲਾਮਬੰਦੀ ਨੂੰ ਬੇਕਿਰਕੀ ਨਾਲ ਕੁਚਲ ਦਿੱਤਾ ਗਿਆ।

ਕਰੋਨਾ ਮਹਾਮਾਰੀ ਨੂੰ ਰੋਕਣ ਦੇ ਨਾਂ ਹੇਠ ਥੋਪੇ ਲੌਕਡਾਊਨ ਦੌਰਾਨ ਆਰ.ਐਸ.ਐਸ.-ਭਾਜਪਾ ਵੱਲੋਂ ਲੋਕਾਂ ਦੇ ਜੀਵਨ-ਗੁਜ਼ਾਰੇ, ਹੱਕ-ਜਤਾਈ ਅਤੇ ਜਮਹੂਰੀ ਹੱਕਾਂ ਉਪਰ ਹਮਲੇ ਹੋਰ ਤਿੱਖੇ ਕਰ ਦਿੱਤੇ ਗਏ। ਉਦਯੋਗਿਕ ਕਾਰੋਬਾਰਾਂ ਨੂੰ ਉਤਸ਼ਾਹਤ ਕਰਨ ਦੇ ਬਹਾਨੇ ਕਿਰਤ ਕਾਨੂੰਨ ਮੁਅੱਤਲ ਕਰ ਦਿੱਤੇ ਗਏ। ਕਿਸਾਨੀ ਨੂੰ ਤਬਾਹ ਕਰਨ ਵਾਲੇ ਤਿੰਨ ਆਰਡੀਨੈਂਸ ਥੋਪ ਦਿੱਤੇ ਗਏ। ਹਵਾਈ ਅੱਡਿਆਂ ਦੀ ਨੀਲਾਮੀ, ਰੇਲਵੇ ਦਾ ਨਿੱਜੀਕਰਨ ਅਤੇ ਹੋਰ ਪ੍ਰੋਜੈਕਟਾਂ ਲਈ ਜ਼ਮੀਨਾਂ ਐਕਵਾਇਰ ਕਰਨ ਦੇ ਬਕਾਇਆ ਕੰਮ ਪੂਰੇ ਕਰ ਲਏ ਗਏ। ਉਘੇ ਬੁੱਧੀਜੀਵੀ ਅਤੇ ਸੀ.ਏ.ਏ. ਵਿਰੁਧ ਸੰਘਰਸ਼ ਦੇ ਆਗੂ ਕਾਰਕੁਨ ਗ੍ਰਿਫਤਾਰ ਕਰ ਕੇ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਲੌਕਡਾਊਨ ਦੌਰਾਨ ਪੁਲਿਸ ਤਾਕਤ ਦਾ ਬੇਦਰੇਗ ਇਸਤੇਮਾਲ, ਪਰਵਾਸੀ ਕਿਰਤੀਆਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਸਟੇਟ ਦੇ ਅਵਾਮ ਵਿਰੋਧੀ ਰਵੱਈਏ ਦੇ ਨਾਲ-ਨਾਲ ਮੁਜਰਮਾਨਾ ਕੋਤਾਹੀ ਅਤੇ ਅਣਮਨੁੱਖੀ ਗਵਰਨੈਂਸ ਦੀ ਇੰਤਿਹਾ ਹੈ। ਰਾਸ਼ਟਰਵਾਦੀ ਜਨੂਨ ਦੇ ਬੋਲਬਾਲੇ, ਜਮਹੂਰੀ ਚੇਤਨਾ ਦੀ ਘਾਟ ਅਤੇ ਸਥਾਪਤੀ ਵਿਰੋਧੀ ਅਸਰਦਾਰ ਲਹਿਰ ਦੀ ਅਣਹੋਂਦ 'ਚ ਤਾਨਾਸ਼ਾਹ ਹੁਕਮਰਾਨ ਆਪਣੇ ਮਹਾਂ-ਝੂਠ ਨੂੰ ਸਮਾਜ ਉਪਰ ਥੋਪਣ, ਮਹਾਮਾਰੀ ਦੌਰਾਨ ਵੀ ਹਥਿਆਰਾਂ ਦੇ ਸੌਦਿਆਂ ਅਤੇ ਹੋਰ ਵਾਹਿਯਾਤ ਪ੍ਰੋਜੈਕਟਾਂ ਉਪਰ ਟੈਕਸਾਂ ਦਾ ਪੈਸਾ ਪਾਣੀ ਵਾਂਗ ਰੋੜ੍ਹਨ, ਕਾਰਪੋਰੇਟ ਹਿਤਾਂ ਲਈ ਪੂਰੇ ਮੁਲਕ ਨੂੰ ਦਾਅ 'ਤੇ ਲਾਉਣ, ਫੋਕੇ ਰਾਹਤ ਪੈਕੇਜਾਂ ਰਾਹੀਂ ਅਵਾਮ ਨੂੰ ਮੂਰਖ ਬਣਾਉਣ ਅਤੇ ਅਵਾਮ ਨੂੰ ਟਿੱਚ ਜਾਣ ਕੇ ਘਿਨਾਉਣੀਆਂ ਚੋਣ ਮੁਹਿੰਮਾਂ ਵਿੱਢਣ 'ਚ ਸਹਿਜੇ ਹੀ ਕਾਮਯਾਬ ਹੋ ਰਹੇ ਹਨ। ਸੱਤਾ ਨੂੰ ਸਵਾਲ ਕਰਨਾ ਜੁਰਮ ਹੈ। ਕੋਵਿਡ-19 ਦੀ ਸੱਚੀ ਰਿਪੋਰਟਿੰਗ ਕਰਨ ਦੇ ਜੁਰਮ ਵਿਚ ਪੂਰੇ ਦੇਸ਼ ਵਿਚ ਸੀਨੀਅਰ ਪੱਤਰਕਾਰਾਂ ਸਮੇਤ 55 ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਗ੍ਰਿਫਤਾਰੀਆਂ, ਝੂਠੇ ਮਾਮਲਿਆਂ ਨੂੰ ਫਸਾਉਣਾ ਅਤੇ ਧਮਕੀਆਂ ਆਮ ਗੱਲ ਹੈ।

ਐਮਰਜੈਂਸੀ ਦੇ ਦੌਰ ਨਾਲੋਂ ਹੁਣ ਦੇ ਹਾਲਾਤ ਇਸ ਲਿਹਾਜ਼ ਨਾਲ ਵੱਖਰੀ ਹੈ ਕਿ ਕੌਮਾਂਤਰੀ ਪੱਧਰ 'ਤੇ ਘੋਰ ਸੱਜੇ-ਪੱਖੀ ਵਿਚਾਰਧਾਰਾ ਦਾ ਬੋਲਬਾਲਾ ਹੈ। ਨਾ ਵਿਰੋਧੀ-ਧਿਰ ਕੋਲ ਹੁਕਮਰਾਨ ਧਿਰ ਨੂੰ ਚੁਣੌਤੀ ਦੇਣ ਲਈ 'ਸੰਪੂਰਨ ਕ੍ਰਾਂਤੀ' ਦਾ ਸੱਦਾ ਦੇਣ ਵਾਲਾ ਜੈਪ੍ਰਕਾਸ਼ ਨਰਾਇਣ ਵਰਗਾ ਮਕਬੂਲ ਆਗੂ ਹੈ ਅਤੇ ਨਾ ਵਿਰੋਧੀ ਧਿਰ ਕੋਲ ਹੁਕਮਰਾਨ ਧਿਰ ਨਾਲ ਟੱਕਰ ਲੈਣ ਦਾ ਦਮ-ਖਮ ਹੈ। ਰਾਸ਼ਟਰਵਾਦੀ ਜਨੂਨ ਲੋਕਾਈ ਦੇ ਬੁਨਿਆਦੀ ਮੰਗਾਂ ਤੇ ਮਸਲਿਆਂ ਅਤੇ ਸਮਾਜੀ ਨਿਆਂ ਦੀ ਆਵਾਜ਼ ਨੂੰ ਰਾਸ਼ਟਰ-ਭਗਤੀ ਦੀ ਕਾਵਾਂਰੌਲੀ ਵਿਚ ਡੁਬੋ ਕੇ ਅਸਲ ਮਸਲਿਆਂ ਬਾਰੇ ਟਾਲਾ ਵੱਟਣ ਦਾ ਅਜ਼ਮਾਇਆ ਹੋਇਆ ਹਥਿਆਰ ਹੈ। ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਝੜਪਾਂ ਦੀਆਂ ਖਬਰਾਂ ਨੇ ਮਹਾਮਾਰੀ ਨਾਲ ਜੁੜੇ ਸਵਾਲਾਂ ਦੀ ਚਰਚਾ ਰੋਲ ਦਿੱਤੀ ਹੈ। ਫਿਰ ਵੀ, ਹੁਕਮਰਾਨ ਜਾਣਦੇ ਹਨ ਕਿ ਫੋਕੀਆਂ ਮੁਹਿੰਮਾਂ ਅਤੇ ਰਾਜਨੀਤਕ ਸਟੰਟਾਂ ਦੀ ਮਦਦ ਨਾਲ ਅਵਾਮੀ ਵਿਰੋਧ ਨੂੰ ਹਮੇਸ਼ਾ ਲਈ ਦਬਾਉਣਾ ਸੰਭਵ ਨਹੀਂ। ਆਉਣ ਵਾਲੇ ਦਿਨਾਂ ਵਿਚ ਇਹ ਹੈਂਕੜਬਾਜ਼ ਹਕੂਮਤ ਆਮ ਲੋਕਾਈ ਉਪਰ ਹੋਰ ਨਵੇਂ ਬੋਝ ਲੱਦ ਕੇ ਉਹਨਾਂ ਦੀ ਜ਼ਿੰਦਗੀ ਨੂੰ ਹੋਰ ਮੁਸ਼ਕਿਲ ਬਣਾਏਗੀ। ਸੱਤਾ ਦੀ ਸਲਾਮਤੀ ਨੂੰ ਖਤਰਾ ਦੇਖ ਕੇ ਹੋਰ ਵੀ ਤਿੱਖੇ ਜਬਰ ਦਾ ਸਹਾਰਾ ਲਿਆ ਜਾਵੇਗਾ।

ਸੱਤਾ ਦੀਆਂ ਮਨਮਾਨੀਆਂ ਨੂੰ ਠੱਲ੍ਹਣ ਲਈ ਜਥੇਬੰਦ ਜਮਹੂਰੀ ਵਿਰੋਧ ਹੀ ਅਵਾਮ ਕੋਲ ਆਪਣੇ ਹਿਤਾਂ ਦੀ ਰਾਖੀ ਅਤੇ ਜ਼ਿੰਦਗੀ ਦੀ ਬਿਹਤਰੀ ਦਾ ਇਕੋ-ਇਕ ਰਾਹ ਹੈ। ਇਹ ਫਿਰ ਹੀ ਸੰਭਵ ਹੈ ਜੇ ਅਵਾਮ ਸੀ.ਏ.ਏ. ਵਿਰੁਧ ਅੰਦੋਲਨ ਦੀ ਤਰ੍ਹਾਂ ਸੜਕਾਂ ਉਪਰ ਆਉਂਦੇ ਹਨ।


# ਸਿਆਸੀ ਕੈਦੀਆਂ ਦੇ ਹਾਲਾਤ

***ਮੋਦੀ ਸਰਕਾਰ, ਭੀਮਾ-ਕੋਰੇਗਾਓਂ ਕੇਸ ਦੇ ਸਿਆਸੀ ਕੈਦੀਆਂ ਨਾਲ ਜੋ ਵਿਹਾਰ ਕਰ ਰਹੀ ਹੈ, ਉਸ ਤੋਂ ਇਨ੍ਹਾਂ ਦੇ ਮਨਸ਼ੇ ਸਪਸ਼ਟ ਹਨ। ਮਹਾਰਾਸ਼ਟਰ ਵਿਚ ਇਸ ਵਕਤ ਕਰੋਨਾ ਮਹਾਮਾਰੀ ਸਭ ਤੋਂ ਵਧੇਰੇ ਫੈਲੀ ਹੋਈ ਹੈ ਅਤੇ ਹਕੂਮਤ ਨੇ ਜਾਣ-ਬੁੱਝ ਕੇ ਇਨ੍ਹਾਂ ਬੁੱਧੀਜੀਵੀਆਂ ਨੂੰ ਤਲੋਜਾ ਦੇ ਅਸੁਰੱਖਿਅਤ ਕਵਾਰੰਟੀਨ ਸੈਂਟਰ ਵਿਚ ਕੈਦ ਕੀਤਾ ਹੋਇਆ ਹੈ। ਜਮਹੂਰੀ ਹੱਕਾਂ ਦੇ ਕਾਰਕੁਨ ਗੌਤਮ ਨਵਲੱਖਾ ਦੀ ਜੀਵਨ ਸਾਥਣ ਸਾਹਬਾ ਹੁਸੈਨ ਨੇ ਹਾਲ ਹੀ ਵਿਚ ਲੋਕ-ਪੱਖੀ ਉਘੇ ਫਿਲਮਸਾਜ਼ ਆਨੰਦ ਪਟਵਰਧਨ ਨੂੰ ਚਿੱਠੀ ਲਿਖ ਕੇ ਗੌਤਮ ਅਤੇ ਹੋਰ ਸਿਆਸੀ ਕੈਦੀਆਂ ਦੇ ਹਾਲਾਤ ਬਿਆਨ ਕੀਤੇ ਹਨ। ਇਹ ਚਿੱਠੀ ਆਨੰਦ ਪਟਵਰਧਨ ਨੇ 21 ਜੂਨ ਨੂੰ ਸੋਸ਼ਲ ਮੀਡੀਆ ਉਪਰ ਸਾਂਝੀ ਕੀਤੀ ਹੈ। -ਸੰਪਾਦਕ***

**ਪਿਆਰੇ ਆਨੰਦ,**

ਗੌਤਮ (ਨਵਲਖਾ) ਨੇ 15 ਦਿਨਾਂ ਦੇ ਵਕਫੇ ਤੋਂ ਬਾਅਦ ਮੈਨੂੰ ਫੋਨ ਕੀਤਾ। ਉਦੋਂ ਤੱਕ ਮੈਨੂੰ ਬਸ ਇੰਨਾ ਹੀ ਪਤਾ ਸੀ ਕਿ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅਚਾਨਕ ਮੁੰਬਈ ਲੈ ਜਾਣ ਤੋਂ ਬਾਅਦ ਉਨ੍ਹਾਂ ਨੂੰ 26 ਮਈ ਨੂੰ ਤਲੋਜਾ ਵਿਚ ਇਕ ਕਵਾਰੰਟੀਨ ਸੈਂਟਰ ਵਿਚ ਭੇਜ ਦਿੱਤਾ ਗਿਆ ਸੀ। ਇਹ ਕਵਾਰੰਟੀਨ ਸੈਂਟਰ ਤਲੋਜਾ ਵਿਚ ਸਕੂਲ ਦੀ ਇਮਾਰਤ ਵਿਚ ਚਲਾਇਆ ਜਾ ਰਿਹਾ ਹੈ ਜਿੱਥੇ ਨਵੇਂ ਕੈਦੀਆਂ ਨੂੰ ਤਲੋਜਾ ਜੇਲ੍ਹ ਵਿਚ ਭੇਜਣ ਤੋਂ ਪਹਿਲਾਂ ਰੱਖਿਆ ਜਾਂਦਾ ਹੈ।

ਗੌਤਮ ਨੇ ਫੋਨ 'ਤੇ ਉਥੇ ਦੇ ਕੁਝ ਭਿਆਨਕ ਵੇਰਵੇ ਦੱਸੇ ਹਨ, ਜੋ ਮੈਂ ਤੁਹਾਡੇ ਨਾਲ ਸਾਂਝੇ ਕਰ ਰਹੀ ਹਾਂ। ਗੌਤਮ ਨੇ ਦੱਸਿਆ ਕਿ ਉਨ੍ਹਾਂ ਨਾਲ ਇਮਾਰਤ ਦੇ ਛੇ ਕਲਾਸ ਰੂਮਾਂ ਵਿਚ 350 ਕੈਦੀਆਂ ਨੂੰ ਰੱਖਿਆ ਗਿਆ ਹੈ। ਗੌਤਮ 35 ਹੋਰ ਕੈਦੀਆਂ ਨਾਲ ਇਕ ਕਲਾਮ ਰੂਮ ਵਿਚ ਬੰਦ ਹਨ। ਬਹੁਤ ਸਾਰੇ ਲੋਕ ਵਰਾਂਡਿਆਂ ਅਤੇ ਲਾਂਘਿਆਂ ਵਿਚ ਸੌਂਦੇ ਹਨ। ਉਥੇ ਸਿਰਫ 3 ਟਾਇਲੈੱਟ, 7 ਬਾਥਰੂਮ ਅਤੇ ਨਹਾਉਣ ਲਈ ਇਕ ਖੁੱਲ੍ਹੀ ਜਗ੍ਹਾ ਹੈ ਜਿਸ ਵਿਚ ਬਾਲਟੀ ਜਾਂ ਮੱਗ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਭੀੜ ਐਨੀ ਹੈ ਕਿ ਕੋਵਿਡ-19 ਦੇ ਡਰ ਤੋਂ ਇਲਾਵਾ, ਕੈਦੀਆਂ ਨੂੰ ਚਮੜੀ ਦੀ ਲਾਗ ਵੀ ਲੱਗ ਸਕਦੀ ਹੈ।


ਗੌਤਮ ਨਵਲੱਖਾ

ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਤਾਜ਼ਾ ਹਵਾ ਵੀ ਨਹੀਂ ਮਿਲਦੀ, ਕਿਉਂਕਿ ਜ਼ਿਆਦਾਤਰ ਲੋਕਾਂ ਨੂੰ ਬੰਦ ਰੱਖਿਆ ਜਾਂਦਾ ਹੈ ਅਤੇ ਤੁਰਨ-ਫਿਰਨ ਜਾਂ ਕਸਰਤ ਕਰਨ ਲਈ ਜਗ੍ਹਾ ਨਹੀਂ ਹੁੰਦੀ। ਹਾਲਾਂਕਿ ਉਹ ਯੋਗ ਅਭਿਆਸ ਕਰ ਰਹੇ ਹਨ ਕਿਉਂਕਿ ਦੂਜੇ ਕੈਦੀ ਉਨ੍ਹਾਂ ਲਈ ਕੁਝ ਜਗ੍ਹਾ ਬਣਾ ਦਿੰਦੇ ਹਨ। ਕਵਾਰੰਟੀਨ ਦੇ ਇਨ੍ਹਾਂ ਤਿੰਨ ਹਫਤਿਆਂ ਵਿਚ ਉਸ ਦਾ ਵਜ਼ਨ ਦੋ ਕਿਲੋ ਘਟ ਗਿਆ ਹੈ ਅਤੇ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਅਧਿਕਾਰੀ ਉਨ੍ਹਾਂ ਅਤੇ ਹੋਰ ਕੈਦੀਆਂ ਨੂੰ ਐਸੇ ਅਣਮਨੁੱਖੀ ਹਾਲਾਤ ਵਿਚ ਕਦ ਤੱਕ ਰੱਖਣਗੇ।

ਇਸ ਵਕਤ ਤਲੋਜਾ ਜੇਲ੍ਹ ਵਿਚ ਉਨ੍ਹਾਂ ਵਰਗੇ ਨਵੇਂ ਕੈਦੀਆਂ ਦੇ ਲਈ ਜਗ੍ਹਾ ਨਹੀਂ ਹੈ। ਇਨ੍ਹਾਂ ਹਾਲਾਤ ਵਿਚ ਉਸ ਨੂੰ ਅਤੇ ਹੋਰ ਕੈਦੀਆਂ ਨੂੰ ਨਿੱਤ ਸਿਹਤ ਦੇ ਜਿਸ ਗੰਭੀਰ ਜੋਖਮ ਵਿਚ ਰੱਖਿਆ ਜਾ ਰਿਹਾ ਹੈ, ਉਸ ਬਾਰੇ ਸੋਚ ਕੇ ਮੈਨੂੰ ਚਿੰਤਾ ਹੋ ਰਹੀ ਹੈ।

ਉਨ੍ਹਾਂ ਇਹ ਜ਼ਿਕਰ ਵੀ ਕੀਤਾ ਕਿ ਉਹ ਸਾਰੇ ਬਾਹਰਲੀ ਦੁਨੀਆਂ ਤੋਂ ਪੂਰੀ ਤਰ੍ਹਾਂ ਕੱਟੇ ਹੋਏ ਹਨ ਕਿਉਂਕਿ ਇਸ ਕਵਾਰੰਟੀਨ ਸੈਂਟਰ ਵਿਚ ਨਾ ਤਾਂ ਬਾਹਰ ਦੀ ਕੋਈ ਖਬਰ ਆਉਂਦੀ ਹੈ ਅਤੇ ਨਾ ਹੀ ਇਥੇ ਦੀ ਕੋਈ ਖਬਰ ਬਾਹਰ ਜਾਂਦੀ ਹੈ। ਉਹ ਸੋਚਦੇ ਰਹਿੰਦੇ ਹਨ ਕਿ ਬਾਹਰ ਦੀ ਦੁਨੀਆ ਵਿਚ ਕੀ ਕੁਝ ਚੱਲ ਰਿਹਾ ਹੈ।

ਉਨ੍ਹਾਂ ਕੱਲ੍ਹ ਮੈਨੂੰ ਜੋ ਕੁਝ ਦੱਸਿਆ, ਉਸ ਨੇ ਮੈਨੂੰ ਬਹੁਤ ਪ੍ਰੇਸ਼ਾਨ ਕਰ ਦਿੱਤਾ ਹੈ।

ਉਨ੍ਹਾਂ ਨੇ ਮੈਨੂੰ ਜੋ ਬੁਰੇ ਹਾਲਾਤ ਦੱਸੇ, ਉਨ੍ਹਾਂ ਦੇ ਬਾਵਜੂਦ ਆਵਾਜ਼ ਤੋਂ ਉਹ ਠੀਕ ਲੱਗ ਰਹੇ ਸਨ ਤੇ ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਹਾਲਾਤ ਵਿਚ ਖੁਦ ਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਅਤੇ ਤਸੀਹੇ ਦੇਣ ਵਾਲੇ ਇਨ੍ਹਾਂ ਹਾਲਾਤ ਦੇ ਬੋਝ ਹੇਠ ਦੱਬ ਕੇ ਕਮਜ਼ੋਰ ਨਹੀਂ ਪੈਣਗੇ।

ਮੈਨੂੰ ਲੱਗਿਆ ਕਿ ਮੈਨੂੰ ਇਹ ਤੁਹਾਡੇ ਨਾਲ ਸਾਂਝਾ ਕਰਨਾ ਚਾਹੀਦਾ ਹੈ ਕਿਉਂਕਿ ਤੁਸੀਂ ਅਕਸਰ ਹੀ ਮੈਨੂੰ ਉਨ੍ਹਾਂ ਦਾ ਹਾਲਚਾਲ ਪੁੱਛਦੇ ਰਹੇ ਹੋ। ਉਨ੍ਹਾਂ ਦੇ ਵਕੀਲ ਅਤੇ ਮੈਂ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਕੀ ਕੀਤਾ ਜਾ ਸਕਦਾ ਹੈ, ਹਾਲਾਂਕਿ ਮੈਂ ਮੰਨਦੀ ਹਾਂ ਕਿ ਗੌਤਮ ਵਰਗੇ ਰਾਜਨੀਤਕ ਬੰਦੀ - ਸਗੋਂ ਇਸ ਵਕਤ ਜੇਲ੍ਹ ਵਿਚ ਬੰਦ ਭੀਮਾ-ਕੋਰੇਗਾਓਂ ਮਾਮਲੇ ਦੇ ਸਾਰੇ 11 ਲੋਕਾਂ ਨਾਲ ਇਸ ਤਰ੍ਹਾਂ ਦੇ ਅਣਮਨੁੱਖੀ ਵਿਹਾਰ ਦੇ ਖਿਲਾਫ ਆਵਾਜ਼ ਉਠਾਉਣਾ ਬਹੁਤ ਮਹੱਤਵਪੂਰਨ ਹੈ।

ਤੁਸੀਂ ਜੇਲ੍ਹ ਵਿਚ ਵਰਾਵਰਾ ਰਾਓ ਦੀ ਸਿਹਤ ਦੀ ਭਿਆਨਕ ਹਾਲਤ ਬਾਰੇ ਵੀ ਸੁਣਿਆ ਹੋਵੇਗਾ ਜੋ ਲਗਾਤਾਰ ਵਿਗੜਦੀ ਜਾ ਰਹੀ ਹੈ। ਸਬੰਧਤ ਅਧਿਕਾਰੀਆਂ ਨੂੰ ਫੌਰੀ ਇਸ ਉਪਰ ਧਿਆਨ ਦੇਣ ਅਤੇ ਜ਼ਰੂਰੀ ਕਦਮ ਚੁੱਕਣ ਦੀ ਜ਼ਰੂਰਤ ਹੈ। ਸਲਾਮ।

***-ਸਾਹਬਾ***

# ਨੇਸ਼ਨ ਸਟੇਟ ਅਤੇ ਖਾਲਿਸਤਾਨ ਦਾ ਸੁਆਲ

ਵਿਚਾਰ-ਚਰਚਾ

***ਨੇਸ਼ਨ ਸਟੇਟ ਬਾਰੇ ਬਹਿਸ ਕੋਈ ਨਵੀਂ ਨਹੀਂ। ਹੁਣ ਤਕ ਇਹ ਵੱਖ-ਵੱਖ ਪੜਾਵਾਂ ਵਿਚੋਂ ਲੰਘ ਆਈ ਹੈ। ਸਿੱਖ ਰਾਜ ਜਾਂ ਕਹਿ ਲਓ ਖਾਲਿਸਤਾਨ ਦੇ ਮਾਮਲੇ 'ਤੇ ਅੱਜ ਕੱਲ੍ਹ ਸੋਸ਼ਲ ਮੀਡੀਆ ਉਤੇ ਵਾਹਵਾ ਚੁੰਝ-ਚਰਚਾ ਚੱਲ ਰਹੀ ਹੈ। ਦੋ ਧਿਰਾਂ ਆਹਮੋ-ਸਾਹਮਣੇ ਹਨ। ਇਸੇ ਪ੍ਰਸੰਗ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਇਹ ਲੇਖ ਭੇਜਿਆ ਹੈ, ਜਿਸ ਵਿਚ ਨੇਸ਼ਨ ਸਟੇਟ ਦੇ ਕੁਝ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਨਿਜੀ ਤੌਰ 'ਤੇ ਅਦਾਰਾ 'ਪੰਜਾਬ ਟਾਈਮਜ਼' ਦਾ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹੋਣ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਹ ਲੇਖ ਅਸੀਂ ਪਾਠਕਾਂ ਲਈ ਸਿਰਫ ਤੇ ਸਿਰਫ ਵਿਚਾਰ-ਚਰਚਾ ਦੇ ਮਕਸਦ ਨਾਲ ਛਾਪ ਰਹੇ ਹਾਂ। ਇਸ ਪ੍ਰਸੰਗ ਵਿਚ ਆਉਂਦੇ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

ਜੂਨ 1984 ਨੂੰ ਵਾਪਰਿਆ ਘੱਲੂਘਾਰਾ ਹਰ ਸਿੱਖ ਲਈ ਨਾਭੁੱਲਣਯੋਗ ਅਤੇ ਨਾਬਖਸ਼ਣਯੋਗ ਇਤਿਹਾਸਕ ਘਟਨਾ ਹੈ, ਪਰ ਇਸ ਖੂਨੀ ਸਾਕੇ ਨੂੰ 'ਅਣਚਿਤਵਿਆ' ਨਹੀਂ ਕਿਹਾ ਜਾ ਸਕਦਾ, ਕਿਉਂਕਿ ਭਾਰਤ ਸਰਕਾਰ ਨੇ 1955 ਵਿਚ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਿਸ ਭੇਜ ਕੇ ਸਿੱਖਾਂ ਨੂੰ ਇਸ਼ਾਰਾ ਦੇ ਦਿੱਤਾ ਸੀ ਕਿ ਆਉਣ ਵਾਲੇ ਸਮੇਂ ਵਿਚ ਅਜਿਹਾ ਕਹਿਰ ਫਿਰ ਵਾਪਰ ਸਕਦਾ ਹੈ। ਪੰਜਾਬੀ ਦੇ ਅਜ਼ੀਮ ਸ਼ਾਇਰ ਅਫਜ਼ਲ ਅਹਿਸਨ ਰੰਧਾਵਾ ਨੇ ਇਸ ਘੱਲੂਘਾਰੇ ਨੂੰ ਪੰਜ ਸਦੀਆਂ ਦੇ ਵੈਰ ਦਾ ਨਤੀਜਾ ਦੱਸਿਆ ਹੈ, ਭਾਵ ਇਹ ਅਚਾਨਕ ਵਾਪਰੀ ਘਟਨਾ ਨਹੀਂ ਸੀ, ਸਗੋਂ ਪੰਜ ਸਦੀਆਂ ਤੋਂ ਡੱਕੀ ਪਈ ਨਫਰਤ ਦਾ ਬੇਰੋਕ ਪ੍ਰਗਟਾਵਾ ਸੀ। ਸਿੱਖ ਕਵੀਆਂ-ਹਰਿੰਦਰ ਸਿੰਘ ਮਹਿਬੂਬ ਅਤੇ ਕੁਲਵੰਤ ਸਿੰਘ ਗਰੇਵਾਲ ਨੇ ਵੀ ਇਸ ਸਾਕੇ ਦੀ ਅਗਾਊਂ ਪੇਸ਼ੀਨਗੋਈ ਕਰ ਦਿੱਤੀ ਸੀ।

ਪ੍ਰਭਸ਼ਰਨਬੀਰ ਸਿੰਘ
prabhsharanbir@gmail.com

ਇਹ ਘੱਲੂਘਾਰਾ ਸਿੱਖ ਪੰਥ ਦੇ ਚੇਤਿਆਂ ਵਿਚ ਸਰਬਕਾਲ ਤੱਕ ਟਿਕਿਆ ਰਹੇਗਾ। ਇਸ ਨੇ ਸਿੱਖਾਂ ਦੇ ਆਉਣ ਵਾਲੇ ਸਾਰੇ ਇਤਿਹਾਸ ਦਾ ਵਹਿਣ ਬਦਲ ਦਿੱਤਾ। ਇਸ ਸਾਕੇ ਪਿਛੋਂ ਖਾਲਸਾ ਪੰਥ ਦੀ ਰੂਹ ਦੇ ਨਾਲ-ਨਾਲ ਸਫਰ ਕਰ ਰਿਹਾ ਆਜ਼ਾਦ ਸਿੱਖ ਰਾਜ ਦਾ ਸੁਪਨਾ ਖਾਲਿਸਤਾਨ ਦੇ ਰੂਪ ਵਿਚ ਠੋਸ ਨਿਸ਼ਾਨੇ ਵਿਚ ਬਦਲ ਗਿਆ।

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਬਚਨ ਕੀਤੇ ਸਨ ਕਿ ਜੇ ਭਾਰਤੀ ਫੌਜ ਦੇ ਪੈਰ ਸ੍ਰੀ ਦਰਬਾਰ ਸਾਹਿਬ ਦੀ ਜੂਹ ਵਿਚ ਦਾਖਲ ਹੁੰਦੇ ਹਨ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਸੰਤਾਂ ਦੀ ਸ਼ਖਸੀਅਤ ਬਾਰੇ ਇਕ ਗੱਲ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਹਨ ਕਿ ਉਹ ਹਮੇਸ਼ਾ ਸਾਫ, ਸਿੱਧੀ ਅਤੇ ਸਪਸ਼ਟ ਗੱਲ ਕਰਦੇ ਸਨ। ਉਨ੍ਹਾਂ ਦੀਆਂ ਗੱਲਾਂ ਵਿਚ ਕੋਈ ਵਿੰਗ-ਵਲ ਨਹੀਂ ਸੀ ਹੁੰਦਾ। ਉਹ ਸਿਆਸੀ ਲੋਕਾਂ ਵਾਂਗ ਗੱਲ ਨਹੀਂ ਸਨ ਕਰਦੇ। ਉਹ ਜਦੋਂ ਵੀ ਬੋਲਦੇ ਸਨ, ਗੁਰੂ ਨੂੰ ਸਨਮੁਖ ਜਾਣ ਕੇ ਬੋਲਦੇ ਸਨ, ਪਰ ਅਜਮੇਰ ਸਿੰਘ ਨੂੰ ਲਗਦਾ ਹੈ ਕਿ ਸੰਤਾਂ ਦਾ ਖਾਲਿਸਤਾਨ ਦੀ ਨੀਂਹ ਰੱਖੇ ਜਾਣ ਬਾਰੇ ਉਕਤ ਬਚਨ Vague Statement, ਭਾਵ ਧੁੰਦਲਾ ਕਥਨ ਹੈ। ਅਜਮੇਰ ਸਿੰਘ ਨੂੰ ਅਜਿਹਾ ਕਿਉਂ ਲੱਗਦਾ ਹੈ, ਇਹ ਤਾਂ ਉਹੀ ਦੱਸ ਸਕਦੇ ਹਨ, ਪਰ ਇਹ ਸਪਸ਼ਟ ਹੈ ਕਿ ਸੰਤਾਂ ਦੇ ਇਸ ਬਿਆਨ ਵਿਚ ਧੁੰਦਲੇਪਣ ਵਾਲੀ ਕੋਈ ਗੱਲ ਨਹੀਂ। ਅਜਮੇਰ ਸਿੰਘ ਦੇ ਹਮਾਇਤੀਆਂ ਨੂੰ ਮੇਰੀ ਬੇਨਤੀ ਹੈ ਕਿ ਉਹ ਇਸ ਗੱਲ ਉਤੇ ਵਿਚਾਰ ਕਰਨ ਕਿ ਅਜਮੇਰ ਸਿੰਘ ਨੇ ਸੰਤਾਂ ਦੇ ਇਸ ਬਚਨ ਨੂੰ 'ਧੁੰਦਲਾ ਕਥਨ' ਕਿਉਂ ਕਿਹਾ ਹੈ? ਇਸ ਨਾਲ ਉਨ੍ਹਾਂ ਨੂੰ ਆਪਣੇ ਕਈ ਸੁਆਲਾਂ ਦੇ ਜੁਆਬ ਮਿਲ ਜਾਣਗੇ।

ਖੈਰ, ਸੰਤਾਂ ਦੇ ਬਚਨਾਂ ਉਤੇ ਫੁੱਲ ਚੜ੍ਹਾਉਂਦਿਆਂ ਅਨੇਕਾਂ ਮਰਜੀਵੜੇ ਖਾਲਿਸਤਾਨ ਦੀ ਕਾਇਮੀ ਲਈ ਚੱਲੇ ਸੰਘਰਸ਼ ਵਿਚ ਕੁੱਦ ਪਏ ਅਤੇ ਆਪਣੀਆਂ ਜਾਨਾਂ ਪੰਥ ਉਤੋਂ ਨਿਛਾਵਰ ਕਰ ਗਏ। ਜੁਝਾਰੂ ਸਿੰਘ ਮੈਦਾਨ-ਏ-ਜੰਗ ਵਿਚ ਜੂਝਣ ਤੋਂ ਬਿਨਾ ਸਮੇਂ-ਸਮੇਂ ਉਤੇ ਆਪਣੇ ਵਿਚਾਰ ਅਤੇ ਪੰਥਕ ਨਿਸ਼ਾਨੇ ਪ੍ਰਤੀ ਆਪਣੀ ਸਮਝ ਕੁਝ ਦਸਤਾਵੇਜ਼ਾਂ ਰਾਹੀਂ ਸੰਗਤਾਂ ਨਾਲ ਸਾਂਝੀ ਕਰਦੇ ਰਹਿੰਦੇ ਸਨ। ਅਜਿਹੇ ਹੀ ਇੱਕ ਦਸਤਾਵੇਜ਼ ਬਾਰੇ ਅੱਜ ਥੋੜ੍ਹਾ ਵਿਸਥਾਰ ਵਿਚ ਜਾਣਨ ਦੀ ਲੋੜ ਹੈ।

4 ਅਗਸਤ 1987 ਨੂੰ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੰਥਕ ਕਨਵੈਨਸ਼ਨ ਸੱਦੀ ਗਈ। ਇਸ ਕਨਵੈਨਸ਼ਨ ਵਿਚ ਖਾਲਿਸਤਾਨ ਕਮਾਂਡੋ ਫੋਰਸ ਦੇ ਜਨਰਲ ਲਾਭ ਸਿੰਘ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਲੈਫਟੀਨੈਂਟ ਜਨਰਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਨੇ ਇਤਿਹਾਸਕ ਦਸਤਾਵੇਜ਼ ਪੇਸ਼ ਕੀਤਾ। ਇਸ ਦਸਤਾਵੇਜ਼ ਦਾ ਨਾਂ ਸੀ, 'ਇਹ ਜੰਗ ਸਾਡੀ ਜਿੱਤ ਨਾਲ ਹੀ ਮੁੱਕੇਗੀ।' ਇਸ ਦਸਤਾਵੇਜ਼ ਦੀ ਪਹਿਲੀ ਸਤਰ ਹੈ, "ਸਿੱਖਾਂ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ, ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਅਤੇ ਖਾਲਸਾ ਪੰਥ ਦੀ ਤਵਾਰੀਖ ਵਿਚ ਓਤ ਪੋਤ ਹੈ, ਜਿਸ ਨੂੰ ਮੌਜੂਦਾ ਸੰਘਰਸ਼ ਦੌਰਾਨ 'ਖਾਲਿਸਤਾਨ' ਦਾ ਨਾਂ ਦਿੱਤਾ ਗਿਆ ਹੈ।"

ਇਸ ਇੱਕ ਸਤਰ ਨਾਲ ਹੀ ਜੁਝਾਰੂ ਸਿੰਘਾਂ ਦੀ ਸਿਧਾਂਤਕ ਸਪਸ਼ਟਤਾ ਸਾਹਮਣੇ ਆ ਜਾਂਦੀ ਹੈ। ਉਹ ਖਾਲਿਸਤਾਨ ਨੂੰ ਸਿੱਖਾਂ ਦੇ ਇਸ਼ਟ ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖ ਇਤਿਹਾਸ ਤੋਂ ਵੱਖ ਕਰ ਕੇ ਨਹੀਂ ਸਨ ਦੇਖਦੇ। ਇਸ ਤੋਂ ਵੀ ਅੱਗੇ ਜਾਂਦਿਆਂ ਅਤੇ ਆਪਣੀ ਸਿਧਾਂਤਕ ਪ੍ਰੋੜ੍ਹਤਾ ਦਾ ਸਬੂਤ ਪੇਸ਼ ਕਰਦਿਆਂ ਉਹ ਲਿਖਦੇ ਹਨ, "ਸਭ ਮਾਈ ਭਾਈ ਨੂੰ ਸਪਸ਼ਟ ਹੋ ਜਾਏ ਕਿ ਖਾਲਿਸਤਾਨ ਦਾ ਸੰਕਲਪ ਸਿੱਖਾਂ ਨੂੰ ਅਚਾਨਕ ਹੋਈ ਅਕਾਸ਼ਵਾਣੀ (Revelation) ਨਹੀਂ ਹੈ। ਇਹ ਸੰਕਲਪ ਅਮੋੜ ਜਜ਼ਬਿਆਂ ਦੇ ਰੌਅ ਵਿਚ ਵਹਿ ਚੁਕੇ ਕੁਝ ਨੌਜਵਾਨਾਂ ਦਾ ਮਹਿਜ਼ ਰੁਮਾਂਚਿਕ ਸੁਪਨਾ ਵੀ ਨਹੀਂ ਅਤੇ ਨਾ ਹੀ ਇਹ ਗੁਮਰਾਹ ਹੋ ਚੁਕੇ 'ਮੁੱਠੀ ਭਰ ਮਾਯੂਸ' ਲੋਕਾਂ ਵਲੋਂ ਭਾਰਤ ਦੀ ਅਖੌਤੀ ਏਕਤਾ ਅਤੇ ਅਖੰਡਤਾ ਵਿਰੁੱਧ ਕੋਈ ਸਾਜ਼ਿਸ਼ ਹੈ।"

ਚੋਟੀ ਦੇ ਦੋ ਜੁਝਾਰੂ ਕਹਿ ਰਹੇ ਹਨ ਕਿ ਖਾਲਿਸਤਾਨ ਦਾ ਸੰਕਲਪ ਸਿਰਫ ਜਜ਼ਬਿਆਂ ਵਿਚੋਂ ਪੈਦਾ ਨਹੀਂ ਹੋਇਆ, ਪਰ ਅਜਮੇਰ ਸਿੰਘ ਕਹਿੰਦੇ ਹਨ ਕਿ ਜੁਝਾਰੂਆਂ ਕੋਲ ਸਿਰਫ ਜਜ਼ਬਾ ਸੀ, ਸਮਝ ਨਹੀਂ ਸੀ। ਹੁਣ ਦੱਸੋ, ਕਿਸ ਦੀ ਗੱਲ ਮੰਨੀ ਜਾਵੇ?

ਅੱਗੇ ਚੱਲ ਕੇ ਉਸੇ ਦਸਤਾਵੇਜ਼ ਵਿਚ ਖਾਲਿਸਤਾਨ ਦੇ ਸੰਕਲਪ ਨੂੰ ਹੋਰ ਨਿਖਾਰ ਕੇ ਪੇਸ਼ ਕਰਦਿਆਂ ਉਹ ਲਿਖਦੇ ਹਨ, "ਖਾਲਿਸਤਾਨ ਦਾ ਪਵਿੱਤਰ ਸੰਕਲਪ ਸਾਡੇ ਤੋਂ ਵੀ ਪਹਿਲਾਂ 'ਰਾਜ ਕਰੇਗਾ ਖਾਲਸਾ' ਅਤੇ 'ਖਾਲਸਾ ਜੀ ਦੇ ਬੋਲ ਬਾਲੇ' ਦੇ ਇਤਿਹਾਸਕ ਸ਼ਬਦਾਂ ਵਿਚ ਅੰਕਿਤ ਹੈ, ਜੋ ਵਿਅਕਤੀਗਤ ਅਤੇ ਸਮੂਹਿਕ ਰੂਪ ਵਿਚ ਖਾਲਸਾ ਜੀ ਦੀ ਅਰਦਾਸ ਦਾ ਅਟੁੱਟ ਅੰਗ ਬਣਿਆ ਰਿਹਾ ਹੈ ਅਤੇ ਬਣਿਆ ਰਹੇਗਾ।"

ਭਾਵ, ਖਾਲਿਸਤਾਨ ਦੀ ਜੜ੍ਹ ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾ ਵਿਚ ਐਨੀ ਡੂੰਘੀ ਲੱਗੀ ਹੋਈ ਹੈ ਕਿ ਇਸ ਨੂੰ ਕਦੇ ਵੀ ਉਖਾੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਨੂੰ ਅੱਖੋਂ ਪਰੋਖੇ ਕੀਤਾ ਜਾ ਸਕਦਾ ਹੈ। ਉਹ ਲਿਖਦੇ ਹਨ, "ਅਰਦਾਸ ਦੇ ਇਸ ਮਹਾਨ ਆਦਰਸ਼ਕ ਪੱਖ" ਨੂੰ "ਵਿਸ਼ੇਸ਼ ਭੂਗੋਲਿਕ ਇਲਾਕੇ ਅਤੇ ਵਿਸ਼ੇਸ਼ ਮਾਹੌਲ ਵਿਚ ਸਾਕਾਰ ਕਰਨ ਦੀ ਰੀਝ ਵਿਚੋਂ ਹੀ ਖਾਲਿਸਤਾਨ ਦਾ ਸੰਕਲਪ ਹੋਂਦ 'ਚ ਆਇਆ ਹੈ।"

ਖਾਲਿਸਤਾਨ ਕੀ ਹੈ ਅਤੇ ਕਿਹੋ ਜਿਹਾ ਹੋਵੇਗਾ, ਇਸ ਬਾਰੇ ਉਹ ਲਿਖਦੇ ਹਨ,

"ਖਾਲਸਾ ਪੰਥ ਦਾ ਰਾਜਸੀ ਨਿਸ਼ਾਨਾ ਸੁਤੰਤਰ ਅਤੇ ਖੁਦਮੁਖਤਾਰ ਸਿੱਖ ਰਾਜ (Independent and Sovereign Sikh State) ਕਾਇਮ ਕਰਨਾ ਹੈ, ਜਿਸ ਦਾ ਆਪਣਾ ਜਮਹੂਰੀ ਸੰਵਿਧਾਨ ਹੋਵੇਗਾ। ਖੁਦਮੁਖਤਾਰ ਸਿੱਖ ਰਾਜ ਦੀ ਲੀਡਰਸ਼ਿਪ ਸਰਬੱਤ ਦੇ ਭਲੇ ਦੇ ਸਿਧਾਂਤ ਅਨੁਸਾਰ ਸਿੱਖ ਧਰਮ ਦੇ 'ਕਿਰਤ ਕਰੋ ਤੇ ਵੰਡ ਕੇ ਛਕੋ' ਦੇ ਨਿਯਮ ਉਤੇ ਆਧਾਰਿਤ ਹੋਵੇਗੀ, ਪਰ ਇਸ ਵਿਚ ਪੰਜਾਬ ਦੇ ਸਭਿਆਚਾਰ ਲਈ ਮਰ ਮਿਟਣ ਵਾਲੇ ਗੈਰ-ਸਿੱਖਾਂ ਦਾ ਵੀ ਪੂਰਾ-ਪੂਰਾ ਤੇ ਬਰਾਬਰ ਦਾ ਯੋਗਦਾਨ ਹੋਵੇਗਾ।"

ਦੋਵੇਂ ਜੁਝਾਰੂ ਸਿੰਘ ਲਿਖਦੇ ਹਨ ਕਿ ਖਾਲਿਸਤਾਨ ਦੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਲਈ ਤੁਰੀਆਂ ਸਮੂਹ ਜਥੇਬੰਦੀਆਂ "ਸਭ ਇਨਸਾਫ ਪਸੰਦ ਮੁਲਕਾਂ, ਕੌਮਾਂ ਤੇ ਸੰਯੁਕਤ ਰਾਸ਼ਟਰ ਨੂੰ ਅਪੀਲ ਕਰਦੀਆਂ ਹਨ ਕਿ ਖਾਲਿਸਤਾਨ ਨੂੰ ਮਾਨਤਾ ਦਿੱਤੀ ਜਾਵੇ ਤਾਂ ਜੋ ਖਾਲਸਾ ਪੰਥ ਸੰਯੁਕਤ ਰਾਸ਼ਟਰ ਦੇ ਚਾਰਟਰ ਅਨੁਸਾਰ ਕੌਮਾਂਤਰੀ ਅਮਨ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ, ਇਕ ਦੂਜੇ ਮੁਲਕ ਨਾਲ ਚੰਗੇ ਗੁਆਂਢੀਆਂ ਵਾਂਗ ਅਮਨ ਅਤੇ ਸਹਿਣਸ਼ੀਲਤਾ ਵਾਲੇ ਸਬੰਧਾਂ ਨੂੰ ਯਕੀਨੀ ਬਣਾਉਣ ਲਈ ਸੰਸਾਰ ਦੇ ਇਤਿਹਾਸ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕੇ।"

ਉਨ੍ਹਾਂ ਦੀ ਸਮਝ ਐਨੀ ਕਮਾਲ ਦੀ ਸੀ ਕਿ ਉਪਰੋਕਤ ਸਤਰ ਦੇ ਨਾਲ ਹੀ ਉਹ ਲਿਖਦੇ ਹਨ, "ਅਸੀਂ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਯੂ. ਐਨ. ਓ. ਦੀ ਸਥਾਪਨਾ ਤੋਂ ਵੀ ਸੈਂਕੜੇ ਸਾਲ ਪਹਿਲਾਂ ਸਾਡੇ ਗੁਰੂਆਂ ਨੇ 'ਸਰਬੱਤ ਦੇ ਭਲੇ' ਦੇ ਸੰਕਲਪ ਨੂੰ ਏਨੀ ਵੱਡੀ ਅਹਿਮੀਅਤ ਦਿੱਤੀ ਸੀ ਕਿ ਵਿਅਕਤੀਗਤ ਤੇ ਸਮੂਹਿਕ ਰੂਪ ਵਿਚ ਸਰਬੱਤ ਦੇ ਭਲੇ ਲਈ ਦੁਆ ਕਰਨਾ ਖਾਲਸੇ ਦੀ ਨਿਤਾਪ੍ਰਤੀ ਅਰਦਾਸ ਦਾ ਲਾਜ਼ਮੀ ਅੰਗ ਹੈ।"

ਕਮਾਲ ਦੀ ਗੱਲ ਇਹ ਹੈ ਕਿ ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿ ਭਾਵੇਂ ਖਾਲਿਸਤਾਨ ਸੰਯੁਕਤ ਰਾਸ਼ਟਰ ਦਾ ਵੀ ਹਿੱਸਾ ਹੋਵੇਗਾ, ਪਰ ਇਹ ਆਪਣੀ ਪ੍ਰੇਰਨਾ ਗੁਰੂ ਸਾਹਿਬਾਨ ਵੱਲੋਂ ਬਖਸ਼ੇ 'ਸਰਬੱਤ ਦੇ ਭਲੇ' ਦੇ ਆਸ਼ੇ ਤੋਂ ਪ੍ਰਾਪਤ ਕਰੇਗਾ।

ਇਸ ਇਤਿਹਾਸਕ ਦਸਤਾਵੇਜ਼ ਵਿਚ ਕੌਮੀ ਨਿਸ਼ਾਨੇ ਅਤੇ ਸੰਘਰਸ਼ ਦੀ ਰਣਨੀਤੀ ਬਾਰੇ ਬਹੁਤ ਹੀ ਅਹਿਮ ਗੱਲਾਂ ਦਰਜ ਹਨ, ਪਰ ਇਸ ਦਸਤਾਵੇਜ਼ ਦਾ ਆਖਰੀ ਪੈਰਾ ਬਹੁਤ ਟੁੰਬਵਾਂ ਹੈ। ਇਸ ਨੂੰ ਪੜ੍ਹ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਅਤੇ ਜੁਝਾਰੂਆਂ ਦੇ ਅਡੋਲ ਸਿਦਕ ਅਤੇ ਡੂੰਘੀ ਸਮਝ ਅੱਗੇ ਸਿਰ ਖੁਦ-ਬ-ਖੁਦ ਝੁਕ ਜਾਂਦਾ ਹੈ। ਇਹ ਪੈਰਾ ਕੁਝ ਇਸ ਤਰ੍ਹਾਂ ਹੈ,

"ਖਾਲਸਾ ਜੀ! ਜਦੋਂ ਅਸੀਂ ਖੁੱਲ੍ਹੇ ਅਕਾਸ਼ ਵਿਚ ਰਾਤਾਂ ਕੱਟਦੇ ਹਾਂ ਅਤੇ ਜਦੋਂ ਤਾਰੇ ਹੀ ਸਾਡੇ ਸਾਥੀ ਹੁੰਦੇ ਹਨ, ਉਦੋਂ ਵੀ ਅਸੀਂ ਤੁਹਾਨੂੰ ਹੀ ਯਾਦ ਕਰਦੇ ਹਾਂ। ਅਸੀਂ ਤੁਹਾਡੀ ਕਿਰਪਾ ਨਾਲ ਇਥੇ ਪੁੱਜੇ ਹਾਂ। ਅਸੀਂ ਮੈਦਾਨ-ਏ-ਜੰਗ ਵਿਚ ਜਦੋਂ ਜੂਝ ਰਹੇ ਹੁੰਦੇ ਹਾਂ, ਉਦੋਂ ਵੀ ਤੁਸੀਂ ਹੀ ਸਾਡੀ ਯਾਦ ਵਿਚ ਹੁੰਦੇ ਹੋ। ਅਸੀਂ ਜਿਸ ਪੜਾਅ ਉਤੇ ਲੜਾਈ ਲਿਆਂਦੀ ਹੈ, ਇਹ ਤੁਹਾਡੀ ਹੀ ਬਖਸ਼ਿਸ਼ ਹੈ। ਤੁਸੀਂ ਹੀ ਸਾਡੇ 'ਤੇ ਜਰਨੈਲੀਆਂ, ਕਰਨੈਲੀਆਂ ਅਤੇ ਸਰਦਾਰੀਆਂ ਦੇ ਤਾਜ ਰੱਖੇ ਹਨ। 'ਰਿਬੇਰੋ ਮੰਨੂੰ' ਸਾਨੂੰ ਰੋਜ਼ ਮਾਰਦਾ ਹੈ, ਦਰਜਨਾਂ ਨੂੰ ਫੜ ਕੇ ਜੇਲ੍ਹਾਂ ਵਿਚ ਸੁੱਟਦਾ ਹੈ, ਪਰ ਇਹ ਤੁਹਾਡੀ ਹੀ ਕਿਰਪਾ ਹੈ ਕਿ ਸਿੰਘ ਸੋਇਆਂ ਵਾਂਗ ਵਧ ਕੇ ਫਿਰ ਸਾਹਮਣੇ ਆ ਖਲੋਂਦੇ ਹਨ। ਇਹ ਸਭ ਤੁਹਾਡਾ ਹੀ ਅਸ਼ੀਰਵਾਦ ਹੈ। ਅਸੀਂ ਉਸ ਦਿਨ ਦੀ ਉਡੀਕ 'ਚ ਹਾਂ, ਜਦੋਂ ਖਾਲਿਸਤਾਨ ਲਈ ਹਰ ਸਿੱਖ ਜੂਝੇਗਾ। ਦੁਬਿਧਾ ਵਿਚ ਨਾ ਪਵੋ ਤੇ ਅੱਗੇ ਵਧੋ।

ਖਾਲਿਸਤਾਨ ਜ਼ਿੰਦਾਬਾਦ॥

ਨੀਲੇ ਘੋੜੇ ਦਾ ਸ਼ਾਹ ਸਵਾਰ ਸਾਡੇ ਤੇ ਤੁਹਾਡੇ ਅੰਗ ਸੰਗ ਹੈ।"

ਕਿਹੜੇ ਸਿੱਖ ਦਾ ਹਿਰਦਾ ਹੋਵੇਗਾ, ਜੋ ਇਨ੍ਹਾਂ ਸਤਰਾਂ ਨੂੰ ਪੜ੍ਹ ਕੇ, ਦੁਬਿਧਾ ਤਿਆਗ ਕੇ ਚੜ੍ਹਦੀ ਕਲਾ ਵਿਚ ਨਾ ਆ ਜਾਵੇ? ਜੁਝਾਰੂ ਸਿੰਘ ਸਪਸ਼ਟ ਬੇਨਤੀ ਕਰਦੇ ਹਨ ਕਿ ਦੁਬਿਧਾ ਛੱਡ ਕੇ ਅੱਗੇ ਵਧੋ, ਪਰ ਅੱਜ ਅਸੀਂ ਦੇਖਦੇ ਹਾਂ ਕਿ ਖਾਲਿਸਤਾਨ ਦੇ ਮੁੱਦੇ ਉਤੇ ਜਾਣ-ਬੁਝ ਕੇ ਦੁਬਿਧਾ ਪੈਦਾ ਕੀਤੀ ਜਾ ਰਹੀ ਹੈ। ਇਹ ਦੁਬਿਧਾ ਸਿਰਫ ਅੱਜ ਨਹੀਂ, ਸਗੋਂ ਲਹਿਰ ਦੇ ਦਿਨਾਂ ਵਿਚ ਵੀ ਪੈਦਾ ਕੀਤੀ ਜਾ ਰਹੀ ਰਹੀ ਸੀ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ 1992 ਦੇ ਸ਼ਹੀਦੀ ਜੋੜ ਮੇਲੇ ਉਤੇ ਫਤਿਹਗੜ੍ਹ ਸਾਹਿਬ ਵਿਖੇ ਜੁੜੀਆਂ ਸੰਗਤਾਂ ਦੇ ਨਾਂ ਸੁਨੇਹਾ ਭੇਜਿਆ ਸੀ। ਇਸ ਸੁਨੇਹੇ ਵਿਚ ਉਹ ਕਹਿੰਦੇ ਹਨ, "ਸਿੱਖਾਂ ਦੇ ਭੇਸ ਵਿਚ ਕੁਝ ਅਧਰਮੀ ਲੋਕਾਂ ਤੇ ਕੁਝ ਅਣਜਾਣ ਬੰਦਿਆਂ ਨੇ, ਖਾਲਸਈ ਰਾਜਨੀਤਿਕ ਨਿਸ਼ਾਨੇ ਬਾਰੇ ਭਰਮ-ਭੁਲੇਖੇ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਦੀ ਗੰਦੀ ਸਿਆਸਤ ਦੀ ਸਾਡੇ ਪਵਿੱਤਰ ਨਿਸ਼ਾਨੇ 'ਤੇ ਚੜ੍ਹੀ ਮੈਲ ਨੂੰ ਧੋਣ ਲਈ ਹਜ਼ਾਰਾਂ ਸਿੰਘਾਂ ਨੇ ਆਪਣੇ ਪਵਿੱਤਰ ਖੂਨ ਦੀ ਵਰਤੋਂ ਕੀਤੀ ਹੈ ਤੇ ਅੱਜ ਉਹ ਨਿਸ਼ਾਨਾ ਫਿਰ ਨਿੱਖਰ ਕੇ ਚਮਕਾਂ ਮਾਰ ਰਿਹਾ ਹੈ।" ਖਾਲਸਈ ਰਾਜਨੀਤਿਕ ਨਿਸ਼ਾਨੇ ਤੋਂ ਉਨ੍ਹਾਂ ਦਾ ਭਾਵ ਖਾਲਿਸਤਾਨ ਹੈ।

ਖਾਲਿਸਤਾਨ ਬਾਰੇ ਸੰਤਾਂ ਦੀ ਪਹੁੰਚ ਨੂੰ ਲੈ ਕੇ ਉਹ ਕਹਿੰਦੇ ਹਨ, "ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜੇ ਖਾਲਿਸਤਾਨ ਦੇ ਮਸਲੇ ਬਾਰੇ ਆਪਣੇ ਵਲੋਂ ਕਿਸੇ ਐਲਾਨ ਕਰਨ ਨੂੰ ਮਹੱਤਤਾ ਦਿੰਦੇ ਹਨ ਤਾਂ ਉਸ ਦਾ ਇਹ ਅਰਥ ਨਹੀਂ ਸੀ ਕਿ ਉਹ ਇਸ ਬਾਰੇ ਜੱਕੋ-ਤੱਕੀ ਵਿਚ ਸਨ, ਸਗੋਂ ਉਹ ਇਸ ਸਵਾਲ ਨੂੰ ਹੀ ਫਜ਼ੂਲ ਸਮਝਦੇ ਸਨ, ਜਿਸ ਸਵਾਲ ਦਾ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਉਸ 'ਤੇ ਪਹਿਰਾ ਦੇ ਰਹੇ ਸਿੰਘਾਂ ਦੇ ਬਾਣੇ ਵਿਚ ਆਪ ਮੁਹਾਰੇ ਦਿਖਾਈ ਦਿੰਦਾ ਹੈ, ਜੋ ਤਖਤਾਂ ਦੇ ਰੂਪ ਵਿਚ ਅੱਜ ਦੇ ਇਤਿਹਾਸ ਦੇ ਰੂਪ ਵਿਚ ਕੱਲ੍ਹ ਦਾ ਸੱਚ ਹੈ, ਉਸ ਬਾਰੇ ਬੋਲਣ ਨੂੰ ਮਹਾਪੁਰਖ ਜ਼ਰੂਰੀ ਨਹੀਂ ਸਨ ਸਮਝਦੇ। ਉਹ ਪ੍ਰਤੱਖ ਨੂੰ ਪ੍ਰਮਾਣ ਲੋੜੀਂਦਾ ਨਹੀਂ ਸਨ ਸਮਝਦੇ।"

ਅੱਗੇ ਚੱਲ ਕੇ ਉਹ ਲਿਖਦੇ ਹਨ, "ਮੈਂ ਇਹ ਸਪਸ਼ਟ ਸੰਕੇਤ ਦੇਣਾ ਚਾਹੁੰਦਾ ਹਾਂ ਕਿ ਅੱਜ ਤੋਂ ਸਿੱਖ ਕੌਮ ਦੀ ਸਿਰਫ ਇੱਕ ਹੀ ਰਾਜਨੀਤਿਕ ਧਿਰ ਦੁਨੀਆਂ ਨੂੰ ਨਜ਼ਰ ਆਉਣੀ ਚਾਹੀਦੀ ਹੈ ਤੇ ਉਹ ਧਿਰ ਹੈ, ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਰਹੀ ਖਾੜਕੂ ਧਿਰ।"

ਉਪਰੋਕਤ ਹਵਾਲਿਆਂ ਤੋਂ ਸਿੱਧ ਹੁੰਦਾ ਹੈ ਕਿ ਜੁਝਾਰੂ ਧਿਰਾਂ ਦੀ ਖਾਲਿਸਤਾਨ ਬਾਰੇ ਪਹੁੰਚ ਸਿੱਧੀ ਅਤੇ ਸਪਸ਼ਟ ਸੀ। ਉਨ੍ਹਾਂ ਨੂੰ ਕੋਈ ਭਰਮ-ਭੁਲੇਖਾ ਨਹੀਂ ਸੀ। ਉਹ ਤਾਂ ਸਗੋਂ ਸੰਗਤਾਂ ਨੂੰ ਭਰਮ-ਭੁਲੇਖੇ ਪੈਦਾ ਕਰਨ ਵਾਲਿਆਂ ਤੋਂ ਸਾਵਧਾਨ ਕਰ ਰਹੇ ਸਨ। ਬਾਬਾ ਮਾਨੋਚਾਹਲ ਵੱਲੋਂ ਜਿਨ੍ਹਾਂ ਅਧਰਮੀ ਲੋਕਾਂ ਵੱਲ ਇਸ਼ਾਰਾ ਕੀਤਾ ਗਿਆ ਹੈ, ਉਸ ਤੋਂ ਇਹ ਭਲੀ-ਭਾਂਤ ਸਾਬਤ ਹੋ ਜਾਂਦਾ ਹੈ ਕਿ ਉਹ ਲੋਕ ਕੌਣ ਸਨ!

ਇਨ੍ਹਾਂ ਦਸਤਾਵੇਜ਼ਾਂ ਦੀ ਮੌਜੂਦਗੀ ਦੇ ਬਾਵਜੂਦ ਅੱਜ ਕਈ ਲੋਕ ਦੁਬਿਧਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਲੋਕ ਅਸਿੱਧੇ ਢੰਗ ਨਾਲ ਖਾਲਿਸਤਾਨ ਨੂੰ ਇਹ ਕਹਿ ਕੇ ਰੱਦ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਨੇਸ਼ਨ ਸਟੇਟ ਕਿਉਂਕਿ ਮਾੜੀ ਚੀਜ਼ ਹੈ, ਜਿਸ ਕਾਰਨ ਦੁਨੀਆਂ ਵਿਚ ਅਨੇਕਾਂ ਜੰਗਾਂ ਅਤੇ ਕਤਲੋਗਾਰਤਾਂ ਹੋਈਆਂ, ਇਸ ਕਰ ਕੇ ਸਿੱਖਾਂ ਨੂੰ ਵੀ ਖਾਲਿਸਤਾਨ ਦੇ ਰੂਪ ਵਿਚ ਆਪਣੀ ਨੇਸ਼ਨ ਸਟੇਟ ਨਹੀਂ ਬਣਾਉਣੀ ਚਾਹੀਦੀ, ਪਰ ਇਨ੍ਹਾਂ ਨੇ ਨਾ ਕਦੇ ਨੇਸ਼ਨ ਸਟੇਟ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਨਾ ਹੀ ਇਸ ਦੀ ਆਲੋਚਨਾ ਨੂੰ।

ਅਜਮੇਰ ਸਿੰਘ ਤੇ ਉਸ ਦੇ ਸਾਥੀਆਂ ਵਲੋਂ ਜਾਣ-ਬੁਝ ਕੇ ਪੈਦਾ ਕੀਤੀ ਜਾ ਰਹੀ ਇਸ ਦੁਬਿਧਾ ਦੀ ਜੜ੍ਹ ਨੇਸ਼ਨ ਸਟੇਟ ਦੇ ਮਸਲੇ ਬਾਰੇ ਅਧੂਰੀ ਸਮਝ, ਜਾਣ-ਬੁਝ ਕੇ ਫੈਲਾਈ ਗਈ ਗਲਤ ਜਾਣਕਾਰੀ ਅਤੇ ਕੁਝ ਹੱਦ ਤੱਕ ਕੁਝ ਖਾਸ ਲੋਕਾਂ ਦੇ ਬਦਲੇ ਹੋਏ ਸਿਆਸੀ ਗਣਿਤ ਵਿਚ ਪਈ ਹੈ। ਇਸ ਦੁਬਿਧਾ ਤੇ ਇਸ ਨਾਲ ਪੈਦਾ ਹੋਣ ਵਾਲੇ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਨੇਸ਼ਨ ਸਟੇਟ ਦੇ ਖਿਆਲ ਨੂੰ ਡੂੰਘਾਈ ਵਿਚ ਸਮਝਣ ਦੀ ਲੋੜ ਹੈ।

ਨੇਸ਼ਨ ਸਟੇਟ ਕੀ ਹੈ? ਅੱਜ ਕੱਲ੍ਹ ਹਰ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਮੁਲਕ ਨੂੰ ਨੇਸ਼ਨ ਸਟੇਟ ਹੀ ਕਿਹਾ ਜਾਂਦਾ ਹੈ। ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਮੁਲਕ ਬਣਨ ਲਈ ਪੰਜ ਚੀਜ਼ਾਂ ਦੀ ਲੋੜ ਪੈਂਦੀ ਹੈ:

1. ਨਿਸ਼ਾਨ
2. ਸੰਵਿਧਾਨ
3. ਖਾਸ ਭੂਗੋਲਿਕ ਇਲਾਕਾ
4. ਉਸ ਇਲਾਕੇ ਦੀ ਰੱਖਿਆ ਕਰਨ ਲਈ ਫੌਜ
5. ਯੂ. ਐਨ. ਦੀ ਮੈਂਬਰੀ

ਇਸ ਨੂੰ ਨੇਸ਼ਨ ਸਟੇਟ ਕਹੋ ਜਾਂ ਕੁਝ ਹੋਰ, ਫਰਕ ਨਹੀਂ ਪੈਂਦਾ, ਪਰ ਉਪਰੋਕਤ ਪਹਿਲੂਆਂ ਤੋਂ ਬਿਨਾ ਕੋਈ ਆਜ਼ਾਦ, ਪ੍ਰਭੂਸੱਤਾ ਸੰਪੰਨ ਮੁਲਕ ਹੋਂਦ ਵਿਚ ਨਹੀਂ ਆ ਸਕਦਾ। ਸਿੱਖ ਹਲਕਿਆਂ ਵਿਚ ਅਜਮੇਰ ਸਿੰਘ ਵਲੋਂ ਜੋ ਚਲਾਕੀ ਕੀਤੀ ਜਾ ਰਹੀ ਹੈ, ਉਸ ਦੀ ਜੜ੍ਹ ਨੇਸ਼ਨ ਸਟੇਟ ਦੀ ਅਧੂਰੀ ਸਮਝ ਵਿਚ ਪਈ ਹੈ।

ਬੈਨੇਡਿਕਟ ਐਂਡਰਸਨ ਆਪਣੀ ਪੁਸਤਕ 'ਇਮੈਜਿਨਡ ਕਮਿਊਨਿਟੀਜ਼' ਵਿਚ ਦੱਸਦਾ ਹੈ ਕਿ ਨੇਸ਼ਨ ਸਟੇਟ ਆਧੁਨਿਕ ਤਕਨਾਲੋਜੀ ਜਿਵੇਂ ਪ੍ਰਿੰਟਿੰਗ ਪ੍ਰੈਸ ਅਤੇ ਸੰਚਾਰ ਦੇ ਨਵੇਂ ਸਾਧਨਾਂ ਤੋਂ ਬਿਨਾ ਹੋਂਦ ਵਿਚ ਨਹੀਂ ਆ ਸਕਦੀ ਸੀ। ਪੱਛਮੀ ਮੁਲਕਾਂ ਨੇ ਸਾਰੀ ਦੁਨੀਆਂ ਉਤੇ ਆਪਣਾ ਬਸਤੀਵਾਦੀ ਰਾਜ ਵੀ ਆਧੁਨਿਕ ਤਕਨਾਲੋਜੀ ਦੇ ਸਹਾਰੇ ਹੀ ਸਥਾਪਤ ਕੀਤਾ ਸੀ। ਜਦੋਂ ਪੱਛਮੀ ਮੁਲਕਾਂ ਨੇ ਬਸਤੀਵਾਦ ਦੇ ਰੂਪ ਵਿਚ ਆਪਣਾ ਰਾਜ ਸਥਾਪਤ ਕਰਨਾ ਸ਼ੁਰੂ ਕੀਤਾ ਤਾਂ ਪੱਛਮੀ ਮੁਲਕਾਂ ਦੀਆਂ ਤਿੰਨ ਚੀਜ਼ਾਂ ਸਾਰੀ ਦੁਨੀਆਂ ਉਤੇ ਫੈਲ ਗਈਆਂ,

1. ਲੋਕਤੰਤਰੀ ਰਾਜ ਪ੍ਰਬੰਧ
2. ਪੂੰਜੀਵਾਦ
3. ਆਧੁਨਿਕ ਤਕਨਾਲੋਜੀ

ਇਨ੍ਹਾਂ ਤਿੰਨਾਂ ਨੂੰ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਇਹ ਤਿੰਨੇ ਇੱਕ ਦੂਜੇ 'ਤੇ ਆਧਾਰਿਤ ਹਨ। ਤਕਨਾਲੋਜੀ ਤੋਂ ਬਿਨਾ ਪੂੰਜੀਵਾਦ ਪੈਦਾ ਨਹੀਂ ਹੋ ਸਕਦਾ ਸੀ; ਤੇ ਨਾ ਹੀ ਸੰਚਾਰ ਦੀਆਂ ਤਕਨੀਕਾਂ ਤੋਂ ਬਿਨਾ ਆਧੁਨਿਕ ਲੋਕਤੰਤਰੀ ਰਾਜ ਪ੍ਰਬੰਧ ਹੀ ਕੰਮ ਕਰ ਸਕਦਾ ਹੈ। ਆਧੁਨਿਕ ਤਕਨਾਲੋਜੀ ਅਜੋਕੇ ਲੋਕਤੰਤਰ ਅਤੇ ਪੂੰਜੀਵਾਦ-ਦੋਹਾਂ ਦਾ ਆਧਾਰ ਹੈ। ਇਸ ਤੋਂ ਬਿਨਾ ਦੋਵੇਂ ਹੋਂਦ ਵਿਚ ਨਹੀਂ ਆ ਸਕਦੇ। ਹੁਣ ਤੱਕ ਦੇ ਵਿਚਾਰਵਾਨਾਂ ਨੇ ਲੋਕਤੰਤਰ, ਨੇਸ਼ਨ ਸਟੇਟ ਅਤੇ ਪੂੰਜੀਵਾਦ ਬਾਰੇ ਤਾਂ ਬਹੁਤ ਕੰਮ ਕੀਤਾ ਹੈ, ਪਰ ਇਹ ਜਿਸ ਤਰ੍ਹਾਂ ਆਧੁਨਿਕ ਤਕਨਾਲੋਜੀ ਵਿਚ ਸਥਾਪਤ ਹਨ, ਉਹਦੇ ਬਾਰੇ ਕੋਈ ਖਾਸ ਚਰਚਾ ਨਹੀਂ ਹੋਈ।

ਖੈਰ, ਇਨ੍ਹਾਂ ਸਾਰੀਆਂ ਤਬਦੀਲੀਆਂ ਦਾ ਸਿੱਟਾ ਅਜੋਕਾ ਸੰਸਾਰ ਹੈ, ਜਿਸ ਵਿਚ ਹਰ ਚੀਜ਼ ਇੱਕ ਦੂਜੀ ਨਾਲ ਅੰਤਰ-ਸਬੰਧਤ ਹੈ। ਨੇਸ਼ਨ ਸਟੇਟ ਅੱਜ ਦੇ ਯੁੱਗ ਦੀ ਸੱਚਾਈ ਹੈ, ਪਰ ਇਹ ਸਦੀਵੀ ਨਹੀਂ ਹੈ। ਇਸ ਆਧਾਰ ਉਤੇ ਨੇਸ਼ਨ ਸਟੇਟ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਤਕਨਾਲੋਜੀ ਵੀ ਸਦੀਵੀ ਨਹੀਂ ਹੈ, ਪਰ ਅਸੀਂ ਇਸ ਨੂੰ ਛੱਡ ਕੇ ਨਹੀਂ ਜਿਉਂ ਸਕਦੇ। ਅਸੀਂ ਇੱਕ ਗੱਲ ਕਰ ਸਕਦੇ ਹਾਂ ਕਿ ਨੇਸ਼ਨ ਸਟੇਟ ਦਾ ਸਰੂਪ ਬਦਲ ਦੇਈਏ ਅਤੇ ਆਪਣਾ ਇਹਦੇ ਨਾਲ ਰਿਸ਼ਤਾ ਬਦਲ ਦੇਈਏ, ਜਿਵੇਂ ਸਾਡਾ ਤਕਨਾਲੋਜੀ ਨਾਲ ਰਿਸ਼ਤਾ ਹੈ। ਅਸੀਂ ਤਕਨਾਲੋਜੀ ਦੇ ਗੁਲਾਮ ਵੀ ਹੋ ਸਕਦੇ ਹਾਂ, ਜਿਵੇਂ ਅੱਜ ਕੱਲ੍ਹ ਦੁਨੀਆਂ ਦਾ ਵੱਡਾ ਹਿੱਸਾ ਹੋ ਚੁਕਾ ਹੈ, ਪਰ ਅਸੀਂ ਤਕਨਾਲੋਜੀ ਨੂੰ ਆਪਣੇ ਆਪ ਉਤੇ ਹਾਵੀ ਹੋਣ ਦਿੱਤੇ ਬਗੈਰ ਵਰਤ ਵੀ ਸਕਦੇ ਹਾਂ। ਇਹ ਔਖਾ ਜ਼ਰੂਰ ਹੈ, ਪਰ ਅਸੰਭਵ ਨਹੀਂ। ਇਵੇਂ ਹੀ ਨੇਸ਼ਨ ਸਟੇਟ ਹੈ।

ਅਜਮੇਰ ਸਿੰਘ ਨੇਸ਼ਨ ਸਟੇਟ ਨੂੰ ਨੈਸ਼ਨਲਿਜ਼ਮ ਨਾਲ ਰਲਗੱਡ ਕਰਦਾ ਹੈ। ਰਾਸ਼ਟਰਵਾਦ ਅਕਸਰ ਮਾੜਾ ਹੀ ਹੁੰਦਾ ਹੈ, ਪਰ ਨੇਸ਼ਨ ਸਟੇਟ ਮਾੜੀ ਵੀ ਹੋ ਸਕਦੀ ਹੈ ਤੇ ਚੰਗੀ ਵੀ। ਜਸਟਿਨ ਟਰੂਡੋ ਨੇ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਅਖਬਾਰ 'ਨਿਊ ਯਾਰਕ ਟਾਈਮਜ਼' ਨਾਲ ਗੱਲ ਕਰਦਿਆਂ ਕਿਹਾ ਸੀ ਕਿ ਕੈਨੇਡਾ Post-National Nation State ਹੈ। ਅੱਜ ਦੇ ਕੈਨੇਡਾ ਵਿਚ ਵੀ ਭਾਵੇਂ ਬਹੁਤ ਸਮੱਸਿਆਵਾਂ ਹਨ ਅਤੇ ਇਹ ਕਿਸੇ ਵੀ ਪਾਸਿਓਂ ਆਦਰਸ਼ਕ ਰਾਜ ਨਹੀਂ ਹੈ, ਪਰ ਰਾਸ਼ਟਰਵਾਦ ਉਤੇ ਘੱਟ ਜ਼ੋਰ ਦੇਣ ਦੇ ਸਿੱਟੇ ਵਜੋਂ ਇਹ ਬਾਕੀ ਪੱਛਮੀ ਮੁਲਕਾਂ, ਖਾਸ ਕਰਕੇ ਅਮਰੀਕਾ, ਨਾਲੋਂ ਕਿਤੇ ਬਿਹਤਰ ਹੈ। ਸੋ ਮਾੜਾ ਰਾਸ਼ਟਰਵਾਦ ਹੈ, ਨਾ ਕਿ ਨੇਸ਼ਨ ਸਟੇਟ। ਅੱਜ ਕੱਲ੍ਹ ਹਰ ਆਜ਼ਾਦ ਮੁਲਕ ਨੇਸ਼ਨ ਸਟੇਟ ਹੈ। ਇਹ ਤਾਂ ਕਿਸੇ ਨੇਸ਼ਨ ਸਟੇਟ ਦੇ ਆਗੂਆਂ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਉਸ ਮੁਲਕ ਦੇ ਰਾਜ-ਪ੍ਰਬੰਧ ਨੂੰ ਕਿਵੇਂ ਚਲਾਉਣਾ ਹੈ। ਨੇਸ਼ਨ ਸਟੇਟ ਆਦਰਸ਼ਕ ਰਾਜ-ਪ੍ਰਬੰਧ ਨਹੀਂ, ਪਰ ਜੇ ਕਿਸੇ ਨੇਸ਼ਨ ਸਟੇਟ ਨੂੰ ਗੁਰਬਾਣੀ ਦੀ ਵਿਸ਼ਵ-ਦ੍ਰਿਸ਼ਟੀ ਦੇ ਅਨੁਸਾਰ ਚਲਾਇਆ ਜਾਵੇ ਤਾਂ ਉਸ ਵਿਚੋਂ ਬਰਾਬਰੀ, ਇਨਸਾਫ ਅਤੇ ਸਾਂਝੀਵਾਲਤਾ ਦੀ ਝਲਕ ਮਿਲੇਗੀ।

ਵੱਖੋ-ਵੱਖਰੀਆਂ ਨੇਸ਼ਨ ਸਟੇਟਾਂ ਵੱਖੋ-ਵੱਖਰੇ ਸਿਧਾਂਤਾਂ ਉਤੇ ਆਧਾਰਿਤ ਹੋ ਸਕਦੀਆਂ ਹਨ। ਨੇਸ਼ਨ ਸਟੇਟ ਆਪਣੇ ਆਪ ਵਿਚ ਕੋਈ ਸਿਧਾਂਤ ਨਹੀਂ ਹੈ। ਜਿਵੇਂ ਸੋਵੀਅਤ ਸੰਘ ਵੀ ਨੇਸ਼ਨ ਸਟੇਟ ਸੀ ਅਤੇ ਅਮਰੀਕਾ ਵੀ ਨੇਸ਼ਨ ਸਟੇਟ ਸੀ ਅਤੇ ਹੈ, ਪਰ ਦੋਹਾਂ ਦੀ ਵਿਚਾਰਧਾਰਾ ਵੱਖ-ਵੱਖ ਸੀ। ਸੋਵੀਅਤ ਸੰਘ ਸਮਾਜਵਾਦੀ ਸੀ ਤੇ ਅਮਰੀਕਾ ਪੂੰਜੀਵਾਦੀ। ਨੇਸ਼ਨ ਸਟੇਟ ਲੋਕਾਂ ਨੂੰ ਮਾਰਨ ਦਾ ਸੰਦ ਵੀ ਬਣ ਸਕਦੀ ਹੈ ਅਤੇ ਨੇਸ਼ਨ ਸਟੇਟ ਨੂੰ ਲੋਕਾਂ ਦੀ ਭਲਾਈ ਲਈ ਵੀ ਵਰਤਿਆ ਜਾ ਸਕਦਾ ਹੈ। ਜੇ ਸਿੱਖਾਂ ਦੀ ਨੇਸ਼ਨ ਸਟੇਟ ਬਣਦੀ ਹੈ ਤਾਂ ਉਹ ਵੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ-ਦ੍ਰਿਸ਼ਟੀ ਉਤੇ ਆਧਾਰਿਤ ਹੋਵੇਗੀ, ਕਿਸੇ ਮੰਗਵੀਂ ਵਿਚਾਰਧਾਰਾ ਉਤੇ ਨਹੀਂ। ਇਸ ਗੱਲ ਬਾਰੇ ਜੁਝਾਰੂ ਧਿਰਾਂ ਨੂੰ ਕੋਈ ਭੁਲੇਖਾ ਨਹੀਂ ਸੀ।

ਬਸਤੀਵਾਦ ਤੋਂ ਪਹਿਲਾਂ ਦੇ ਬਹੁਤੇ ਰਾਜ ਇੱਕਪੁਰਖੀ ਸਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਇੱਕਪੁਰਖੀ ਸੀ। ਬਹੁਤੇ ਇੱਕਪੁਰਖੀ ਰਾਜ ਨਾ ਤਾਂ ਮੁਕੰਮਲ ਬਰਾਬਰੀ ਉਤੇ ਆਧਾਰਿਤ ਸਨ ਅਤੇ ਨਾ ਹੀ ਉਨ੍ਹਾਂ ਵਿਚ ਪੂਰਾ ਇਨਸਾਫ ਸੀ, ਪਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਇੱਕਪੁਰਖੀ ਹੋਣ ਦੇ ਬਾਵਜੂਦ ਉਸ ਵੇਲੇ ਦੇ ਲਗਪਗ ਸਾਰੇ ਰਾਜਾਂ ਨਾਲੋਂ ਵੱਧ ਬਰਾਬਰੀ ਅਤੇ

(ਬਾਕੀ ਅਗਲੇ ਸਫੇ 'ਤੇ)

ਵਿਚਾਰ-ਚਰਚਾ

# ਅਕਾਲ ਤਖਤ ਜਾਂ ਅਕਾਲੀ ਦਲ ਦਾ ਤਖਤ!

ਪਿਛਲੇ ਦਿਨੀਂ ਪੰਜਾਬ ਤੇ ਭਾਰਤ ਸਮੇਤ ਸਾਰੇ ਸੰਸਾਰ ਵਿਚ ਚੁਰਾਸੀ ਦੇ ਘੱਲੂਘਾਰਾ ਦੀ ਯਾਦ ਵਿਚ ਸਮਾਗਮ ਹੋਏ। ਹਰ ਸਾਲ ਵਾਂਗ ਇਸ ਸਾਲ ਵੀ ਅਕਾਲ ਤਖਤ ਸਾਹਿਬ ਵਿਖੇ ਅਖੰਡ ਸਾਹਿਬ ਦੇ ਭੋਗ ਪਾਏ ਗਏ। ਬਾਅਦ ਵਿਚ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਮ ਰਵਾਇਤੀ ਸੰਦੇਸ਼ ਦਿੱਤਾ। ਉਸ ਮੌਕੇ ਪਹੁੰਚੇ ਪੱਤਰਕਾਰਾਂ ਨਾਲ ਗਿਆਨੀ ਹਰਪ੍ਰੀਤ ਸਿੰਘ ਨੇ ਗੱਲਬਾਤ ਵੀ ਕੀਤੀ, ਕਿਉਂਕਿ ਹਰ ਸਾਲ ਵਾਂਗ ਇਸ ਵਾਰ ਵੀ

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਖਾਲਿਸਤਾਨ ਸਮਰਥਕ ਸ਼੍ਰੋਮਣੀ ਕਮੇਟੀ ਦੀਆਂ ਰੋਕਾਂ ਦੇ ਬਾਵਜੂਦ ਘੱਲੂਘਾਰਾ ਸਮਾਗਮ ਵਿਚ ਪੁੱਜੇ ਸਨ ਤੇ ਉਨ੍ਹਾਂ ਨੇ ਖਾਲਿਸਤਾਨ ਦੇ ਸਮਰਥਨ ਵਿਚ ਨਾਹਰੇਬਾਜ਼ੀ ਵੀ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਦੋਂ ਇਕ ਪੱਤਰਕਾਰ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਖਾਲਿਸਤਾਨ ਬਾਰੇ ਇਕ ਸਵਾਲ ਕੀਤਾ ਤਾਂ ਉਨ੍ਹਾਂ ਉਤਰ ਦਿੱਤਾ, "ਜੇ ਸਰਕਾਰ ਖਾਲਿਸਤਾਨ ਦਿੰਦੀ ਹੈ, ਤਾਂ ਉਹ ਜ਼ਰੂਰ ਇਸ ਨੂੰ ਸਵੀਕਾਰ ਕਰਨਗੇ।" ਉਨ੍ਹਾਂ ਨੇ ਨਾਲ ਬੈਠੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਵੀ ਆਪਣਾ ਬਿਆਨ ਤਸਦੀਕ ਕਰਵਾ ਲਿਆ। ਇਹ ਉਤਰ ਕਿਉਂਕਿ ਜਥੇਦਾਰ ਅਕਾਲ ਤਖਤ ਦੇ ਮੂੰਹੋਂ ਆਇਆ ਹੈ, ਇਸ ਲਈ ਇਸ ਦਾ ਕਾਫੀ ਮਹੱਤਵ ਹੁੰਦਾ ਹੈ, ਉਸ ਪਿਛੋਂ ਇਸ ਬਿਆਨ 'ਤੇ ਕਿਵੇਂ ਰਾਜਨੀਤਕ ਭੁਚਾਲ ਆਇਆ, ਇਹ ਕਿਸੇ ਤੋਂ ਵੀ ਗੁੱਝਾ ਨਹੀਂ। ਹਰ ਰਾਜਨੀਤਕ ਪਾਰਟੀ ਇਸ 'ਤੇ ਆਪਣੀ-ਆਪਣੀ ਰਾਜਨੀਤਕ ਸਹੂਲਤ ਦੇ ਅਨੁਸਾਰ ਹੀ ਇਸ ਦੇ ਹੱਕ ਜਾਂ ਵਿਰੋਧ ਵਿਚ ਭੁਗਤ ਰਹੀ ਹੈ।

ਖਾਲਿਸਤਾਨ ਇਕ ਵੱਖਰਾ, ਗੰਭੀਰ ਤੇ ਉਲਝਿਆ ਹੋਇਆ ਵਿਸ਼ਾ ਹੈ, ਜਿਸ ਦਾ ਕੋਈ ਵੀ ਸਰਬ ਪ੍ਰਵਾਨਿਤ ਹੱਲ ਨਹੀਂ ਹੈ। ਇਸ ਬਾਰੇ ਕੀਤੀਆਂ ਜਾ ਰਹੀਆਂ ਸਾਰੀਆਂ ਕਵਾਇਦਾਂ ਪਾਣੀ ਵਾਲੀ ਚਾਟੀ ਵਿਚ ਮਧਾਣੀ ਪਾਉਣ ਵਾਲੀ ਗੱਲ ਹੈ, ਜਿਸ ਵਿਚੋਂ ਨਿਕਲਨਾ ਕੁਝ ਵੀ ਨਹੀਂ ਹੈ।

ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਸੰਸਾਰ ਭਰ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ ਦਮ ਭਰਨ ਵਾਲੀ ਸਰਬ ਉਚ ਸੰਸਥਾ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਹਰਪ੍ਰੀਤ ਸਿੰਘ ਦਾ ਬਿਆਨ ਗੈਰ ਜਿੰਮੇਵਾਰਾਨਾ ਤੇ ਹਾਸੋਹੀਣਾ ਹੈ। ਜਥੇਦਾਰ ਸਾਹਿਬ ਕਿਸ 'ਮੁੰਗੇਰੀ ਲਾਲ ਦੇ ਹੁਸੀਨ ਸੁਪਨਿਆਂ' ਦੀ ਦੁਨੀਆਂ ਵਿਚ ਰਹਿੰਦੇ ਹਨ ਕਿ ਉਨ੍ਹਾਂ ਨੂੰ ਖਾਲਿਸਤਾਨ ਦੇ ਨਾਮ ਉਤੇ ਹੋ ਰਹੇ ਵਿਵਾਦਤ ਸੰਘਰਸ਼ਾਂ ਅਤੇ ਇਸ ਨਾਲ ਜੁੜੇ ਹੋਏ ਲੋਕਾਂ ਵਲੋਂ ਚਲਾਏ ਜਾ ਰਹੇ ਗੋਰਖ ਧੰਦਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ? ਪਰ ਲੱਖਾਂ ਅਨਭੋਲ ਤੇ ਜਵਾਨ ਸਿੱਖ ਗੱਭਰੂਆਂ ਦੀਆਂ ਬੇਸਿੱਟਾ ਮੌਤਾਂ ਭਲਾ ਕਿਸ ਨੂੰ ਯਾਦ ਨਹੀਂ?

ਕੀ ਅੱਜ ਤੱਕ ਕਦੇ ਵੀ ਕਿਸੇ ਕਾਬਜ ਦੇਸ਼ ਨੇ ਕਿਸੇ ਮਾਤਹਿਤ ਦੇਸ਼ ਨੂੰ ਅਜ਼ਾਦੀ ਦਾ ਤੋਹਫਾ ਆਪ ਥਾਲੀ ਵਿਚ ਸਜਾ ਕੇ ਪੇਸ਼ ਕੀਤਾ ਹੈ? ਸ਼ਾਇਦ ਨਹੀਂ। ਸਿੱਖ ਕੌਮ ਨੇ ਅੱਜ ਤੱਕ ਖਾਲਿਸਤਾਨ ਦੇ ਨਾਮ 'ਤੇ ਲੱਖਾਂ ਹੀ ਨੌਜਵਾਨਾਂ ਦੀ ਬਲੀ ਦਿੱਤੀ ਹੈ, ਪਰ ਕਿਸੇ ਥਿਰ ਪਾਸ ਵੀ ਪ੍ਰਾਪਤੀ ਦੇ ਨਾਂ 'ਤੇ ਦੱਸਣ ਯੋਗ ਕੁਝ ਵੀ ਨਹੀਂ ਹੈ। ਹਾਂ ਇਨ੍ਹਾਂ ਮੁਹਿੰਮਾਂ ਨੂੰ ਚਲਾਉਣ ਵਾਲੇ ਲੀਡਰਾਂ ਨੇ ਬੇਸ਼ਕ ਖੁਸ਼ਹਾਲੀਆਂ ਪ੍ਰਾਪਤ ਕੀਤੀਆਂ ਹਨ। ਆਪਣੀ ਨਾਕਾਮੀ ਦੇ ਦੋਸ਼ ਵੀ ਇਨ੍ਹਾਂ ਲੀਡਰਾਂ ਨੇ ਸਿੱਖ ਕੌਮ ਦੇ ਮੱਥੇ 'ਤੇ



ਏਕਾ ਨਾ ਹੋਣ ਦੇ ਜੜੇ ਹਨ। ਸਿੱਖ ਬਹੁਤ ਹੀ ਭਾਵੁਕ ਕੌਮ ਹੈ ਅਤੇ ਸਾਡੇ ਲੀਡਰਾਂ ਨੇ ਕੌਮ ਦੀ ਇਸ ਕਮਜ਼ੋਰੀ ਦਾ ਸਮੇਂ-ਸਮੇਂ 'ਤੇ ਭਰਪੂਰ ਲਾਭ ਲਿਆ ਹੈ। ਲੀਡਰਾਂ ਪਾਸ ਕੌਮ ਨੂੰ ਭਾਵੁਕ ਕਰਨ ਦਾ ਚੱਜ ਬਹੁਤਾਤ ਵਿਚ ਹੈ, ਪਰ ਉਨ੍ਹਾਂ ਵਿਚ ਦੂਰ ਦ੍ਰਿਸ਼ਟੀ ਦੀ ਵੱਡੀ ਘਾਟ ਹੈ ਜਾਂ ਫਿਰ ਜਾਣ-ਬੁਝ ਕੇ ਇਸ ਦੀ ਵਰਤੋਂ ਨਹੀਂ ਕਰਦੇ। ਅਕਲ ਦੇ ਕੰਮਾਂ ਵਿਚ ਭਾਵੁਕਤਾ ਦਾ ਦਖਲ ਨਹੀਂ ਹੁੰਦਾ। ਅਕਲ ਨਾਲ ਕੀਤੇ ਫੈਸਲੇ ਕੌਮਾਂ ਦੀ ਜੂਨ ਸੁਧਾਰ ਦਿੰਦੇ ਹਨ ਤੇ ਭਾਵੁਕਤਾ ਵਿਚ ਲਏ ਫੈਸਲੇ ਕੌਮ ਨੂੰ ਭੇਡਾਂ ਦਾ ਇੱਜੜ ਵੀ ਬਣਾ ਦਿੰਦੇ ਹਨ?

ਜਥੇਦਾਰ ਸਾਹਿਬ ਬਾਰੇ ਪੜ੍ਹਿਆ ਹੈ ਕਿ ਕਾਫੀ ਸਿੱਖਿਅਤ ਹਨ, ਪਰ ਉਨ੍ਹਾਂ ਦੇ ਖਾਲਿਸਤਾਨ ਬਾਰੇ ਦਿੱਤੇ ਬਿਆਨ ਵਿਚੋਂ ਤਾਂ ਵਿਦਵਤਾ ਬਿਲਕੁਲ ਨਹੀਂ ਝਲਕਦੀ, ਦੂਰ ਦ੍ਰਿਸ਼ਟੀ ਤਾਂ ਬਿਲਕੁਲ ਨਦਾਰਦ ਹੈ। ਇੰਜ ਲੱਗਦਾ ਹੈ, ਜਿਵੇਂ ਇੰਨੇ ਅਹਿਮ ਮਸਲੇ ਦਾ ਉਨ੍ਹਾਂ ਨੇ ਮਖੌਲ ਉਡਾਇਆ ਹੈ। ਇਹ ਸਿੱਖਾਂ ਦੀ ਬਦਕਿਸਮਤੀ ਹੀ ਕਹੀ ਜਾਏਗੀ ਕਿ ਸਰਬ ਪ੍ਰਵਾਨਿਤ ਜਥੇਦਾਰਾਂ ਅਤੇ ਵੱਡੀ ਸਿੱਖ ਲੀਡਰਸ਼ਿਪ ਨੇ ਕਦੇ ਵੀ ਆਮ ਸਿੱਖ ਦੀਆਂ ਭਾਵਨਾਵਾਂ, ਲੋੜਾਂ ਅਤੇ ਉਨ੍ਹਾਂ ਦੀ ਵਾਸਤਵਿਕ ਸਥਿਤੀ ਦਾ ਧਿਆਨ ਨਹੀਂ ਰੱਖਿਆ। ਉਨ੍ਹਾਂ ਸ੍ਰੀ ਅੰਮ੍ਰਿਤਸਰ ਤੋਂ ਬਿਆਨ ਦਾਗਨ (ਦੇਣ) ਵੇਲੇ ਕਦੇ ਵੀ ਇਹ ਨਹੀਂ ਸੋਚਿਆ ਕਿ ਭਾਰਤ ਦੇ ਹੋਰਨਾਂ ਸੂਬਿਆਂ ਵਿਚ ਵੱਸਦੇ ਸਿੱਖਾਂ 'ਤੇ ਇਸ ਦਾ ਕੀ ਪ੍ਰਤੀਕਰਮ ਹੋਵੇਗਾ? ਜ਼ਰਾ ਜਿਹੀ ਲਾਪ੍ਰਵਾਹੀ ਹੋਰਨਾਂ ਸੂਬਿਆਂ ਵਿਚ ਵੱਸਦੇ ਸਿੱਖਾਂ 'ਤੇ ਕਿੰਨੀ ਭਾਰੂ ਹੋ ਸਕਦੀ ਹੈ?

1984 ਵਿਚ ਆਮ ਸਿੱਖਾਂ ਨੇ ਆਪਣੇ ਰਾਜਨੀਤਕ ਲੀਡਰਾਂ, ਜਥੇਦਾਰਾਂ ਤੇ ਧਾਰਮਿਕ ਲੀਡਰਾਂ ਦੀ ਰਾਜਨੀਤੀ ਨਾਲ ਪ੍ਰੇਰਿਤ ਖੇਡ ਅਤੇ ਕੌਮ ਪ੍ਰਤੀ ਉਨ੍ਹਾਂ ਦੀ ਗੈਰ ਸੰਜੀਦਗੀ ਦਾ, ਵੱਡੀ ਗਿਣਤੀ ਵਿਚ ਆਪਣੀਆਂ ਜਾਨਾਂ ਗੁਆ ਕੇ ਅਤੇ ਉਜਾੜੇ ਦੇ ਰੂਪ ਵਿਚ ਅਸਹਿ ਤੇ ਅਕਹਿ ਮੁੱਲ ਤਾਰਿਆ ਹੈ। ਆਪਣੇ ਧਰਮ ਅਤੇ ਆਪਣੇ ਗੁਰੂਆਂ ਦੀਆਂ ਸਿੱਖਿਆਵਾਂ ਪ੍ਰਤੀ ਜਥੇਦਾਰਾਂ ਦਾ ਸਮਰਥਨ ਇੰਨਾ ਅਹਿਮ ਨਹੀਂ ਰਿਹਾ? ਸ਼ਾਇਦ ਬਿਆਨ ਦੇਣ ਅਤੇ ਹਰ ਕੰਮ ਕਰਨ ਵੇਲੇ ਜਥੇਦਾਰਾਂ ਨੂੰ ਨੌਕਰੀ ਦੇਣ ਵਾਲੇ ਆਪਣੇ ਦੁਨੀਆਵੀ ਤੇ ਰਾਜਨੀਤਕ ਪਰਵਰਦਿਗਾਰਾਂ, ਉਨ੍ਹਾਂ ਦੇ ਰਾਜਨੀਤਕ ਤੇ ਵਪਾਰਕ ਹਿੱਤ ਵਧੇਰੇ ਨਜ਼ਰ ਆਉਂਦੇ ਹਨ। ਮੇਰੀ ਨਜ਼ਰ ਵਿਚ ਤਾਂ ਹਰ ਆਮ ਸਿੱਖ ਨੂੰ ਆਪਣੇ ਰਹਿਬਰ ਗੁਰੂ ਨਾਨਕ ਵਾਂਗ ਹੀ ਵਿਚਰਨਾ ਚਾਹੀਦਾ ਹੈ, ਜਿਵੇਂ ਗੁਰੂ ਨਾਨਕ ਸਾਹਿਬ ਨੇ ਜਗਤ ਤਾਰਿਆ ਸੀ, ਠੀਕ ਉਸੇ ਤਰ੍ਹਾਂ ਹਰ ਸਿੱਖ ਜੇ ਗੁਰੂ ਨਾਨਕ ਦੇ ਮਾਰਗ 'ਤੇ ਚੱਲਣ ਦਾ ਅਹਿਦ ਕਰ ਲਵੇ ਤਾਂ ਉਹ ਆਪਣੇ ਆਪ ਨੂੰ ਸਿੱਖ ਧਰਮ ਅਤੇ ਸਮਾਜ ਵਿਚ ਫੈਲੇ ਧਾਰਮਿਕ ਤੇ ਰਾਜਸੀ ਘੜਮੱਸਾਂ ਵਿਚੋਂ ਆਪਣੇ ਆਪ ਨੂੰ ਅਲੋਪ ਤੇ ਨਿਰਲੇਪ ਰੱਖ ਸਕਦਾ ਹੈ।

# ਨੇਸ਼ਨ ਸਟੇਟ ਤੇ ਖਾਲਿਸਤਾਨ ਦਾ ਸੁਆਲ

(ਪਿਛਲੇ ਸਫੇ ਦੀ ਬਾਕੀ)

ਇਨਸਾਫ ਨੂੰ ਆਪਣੇ ਅਮਲ ਵਿਚ ਉਤਾਰਨ ਵਿਚ ਕਾਮਯਾਬ ਹੋਇਆ। ਜੇ ਉਹ ਰਾਜ ਇੱਕਪੁਰਖੀ ਨਾ ਹੁੰਦਾ ਜਿਵੇਂ ਸ. ਹਰੀ ਸਿੰਘ ਨਲੂਆ ਤੇ ਅਕਾਲੀ ਫੂਲਾ ਸਿੰਘ ਚਾਹੁੰਦੇ ਸਨ ਤਾਂ ਉਹ ਰਾਜ ਹੋਰ ਵੀ ਬਿਹਤਰ ਹੋਣਾ ਸੀ, ਪਰ ਇੱਕਪੁਰਖੀ ਹੋਣ ਦੇ ਬਾਵਜੂਦ ਉਸ ਰਾਜ ਵਿਚ ਬਹੁਤ ਅਜਿਹੇ ਗੁਣ ਸਨ, ਜੋ ਬਹੁਤੇ ਰਾਜਾਂ ਵਿਚ ਅੱਜ ਵੀ ਨਹੀਂ ਮਿਲਦੇ।

ਸਿੱਖ ਪਰੰਪਰਾ ਦਾ ਵੱਡਾ ਗੁਣ ਇਹ ਹੈ ਕਿ ਸਿੱਖੀ ਵਿਚ ਅਧੂਰੀਆਂ ਚੀਜ਼ਾਂ ਨੂੰ ਰੱਦ ਨਹੀਂ ਕੀਤਾ ਜਾਂਦਾ, ਸਗੋਂ ਉਨ੍ਹਾਂ ਨੂੰ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਦਾ ਅਸਲੀ ਸਰੂਪ ਬਹਾਲ ਕੀਤਾ ਜਾਂਦਾ ਹੈ। ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਇੱਕਪੁਰਖੀ ਰਾਜ ਨਾਲ ਕੀਤਾ। ਉਸ ਨੇ ਦੱਸ ਦਿੱਤਾ ਕਿ ਅਸਲੀ ਧਰਮੀ ਰਾਜਾ ਕਿਹੋ ਜਿਹਾ ਹੁੰਦਾ ਹੈ। ਉਸ ਨੇ ਇੱਕਪੁਰਖੀ ਰਾਜ ਦਾ ਸਭ ਤੋਂ ਵਧੀਆ ਰੂਪ ਅਮਲ ਵਿਚ ਲਿਆ ਕੇ ਦਿਖਾਇਆ। ਅਜਿਹਾ ਸਿੱਖੀ ਦੀ ਬਖਸ਼ਿਸ਼ ਕਰ ਕੇ ਹੀ ਸੰਭਵ ਹੋ ਸਕਿਆ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਗੁਰਬਾਣੀ ਦੀ ਵਿਸ਼ਵ-ਦ੍ਰਿਸ਼ਟੀ ਵਿਚੋਂ ਆਪਣੀ ਪ੍ਰੇਰਨਾ ਪ੍ਰਾਪਤ ਕਰ ਰਿਹਾ ਸੀ। ਉਹ ਰਾਜ ਸਥਾਪਤ ਹੋਣ ਤੋਂ ਪਹਿਲਾਂ ਸਿੱਖਾਂ ਨੇ ਇਹ ਫਜ਼ੂਲ ਬਹਿਸ ਨਹੀਂ ਛੇੜੀ ਕਿ ਜੇ ਰਾਜ ਇੱਕਪੁਰਖੀ ਹੀ ਹੋਣਾ ਹੈ ਤਾਂ ਉਸ ਦਾ ਕੋਈ ਫਾਇਦਾ ਨਹੀਂ। ਰਾਜ ਦਾ ਇੱਕਪੁਰਖੀ ਸਰੂਪ ਭਾਵੇਂ ਗੁਰਬਾਣੀ ਦਾ ਅਨੁਸਾਰੀ ਨਹੀਂ ਸੀ, ਪਰ ਉਸ ਰਾਜ ਦੇ ਅਮਲ ਵਿਚ ਗੁਰਬਾਣੀ ਦਾ ਅਸਰ ਜ਼ਰੂਰ ਸੀ।

ਇਸੇ ਤਰ੍ਹਾਂ ਹੀ ਨੇਸ਼ਨ ਸਟੇਟ ਹੈ। ਜੇ ਸਿੱਖਾਂ ਨੂੰ ਖਾਲਿਸਤਾਨ ਦੇ ਰੂਪ ਵਿਚ ਵੱਖਰਾ ਮੁਲਕ ਮਿਲਦਾ ਹੈ ਤਾਂ ਸਿੱਖੀ ਦੀ ਬਖਸ਼ਿਸ਼ ਨਾਲ ਨੇਸ਼ਨ ਸਟੇਟ ਦਾ ਅਧੂਰਾ ਸੰਕਲਪ ਵੀ ਪੂਰਨਤਾ ਹਾਸਲ ਕਰਨ ਵੱਲ ਵਧੇਗਾ। ਇਸ ਨੂੰ ਰੱਦ ਕਰਨਾ ਸਿੱਖੀ ਦਾ ਰਾਹ ਨਹੀਂ। ਇਸ ਨੂੰ ਪੂਰਾ ਕਰਨਾ ਸਿੱਖੀ ਦਾ ਰਾਹ ਹੈ। ਅੱਜ ਦੁਨੀਆਂ ਨੂੰ ਲੋੜ ਨਵੀਂ ਕਿਸਮ ਦੇ ਰਾਜ-ਪ੍ਰਬੰਧ ਦੀ ਹੈ। ਗੁਰਬਾਣੀ ਵਿਚ ਇਸ ਦੀਆਂ ਅਨੰਤ ਸੰਭਾਵਨਾਵਾਂ ਮੌਜੂਦ ਹਨ। ਲੋੜ ਇਨ੍ਹਾਂ ਸੰਭਾਵਨਾਵਾਂ ਨੂੰ ਅਮਲ ਵਿਚ ਲਿਆਉਣ ਦੀ ਹੈ, ਜੋ ਆਜ਼ਾਦ ਮੁਲਕ ਤੋਂ ਬਿਨਾ ਸੰਭਵ ਨਹੀਂ।

ਨੇਸ਼ਨ ਸਟੇਟ ਦੇ ਵਿਚਾਰ ਦਾ ਵਿਰੋਧ ਆਮ ਕਰਕੇ ਮਾਰਕਸਵਾਦੀ ਵਿਦਵਾਨ ਕਰਦੇ ਹਨ, ਕਿਉਂਕਿ ਮਾਰਕਸ ਅਨੁਸਾਰ ਪੂਰਨ ਕ੍ਰਾਂਤੀ ਸਿਰਫ ਉਦੋਂ ਹੀ ਸੰਭਵ ਹੈ, ਜਦੋਂ ਸਾਰੀ ਦੁਨੀਆਂ ਉਤੇ ਇੱਕੋ ਸਮਾਜਵਾਦੀ ਰਾਜ ਸਥਾਪਤ ਹੋ ਗਿਆ। ਮਾਰਕਸਵਾਦ ਅਨੁਸਾਰ ਵੱਖੋ-ਵੱਖਰੇ ਮੁਲਕਾਂ ਦੀ ਹੋਂਦ ਸਦੀਵੀ ਨਹੀਂ ਅਤੇ ਅੰਤ ਨੂੰ ਸਾਰੇ ਇੱਕੋ ਪ੍ਰਬੰਧ ਦਾ ਹਿੱਸਾ ਬਣ ਜਾਣਗੇ, ਪਰ ਅਜਿਹਾ ਹੋ ਨਹੀਂ ਸਕਿਆ। ਦੂਜੀ ਸੰਸਾਰ ਜੰਗ ਤੋਂ ਬਾਅਦ ਸੰਯੁਕਤ ਰਾਸ਼ਟਰ ਦੇ ਹੋਂਦ ਵਿਚ ਆਉਣ ਨਾਲ ਵੱਖੋ-ਵੱਖਰੇ ਮੁਲਕਾਂ ਵਾਲਾ ਪ੍ਰਬੰਧ ਦੁਨੀਆਂ ਉਤੇ ਹਾਵੀ ਹੋ ਗਿਆ। ਇਸ ਪ੍ਰਬੰਧ ਦਾ ਦਾਰਸ਼ਨਿਕ ਆਧਾਰ ਸਭਿਆਚਾਰਕ ਵੰਨ-ਸਵੰਨਤਾ ਦੀ ਪ੍ਰਵਾਨਗੀ ਵਿਚ ਪਿਆ ਹੈ।

ਦੂਜੀ ਸੰਸਾਰ ਜੰਗ ਪਿਛੋਂ ਯੂਰਪੀ ਵਿਚਾਰਕਾਂ ਨੇ ਵੰਨ-ਸਵੰਨਤਾ ਵਿਰੋਧੀ ਹਰ ਵਿਚਾਰ ਨੂੰ ਭੰਨਿਆ। ਉਨ੍ਹਾਂ ਨੇ ਦੱਸਿਆ ਕਿ ਦੁਨੀਆਂ ਉਤੇ ਹੁੰਦੇ ਜ਼ੁਲਮ ਦੀ ਜੜ੍ਹ ਕਿਸੇ ਨਾ ਕਿਸੇ ਮਹਾਬਿਰਤਾਂਤ (Metanarrative) ਵਿਚ ਲੱਗੀ ਹੁੰਦੀ ਹੈ। ਸਮਾਜਵਾਦ ਅਤੇ ਪੂੰਜੀਵਾਦ-ਦੋਵੇਂ ਮਹਾਬਿਰਤਾਂਤ ਹਨ, ਜੋ ਇੱਕਵਾਦੀ ਵਿਚਾਰਧਾਰਾ ਦੇ ਅਨੁਸਾਰ ਚੱਲਦੇ ਹਨ। ਇੱਕਵਾਦੀ ਵਿਚਾਰ ਉਹ ਹੁੰਦਾ ਹੈ, ਜਿਸ ਅਨੁਸਾਰ ਸਿਰਫ ਇੱਕੋ ਸਿਧਾਂਤ ਅਤੇ ਇੱਕੋ ਸਮਾਜਕ-ਰਾਜਨੀਤਿਕ ਸੰਗਠਨ ਹੀ ਸਹੀ ਹੋ ਸਕਦਾ ਹੈ। ਬਾਕੀ ਸਾਰੇ ਗਲਤ ਹੁੰਦੇ ਹਨ। ਡਾ. ਗੁਰਭਗਤ ਸਿੰਘ ਨੇ ਦੱਸਿਆ ਹੈ ਕਿ ਦੱਖਣੀ ਏਸ਼ੀਆ ਵਿਚ ਇਸਲਾਮ ਅਤੇ ਬ੍ਰਾਹਮਣਵਾਦ ਵੀ ਇੱਕਵਾਦੀ ਵਿਚਾਰਧਾਰਾਵਾਂ ਦੀਆਂ ਵੰਨਗੀਆਂ ਹਨ। ਇਨ੍ਹਾਂ ਦੇ ਉਲਟ ਸਿੱਖੀ ਵਿਚ ਵੰਨ-ਸਵੰਨਤਾ ਦੀ ਪ੍ਰਵਾਨਗੀ ਵੀ ਹੈ ਅਤੇ ਇਸ ਦੀ ਪ੍ਰਫੁੱਲਤਾ ਲਈ ਢੁੱਕਵੇਂ ਹਾਲਾਤ ਪੈਦਾ ਕਰਨ ਦੀ ਸਮਰੱਥਾ ਵੀ ਹੈ। ਸਿੱਖੀ ਵਿਚ 'ਤੁਮ ਕੋ ਤੁਮਾਰਾ ਖੂਬ, ਹਮ ਕੋ ਹਮਾਰਾ ਖੂਬ' ਦੀ ਬਿਰਤੀ ਪ੍ਰਧਾਨ ਹੈ, ਜਦਕਿ ਇੱਕਵਾਦੀ ਵਿਚਾਰਧਾਰਾਵਾਂ ਦੂਜੇ ਨੂੰ ਮਾਨਤਾ ਹੀ ਨਹੀਂ ਦਿੰਦੀਆਂ।

ਇਨ੍ਹਾਂ ਉਤਰ-ਆਧੁਨਿਕ ਵਿਚਾਰਾਂ ਨੂੰ ਰੱਦ ਕਰਨ ਦੇ ਮਨਸ਼ੇ ਨਾਲ ਸੰਨ 2000 ਵਿਚ ਦੋ ਮਾਰਕਸਵਾਦੀ ਵਿਦਵਾਨਾਂ-ਐਨਤੋਨੀਓ ਨੇਗਰੀ ਅਤੇ ਮਾਇਕਲ ਹਾਰਟ ਨੇ 'ਐਮਪਾਇਰ' ਨਾਂ ਦੀ ਪੁਸਤਕ ਲਿਖੀ। ਇਸ ਵਿਚ ਉਨ੍ਹਾਂ ਨੇ ਕਿਹਾ ਕਿ ਨਵਉਦਾਰਵਾਦੀ ਵਿਸ਼ਵੀਕਰਨ ਪਿਛੋਂ ਨੇਸ਼ਨ ਸਟੇਟ ਦਾ ਖਾਤਮਾ ਹੋ ਰਿਹਾ ਹੈ ਅਤੇ ਸੰਸਾਰ ਹੁਣ ਇੱਕੋ ਅੰਤਰਜਾਲ ਵਿਚ ਬੱਝ ਚੁਕਾ ਹੈ। ਇਸ ਕਿਤਾਬ ਨੇ ਭਰਵੀਂ ਬਹਿਸ ਛੇੜੀ, ਪਰ ਅੱਜ ਇਹ ਸਾਬਤ ਹੋ ਚੁਕਾ ਹੈ ਕਿ ਨੇਸ਼ਨ ਸਟੇਟ ਖਤਮ ਹੋਣ ਦੀ ਥਾਂ ਹੋਰ ਮਜ਼ਬੂਤ ਹੋ ਗਈ ਹੈ। ਇਸੇ ਕਿਤਾਬ ਦੇ ਪ੍ਰਭਾਵ ਅਧੀਨ ਸਿੱਖਾਂ ਬਾਰੇ ਲਿਖਣ ਵਾਲੇ ਕੁਝ ਵਿਦਵਾਨ, ਜਿਵੇਂ ਜਿਓਰਜੀਓ ਸ਼ਾਨੀ ਅਤੇ ਸਿੰਥੀਆ ਮਹਿਮੂਦ ਵੀ ਕਹਿਣ ਲੱਗ ਪਏ ਸਨ ਕਿ ਸਿੱਖਾਂ ਨੂੰ ਖਾਲਿਸਤਾਨ ਦੀ ਮੰਗ ਨਹੀਂ ਕਰਨੀ ਚਾਹੀਦੀ, ਕਿਉਂਕਿ ਹੁਣ ਨੇਸ਼ਨ ਸਟੇਟ ਦਾ ਵਿਚਾਰ ਵੇਲਾ ਵਿਹਾ ਚੁਕਾ ਹੈ, ਪਰ ਸਮੇਂ ਨੇ ਉਨ੍ਹਾਂ ਨੂੰ ਗਲਤ ਸਾਬਤ ਕੀਤਾ ਹੈ (2014 ਵਿਚ ਨਿਊ ਯਾਰਕ ਵਿਚ ਇੱਕ ਕਾਨਫਰੰਸ ਦੌਰਾਨ ਮੈਂ ਜਿਓਰਜੀਓ ਸ਼ਾਨੀ ਨਾਲ ਇਸ ਮੁੱਦੇ 'ਤੇ ਗੱਲ ਕੀਤੀ ਸੀ, ਜਿਸ ਦੌਰਾਨ ਉਸ ਨੇ ਇਹ ਗਲਤੀ ਮੰਨੀ ਵੀ ਸੀ)।

ਅਜਮੇਰ ਸਿੰਘ ਵੀ ਨੇਸ਼ਨ ਸਟੇਟ ਦੇ ਵਿਚਾਰ ਦਾ ਵਿਰੋਧ ਆਪਣੇ ਮਾਰਕਸਵਾਦੀ ਝੁਕਾਅ ਵਿਚੋਂ ਕਰਦਾ ਹੈ। ਉਸ ਵਲੋਂ ਲੁਕਵੇਂ ਢੰਗ ਨਾਲ ਸਿੱਖਾਂ ਨੂੰ ਆਪਣੀ ਆਜ਼ਾਦੀ ਦੀ ਲੜਾਈ ਛੱਡ ਕੇ ਭਾਰਤ ਦੇ ਹੋਰਨਾਂ ਹਾਸ਼ੀਆਗਤ ਵਰਗਾਂ ਨਾਲ ਮਿਲ ਕੇ ਭਾਰਤ ਦੀ ਮੁੜ-ਉਸਾਰੀ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਪ੍ਰਾਜੈਕਟ ਅਸਲ ਵਿਚ ਸਿੱਖਾਂ ਨੂੰ ਭਾਰਤ ਦੀ ਲਿਬਰਲ-ਸੈਕੂਲਰ ਸਿਆਸਤ ਦਾ ਲਘੂ ਅੰਗ ਬਣਾ ਕੇ ਰੱਖ ਦੇਵੇਗਾ। ਕਸ਼ਮੀਰ ਅਤੇ ਹੋਰਨਾਂ ਹਿੱਸਿਆਂ ਵਿਚ ਆਪਣੀ ਆਜ਼ਾਦੀ ਲਈ ਲੜ ਰਹੀਆਂ ਕੌਮਾਂ ਅਜਿਹੇ ਦਬਾਅ ਹੇਠ ਨਹੀਂ ਆਉਂਦੀਆਂ। ਅਜਮੇਰ ਸਿੰਘ ਦੀ ਚਲਾਕੀ ਇਸ ਗੱਲ ਵਿਚ ਹੈ ਕਿ ਉਪਰੋਂ ਤਾਂ ਭਾਵੇਂ ਉਹ ਇਹ ਪ੍ਰਭਾਵ ਦਿੰਦਾ ਹੈ ਕਿ ਉਹ ਆਧੁਨਿਕ ਮਹਾਬਿਰਤਾਂਤਾਂ ਦੇ ਵਿਰੋਧ ਵਿਚ ਹੈ, ਪਰ ਅੰਦਰਖਾਤੇ ਸਿੱਖਾਂ ਦੀ ਸਿਆਸੀ ਸਰਗਰਮੀ ਨੂੰ ਉਸੇ ਦਿਸ਼ਾ ਵੱਲ ਧੱਕ ਰਿਹਾ ਹੈ।

ਉਪਰੋਕਤ ਖਿਆਲ ਦੇ ਪੱਖ ਵਿਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਖਾਲਸਾ ਹਮੇਸ਼ਾ ਮਜ਼ਲੂਮ ਨਾਲ ਖੜ੍ਹਦਾ ਹੈ, ਇਸ ਲਈ ਸਿੱਖਾਂ ਨੂੰ ਭਾਰਤ ਦੇ ਸਾਰੇ ਅਜਿਹੇ ਵਰਗਾਂ, ਜਿਨ੍ਹਾਂ ਨੂੰ ਹਾਸ਼ੀਏ ਉਤੇ ਧੱਕਿਆ ਗਿਆ ਹੈ, ਨਾਲ ਸਾਂਝਾ ਮੋਰਚਾ ਬਣਾ ਕੇ ਲੜਨਾ ਚਾਹੀਦਾ ਹੈ। ਇਹ ਠੀਕ ਹੈ ਕਿ ਖਾਲਸਾ ਮਜ਼ਲੂਮ ਦੀ ਰੱਖਿਆ ਕਰਦਾ ਹੈ, ਪਰ ਸਿਰਫ ਉਦੋਂ, ਜਦੋਂ ਮਜ਼ਲੂਮ ਉਸ ਦੀ ਸ਼ਰਨ ਵਿਚ ਆਵੇ। ਖਾਲਸੇ ਲਈ ਆਪਣੀ ਆਜ਼ਾਦੀ ਦੀ ਲੜਾਈ ਛੱਡ ਕੇ ਹੋਰਨਾਂ ਮਸਲਿਆਂ ਵਿਚ ਉਲਝਣਾ ਜ਼ਰੂਰੀ ਨਹੀਂ। ਖਾਲਸੇ ਦੀ ਆਪਣੀ ਆਜ਼ਾਦੀ ਦੀ ਲੜਾਈ ਵੀ ਹਰ ਮਜ਼ਲੂਮ ਦੀ ਲੜਾਈ ਨਾਲ ਮੁੱਢੋਂ ਸੁੱਢੋਂ ਜੁੜੀ ਹੋਈ ਹੈ, ਕਿਉਂਕਿ ਖਾਲਸੇ ਨੇ ਅਜਿਹਾ ਰਾਜ-ਪ੍ਰਬੰਧ ਸਿਰਜਣਾ ਹੈ, ਜਿਥੇ ਕਿਸੇ ਨਾਲ ਵੀ ਬੇਇਨਸਾਫੀ ਨਾ ਹੋਵੇ।

ਆਪਣੀ ਆਜ਼ਾਦੀ ਲਈ ਸੰਘਰਸ਼ ਕਰ ਰਹੀਆਂ ਗੁਲਾਮ ਕੌਮਾਂ ਤੋਂ ਇਹ ਮੰਗ ਕਰਨੀ ਜਾਇਜ਼ ਨਹੀਂ ਕਿ ਪਹਿਲਾਂ ਉਹ ਨੇਸ਼ਨ ਸਟੇਟ ਦੇ ਵਿਚਾਰ ਦਾ ਬਦਲ ਪੇਸ਼ ਕਰਨ, ਫਿਰ ਹੀ ਉਹ ਆਜ਼ਾਦੀ ਮੰਗਣ ਦੀਆਂ ਹੱਕਦਾਰ ਹੋਣਗੀਆਂ। ਇਸ ਤਰ੍ਹਾਂ ਤਾਂ ਕਸ਼ਮੀਰ ਅਤੇ ਫਲਸਤੀਨ ਦਾ ਸੰਘਰਸ਼ ਵੀ ਰੱਦ ਹੋ ਜਾਵੇਗਾ। ਹਰ ਗੁਲਾਮ ਕੌਮ ਲਈ ਆਜ਼ਾਦੀ ਪ੍ਰਾਪਤ ਕਰਨਾ ਹੀ ਪਹਿਲਾ ਕਾਰਜ ਹੁੰਦਾ ਹੈ। ਆਜ਼ਾਦੀ ਪ੍ਰਾਪਤੀ ਪਿਛੋਂ ਉਹ ਆਪਣੇ ਮੁਲਕ ਨੂੰ ਕਿਵੇਂ ਚਲਾਉਂਦੇ ਹਨ, ਉਤੇ ਸੁਆਲ ਖੜ੍ਹੇ ਕੀਤੇ ਜਾ ਸਕਦੇ ਹਨ, ਪਰ 'ਨੇਸ਼ਨ ਸਟੇਟ ਸਦਾ ਹੀ ਮਾੜੀ ਹੁੰਦੀ ਹੈ', ਵਰਗੇ ਆਧਾਰ 'ਤੇ ਕਿਸੇ ਦੀ ਆਜ਼ਾਦੀ ਦੀ ਮੰਗ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਨੇਸ਼ਨ ਸਟੇਟ ਕੋਈ ਵਿਚਾਰਧਾਰਾ ਨਹੀਂ, ਜੋ ਸਿੱਖੀ ਸਿਧਾਂਤਾਂ ਦੀ ਸ਼ਰੀਕ ਬਣ ਜਾਵੇ। ਨੇਸ਼ਨ ਸਟੇਟ ਤਾਂ ਆਪਣੀ ਰਾਜਨੀਤਕ ਆਜ਼ਾਦੀ ਨੂੰ ਅਮਲ ਵਿਚ ਲਿਆਉਣ ਦਾ ਚੌਖਟਾ ਮਾਤਰ ਹੈ, ਜਿਸ ਦੀਆਂ ਕੁਝ ਸੀਮਾਵਾਂ ਤਾਂ ਹਨ, ਪਰ ਜਿਹੜਾ ਕਿਸੇ ਵਿਸ਼ਵ-ਦ੍ਰਿਸ਼ਟੀ ਨੂੰ ਪੂਰੀ ਤਰ੍ਹਾਂ ਕੈਦ ਨਹੀਂ ਕਰ ਸਕਦਾ। ਜੇ ਸਿੱਖਾਂ ਨੂੰ ਆਪਣੀ ਨੇਸ਼ਨ ਸਟੇਟ ਮਿਲਦੀ ਹੈ ਤਾਂ ਉਨ੍ਹਾਂ ਨੂੰ ਗੁਰਬਾਣੀ ਵਿਚਲੀ ਵਿਸ਼ਵ-ਦ੍ਰਿਸ਼ਟੀ ਨੂੰ ਅਭਿਆਸ ਵਿਚ ਲਿਆਉਣ ਦਾ ਮੌਕਾ ਮਿਲੇਗਾ। ਇਸ ਇਤਿਹਾਸਕ ਹੋਣੀ ਦਾ ਵਿਰੋਧ ਕਰਨ ਵਾਲੇ ਅੱਜ ਭਾਵੇਂ ਜਿੰਨੇ ਮਰਜ਼ੀ ਭੁਲੇਖੇ ਪੈਦਾ ਕਰ ਲੈਣ, ਅੰਤ ਨੂੰ ਉਨ੍ਹਾਂ ਦਾ ਦੰਭ ਸਾਹਮਣੇ ਆ ਹੀ ਜਾਣਾ ਹੈ।

ਅੰਤ ਵਿਚ ਅਜਮੇਰ ਸਿੰਘ ਦੇ ਹਮਾਇਤੀਆਂ ਨੂੰ ਮੇਰੀ ਬੇਨਤੀ ਹੈ ਕਿ ਉਹ ਇਨ੍ਹਾਂ ਗੱਲਾਂ ਬਾਰੇ ਗੰਭੀਰਤਾ ਨਾਲ ਸੋਚਣ। ਵੈਸੇ ਤਾਂ ਅਜਮੇਰ ਸਿੰਘ ਨੇ ਆਪਣੇ ਵਿਚਾਰਾਂ ਨੂੰ ਕਿਤਾਬਾਂ ਅਤੇ ਭਾਸ਼ਣਾਂ ਦੇ ਜ਼ਰੀਏ ਜਨਤਕ ਕੀਤਾ ਹੈ, ਇਸ ਲਈ ਇਨ੍ਹਾਂ ਬਾਰੇ ਉਠਦੇ ਸੁਆਲਾਂ ਦੇ ਜੁਆਬ ਵੀ ਉਨ੍ਹਾਂ ਨੂੰ ਜਨਤਕ ਤੌਰ ਉਤੇ ਹੀ ਦੇਣੇ ਚਾਹੀਦੇ ਹਨ, ਪਰ ਜੇ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਅਜਿਹਾ ਕਰਨ ਨਾਲ ਉਨ੍ਹਾਂ ਦੀ ਹਉਮੈ ਨੂੰ ਸੱਟ ਵੱਜਦੀ ਹੈ ਤਾਂ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਸਮਰਥਕ ਇੱਕ ਵਾਰ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਮਿਲ ਕੇ ਜਾਂ ਫੋਨ ਕਰ ਕੇ ਇਹ ਜ਼ਰੂਰ ਪੁੱਛ ਲੈਣ ਕਿ ਉਹ ਜੁਝਾਰੂ ਸਿੰਘਾਂ ਵਲੋਂ ਮਿਥੇ ਨਿਸ਼ਾਨੇ, ਆਜ਼ਾਦ ਅਤੇ ਪ੍ਰਭੁਸੱਤਾ ਸੰਪੰਨ ਰਾਜ ਖਾਲਿਸਤਾਨ, ਜੋ ਯੂ. ਐਨ. ਦਾ ਮੈਂਬਰ ਵੀ ਹੋਵੇ, ਨਾਲ ਸਹਿਮਤ ਹਨ ਜਾਂ ਨਹੀਂ? ਅਜਿਹਾ ਕਰਨ ਨਾਲ ਕਈ ਭਰਮ-ਭੁਲੇਖੇ ਦੂਰ ਹੋ ਸਕਦੇ ਹਨ ਅਤੇ ਸੋਸ਼ਲ ਮੀਡੀਆ ਉਤੇ ਚੱਲ ਰਹੇ ਵਿਵਾਦ ਦਾ ਅੰਤ ਹੋ ਸਕਦਾ ਹੈ।

## ਹੈਪੀ ਫਾਦਰ'ਜ਼ ਡੇਅ

ਬਾਬੁਲ ਦਾ ਅੱਜ ਦਿਨ ਹੈ ਆਇਆ।
ਸਾਰੀਆਂ ਯਾਦਾਂ ਨਾਲ ਲਿਆਇਆ।
ਬਾਬੁਲ ਮੇਰਾ ਬੜਾ ਪਿਆਰਾ
ਸਾਰੇ ਜਗ ਤੋਂ ਵੱਖਰਾ ਨਿਆਰਾ।
ਰੱਬ ਦੇ ਨਾਲ ਪਿਆਰ ਸੀ ਉਸ ਦਾ
ਰੱਬ ਵਰਗਾ ਸਤਿਕਾਰ ਸੀ ਉਸ ਦਾ।
ਅੰਮ੍ਰਿਤ ਵੇਲੇ ਉਠ ਬਹਿੰਦਾ ਸੀ
ਗੁਰਬਾਣੀ ਪੜ੍ਹਦਾ ਰਹਿੰਦਾ ਸੀ।
ਨਿੱਤਨੇਮ ਕਰ ਕੀਰਤਨ ਕਰਦਾ
ਗੁਰੂ ਨਾਨਕ ਦਾ ਸੀ ਉਹ ਬਰਦਾ।
ਉਠਦੇ ਬਹਿੰਦੇ ਦਿਨ ਅਰ ਰਾਤ
ਸ਼ਾਮ ਢਲੇ ਜਾਂ ਹੋਏ ਪ੍ਰਭਾਤ।
ਇੱਕੋ ਹੀ ਅਰਮਾਨ ਸੀ ਉਸ ਦਾ
ਬਾਣੀ ਵਿਚ ਧਿਆਨ ਸੀ ਉਸ ਦਾ।
ਬਾਣੀ ਦੇ ਵਿਚ ਜਾਨ ਸੀ ਉਸ ਦੀ
ਬਾਣੀ ਦੇ ਨਾਲ ਸ਼ਾਨ ਸੀ ਉਸ ਦੀ।
ਬਾਣੀ ਪੜ੍ਹ ਕਰਦਾ ਅਰਦਾਸ
ਜੀਉ ਪਿੰਡ ਸਭ ਤੇਰੀ ਰਾਸ।
ਗੁਰਬਾਣੀ ਨਾਲ ਪ੍ਰੀਤ ਸੀ ਉਸ ਦੀ
ਇੱਕੋ ਧੀ 'ਸੁਰਜੀਤ' ਸੀ ਉਸ ਦੀ।
ਮੁੜ ਮੁੜ ਕੇ ਸਤਿਗੁਰ ਨੂੰ ਕਹਿਣਾ
ਧੀ ਮੇਰੀ ਦੇ ਅੰਗ-ਸੰਗ ਰਹਿਣਾ।
ਜਗ ਵਿਚ ਇਸ ਦਾ ਹੋਰ ਨਾ ਕੋਈ
ਸੁਣਨੀ ਸਦਾ ਇਹਦੀ ਅਰਜੋਈ।

ਸਤਿਗੁਰ ਦੇ ਮੈਨੂੰ ਚਰਨੀਂ ਲਾ ਕੇ
ਤੁਰ ਗਿਆ ਜੀਵਨ ਸਫਰ ਮੁਕਾ ਕੇ।
ਸਤਿਗੁਰ ਨਜ਼ਰ ਮਿਹਰ ਦੀ ਪਾਈ
ਬਾਂਹਿ ਗਹੇ ਕੀ ਲਾਜ ਨਿਭਾਈ।
ਅਪਨੇ ਘਰ ਵਿਚ ਥਾਂਵਾਂ ਦੇ ਕੇ
ਸਿਰ 'ਤੇ ਠੰਢੀਆਂ ਛਾਂਵਾਂ ਦੇ ਕੇ।
ਮੈਨੂੰ ਹੋਣ ਅਨਾਥ ਨਾ ਦਿੱਤਾ
ਗੁਰੂ ਨਾਨਕ ਮੇਰਾ ਸਾਥ ਹੈ ਦਿੱਤਾ।
ਅੰਦਰ ਮੇਰੇ ਵਸਦੈ ਸਤਿਗੁਰ
ਕਿੰਜ ਜਿਉਣਾ ਹੈ ਦੱਸਦੈ ਸਤਿਗੁਰ।
ਬਾਬੁਲ ਮੇਰਾ ਵਡ ਸਮਰਥਾ
ਜੀਅ ਸਮਾਲੀ ਤਾਂ ਸਭ ਦੁੱਖ ਲਥਾ।
ਸਤਿਗੁਰ ਨਾਲ ਪ੍ਰੀਤ ਪਈ ਹੈ
ਤਾਂ ਜਿਉਂਦੀ 'ਸੁਰਜੀਤ' ਪਈ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

## ਗਜ਼ਲ

ਜਦੋਂ ਆ ਕੇ ਬਨੇਰੇ 'ਤੇ ਪਰਾੜੀ ਕਾਗ ਬਹਿੰਦਾ ਹੈ,
ਉਦੋਂ ਬਿਰਹਣ ਦੀਆਂ ਅੱਖਾਂ 'ਚੋਂ ਪਾਣੀ ਆ ਵਹਿੰਦਾ ਹੈ।

ਤੇਰਾ ਘਰ ਔਣ ਦਾ ਇਕ ਖਾਬ ਸਜਦਾ ਹੈ ਸੁਬ੍ਹਾ ਵੇਲੇ,
ਢਲੇ ਪਰਛਾਂਵਿਆਂ ਵੇਲੇ ਖਿਆਲੀ ਮਹਿਲ ਢਹਿੰਦਾ ਹੈ।

ਉਮਰ ਭਰ ਹੀ ਜ਼ਮਾਨੇ ਨੇ ਬੜਾ ਮੈਨੂੰ ਸਤਾ ਰੱਖਿਆ
ਹਕੀਕਤ ਜ਼ਿੰਦਗੀ ਦੀ ਹੈ, ਕਵੀ ਦਾ ਬੋਲ ਕਹਿੰਦਾ ਹੈ।

ਕਦੇ ਰੁਕਦੇ ਨਹੀਂ ਜੁਗਨੂੰ ਹਮੇਸ਼ਾ ਜਾਣ ਇਹ ਉਡਦੇ
ਹਨੇਰੇ ਚੀਰ ਜਾਵਣ ਦਾ ਇਨ੍ਹਾਂ ਨੂੰ ਖਬਤ ਰਹਿੰਦਾ ਹੈ।

ਮੇਰੇ ਮੱਥੇ 'ਚ ਤੇਰੀ ਯਾਦ ਦਾ ਸੂਰਜ ਉਦੈ ਹੋਵੇ
ਤਕਾਲੀਂ ਜਿਸ ਸਮੇਂ ਸੂਰਜ ਪੱਛੋਂ ਵਿਚ ਆਣ ਲਹਿੰਦਾ ਹੈ।

ਕਹਾਂ ਕੀਕਣ ਕਿ ਤੂੰ ਮਸਤਕ 'ਚ ਦੀਵੇ ਬਾਲ ਵਿੱਦਿਆ ਦੇ
ਮੁਬਾਇਲ ਹੁਣ ਮੁਹੱਬਤ ਦਾ ਹਮੇਸ਼ਾ ਆਨ ਰਹਿੰਦਾ ਹੈ।

-ਸੁਹਿੰਦਰ ਬੀਰ

**ਵਿਦਿਅਕ ਸੁਧਾਰ ਅਤੇ ਪੰਜਾਬ 3**

*ਪੰਜਾਬ ਵਿਚ ਨਵੀਂ ਵਿਦਿਆ ਦੀ ਲੋੜ ਬਾਰੇ ਸ. ਅਮਰਜੀਤ ਸਿੰਘ ਗਰੇਵਾਲ ਨੇ ਲੰਮੀ ਟਿੱਪਣੀ ਕੀਤੀ ਹੈ। ਅੱਜ ਆਰਥਕ ਨਾਬਰਾਬਰੀ ਕਾਰਨ ਪੰਜਾਬ ਦੇ ਬਹੁਤੇ ਤਬਕੇ ਵਿਦਿਆ ਹਾਸਲ ਕਰਨ ਤੋਂ ਵੀ ਵਿਰਵੇਂ ਰਹਿ ਰਹੇ ਹਨ ਪਰ ਲਿਖਾਰੀ ਨੇ ਆਪਣੀ ਇਸ ਲਿਖਤ ਵਿਚ ਸੰਸਾਰ ਪੱਧਰ 'ਤੇ ਚੱਲ ਰਹੀ ਉਥਲ-ਪੁਥਲ ਨੂੰ ਧਿਆਨ ਵਿਚ ਰੱਖ ਕੇ ਦਾਅਵਾ ਪੇਸ਼ ਕੀਤਾ ਹੈ ਕਿ ਹੁਣ ਨਵੀਂ ਵਿਦਿਆ ਦੇ ਪਸਾਰ ਤੋਂ ਬਗੈਰ ਪੰਜਾਬ ਕੋਈ ਉਡਾਣ ਭਰ ਸਕਣ ਦੇ ਯੋਗ ਨਹੀਂ ਹੋ ਸਕੇਗਾ। ਐਤਕੀਂ ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਪੇਸ਼ ਹੈ ਜਿਸ ਵਿਚ ਪੰਜਾਬ ਦੇ ਪਿਛੋਕੜ ਵਿਚ ਅੱਜ ਦੀ ਗੱਲ ਵਿਚਾਰੀ ਗਈ ਹੈ। -ਸੰਪਾਦਕ*

# ਬੇਚੈਨ ਪੰਜਾਬ: ਤੇਜ਼ ਤਬਦੀਲੀ ਬਨਾਮ ਪਿੰਡ ਵਲ ਵਾਪਸੀ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**2.1 ਅਰਥਾਂ ਦੇ ਬਦਲਾਓ ਦੀ ਵਧ ਰਹੀ ਗਤੀ:** ਪੰਜਾਬ ਨਾਲ ਸੰਵਾਦ ਰਚਾਉਣ ਲਈ ਜਸਬੀਰ ਮੰਡ ਦਾ ਨਾਵਲ 'ਆਖਰੀ ਬਾਬੇ' ਵਧੀਆ ਪਲੈਟਫਾਰਮ ਹੈ। ਇਹ ਕੇਵਲ ਤਿੰਨ ਪੀੜ੍ਹੀਆਂ ਦੀ ਕਹਾਣੀ ਨਹੀਂ, ਤਿੰਨ ਪੜਾਵਾਂ ਵਿਚੋਂ ਗੁਜ਼ਰ ਰਹੀ ਪੰਜਾਬੀ ਮਾਨਸਿਕਤਾ ਦੇ ਸੰਘਰਸ਼ ਦਾ ਇਤਿਹਾਸਕ ਅਨੁਭਵ ਹੈ। ਬਾਬਾ ਬਿਰਸਾ, ਪੁੱਤ ਬਲਕਾਰ ਅਤੇ ਪੋਤਾ ਹਰਜੀਤ ਅਜਿਹੇ ਕਿਰਦਾਰ ਹਨ ਜੋ ਤਿੰਨ ਉਤਪਾਦਨ ਪ੍ਰਣਾਲੀਆਂ ਵਿਚੋਂ ਉਸਰਨ ਵਾਲੇ ਵੱਖੋ-ਵੱਖਰੇ ਸੰਸਾਰਾਂ ਦੀ ਨੁਮਾਇੰਦਗੀ ਕਰਦੇ ਹਨ। ਤਿੰਨਾਂ ਦੀ ਆਪੋ-ਆਪਣੀ ਵਿਚਾਰਧਾਰਾ ਹੈ। ਨਾਵਲ ਵਿਚਾਰਧਾਰਕ ਯੁਧ ਦਾ ਅਖਾੜਾ ਬਣਿਆ ਹੋਇਆ ਹੈ। ਇਸ ਵਿਚੋਂ ਨਿਆਂ ਦੀ ਤਲਾਸ਼ ਕਰਨੀ ਪਾਠਕ ਦੀ ਜ਼ਿੰਮੇਵਾਰੀ ਹੈ।



**ਅਮਰਜੀਤ ਸਿੰਘ ਗਰੇਵਾਲ**

ਲੇਖਕ ਦੀ ਬਾਬੇ ਬਿਰਸੇ ਦੇ ਕਿਰਦਾਰ ਨਾਲ ਹਮਦਰਦੀ ਹੋ ਸਕਦੀ ਹੈ ਪਰ ਲੇਖਕ ਦੀਆਂ ਭਾਵਨਾਵਾਂ ਦੇ ਵਹਿਣ ਵਿਚ ਰੁੜ੍ਹ ਜਾਣਾ ਪਾਠਕ ਦਾ ਧਰਮ ਨਹੀਂ ਹੁੰਦਾ, ਉਸ ਦੀ ਕਮਜ਼ੋਰੀ ਹੁੰਦੀ ਹੈ: ਵਿਚਾਰਧਾਰਕ/ਰਾਜਨੀਤਕ ਫੈਸਲੇ ਕਰਨ ਦੀਆਂ ਜ਼ਿੰਮੇਵਾਰੀਆਂ ਤੋਂ ਭਾਂਜ।

11500 ਸਾਲਾਂ ਤੋਂ ਜਿਸ ਭੌਤਿਕ ਵਾਤਾਵਰਨ ਵਿਚ ਮਨੁੱਖ ਰਹਿ ਰਿਹਾ ਹੈ, ਉਸ ਨੂੰ ਹੋਲੋਸੀਨ ਦਾ ਨਾਮ ਦਿੱਤਾ ਗਿਆ ਹੈ। ਇਸ ਯੁਗ ਦੇ ਵਿਕਸਤ ਹੋ ਰਹੇ ਸ਼ਾਂਤ ਸਥਿਰ ਮੌਸਮੀ ਹਾਲਾਤ ਨੇ ਹੀ ਸਾਡੇ ਪੁਰਖਿਆਂ ਨੂੰ ਪੱਥਰ ਯੁਗ ਦੀਆਂ ਗੁਫਾਵਾਂ ਵਿਚੋਂ ਕੱਢ ਕੇ ਖੇਤੀਬਾੜੀ ਅਤੇ ਪਸ਼ੂ ਪਾਲਣ ਦੇ ਕੰਮ-ਧੰਦੇ ਵਿਚ ਲਗਾਇਆ ਸੀ। ਬਾਬਾ ਬਿਰਸਾ ਅਤੇ ਉਸ ਦਾ ਸੰਸਾਰ ਇਸੇ ਹੋਲੋਸੀਨ ਯੁਗ ਦੇ ਵਾਤਾਵਰਨ ਦੀ ਪੈਦਾਵਾਰ ਹਨ। ਬਾਬੇ ਬਿਰਸੇ ਲਈ ਕੇਵਲ ਹੋਲੋਸੀਨ ਦਾ ਇਹ ਵਾਤਾਵਰਨ ਹੀ ਕੁਦਰਤ ਹੈ। ਇਸੇ ਨੂੰ ਪਿਆਰ ਕਰਦਾ ਹੈ। ਉਹ ਨਹੀਂ ਜਾਣਦਾ ਕਿ ਕੁਦਰਤ ਤਾਂ ਇਸ ਯੁਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਵੀ ਮੌਜੂਦ ਸੀ ਅਤੇ ਬਾਅਦ ਵਿਚ ਵੀ ਰਹੇਗੀ। ਇਸ ਯੁਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਵਾਲੇ ਸ਼ੀਤ ਬਰਫ ਯੁਗ (ਪਲੀਸਟੋਸੀਨ) ਦਾ ਵਾਤਾਵਰਨ ਜਿਸ ਨੇ ਵਰਤਮਾਨ ਮਨੁੱਖ ਦੇ ਪੁਰਖੇ ਪੈਦਾ ਕੀਤੇ, ਬਿਲਕੁਲ ਵੱਖਰੀ ਕਿਸਮ ਦਾ ਵਾਤਾਵਰਨ ਸੀ। ਮੌਜੂਦਾ ਵਾਤਾਵਰਨ ਨੂੰ ਤਬਦੀਲ ਕਰਕੇ ਇਸ ਦੀ ਥਾਂ ਲੈ ਰਹੇ ਐਂਥਰੋਪੋਸੀਨ ਯੁਗ ਦਾ ਵਾਤਾਵਰਨ ਨਿਸ਼ਚੇ ਹੀ ਵੱਖਰੀ ਕਿਸਮ ਦਾ ਹੋਵੇਗਾ। ਨਵੀਆਂ ਵੰਗਾਰਾਂ ਵੀ ਹੋਣਗੀਆਂ। ਉਨ੍ਹਾਂ ਦੇ ਹੱਲ ਅਗਲੇਰੇ ਵਿਕਾਸ ਦਾ ਮਾਰਗ ਤੈਅ ਕਰਨਗੇ। ਇਕ ਥਾਂ 'ਤੇ, ਇਕੋ ਮਾਹੌਲ ਵਿਚ, ਬਿਨਾ ਕਿਸੇ ਸਮੱਸਿਆ ਦੇ ਸੁਖ ਸ਼ਾਂਤੀ ਨਾਲ ਟਿਕੇ ਰਹਿਣਾ ਕੁਦਰਤ ਦਾ ਦਸਤੂਰ ਨਹੀਂ। ਨਵੇਂ ਮਾਹੌਲ ਵਿਚ ਪਰਵਾਸ ਕਰਕੇ ਨਵੀਆਂ ਵੰਗਾਰਾਂ ਵਿਚੋਂ ਨਵੀਆਂ ਸੰਭਾਵਨਾਵਾਂ ਜਗਾਉਣੀਆਂ ਹੀ ਜਿੰਦਾ ਹੋਣ ਦੀ ਨਿਸ਼ਾਨੀ ਹੈ। ਚੇਤਨਾ ਇਸ ਅਮਲ ਵਿਚ ਤੇਜ਼ੀ ਲਿਆਉਣ ਨਾਲ ਹੀ ਆਈ ਹੈ। ਡਿਜੀਟਲ ਨੈਟਵਰਕ ਤਕਨਾਲੋਜੀ ਨੂੰ ਇਸ ਲੀਨੀਅਰ ਤੇਜ਼ੀ ਨੂੰ ਐਕਸਪੋਨੈਸ਼ੀਅਲ ਤੇਜ਼ੀ ਵਿਚ ਰੂਪਾਂਤ੍ਰਿਤ ਕਰਨ ਦਾ ਵਰ ਪ੍ਰਾਪਤ ਹੈ।

ਐਂਥਰੋਪੋਸੀਨ ਯੁਗ ਦੀ ਪੁੱਤ ਬਲਕਾਰ ਵਾਲੀ ਪਹਿਲੀ ਸਟੇਜ ਨੂੰ ਹਰੇ ਇਨਕਲਾਬ (1965-1980) ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। 1980-81 ਵਿਚ ਹਰੇ ਇਨਕਲਾਬ ਦਾ ਸੰਕਟ ਸ਼ੁਰੂ ਹੋ ਕੇ 1990-91 ਤੱਕ ਚਲਦਾ ਹੈ। ਫਿਰ 1991 ਤੋਂ ਕਾਰਪੋਰੇਟ ਦਾ ਦਾਖਲਾ ਸ਼ੁਰੂ ਹੋਣ ਨਾਲ ਪੋਤੇ ਹਰਜੀਤ ਵਾਲੇ ਨਵ-ਉਦਾਰਵਾਦੀ ਯੁਗ ਦਾ ਆਰੰਭ ਹੋ ਜਾਂਦਾ ਹੈ।

ਬਾਬੇ ਬਿਰਸੇ ਵੇਲੇ ਪੈਦਾਵਾਰ ਦਾ ਮੁਖ ਸਾਧਨ ਜ਼ਮੀਨ ਸੀ। ਪੁੱਤ ਬਲਕਾਰ ਵੇਲੇ ਨਵੇਂ ਬੀਜਾਂ, ਨਵੀਆਂ ਖਾਦਾਂ, ਨਵੀਆਂ ਰਸਾਇਣਾਂ, ਟਰੈਕਟਰ, ਥਰੈਸ਼ਰ, ਆਦਿ ਦੀ ਆਮਦ ਅਤੇ ਮੰਡੀ ਦੇ ਵੱਡੇ ਪੱਧਰ 'ਤੇ ਦਾਖਲੇ ਨਾਲ ਜ਼ਮੀਨ ਦੀ ਥਾਂ ਪੂੰਜੀ ਪੈਦਾਵਾਰ ਦਾ ਆਧਾਰ ਬਣ ਗਈ। 1980-81 ਵਿਚ ਕਿਸਾਨਾਂ ਦੀਆਂ ਆਮਦਨੀਆਂ ਘਟਣੀਆਂ ਸ਼ੁਰੂ ਹੋਈਆਂ ਤਾਂ ਇਸ ਦੇ ਨਾਲ ਹੀ ਹਰੇ ਇਨਕਲਾਬ ਦਾ ਸੰਕਟ ਆਰੰਭ ਹੋ ਜਾਂਦਾ ਹੈ। ਖੇਤੀ ਸੰਕਟ ਦੇ ਹੱਲ ਲਈ ਖੇਤੀ ਜਿਣਸਾਂ ਦੀ ਸਾਂਭ ਸੰਭਾਲ ਅਤੇ ਪ੍ਰੋਸੈਸਿੰਗ ਨਾਲ ਜੁੜੇ ਉਦਯੋਗ ਵਿਚ ਸੰਭਾਵਨਾ ਦੇਖੀ ਗਈ। ਕਿਸਾਨਾਂ ਦੀ ਆਮਦਨ ਵਧਾਉਣ ਦੇ ਬਹਾਨੇ 1988 ਵਿਚ ਪੈਪਸੀ ਕੰਪਨੀ ਦਾ ਪੰਜਾਬ ਵਿਚ ਪ੍ਰਵੇਸ਼ ਹੁੰਦਾ ਹੈ। ਛੇਤੀ ਹੀ 1991 ਵਿਚ ਭਾਰਤ ਸਰਕਾਰ ਨੇ ਵਿਦੇਸ਼ੀ ਕੰਪਨੀਆਂ ਲਈ ਦੁਆਰ ਖੋਲ੍ਹ ਦਿਤੇ। ਖੇਤੀ ਸੈਕਟਰ ਵਿਚ ਕਾਰਪੋਰੇਟ ਦੇ ਦਾਖਲੇ ਨਾਲ ਕਈ ਕਿਸਮ ਦੀਆਂ ਸੰਭਾਵਨਾਵਾਂ ਜਾਗਣ ਲੱਗੀਆਂ। ਖੇਤੀ ਉਪਰ ਨਿਰਭਰ ਵਸੋਂ ਦਾ ਭਾਰ ਘਟਾਉਣ ਦੀਆਂ ਗੱਲਾਂ ਵੀ ਤੁਰ ਪਈਆਂ। ਪੂੰਜੀ ਦੀ ਥਾਂ ਤਕਨਾਲੋਜੀ ਪੈਦਾਵਾਰ ਦਾ ਮੁਖ ਸਾਧਨ ਬਣ ਗਈ। ਤਕਨੀਕੀ ਸਿਖਿਆ ਦਾ ਫੈਲਾਓ ਵਧਿਆ। ਨੌਜਵਾਨਾਂ ਅੰਦਰ ਨਵੇਂ-ਨਵੇਂ ਸੁਪਨੇ ਜਾਗਣ ਲੱਗੇ। ਜਦੋਂ ਪੰਜਾਬ ਨੌਜਵਾਨਾਂ ਦੀਆਂ ਉਮੀਦਾਂ 'ਤੇ ਪੂਰਾ ਨਾ ਉਤਰਿਆ ਤਾਂ ਉਨ੍ਹਾਂ ਵਿਕਸਤ ਮੁਲਕਾਂ ਨੂੰ ਵਹੀਰਾਂ ਘੱਤ ਲਈਆਂ। ਪੋਤਾ ਹਰਜੀਤ ਇਸੇ ਨਵ-ਉਦਾਰਵਾਦੀ ਮਾਨਸਿਕਤਾ ਦੀ ਨੁਮਾਇੰਦਗੀ ਕਰਦਾ ਹੈ।

ਕੁਦਰਤੀ ਸਰੋਤਾਂ ਦਾ ਖੋਰਾ, ਪ੍ਰਦੂਸ਼ਣ, ਮੌਸਮੀ ਤਬਦੀਲੀ ਅਤੇ ਵਧ ਰਹੀ ਆਰਥਕ ਨਾਬਰਾਬਰੀ ਦਾ ਸੰਕਟ ਨਵੇਂ ਯੁਗ ਦੀ ਤ੍ਰਾਸਦੀ ਨਹੀਂ, ਚੁਣੌਤੀ ਹੈ। ਬਿਨਾ ਸ਼ੱਕ ਵੱਡੀ ਚੁਣੌਤੀ। ਸੰਭਾਵਨਾਵਾਂ ਵੀ ਵੱਡੀਆਂ ਹੀ ਜਾਗਣਗੀਆਂ। ਸੰਭਾਵਨਾਵਾਂ ਨੂੰ ਸਾਕਾਰ ਕਰਨਾ ਜ਼ਮੀਨ, ਪੂੰਜੀ ਜਾਂ ਤਕਨਾਲੋਜੀ ਦੀ ਨਹੀਂ, ਸਿਰਜਣਾਤਮਿਕ ਨੌਜਵਾਨੀ ਦੀ ਜ਼ਿੰਮੇਵਾਰੀ ਹੈ। ਉਹੀ ਆਉਣ ਵਾਲੇ ਯੁਗ ਦਾ ਨਿਰਮਾਣ ਕਰੇਗੀ। ਇਸ ਸਿਰਜਣਾਤਮਿਕ ਨੌਜਵਾਨੀ ਦਾ ਨਿਰਮਾਣ ਕੌਣ ਕਰੇਗਾ? ਇਹ ਸੁਆਲ ਵਾਰ-ਵਾਰ ਉਠਦਾ ਰਹੇਗਾ। ਅਸੀਂ ਇਸ ਦਾ ਜੁਆਬ ਵੀ ਵਾਰ-ਵਾਰ ਦੁਹਰਾਉਂਦੇ ਰਹਾਂਗੇ ਕਿ ਇਹ ਉਸ ਵਿਦਿਅਕ ਢਾਂਚੇ ਦੀ ਜ਼ਿੰਮੇਵਾਰੀ ਹੈ ਜਿਸ ਬਾਰੇ ਸੋਚ ਵਿਚਾਰ ਕਰਨੀ ਅਸੀਂ ਹਾਲੇ ਸ਼ੁਰੂ ਵੀ ਨਹੀਂ ਕੀਤੀ। ਮੈਂ ਬੜੇ ਸਪਸ਼ਟ ਸ਼ਬਦਾਂ ਵਿਚ ਕਹਿ ਰਿਹਾ ਹਾਂ ਕਿ "ਵਿਦਿਅਕ ਸੁਧਾਰਾਂ ਬਿਨਾ ਪੰਜਾਬ ਨਹੀਂ ਬਚੇਗਾ।"

ਆਰਥਕ ਤਬਦੀਲੀ ਇਕੱਲੀ ਨਹੀਂ ਆਉਂਦੀ; ਸਮਾਜਕ, ਸਭਿਆਚਾਰਕ, ਭੂਗੋਲਿਕ, ਨੈਤਿਕ, ਭਾਸ਼ਾਈ ਅਤੇ ਰਾਜਨੀਤਕ ਤਬਦੀਲੀਆਂ ਨਾਲ ਲੈ ਕੇ ਆਉਂਦੀ ਹੈ। ਬੰਦਿਆਂ ਦੇ ਨਾਲ-ਨਾਲ ਸ਼ਬਦ ਵੀ ਨਵੇਂ-ਨਵੇਂ ਅਰਥ ਗ੍ਰਹਿਣ ਕਰਨ ਲਗਦੇ ਹਨ। ਜੋ ਨਵੇਂ ਅਰਥ ਅਤੇ ਸ਼ਕਤੀ-ਸਬੰਧ ਗ੍ਰਹਿਣ ਨਹੀਂ ਕਰਦੇ, ਉਹ ਬਾਬੇ ਬਿਰਸੇ ਵਾਂਗ ਸਮਾਜਕ ਬੇਗਾਨਗੀ ਭੋਗਦੇ ਹਨ। ਇਕੋ ਸ਼ਬਦ ਦੇ ਇਕੋ ਘਰ ਵਿਚ ਦਾਦੇ, ਪੁੱਤ ਅਤੇ ਪੋਤੇ ਲਈ ਵੱਖੋ-ਵੱਖਰੇ ਅਰਥ ਹੋਣ ਲਗਦੇ ਹਨ। ਸਮਾਜਕ ਦੇ ਨਾਲ-ਨਾਲ ਪਰਿਵਾਰਕ ਤ੍ਰੇੜਾਂ ਡੂੰਘੀਆਂ ਹੋਣ ਲਗਦੀਆਂ ਹਨ। ਵਿਅਕਤੀਵਾਦ ਸਿਖਰਾਂ ਛੂਹ ਰਿਹਾ ਹੈ।

ਪ੍ਰਸੰਗਿਕਤਾ ਬਣਾਈ ਰੱਖਣ ਲਈ ਸ਼ਬਦਾਂ ਅਤੇ ਜ਼ਿੰਦਗੀ ਦੇ ਨਵੇਂ ਅਰਥਾਂ ਨਾਲ ਜੁੜਨਾ ਪਵੇਗਾ। ਜੇ ਅਰਥ ਤੇਜ਼ੀ ਨਾਲ ਬਦਲ ਰਹੇ ਹਨ ਤਾਂ ਸਾਨੂੰ ਵੀ ਤੇਜ਼ੀ ਨਾਲ ਹੀ ਬਦਲਣਾ ਪਵੇਗਾ। ਜਿਸ ਤਬਦੀਲੀ ਨੇ ਪੁੱਤ ਬਲਕਾਰ ਨੂੰ 26 ਸਾਲਾਂ ਬਾਅਦ ਬੇਕਾਰ ਕਰ ਦਿਤਾ ਸੀ, ਪੋਤੇ ਹਰਜੀਤ ਨੂੰ ਬੇਕਾਰ ਕਰਨ ਵਿਚ ਉਸ ਨੂੰ ਕੇਵਲ 18 ਸਾਲ ਲੱਗੇ। 2008 ਵਿਚ ਨਵ-ਉਦਾਰਵਾਦ ਦੇ ਸੰਕਟ ਅਤੇ ਨੈਟਵਰਕ ਤਕਨਾਲੋਜੀ ਦੇ ਵਿਸਤਾਰ ਨੇ ਕਹਾਣੀ ਫੇਰ ਬਦਲ ਦਿੱਤੀ ਸੀ। ਅਗਲੀਆਂ ਪੁਸ਼ਤਾਂ ਨੂੰ ਬੇਕਾਰ ਹੋਣ ਵਿਚ ਨਿਸ਼ਚੇ ਹੀ 18 ਸਾਲ ਤੋਂ ਘੱਟ ਸਮਾਂ ਲੱਗੇਗਾ। ਦੂਸਰੇ ਪਾਸੇ ਔਸਤ ਉਮਰ ਵਧ ਰਹੀ ਹੈ। ਕੀ ਲੋਕਾਂ ਦੀ ਜ਼ਿੰਦਗੀ ਦਾ ਦੋ-ਤਿਹਾਈ ਤੋਂ ਵੀ ਵੱਧ ਹਿਸਾ ਬੇਕਾਰੀ ਵਿਚ ਹੀ ਗੁਜ਼ਰਿਆ ਕਰੇਗਾ। ਬੁਢਾਪੇ ਦਾ ਸਮਾਂ ਵਧਣਾ ਨਹੀਂ, ਘਟਣਾ ਚਾਹੀਦਾ ਹੈ। ਕੀ ਸਾਡੇ ਮੌਜੂਦਾ ਵਿਦਿਅਕ ਢਾਂਚੇ ਵਿਚ ਇੰਨੀ ਕਾਬਲੀਅਤ ਅਤੇ ਸਮਰੱਥਾ ਹੈ ਕਿ ਉਹ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਸੱਤਰ-ਸੱਤਰ ਸਾਲਾਂ ਤੱਕ ਪ੍ਰਸੰਗਿਕ ਬਣਾਈ ਰੱਖੇ। ਸਭ ਕੁਝ ਕ੍ਰਾਂਤੀਕਾਰੀ ਵਿਦਿਅਕ ਸੁਧਾਰਾਂ ਉਪਰ ਨਿਰਭਰ ਕਰਦਾ ਹੈ।

ਕੀ ਮੌਜੂਦਾ ਵਿਵਸਥਾ ਅਜਿਹੇ ਕ੍ਰਾਂਤੀਕਾਰੀ ਕਦਮ ਉਠਾ ਸਕਦੀ ਹੈ? ਅੱਗੇ ਚੱਲ ਕੇ ਸੋਚਦੇ ਹਾਂ। ਨਾਵਲ ਵੱਲ ਵਾਪਿਸ ਮੁੜੀਏ।

ਨਾਵਲ ਦੀ ਦਿਲਚਸਪ ਗੱਲ ਇਹ ਵੀ ਹੈ ਕਿ ਇਸ ਵਿਚ ਬਾਬੇ ਤਾਂ ਬੇਕਾਰ ਹੋ ਜਾਂਦੇ ਹਨ; ਬੇਬੇਆਂ ਬੇਕਾਰ ਨਹੀਂ ਹੁੰਦੀਆਂ। ਬਾਬੇ ਦਾ ਸਬੰਧ ਮੰਡੀ ਲਈ ਕੀਤੀ ਜਾਣ ਵਾਲੀ ਪੈਦਾਵਾਰ ਨਾਲ ਹੈ। ਪੈਦਾਵਾਰ ਵਿਚ ਵਾਧਾ ਨਹੀਂ ਹੁੰਦਾ ਤਾਂ ਮੰਡੀ ਉਸ ਨੂੰ ਬੇਕਾਰ ਕਰ ਦਿੰਦੀ ਹੈ। ਬੇਬੇ ਘਰ ਨਾਲ ਜੁੜੀ ਹੁੰਦੀ ਹੈ, ਘਰ ਉਸ ਨੂੰ ਬੇਕਾਰ ਨਹੀਂ ਕਰਦਾ। ਘਰ ਅਤੇ ਘਰੇਲੂ ਰਿਸ਼ਤਿਆਂ ਦੇ ਪੁਨਰਉਤਪਾਦਨ ਵਿਚ ਉਸ ਦੀ ਲੋੜ ਬਣੀ ਰਹਿੰਦੀ ਹੈ। ਬੇਬੇ ਆਪਣੀ ਜੁਆਨੀ ਵਿਚ ਬੱਚੇ ਪੈਦਾ ਕਰ ਕੇ ਉਨ੍ਹਾਂ ਦੇ ਪਾਲਣ-ਪੋਸਣ ਵਿਚ ਲੱਗ ਜਾਂਦੀ ਹੈ ਪਰ ਨੂੰਹ ਆਉਣ 'ਤੇ ਦੇਖਿਆ ਜਾਵੇ ਤਾਂ ਉਸ ਦਾ ਘਰ ਵਿਚ ਕੋਈ ਕੰਮ ਨਹੀਂ ਰਹਿ ਜਾਂਦਾ। ਮੀਨੋਪਾਜ਼ ਦੇ ਬਾਵਜੂਦ ਉਸ ਦੀ ਪ੍ਰਸੰਗਿਕਤਾ ਬਣੀ ਰਹਿੰਦੀ ਹੈ। ਪੋਤੇ-ਪੋਤੀਆਂ ਵਿਚ ਬੇਬੇ ਦੇ ਪੰਜਾਹ ਪ੍ਰਤੀਸ਼ਤ ਜੀਨ ਹਨ, ਇਸ ਲਈ ਉਨ੍ਹਾਂ ਦੇ ਪਾਲਣ-ਪੋਸਣ ਵਿਚ ਡਟ ਜਾਂਦੀ ਹੈ। ਬੱਚਿਆਂ ਦੀ ਦੇਖ-ਭਾਲ ਦੇ ਕੰਮ ਵਾਸਤੇ ਉਸ ਨੂੰ ਕਿਸੇ ਨਵੀਂ ਟਰੇਨਿੰਗ ਦੀ ਲੋੜ ਵੀ ਨਹੀਂ ਹੁੰਦੀ। ਫਰਕ ਸਪਸ਼ਟ ਹੈ ਕਿ ਬੰਦੇ ਨੂੰ ਪ੍ਰਸੰਗਿਕ ਬਣਿਆ ਰਹਿਣ ਲਈ ਰੀਸਕਿਲਿੰਗ (ਨਵੀਂ ਟਰੇਨਿੰਗ) ਦੀ ਲਗਾਤਾਰ ਲੋੜ ਹੁੰਦੀ ਹੈ, ਜਦੋਂ ਕਿ ਔਰਤ ਵਾਸਤੇ ਮਮਤਾ ਨੂੰ ਅੱਪਡੇਟ ਕਰਨ ਦੀ ਬਹੁਤੀ ਜ਼ਰੂਰਤ ਨਹੀਂ ਹੁੰਦੀ। ਮੰਡੀ ਕੇਵਲ ਜਿਣਸਾਂ ਦੀ ਪੈਦਾਵਾਰ ਨੂੰ ਹੀ ਨਹੀਂ, ਸਮਾਜਕ ਰਿਸ਼ਤਿਆਂ ਦੇ ਉਤਪਾਦਨ ਨੂੰ ਵੀ ਪ੍ਰਭਾਵਤ ਕਰਦੀ ਹੈ, ਇਸ ਲਈ ਜਦੋਂ ਪੋਤੇ-ਪੋਤੀਆਂ ਆਪਣੇ ਆਪ ਨੂੰ ਸੰਭਾਲਣ ਜੋਗੇ ਹੋ ਜਾਂਦੇ ਹਨ ਤਾਂ ਬੇਬੇ ਦਾ ਮਹੱਤਵ ਵੀ ਮੱਧਮ ਪੈ ਜਾਂਦਾ ਹੈ।



ਜਿਣਸਾਂ ਅਤੇ ਸਮਾਜਕ ਰਿਸ਼ਤਿਆਂ ਦਾ ਆਪਸੀ ਅਤੇ ਉਤਪਾਦਨ ਪ੍ਰਣਾਲੀ ਨਾਲ ਸਿੱਧਾ ਸਬੰਧ ਸਿਖਿਆ ਨੂੰ ਕੇਵਲ ਤਕਨੀਕੀ ਗਿਆਨ ਅਤੇ ਹੁਨਰ ਪ੍ਰਾਪਤੀਆਂ ਤੱਕ ਹੀ ਸੀਮਤ ਨਹੀਂ ਰਹਿਣ ਦਿੰਦਾ। ਸਮਾਜ-ਸਭਿਆਚਾਰਕ ਕਦਰਾਂ ਕੀਮਤਾਂ ਅਤੇ ਭਾਈਚਾਰਕ ਸਾਂਝਾਂ ਦੇ ਨਿਰਮਾਣ ਨਾਲ ਵੀ ਜੋੜ ਦਿੰਦਾ ਹੈ। ਸਿਖਿਆ ਭਾਵੇਂ ਕਿਸੇ ਵੀ ਵਿਸ਼ੇ ਜਾਂ ਹੁਨਰ ਨਾਲ ਸਬੰਧਤ ਹੋਵੇ, ਇਨ੍ਹਾਂ ਚਾਰ ਕਾਰਜਾਂ ਦੀ ਪੂਰਤੀ ਬਿਨਾ ਸਿਰੇ ਨਹੀਂ ਚੜ੍ਹ ਸਕਦੀ। ਨੰਬਰ ਇਕ, ਵਿਸ਼ੇ/ਹੁਨਰ ਦਾ ਹੁਣ ਤੱਕ ਦਾ ਸੰਪੂਰਨ ਗਿਆਨ ਦੇਣਾ; ਨੰਬਰ ਦੋ, ਸਬੰਧਤ ਹੁਨਰਾਂ ਦੀਆਂ ਨਵੀਨਤਮ ਤਕਨੀਕਾਂ ਵਿਚ ਟਰੇਨਿੰਗ ਦੇਣੀ; ਨੰਬਰ ਤਿੰਨ, ਸਿਖਿਆਰਥੀਆਂ ਅੰਦਰ ਉਸ ਗਿਆਨ ਤੇ ਹੁਨਰਾਂ ਨਾਲ ਜੁੜੇ ਕੰਮ-ਕਾਰਾਂ ਦੀ ਨੈਤਿਕਤਾ ਦਾ ਨਿਰਮਾਣ ਕਰਨਾ ਅਤੇ ਨੰਬਰ ਚਾਰ, ਵਿਸ਼ੇ/ਹੁਨਰ ਨਾਲ ਜੁੜੇ ਸਿਖਿਆਰਥੀਆਂ ਤੇ ਸਬੰਧਤ ਲੋਕਾਂ ਨੂੰ ਵਿਦਿਅਕ ਭਾਈਚਾਰਿਆਂ ਵਿਚ ਸੰਗਠਿਤ ਕਰਨਾ। ਇਸ ਬਹੁਦਿਸ਼ਾਵੀ ਸਿਖਿਆ ਨੇ ਲਗਾਤਾਰ ਅਪਡੇਟ ਹੀ ਨਹੀਂ ਹੋਣਾ ਹੁੰਦਾ, ਨਵੇਂ ਹਾਲਾਤ ਵਿਚ ਵੀ ਢਲਣਾ ਹੁੰਦਾ ਹੈ। ਵਿਭਿੰਨ ਕਿਸਮਾਂ ਦੇ ਸਮਾਜ-ਸਭਿਆਚਾਰਾਂ, ਆਰਥਕ ਰਾਜਨੀਤਕ ਮਾਹੌਲ ਅਤੇ ਕੰਮਾਂ-ਕਾਰਾਂ ਵਿਚੋਂ ਆਉਣ ਵਾਲੇ ਸਿਖਿਆਰਥੀਆਂ ਨੂੰ ਉਨ੍ਹਾਂ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਬਹੁਦਿਸ਼ਾਵੀ ਸਿਖਿਆ ਮੁਹੱਈਆ ਕਰਨ ਵਾਲਾ ਯੂਟੋਪੀਅਨ ਅਧਿਆਪਕ ਕਿਵੇਂ ਪੈਦਾ ਕਰਨਾ ਹੈ, ਇਹ ਵਰਤਮਾਨ ਸਿਖਿਆ ਪ੍ਰਣਾਲੀ ਦੀ ਮੁਖ ਚੁਣੌਤੀ ਹੈ।

**2.2 ਪਿੰਡਾਂ ਨੂੰ ਵਾਪਸੀ:** ਜਿਹੜੇ ਲੋਕ ਰਿਜ਼ਕ ਦੀ ਭਾਲ ਵਿਚ ਪਿੰਡ ਛੱਡ ਕੇ ਸ਼ਹਿਰਾਂ ਵਿਚ ਜਾ ਵਸੇ ਸਨ, ਕਰੋਨਾ ਵਾਇਰਸ ਦੇ ਸੰਕਟ ਨੇ ਉਨ੍ਹਾਂ ਨੂੰ ਮੁੜ ਪਿੰਡਾਂ ਦਾ ਰਸਤਾ ਦਿਖਾ ਦਿਤਾ ਹੈ। ਸਵਰਾਜਬੀਰ ਆਪਣੇ ਇਕ ਸੰਪਾਦਕੀ ਨੋਟ ਵਿਚ ਸੁਆਲ ਕਰਦੇ ਹਨ, "ਪਿੰਡਾਂ ਵਿਚ ਅਜਿਹਾ ਕੀ ਹੈ ਕਿ ਅੱਜ ਲੱਖਾਂ ਲੋਕ ਸ਼ਹਿਰਾਂ ਤੋਂ ਪਿੰਡਾਂ ਨੂੰ ਵਾਪਿਸ ਜਾਣ ਲਈ ਅਕਹਿ ਅਤੇ ਅਸਹਿ ਕਸ਼ਟ ਉਠਾ ਰਹੇ ਹਨ; ਸੈਂਕੜੇ ਮੀਲ ਤਪਦੀਆਂ ਸੜਕਾਂ 'ਤੇ ਪੈਦਲ ਤੁਰਦੇ ਹੋਏ ਭੁਖਣ-ਭਾਣੇ ਮਰਦ ਤੇ ਔਰਤਾਂ ਆਪਣੇ ਬੱਚਿਆਂ ਨੂੰ ਕੁਛੜ ਚੁੱਕੀ ਹਰ ਹੀਲੇ ਆਪਣੇ ਪਿੰਡ ਪਹੁੰਚਣ ਲਈ ਤਤਪਰ ਹਨ।" ਇਸ ਸੁਆਲ ਦਾ ਜੁਆਬ ਤਾਂ ਸੁਰਜੀਤ ਪਾਤਰ ਨੇ ਅੱਜ ਤੋਂ ਪੰਜਾਹ ਸਾਲ ਪਹਿਲਾਂ ਹੀ ਆਪਣੇ ਇਸ ਸ਼ਿਅਰ ਰਾਹੀਂ ਦੇ ਦਿੱਤਾ ਸੀ:

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ
ਹੁਕਮ ਅਤੇ ਸਰਦਾਰੀ,
ਸ਼ਹਿਰ 'ਚ ਆ ਕੇ ਬਣ ਜਾਂਦੇ ਨੇ
ਬਸ ਦੀ ਇਕ ਅਸਵਾਰੀ।

ਮੰਡੀ ਅਤੇ ਸੱਤਾ ਦੇ ਭਜਾਏ ਬੰਦੇ ਨੂੰ ਆਪਣੇ ਪਿੰਡ ਤੋਂ ਵਧੀਆ ਰਾਹਤ ਹੋਰ ਕਿਥੇ ਮਿਲ ਸਕਦੀ ਹੈ। ਪਿੰਡ ਬੰਦੇ ਦੀ ਰੂਹ ਵਿਚ ਵਸਦਾ ਹੈ। ਪਿੰਡ ਤੋਂ ਉਸ ਨੂੰ ਭਾਈਚਾਰਕ ਪਛਾਣ ਮਿਲਦੀ ਹੈ। ਪਿੰਡ ਉਹ ਉਦੋਂ ਹੀ ਛੱਡਦਾ ਹੈ, ਜਦੋਂ ਘਰ ਦੀ ਗਰੀਬੀ ਖਾਣ ਨੂੰ ਆਵੇ। ਬਰਤਾਨਵੀ ਸੋਮਾਲੀ ਕਵਿੱਤਰੀ ਵਾਰਸਨ ਸ਼ਾਇਰ (ਜਨਮ 1 ਅਗਸਤ 1988) ਲਿਖਦੀ ਹੈ:

ਉਦੋਂ ਤੱਕ ਘਰ ਨੂੰ ਕੌਣ ਛੱਡਦਾ
ਜਦੋਂ ਤੱਕ ਘਰ
ਬਣ ਨਾ ਜਾਏ ਬਘਿਆੜ ਦਾ ਖੁੱਲ੍ਹਾ ਮੂੰਹ
ਸਰਹੱਦ ਵੱਲ ਉਠ ਨੱਸਦੇ ਤੁਸੀਂ
ਜਦ ਦੇਖਦੇ ਪੂਰਾ ਪਿੰਡ ਉਧਰ ਨੂੰ ਦੌੜਦਾ
ਤੇ ਸੰਘ ਵਿਚੀਂ ਤੇਜ਼ ਸ਼ੂਕਦੇ ਸਾਹਾਂ ਨਾਲ

ਤੁਹਾਡੇ ਗੁਆਂਢੀ ਤੁਹਾਡੇ ਤੋਂ ਵੀ ਤੇਜ਼ ਜਾਂਦੇ
ਤੁਹਾਡੇ ਨਾਲ ਦਾ ਸਕੂਲੀ ਮੁੰਡਾ
ਜਿਸ ਤੁਹਾਨੂੰ ਪੁਰਾਣੇ ਕਾਰਖਾਨੇ ਪਿੱਛੇ
ਚੁੰਮ ਕੇ ਮਦਹੋਸ਼ ਕੀਤਾ ਸੀ ਕਦੀ
ਜਦ ਚੁੱਕ ਲਵੇ ਆਪਣੇ ਕੱਦ ਨਾਲੋਂ ਲੰਮੀ ਬੰਦੂਕ
ਤੁਸੀਂ ਹਿਜਰਤ ਉਦੋਂ ਕਰਦੇ
ਜਦ ਘਰ ਤੁਹਾਨੂੰ ਆਪਣੇ ਵਿਚ ਰਹਿਣ ਨਾ ਦੇਵੇ।

ਪਿੰਡ ਦਾ ਅਰਥ ਹੈ ਆਪਣਿਆਂ ਦਾ ਮੋਹ ਪਿਆਰ, ਭਾਈਚਾਰਾ, ਸਭਿਆਚਾਰਕ ਪਛਾਣ, ਮੜਕ ਅਤੇ ਸਰਦਾਰੀ। ਜੇ ਪਿੰਡ ਵਿਚ ਹੀ ਰੋਜ਼ੀ ਰੋਟੀ ਦਾ ਪ੍ਰਬੰਧ ਹੋ ਜਾਵੇ ਤਾਂ ਪਿੰਡ ਕੋਈ ਨਹੀਂ ਛੱਡੇਗਾ। ਮਹਾਤਮਾ ਗਾਂਧੀ ਨੇ ਚਾਹਿਆ ਸੀ ਕਿ ਪਿੰਡਾਂ ਨੂੰ ਸਮਾਜਕ ਨਿਆਂ ਅਤੇ ਜਮਹੂਰੀਅਤ ਉਪਰ ਆਧਾਰਿਤ ਖੁਦਮੁਖਤਾਰ ਕਿਸਮ ਦੀਆਂ ਆਰਥਕ ਇਕਾਈਆਂ ਵਜੋਂ ਵਿਕਸਤ ਕੀਤਾ ਜਾਵੇ। ਉਨ੍ਹਾਂ ਦਾ ਇਹ ਸੁਪਨਾ ਸਾਕਾਰ ਨਾ ਹੋ ਸਕਿਆ। ਪੰਡਿਤ ਨਹਿਰੂ ਦੀਆਂ ਜ਼ਰੂਰ ਕੋਈ ਮਜਬੂਰੀਆਂ ਹੋਣਗੀਆਂ। ਰਘੂਰਾਮ ਰਾਜਨ ਦੀ ਪੁਸਤਕ 'ਦਿ ਥਰਡ ਪਿਲਰ' ਇਸੇ ਹਕੀਕਤ ਨੂੰ ਫੋਕਸ ਵਿਚ ਲਿਆਉਂਦੀ ਹੈ ਕਿ ਮੰਡੀ/ਅਰਥਚਾਰੇ ਅਤੇ ਰਾਜਸੱਤਾ ਨੇ ਸਮਾਜਕ ਭਾਈਚਾਰਿਆਂ (ਪਿੰਡਾਂ) ਨੂੰ ਕਿਵੇਂ ਬਰਬਾਦ ਕੀਤਾ। ਕਰੋੜਾਂ ਦੀ ਗਿਣਤੀ ਵਿਚ ਪਰਵਾਸੀ ਮਜ਼ਦੂਰਾਂ ਦੀ ਸਮੂਹਿਕ ਹਿਜਰਤ ਅਤੇ ਭੁੱਖਮਰੀ ਦੇ ਦਿਲ ਕੰਬਾ ਦੇਣ ਵਾਲੇ ਦਰਦਨਾਕ ਦ੍ਰਿਸ਼ਾਂ ਨੇ ਮੌਜੂਦਾ ਆਰਥਕ ਵਿਵਸਥਾ ਦੀਆਂ ਨਵ-ਉਦਾਰਵਾਦੀ ਨੀਤੀਆਂ ਅਤੇ ਰਾਜਸੱਤਾ ਦੀ ਲਾਪਰਵਾਹੀ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਹੈ। ਕੇਵਲ ਪਿੰਡਾਂ ਨੂੰ ਉਜਾੜ ਕੇ ਖੜ੍ਹੀਆਂ ਕੀਤੀਆਂ ਝੌਂਪੜ-ਪੱਟੀਆਂ ਦੇ ਭਵਿਖ ਬਾਰੇ ਹੀ ਨਹੀਂ, ਉਜੜੇ ਪਿੰਡਾਂ ਬਾਰੇ ਵੀ ਨਵੇਂ ਸਿਰੇ ਤੋਂ ਸੋਚ ਵਿਚਾਰ ਕਰਨੀ ਪਵੇਗੀ।

ਡਾ. ਮਨਮੋਹਨ ਨੇ 31 ਮਈ 2020 ਦੇ 'ਪੰਜਾਬੀ ਟ੍ਰਿਬਿਊਨ' ਵਿਚ ਛਪੇ ਆਪਣੇ ਲੇਖ 'ਪਰਵਾਸੀ ਮਜ਼ਦੂਰ ਸੰਕਟ: ਵਰਤਮਾਨ ਅਤੇ ਸੰਭਾਵਨਾਵਾਂ' ਵਿਚ ਬੜੀ ਖੂਬਸੂਰਤ ਗੱਲ ਆਖੀ ਹੈ: "ਸ਼ਹਿਰੀ ਗਰੀਬ ਦੋ ਸੰਸਾਰਾਂ ਦਾ ਬਾਸ਼ਿੰਦਾ ਹੈ। ਇਕ ਹੈ ਅਸੁਰੱਖਿਅਤ, ਬੇਰੁਜ਼ਗਾਰ ਅਤੇ ਅਨਿਸ਼ਚਿਤ ਜੀਵਨ ਦਾ ਸ਼ਹਿਰੀ ਸੰਸਾਰ; ਦੂਸਰਾ ਹੈ, ਆਪਣੇ ਜੱਦੀ ਘਰ ਦੀ ਆਦਰਸ਼ ਪੇਂਡੂ ਪਨਾਹਗਾਹ ਅਤੇ ਸਥਿਰਤਾ ਦਾ ਸੰਸਾਰ।" ਮੰਡੀ ਅਤੇ ਰਾਜਸੱਤਾ ਦੁਆਰਾ ਪੈਦਾ ਕੀਤੀ ਸ਼ਹਿਰੀ ਅਸੁਰੱਖਿਆ ਤੋਂ ਕਾਲਪਨਿਕ ਪੇਂਡੂ ਸੁਰੱਖਿਆ ਵੱਲ ਘਰ ਵਾਪਸੀ ਬਾਰੇ ਗੱਲ ਕਰਦਿਆਂ ਉਹ ਲਿਖਦਾ ਹੈ: "ਇਹ ਮਜ਼ਦੂਰ ਸ਼ਹਿਰਾਂ ਵਿਚਲੇ ਘੱਟ ਸੁਰੱਖਿਅਤ ਘਰਾਂ ਤੋਂ ਪਿੰਡਾਂ ਵੱਲ ਵੱਧ ਸੁਰੱਖਿਅਤ (ਚਾਹੇ ਕਾਲਪਨਿਕ ਹੀ ਸਹੀ) ਘਰਾਂ ਵੱਲ ਪਰਵਾਸ ਕਰ ਰਹੇ ਹਨ।"

ਲੋਕਾਂ ਦੀ ਆਪਣੇ ਆਪ ਨੂੰ ਭਾਈਚਾਰਿਆਂ ਦੇ ਰੂਪ ਵਿਚ ਕਲਪਨਾ ਕਰਨ ਦੀ ਸ਼ਕਤੀ ਨੇ ਹੀ ਰਾਸ਼ਟਰੀ ਪੁਨਰ-ਨਿਰਮਾਣ ਦਾ ਆਧਾਰ ਬਣਨਾ ਹੁੰਦਾ ਹੈ, ਇਸ ਲਈ ਇੰਜ ਪ੍ਰਤੀਤ ਹੋ ਰਿਹਾ ਹੈ ਕਿ ਇਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਪਿੰਡਾਂ ਵੱਲ ਵਾਪਸੀ ਨੇ ਭਾਰਤੀ ਰਾਸ਼ਟਰਵਾਦ ਦੀ ਨਹਿਰੂ ਤੋਂ ਗਾਂਧੀ ਵੱਲ ਘਰ ਵਾਪਸੀ ਦਾ ਰਸਤਾ ਵੀ ਤਿਆਰ ਕਰ ਦਿੱਤਾ ਹੈ। ਇਹ ਕੇਵਲ ਸੰਕਟ ਦੇ ਹੀ ਨਹੀਂ, ਰਾਸ਼ਟਰੀ ਪੁਨਰ-ਨਿਰਮਾਣ ਦੇ ਕ੍ਰਾਂਤੀਕਾਰੀ ਪਲ ਹਨ: ਪਿੰਡਾਂ ਨੂੰ ਆਧਾਰ ਬਣਾ ਕੇ ਉਤਰ-ਪੂੰਜੀਵਾਦੀ ਯੁਗ ਦਾ ਨਿਰਮਾਣ ਕਰਨਾ। ਗਾਂਧੀ ਜੀ ਦੀਆਂ ਨੀਤੀਆਂ ਉਪਰ ਆਧਾਰਿਤ ਰਾਸ਼ਟਰੀ ਪੁਨਰ ਨਿਰਮਾਣ ਦਾ ਇਹ ਉਤਰ-ਪੂੰਜੀਵਾਦੀ ਏਜੰਡਾ ਮਹਾਤਮਾ ਗਾਂਧੀ ਦੇ ਭਾਰਤ ਦੀ ਵਿਸ਼ਵ ਨੂੰ ਵੱਡੀ ਦੇਣ ਹੋਵੇਗੀ।

ਮੈਂ ਆਪਣੇ ਇਸ ਕਥਨ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਆਰਥਕ ਵਿਕਾਸ, ਜਮਹੂਰੀ ਸੰਗਠਨਕਾਰੀ ਅਤੇ ਸਮਾਜਕ ਨਿਆਂ ਦੇ ਵਿਸਤਾਰ ਲਈ ਭਾਰਤ ਨੂੰ ਸਮਿਲਤ, ਸਮਾਰਟ ਅਤੇ ਸਿਰਜਣਾਤਮਕ ਪੇਂਡੂ ਭਾਈਚਾਰਿਆਂ ਦੇ ਸਮਾਨੰਤਰ ਨੈਟਵਰਕ ਵਜੋਂ ਉਸਾਰਨਾ ਜ਼ਰੂਰੀ ਹੋ ਗਿਆ ਹੈ। ਅਜਿਹਾ ਕਰਨਾ ਕੇਵਲ ਸੰਭਵ ਹੀ ਨਹੀਂ ਹੋਇਆ, ਖੁਸ਼ਹਾਲ ਭਾਰਤ ਦੇ ਨਿਰਮਾਣ ਲਈ ਜ਼ਰੂਰੀ ਵੀ ਹੋ ਗਿਆ ਹੈ।

ਪੰਜਾਬ ਦਾ ਪਿੰਡ ਉਹੋ ਜਿਹਾ ਨਹੀਂ ਹੈ, ਜਿਹੋ ਜਿਹਾ ਪ੍ਰੋ. ਪੂਰਨ ਸਿੰਘ ਨੂੰ ਦਿਖਾਈ ਦਿੰਦਾ ਸੀ:

ਇਥੇ ਖੁਲ੍ਹ ਦਾ ਮੈਦਾਨ ਹੈ
ਇਥੇ ਪਿਆਰ ਤੇ ਹੜ੍ਹਾਂ ਦਾ ਆਵੇਸ਼ ਹੈ
ਇਥੇ ਪਹਾੜ ਪਿਆਰ ਵਿਚ ਪਿਘਲਦੇ
ਇਥੇ ਕੋਈ ਅਣਪਛਾਤਾ ਜਿਹਾ
ਇਲਾਹੀ ਸੁਆਦ ਹੈ।

*(ਬਾਕੀ ਅਗਲੇ ਸਫੇ 'ਤੇ)*

# ਮਹਾਮਾਰੀ, ਨਰਕ, ਸੁਰਗ ਅਤੇ ਲੇਖਕ

ਜਦੋਂ ਕਦੀ ਵੀ ਮਹਾਮਾਰੀ ਆਉਂਦੀ ਹੈ-ਨਰਕ, ਸੁਰਗ ਤੇ ਖੌਜਲ ਖੁਆਰੀ ਦੀਆਂ ਗੱਲਾਂ ਹੋਣੀਆਂ ਕੁਦਰਤੀ ਹਨ। ਕਰਨ ਵਾਲੇ ਆਮ ਆਦਮੀ ਵੀ ਹੁੰਦੇ, ਕਲਾਕਾਰ ਤੇ ਲੇਖਕ ਵੀ। ਖਾਸ ਕਰਕੇ ਲੇਖਕਾਂ, ਜਦੋਂ ਮਿਰਜ਼ਾ ਗਾਲਿਬ ਦੇ ਜੀਵਨ ਕਾਲ ਵਿਚ ਵਬਾ (ਮਹਾਮਾਰੀ) ਫੈਲੀ ਤਾਂ ਉਸ ਨੂੰ ਉਸ ਦੇ ਮਿੱਤਰ ਮੀਰ ਮੇਹਦੀ ਮਜ਼ਰੂਹ ਨੇ ਚਿੱਠੀ ਲਿਖ ਕੇ ਪੁੱਛਿਆ ਕਿ ਵਬਾ ਵਿਚ ਉਸ ਦਾ ਕੀ ਹਾਲ ਰਿਹਾ? ਗ਼ਾਲਿਬ ਨੇ ਉਤਰ ਦਿੱਤਾ ਕਿ ਜਿਹੜੀ ਵਬਾ 66 ਸਾਲ ਦੇ ਗ਼ਾਲਿਬ ਤੇ ਉਸ ਦੀ 64 ਸਾਲਾ ਬੀਵੀ ਦਾ ਕੁਝ ਨਹੀਂ ਵਿਗਾੜ ਸਕੀ, ਲਾਅਨਤ ਉਸ ਵਬਾ ਦੇ। ਨਰਕ ਤੇ ਸੁਰਗ ਬਾਰੇ ਉਸ ਦੇ ਵਿਚਾਰ ਹੇਠ ਲਿਖੇ ਸ਼ਿਅਰਾਂ ਵਿਚ ਦਰਜ ਸਨ,

ਤਲਖ, ਤੁਰਸ਼ ਔਰ ਸ਼ੀਰੀ,
ਕਿਉਂ ਨਾ ਦੋਜ਼ਖ ਕੋ ਭੀ
ਫਿਰਦੌਸ ਮੇਂ ਮਿਲਾ ਲੇਂ ਯਾ ਰੱਬ,
ਸੈਰ ਕੇ ਵਾਸਤੇ ਥੋੜ੍ਹੀ ਸੀ ਜਗ੍ਹਾ ਔਰ ਸਹੀ।

---

ਇਕ ਪਰੀਜ਼ਾ ਦੋ ਸੇ ਲੇਂਗੇ
ਖੁਲਦ ਮੇਂ ਹਮ ਇੰਤਕਾਮ,
ਕੁਦਰਤ-ਏ-ਹੱਕ ਸੇ ਯਹੀ
ਹੂਰੇਂ ਅਗਰ ਵਾਂ ਹੋ ਗਈ।

ਦੋਹਾਂ ਸ਼ਿਅਰਾਂ ਤੋਂ ਪ੍ਰਤੱਖ ਹੈ ਕਿ ਮਿਰਜ਼ਾ ਗ਼ਾਲਿਬ ਨੇ ਆਪਣੇ ਇੰਤਕਾਲ ਤੋਂ ਪਿਛੋਂ ਫਿਰਦੌਸ/ਖੁਲਦ/ਸਵਰਗ ਵਿਚ ਦਾਖਲੇ ਦੀ ਟਿਕਟ ਤਾਂ ਆਪਣੇ ਆਪ ਹੀ ਕੱਟ ਰੱਖੀ ਸੀ। ਉਸ ਨੂੰ ਵਿਸ਼ਵਾਸ ਸੀ ਕਿ ਜਿਨ੍ਹਾਂ ਪਰੀਜ਼ਾਦੀਆਂ ਨੇ ਧਰਤੀ ਉਤੇ ਗ਼ਾਲਿਬ ਨੂੰ ਨਹੀਂ ਸੀ ਗੌਲਿਆ, ਉਨ੍ਹਾਂ ਨੂੰ ਉਪਰ ਵਾਲਾ ਹੂਰਾਂ ਬਣਾ ਕੇ ਸੁਰਗ ਵਿਚ ਭੇਜੇਗਾ, ਜਿਨ੍ਹਾਂ ਕੋਲ ਮਿਰਜ਼ਾ ਗ਼ਾਲਿਬ ਦਾ ਪਾਣੀ ਭਰਨ ਤੋਂ ਬਿਨਾ ਕੋਈ ਚਾਰਾ ਨਹੀਂ ਹੋਵੇਗਾ।

ਮਿਰਜ਼ਾ ਗਾਲਿਬ ਨੂੰ ਇਸ ਦੁਨੀਆਂ ਤੋਂ ਰੁਖਸਤ ਹੋਇਆਂ 151 ਵਰ੍ਹੇ ਹੋ ਗਏ ਹਨ, ਪਰ ਅੱਜ ਦਾ ਲੇਖਕ ਵੀ ਇਸ ਵਿਸ਼ੇ ਨਾਲ ਪੰਗਾ ਲਏ ਬਿਨਾ ਨਹੀਂ ਰਹਿੰਦਾ। ਮੈਂ ਹੁਣੇ ਹੁਣੇ ਜਸਵੰਤ ਸਿੰਘ ਗੱਜਣਮਾਜਰਾ ਦੀ ਪਲੇਠੀ ਪੁਸਤਕ 'ਸਵਰਗ ਦੀ ਮੌਤ' ਪੜ੍ਹੀ ਹੈ। ਲੇਖਕ ਦਾ ਸਵਰਗ ਉਰਦੂ ਫਾਰਸੀ ਦੇ ਸ਼ਾਇਰਾਂ ਵਾਂਗ ਕਸ਼ਮੀਰ ਤੱਕ ਹੀ ਸੀਮਤ ਨਹੀਂ, ਇਹ ਦੇਸ਼ ਦੇਸ਼ਾਂਤਰਾਂ ਦੀਆਂ ਹੱਦਾਂ ਟੱਪ ਕੇ ਸਾਰੀ ਧਰਤ ਨੂੰ ਆਪਣੀ ਬੁੱਕਲ ਵਿਚ ਲਈ ਬੈਠਾ ਹੈ। ਇਸ ਦਾ ਮੌਤ ਤੋਂ ਪਿੱਛੋਂ ਵਾਲੇ ਸਵਰਗ ਨਾਲ ਵੀ ਕੋਈ ਵਾਸਤਾ ਨਹੀਂ। ਲੇਖਕ ਨੂੰ ਧਰਤੀ ਉਤੇ ਰਹਿੰਦੇ ਪਸ਼ੂ-ਪੰਛੀਆਂ, ਰੁੱਖਾਂ-ਬੂਟਿਆਂ, ਕੀੜੇ-ਮਕੌੜਿਆਂ ਤੇ ਸ਼ੇਰਾਂ-ਬਘੇਰਾਂ ਦੀ ਚਿੰਤਾ ਹੈ, ਜਿਨ੍ਹਾਂ ਨੂੰ ਬੰਦੇ ਦਾ ਪੁੱਤ ਨੱਥ ਪਾਈ ਬੈਠਾ ਹੈ। ਬੰਦੇ ਨੇ ਸਿਰਫ ਬਨਸਪਤੀ ਦਾ ਘਾਣ ਨਹੀਂ ਕੀਤਾ, ਸ਼ੇਰਾਂ ਨੂੰ ਪਿੰਜਰੇ ਪਾਲਿਆ ਹੈ ਤੇ ਸਾਗਰ ਦੀ ਮੌਜ ਮਾਣਦੀਆਂ ਮੱਛੀਆਂ ਨੂੰ ਆਪਣੀ ਖੁਰਾਕ ਬਣਾ ਲਿਆ ਹੈ। ਸਭਨਾਂ ਨੂੰ ਰੱਬ ਉਤੇ ਗਿਲਾ ਹੈ ਕਿ ਉਸ ਨੇ ਮਨੁੱਖ ਨੂੰ ਅਕਲ ਦੇ ਕੇ ਉਨ੍ਹਾਂ ਦਾ ਹਤਿਆਰਾ ਬਣਾ ਛੱਡਿਆ ਹੈ।

ਰੱਬ ਤੋਂ ਪ੍ਰਾਪਤ ਹੋਈ ਅਕਲ ਦੀ ਬੰਦੇ ਨੇ ਏਨੀ ਦੁਰਵਰਤੋਂ ਕੀਤੀ ਹੈ ਕਿ ਅੱਜ ਦੇ ਦਿਨ ਉਹ ਵਿਸ਼ਵੀਕਰਨ ਦਾ ਨਾਂ ਲੈ ਕੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਅਜਿਹੇ ਜਾਲ ਵਿਚ ਫਸ ਗਿਆ ਹੈ ਕਿ ਆਪਣੇ ਆਪ ਤੋਂ ਵੀ ਟੁੱਟ ਗਿਆ ਹੈ। ਆਪਣੀ ਨਸਲ ਦਾ ਵਾਧਾ ਬਣਾਈ ਰੱਖਣ ਦੇ ਯੋਗ ਨਹੀਂ ਰਿਹਾ ਤੇ ਉਸ ਨੂੰ ਬੱਚਾ ਪੈਦਾ ਕਰਨ ਲਈ ਟੈਸਟ ਟਿਊਬ ਜਿਹੀਆਂ ਅਣਮਨੁੱਖੀ ਵਿਧੀਆਂ ਦੀ ਮੁਥਾਜੀ ਝੱਲਣੀ ਪੈਂਦੀ ਹੈ। ਮਨੁੱਖ ਆਪਣੀਆਂ ਕਰਤੂਤਾਂ ਕਰ ਕੇ ਨਾ ਸਿਰਫ ਅਲਗ ਥਲਗ ਹੋ ਗਿਆ ਹੈ, ਸਗੋਂ ਉਸ ਨੇ ਸਵਰਗ ਦੀਆਂ ਹੂਰਾਂ ਦਾ ਹੁਸਨ ਤਾਂ ਕੀ ਮਾਣਨਾ ਹੈ, ਧਰਤੀ ਦੇ ਸਾਥੀਆਂ ਦੀ ਹਮਦਰਦੀ ਵੀ ਖੋ ਬੈਠਾ ਹੈ। ਇਥੋਂ ਤੱਕ ਕਿ ਇਸ ਰੁਚੀ ਨੇ ਮਨੁੱਖ ਨੂੰ ਇਕ ਅਜਿਹੀ ਮਸ਼ੀਨ ਦਾ ਪੁਰਜ਼ਾ ਬਣਾ ਛੱਡਿਆ ਹੈ ਕਿ ਉਹ ਆਪਣੇ ਆਪੇ ਨਾਲੋਂ ਟੁੱਟਾ ਮਹਿਸੂਸ ਕਰ ਰਿਹਾ ਹੈ। ਜਿਵੇਂ ਧਰਤੀ ਦਾ ਸਵਰਗ ਨਰਕ ਦੀ ਸੂਰਤ ਧਾਰ ਗਿਆ ਹੋਵੇ। ਇਹ ਸਭ ਕੁਝ ਵੇਖ ਕੇ ਕੁਦਰਤੀ ਜੀਵ ਜੰਤੂ ਤੇ ਬਨਸਪਤ ਸਵਰਗ ਰੂਪੀ ਧਰਤੀ ਨੂੰ ਬਚਾਉਣ ਲਈ ਸੰਘਰਸ਼ ਕਰਦੇ ਹਨ। ਰੱਬ ਦੋਹਾਂ ਧਿਰਾਂ ਦੀ ਸੁਣਦਾ ਹੈ, ਪਰ ਉਹਦੇ ਕੋਲ ਇਸ ਦਾ ਕੋਈ ਹੱਲ ਨਹੀਂ। ਲੇਖਕ ਫੇਰ ਵੀ ਹਾਰ ਨਹੀਂ ਮੰਨਦਾ ਤੇ ਮਨੁੱਖ ਨੂੰ ਆਪਣੇ ਪੁਰਖਿਆਂ ਦਾ ਰਾਹ ਅਪਨਾਉਣ ਲਈ ਕਹਿੰਦਾ ਹੈ।




ਇਸ ਪੁਸਤਕ ਦਾ ਵਿਸ਼ਾ ਤੇ ਵਸਤੂ ਹੀ ਨਿਵੇਕਲਾ ਨਹੀਂ, ਵਿਧੀ ਵੀ ਅਲੋਕਾਰ ਹੈ। ਕੀੜੇ-ਮਕੌੜੇ, ਪਸ਼ੂ-ਪੰਛੀ ਤੇ ਰੁੱਖ-ਬੂਟੇ ਰੱਬ ਨੂੰ ਉਸ ਦੇ ਕੀਤੇ ਬਾਰੇ ਸੋਚਣ ਲਾ ਦਿੰਦੇ ਹਨ। ਅਖੀਰ ਰੱਬ ਨੂੰ ਇਨ੍ਹਾਂ ਦੀ ਪਹੁੰਚ ਨਾਲ ਸਹਿਮਤ ਹੋਣਾ ਪੈਂਦਾ ਹੈ। ਕੀ ਕਰੇਗਾ, ਸਮੇਂ ਨੇ ਦੱਸਣਾ ਹੈ।


ਪੜ੍ਹਨ ਵਾਲੇ ਨੂੰ ਜਾਪੇਗਾ ਕਿ ਇਹ ਨਾਵਲ ਕਰੋਨਾ ਵਾਇਰਸ ਤੇ ਤਾਲਾਬੰਦੀ ਵਿਚੋਂ ਉਪਜਿਆ ਹੈ। ਇਹ ਸੱਚ ਨਹੀਂ। ਇਸ ਦੀ ਰਚਨਾ ਤਾਂ ਸਾਲ ਪਹਿਲਾਂ ਦੀ ਹੈ। ਕਹਿ ਸਕਦੇ ਹਾਂ ਕਿ ਲੇਖਕ ਦੇ ਅੰਦਰਲੇ ਮਨ ਨੇ ਅਜੋਕੀ ਮਹਾਮਾਰੀ ਨੂੰ ਪਹਿਲਾਂ ਹੀ ਭਾਪ ਲਿਆ ਸੀ। ਗਲਪਕਾਰੀ ਦੀ ਇਸ ਨਿਵੇਕਲੀ ਵਿਧੀ ਨੂੰ ਸਮਝਣ ਲਈ ਨਵੀਂ ਪਹੁੰਚ ਦੀ ਲੋੜ ਹੈ। ਮਾਨਵ ਅਜਿਹੀਆਂ ਲੋੜਾਂ ਪੂਰੀਆਂ ਕਰਨ ਦੇ ਸਮਰਥ ਹੈ, ਰਿਹਾ ਹੈ ਤੇ ਰਹੇਗਾ। ਲੇਖਕ ਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ। ਉਹ ਇਤਿਹਾਸ ਦਾ ਵਿਦਿਆਰਥੀ ਹੈ, ਡੋਲੇਗਾ ਨਹੀਂ।

ਅਜੋਕੀ ਮਹਾਮਾਰੀ ਦੀ ਤਾਲਾਬੰਦੀ ਨੇ ਆਮ ਲੋਕਾਂ ਨੂੰ ਅਜਿਹੇ ਭੰਬਲਭੂਸੇ ਵਿਚ ਪਾ ਛੱਡਿਆ ਹੈ ਕਿ ਪ੍ਰਿੰਟ ਤੇ ਬਿਜਲਈ ਮੀਡੀਆ ਪੜ੍ਹਨ, ਸੁਣਨ ਤੇ ਵੇਖਣ ਵਾਲਿਆਂ ਨੂੰ ਸਮਝ ਨਹੀਂ ਆਉਂਦਾ ਕਿ ਝੂਠ ਤੇ ਸੱਚ ਨੂੰ ਕਿਵੇਂ ਨਿਤਾਰਨ! ਅੰਤ ਪ੍ਰਿੰਟ ਮੀਡੀਆ 'ਤੇ ਟੇਕ ਲਾ ਕੇ ਸਵੇਰੇ ਸਵੇਰੇ ਚਾਰਦੀਵਾਰੀ ਦੀਆਂ ਬੰਨੀਆਂ ਵਲ ਨਿਗ੍ਹਾ ਗੱਡ ਕੇ ਬੈਠ ਜਾਂਦੇ ਹਨ, ਜਿੱਥੇ ਸਮਾਚਾਰ ਪੱਤਰਾਂ ਦੇ ਵਿਕਰੇਤਾ ਸਾਈਕਲਾਂ ਉਤੇ ਵੀ ਆਉਂਦੇ ਹਨ ਤੇ ਮੋਟਰ ਸਾਈਕਲਾਂ ਉਤੇ ਵੀ। ਉਨ੍ਹਾਂ ਦੀਆਂ ਟੋਪੀਆਂ, ਪਗੜੀਆਂ ਤੇ ਸਿਰਾਂ ਦੇ ਵਾਲ ਵੱਖੋ ਵੱਖਰੀ ਰਫਤਾਰ ਨਾਲ ਲੰਘਦੇ ਹਨ। ਬੰਦਾ ਵੇਖਦਾ ਹੈ ਕਿ ਕਾਟੋਆਂ/ਗਲਹਿਰੀਆਂ ਵੀ ਉਸੇ ਗਤੀ ਨਾਲ ਦੌੜਦੀਆਂ ਹਨ ਕਿ ਅਖਬਾਰ ਵੰਡਣ ਵਾਲਿਆਂ ਦਾ ਭੁਲੇਖਾ ਪੈਣਾ ਕੁਦਰਤੀ ਹੈ। ਉਸ ਵੇਲੇ ਉਡੀਕਣ ਦੀ ਤਾਂਘ ਵੀ ਏਨੀ ਪ੍ਰਬਲ ਹੁੰਦੀ ਹੈ ਕਿ ਸੱਚ ਮੰਨਣ ਨੂੰ ਜੀਅ ਕਰਦਾ ਹੈ। ਪ੍ਰਿੰਟ ਮੀਡੀਆ ਦੀਆਂ ਕਾਟੋਆਂ ਜ਼ਿੰਦਾਬਾਦ!

**ਅੰਤਿਕਾ: ਮੁਹੰਮਦ ਇਕਬਾਲ**

ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ
ਹਮ ਬੁਲਬੁਲੇਂ ਹੈ ਇਸ ਕੀ
ਯੇਹ ਗੁਲਿਸਤਾਂ ਹਮਾਰਾ
ਮਜ਼ਹਬ ਨਹੀਂ ਸਿਖਾਤਾ
ਆਪਸ ਮੇਂ ਬੈਰ ਰਖਨਾ
ਹਿੰਦੀ ਹੈ ਹਮ, ਵਤਨ ਹੈ ਹਿੰਦੁਸਤਾਂ ਹਮਾਰਾ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

# ਬੇਚੈਨ ਪੰਜਾਬ: ਤੇਜ਼ ਤਬਦੀਲੀ ਬਨਾਮ ਪਿੰਡ ਵਲ ਵਾਪਸੀ

(ਪਿਛਲੇ ਸਫੇ ਦੀ ਬਾਕੀ)

ਪੰਜਾਬ ਦੇ ਪਿੰਡ ਤਾਂ ਕਦੋਂ ਤੋਂ ਨਸ਼ੇ, ਗੁਰਬਤ, ਬੇਰੁਜ਼ਗਾਰੀ, ਜੁਰਮ, ਗੁੰਡਾਗਰਦੀ, ਭੈਅ, ਪ੍ਰਦੂਸ਼ਣ, ਸਮਾਜਕ ਬੇਇਨਸਾਫੀ, ਦਮਨ, ਪਛੜੇਪਣ, ਜਾਤੀਵਾਦ, ਜਗੀਰੂ ਸਿਆਸਤ, ਨੌਕਰਸ਼ਾਹੀ ਕੰਟਰੋਲ ਅਤੇ ਪਿਛਾਂਹਖਿਚੂ ਵਿਚਾਰਾਂ ਦੀ ਗ੍ਰਿਫਤ ਵਿਚ ਆਏ ਹੋਏ ਹਨ।

ਦਇਆ, ਸਬਰ, ਸੰਤੋਖ, ਅਪਣੱਤ, ਭਰੋਸੇ, ਆਪਸੀ ਸਹਿਯੋਗ, ਬਰਾਬਰੀ, ਮਿਲਵਰਤਣ, ਸਾਂਝੀਵਾਲਤਾ, ਸਮਾਜਕ ਨਿਆਂ, ਜਮਹੂਰੀਅਤ, ਆਜ਼ਾਦੀ ਅਤੇ ਪਿਆਰ ਮੁਹੱਬਤ ਵਰਗੀਆਂ ਕਦਰਾਂ ਕੀਮਤਾਂ ਜੋ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਪੇਂਡੂ ਭਾਈਚਾਰੇ ਦੀ ਪਛਾਣ ਹੁੰਦੀਆਂ, ਕਿਧਰੇ ਵੀ ਦਿਖਾਈ ਨਹੀਂ ਦਿੰਦੀਆਂ। ਪੰਜਾਬ ਦਾ ਪਿੰਡ ਨਾ ਪਹਿਲਾਂ ਇਹੋ ਜਿਹਾ ਸੀ, ਨਾ ਹੁਣ ਇਹੋ ਜਿਹਾ ਹੈ। ਪੰਜਾਬ ਦੇ ਜਿਹੋ ਜਿਹੇ ਪਿੰਡ ਦੇ ਨਿਰਮਾਣ ਬਾਰੇ ਆਪਾਂ ਸੋਚ ਰਹੇ ਹਾਂ, ਉਹ ਨਿਸ਼ਚੇ ਹੀ ਇਨ੍ਹਾਂ ਕਦਰਾਂ ਕੀਮਤਾਂ ਉਪਰ ਆਧਾਰਿਤ ਹੋਵੇਗਾ। ਪੰਜਾਬ ਦੀ ਪਿੰਡਾਂ ਨੂੰ ਵਾਪਸੀ ਦਾ ਅਰਥ ਹੈ, ਇਨ੍ਹਾਂ ਕਦਰਾਂ ਕੀਮਤਾਂ ਦੀ ਇਲਾਹੀ ਮਸਤੀ ਵਾਲੇ ਪਿੰਡਾਂ ਵੱਲ ਵਾਪਸੀ। ਪਿੰਡਾਂ ਤੋਂ ਪਰਵਾਸ ਕਰ ਕੇ ਗਏ ਸ਼ਹਿਰੀ ਕਾਮਿਆਂ ਦੀ ਹੀ ਨਹੀਂ, ਸਾਡੀ ਸਭ ਦੀ। ਪਿੰਡਾਂ ਦੀ ਖੁਦ ਆਪਣੀ ਵੀ।

ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਵਿਚਲੀਆਂ ਇਨ੍ਹਾਂ ਸਤਰਾਂ ਨਾਲ ਗੱਲ ਸ਼ੁਰੂ ਕਰਦੇ ਹਾਂ:

ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ:
ਪਰ ਟੈਂ ਨਾ ਮੰਨਣ ਕਿਸੇ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।
ਮੰਨਣ ਬਸ ਇਕ ਆਪਣੀ
ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ,
ਧੁਰ ਥੀਂ ਸਤਿਗੁਰਾਂ ਦੇ
ਆਜ਼ਾਦ ਕੀਤੇ ਇਹ ਬੰਦੇ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ।
ਜਵਾਨ ਖੁਲ੍ਹੇ ਖੋਲ੍ਹੇ ਪਿਆਰਿਆਂ,
ਆਜ਼ਾਦੀ ਦੇ ਪਿਆਰ ਵਿਚ,
ਦੁਨੀਆਂ ਥੀਂ ਵਿਹਲੇ,
ਦੀਨ ਥੀਂ ਵਿਹਲੇ,
ਰਲੇ ਨਾ ਰਲੀਂਦੇ ਕਦੀ
ਹੁਣ ਇਹ ਜਵਾਨ ਪੰਜਾਬ ਦੇ।
ਮੰਨੇ ਨਾ ਮਨੀਂਦੇ ਕਦੀ,
ਕੁੱਦ-ਕੁੱਦ, ਉਛਲਦੇ ਡੁਲ੍ਹਦੇ,
ਮਰਜ਼ੀ ਦੇ ਮਾਲਕ ਇਹ

---

ਆਜ਼ਾਦੀ ਪਈ ਠਾਠਾਂ ਮਾਰਦੀ
ਮੇਰੇ ਪੰਜਾਬ ਵਿਚ।

ਇਹ ਕਵਿਤਾ ਮੈਨੂੰ ਇਸ ਲਈ ਵਧੇਰੇ ਪਸੰਦ ਹੈ, ਕਿਉਂਕਿ ਇਸ ਕਵਿਤਾ ਵਿਚ ਪੰਜਾਬ ਦੇ ਕੇਂਦਰੀ ਮੁੱਲ-ਪ੍ਰਬੰਧ 'ਆਜ਼ਾਦੀ' ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਹਰ ਭਾਈਚਾਰਾ ਆਜ਼ਾਦੀ ਨੂੰ ਆਪਣੇ ਤਰੀਕੇ ਨਾਲ ਪਰਿਭਾਸ਼ਿਤ ਕਰਦਾ ਹੈ। ਪੰਜਾਬ ਵਿਚ ਆਜ਼ਾਦੀ ਦੇ ਕੀ ਅਰਥ ਲਏ ਜਾਂਦੇ ਹਨ, ਇਹ ਕਵਿਤਾ ਇਹੋ ਬਿਆਨ ਕਰਦੀ ਹੈ। ਆਜ਼ਾਦੀ ਪੰਜਾਬ ਦੀ ਕਈ ਸਾਰੀਆਂ ਪਛਾਣਾਂ ਵਿਚੋਂ ਇਕ ਪਛਾਣ ਨਹੀਂ। ਆਜ਼ਾਦੀ ਪੰਜਾਬ ਦੀ ਮੂਲ ਪਛਾਣ ਹੈ: "ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ।" ਪਰ ਇਸ ਆਜ਼ਾਦੀ ਦਾ ਮਨੋਰਥ ਕੀ ਹੈ? ਗੁਰੂ ਨੇ ਕਿਹੜੀਆਂ ਪ੍ਰਾਪਤੀਆਂ ਲਈ ਪੰਜਾਬੀਆਂ ਨੂੰ ਦੀਨ ਦੁਨੀਆਂ ਦੇ ਬੰਧਨਾਂ ਤੋਂ ਧੁਰ ਥੀਂ ਆਜ਼ਾਦ ਕੀਤਾ ਹੋਇਆ ਹੈ। ਗੁਰੂ ਸਾਹਿਬ ਦਾ ਆਦੇਸ਼ ਹੈ: ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ ਪੰਜਾਬ ਵਿਚ ਆਜ਼ਾਦੀ ਦਾ ਸਬੰਧ ਵਿਅਕਤੀਗਤ ਪ੍ਰਾਪਤੀਆਂ ਨਾਲ ਨਹੀਂ; ਪਿਆਰ ਦੀ ਗੁਲਾਮੀ ਨਾਲ ਹੈ; ਦੂਸਰੇ ਦੇ ਦੁਸਰੇਪਣ ਲਈ ਮਰ ਮਿਟਣ ਨਾਲ ਹੈ। ਇਸੇ ਵਿਚੋਂ ਸਰਬਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਨਾਲ ਪ੍ਰਤੀਬੱਧਤਾ ਦੇ ਰੂਪ ਵਿਚ ਪੰਜਾਬ ਦੀ ਭਾਈਚਾਰਕ ਸਾਂਝ ਆਪਣੇ ਡੂੰਘੇ ਅਰਥ ਪ੍ਰਾਪਤ ਕਰਦੀ ਹੈ। ਪੰਜਾਬ ਦੀ ਆਰਥਕ ਸੂਝ, ਸਭਿਆਚਾਰਕ ਪਛਾਣ ਅਤੇ ਸਿਆਸੀ ਨੈਤਿਕਤਾ ਦੀਆਂ ਜੜ੍ਹਾਂ 'ਆਜ਼ਾਦੀ' ਦੀ ਇਸੇ ਪਰਿਭਾਸ਼ਾ ਵਿਚੋਂ ਮਿਲਣਗੀਆਂ। ਗੁਰਾਂ ਦੇ ਨਾਮ ਨਾਲ ਜੀਣ ਵਾਲੇ ਪੰਜਾਬੀ ਪਿੰਡ ਦੇ ਨਿਰਮਾਣ ਦਾ ਆਧਾਰ ਵੀ ਆਜ਼ਾਦੀ ਦੀ ਇਸੇ ਪਰਿਭਾਸ਼ਾ ਵਿਚੋਂ ਢੂੰਡਣਾ ਪਵੇਗਾ।

ਕੁਦਰਤ ਨੇ ਮਨੁੱਖ ਨੂੰ ਕੇਵਲ ਦੋ ਪ੍ਰੋਗਰਾਮ ਦੇ ਕੇ ਭੇਜਿਆ ਸੀ। ਆਪਣੇ ਆਪ ਨੂੰ ਬਚਾਅ ਕੇ ਰੱਖਣਾ ਅਤੇ ਨਸਲ ਅੱਗੇ ਤੋਰਨੀ। ਸੁਆਰਥੀ ਲੋਕਾਂ ਨੇ ਆਪਣੇ ਆਪ ਨੂੰ ਬਚਾਅ ਕੇ ਰੱਖਣ ਲਈ ਇਕ ਦੂਜੇ ਨਾਲ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ। ਸਹਿਯੋਗ ਦੀ ਇਸ ਰਾਜਨੀਤਕ ਖੇਡ ਦਾ ਨਾਮ ਹੀ ਨੈਤਿਕਤਾ ਹੈ। ਨੈਤਿਕਤਾ ਬੰਦੇ ਦੇ ਜੀਨਜ਼ ਵਿਚ ਨਹੀਂ ਹੁੰਦੀ। ਇਹ ਤਾਂ ਸਮਾਜ ਵਿਚ ਰਹਿੰਦਿਆਂ ਸਮਾਜ ਵਿਚੋਂ ਹੀ ਸਿਖਣੀ ਪੈਂਦੀ ਹੈ। ਨੈਤਿਕਤਾ ਇਤਿਹਾਸਕ ਤਬਦੀਲੀ ਵਿਚ ਬੱਝਿਆ ਹੋਇਆ ਸਿਆਸੀ ਪਰਵਚਨ ਹੈ।

ਇਹ ਠੀਕ ਹੈ ਕਿ ਆਪਸੀ ਸਹਿਯੋਗ ਦੀ ਖੇਡ ਕੁਝ ਹਾਸਲ ਕਰਨ ਲਈ ਖੇਡੀ ਜਾਂਦੀ ਹੈ ਪਰ ਖੇਡ ਦੀ ਸਫਲਤਾ ਲਈ ਆਪਣੀ ਹਉਮੈ ਨੂੰ ਕੰਟਰੋਲ ਕਰ ਕੇ ਦੂਜੇ ਨੂੰ ਥਾਂ ਦੇਣੀ ਪੈਂਦੀ ਹੈ।

ਗੁਰੂ ਸਾਹਿਬ ਨੇ 'ਮੈਂ' ਅਤੇ 'ਤੂੰ' ਭਾਵ 'ਨਿਜ' ਅਤੇ 'ਪਰ' ਦੇ ਸਹਿਯੋਗ ਨੂੰ ਮੈਂ (ਮਨੁੱਖ) ਅਤੇ ਤੂੰ (ਪਰਮਾਤਮਾ) ਦੇ ਸਹਿਯੋਗੀ ਰਿਸ਼ਤੇ ਵਿਚ ਤਬਦੀਲ ਕਰ ਦਿਤਾ। ਪਰਮਾਤਮਾ ਕੇਵਲ ਸਰਬ ਸ਼ਕਤੀਮਾਨ ਹੀ ਨਹੀਂ, ਸਭ ਤੋਂ ਵੱਡਾ ਦਾਤਾ ਵੀ ਹੈ। ਉਸ ਤੋਂ ਹਰ ਦਾਤ ਪ੍ਰਾਪਤ ਕੀਤੀ ਜਾ ਸਕਦੀ ਹੈ। ਨਤੀਜੇ ਵਜੋਂ ਲੋਕਾਂ ਨੇ ਆਪਣੀ ਹਉਮੈ ਤਿਆਗ ਕੇ ਉਸ ਦੀ ਰਜ਼ਾ ਵਿਚ ਰਹਿਣ ਦੀ ਧਾਰਨਾ ਨੂੰ ਪ੍ਰਵਾਨ ਕਰ ਲਿਆ। ਇਹ ਵੀ ਆਖ ਦਿੱਤਾ ਕਿ ਉਹ ਸਭ ਵਿਚ ਵਸਦਾ ਹੈ। ਸਭ ਵਿਚ ਉਸੇ ਦੀ ਜੋਤ ਜਗਦੀ ਹੈ। ਇਸ ਨਾਲ ਆਪਸੀ ਸਹਿਯੋਗ ਦਾ ਘੇਰਾ ਵਿਸ਼ਾਲ ਹੋ ਗਿਆ। ਕੇਵਲ ਮਨੁੱਖ ਹੀ ਨਹੀਂ; ਜੀਵ ਜੰਤੂ, ਪਸ਼ੂ ਪੰਛੀ, ਪੌਣ ਪਾਣੀ, ਧਰਤੀ, ਖੰਡ ਬ੍ਰਹਿਮੰਡ, ਸਮੁਚੀ ਕਾਇਨਾਤ ਇਸ ਆਪਸੀ ਸਹਿਯੋਗ ਦੇ ਘੇਰੇ ਵਿਚ ਆ ਗਈ। ਕਿਸੇ ਨੂੰ ਦੁਖ ਦੇਣਾ, ਕਿਸੇ ਦਾ ਸ਼ੋਸ਼ਣ ਕਰਨਾ ਜਾਂ ਕਿਸੇ ਨਾਲ ਦਰਾਇਤ ਕਰਨੀ ਵਰਜਿਤ ਹੋ ਗਈ। ਨਤੀਜੇ ਵਜੋਂ ਪਿਆਰ, ਮੁਹੱਬਤ, ਦਇਆ, ਸਤ, ਸੰਤੋਖ, ਗਿਆਨ ਆਦਿ ਕਦਰਾਂ ਕੀਮਤਾਂ ਗੁਰੂ ਨਾਨਕ ਦੀ ਨੈਤਿਕਤਾ ਵਜੋਂ ਸਥਾਪਤ ਹੋ ਗਈਆਂ। ਜੇ ਗੁਰੂ ਨਾਨਕ ਦੇ ਇਸ ਸਮੁਚੇ ਨੈਤਿਕ ਪ੍ਰਬੰਧ ਨੂੰ ਦੋ ਸ਼ਬਦਾਂ ਵਿਚ ਸਮੇਟਣਾ ਹੋਵੇ ਤਾਂ ਬੜੇ ਆਰਾਮ ਨਾਲ ਕਿਹਾ ਜਾ ਸਕਦਾ ਹੈ ਕਿ ਸਰਬ ਸਾਂਝੀਵਾਲਤਾ ਅਤੇ ਵੰਡ ਕੇ ਛਕਣਾ ਗੁਰੂ ਨਾਨਕ ਦੀ ਨੈਤਿਕਤਾ ਦੇ ਮੂਲ ਆਧਾਰ ਹਨ। ਸਰਬ ਸਾਂਝੀਵਾਲਤਾ ਅਤੇ ਵੰਡ ਕੇ ਛਕਣ ਦੇ ਇਨ੍ਹਾਂ ਉਤਰ-ਪੂੰਜੀਵਾਦੀ ਸਮਾਜ ਦੀ ਸਿਰਜਣਾ ਦਾ ਆਧਾਰ ਬਣਨਾ ਹੈ। ਇਨ੍ਹਾਂ ਨੇ ਹੀ ਪੇਂਡੂ ਭਾਈਚਾਰਿਆਂ ਅਤੇ ਉਨ੍ਹਾਂ ਦੀ ਨੈਟਵਰਕਿੰਗ ਦਾ ਤਰਕ ਪੈਦਾ ਕਰਨਾ ਹੈ।



ਆਰਥਕ ਵਿਕਾਸ, ਜਮਹੂਰੀ ਸੰਗਠਨਕਾਰੀ ਅਤੇ ਸਮਾਜਕ ਨਿਆਂ ਉਪਰ ਆਧਾਰਿਤ ਸਮਿਲਤ, ਸਮਾਰਟ ਅਤੇ ਸਿਰਜਣਾਤਮਕ ਪੇਂਡੂ ਭਾਈਚਾਰਿਆਂ ਦੀ ਸਮਾਨੰਤਰ ਨੈਟਵਰਕਿੰਗ ਵਿਚ ਬੱਝੇ ਅਗਾਂਹਵਧੂ ਪਿੰਡ ਦਾ ਨਿਰਮਾਣ ਕਿਵੇਂ ਕਰਨਾ ਹੈ, ਇਹ ਹੁਣ ਮੁਸ਼ਕਿਲ ਕੰਮ ਨਹੀਂ ਰਿਹਾ। ਕੇਵਲ ਪਲੈਨਿੰਗ ਦੀ ਲੋੜ ਹੈ। ਪੂੰਜੀ ਦੇ ਅਗਾਊਂ ਵਿਕਾਸ ਲਈ, ਨਵੇਂ ਹਾਲਾਤ ਵਿਚ ਢਲ ਕੇ ਅੱਗੇ ਵਧਣਾ ਪੂੰਜੀਵਾਦ ਦਾ ਸੁਭਾਅ ਹੈ। ਵਾਤਾਵਰਨ, ਰੁਜ਼ਗਾਰ, ਨੈਤਿਕਤਾ, ਆਜ਼ਾਦੀ, ਬਰਾਬਰੀ ਅਤੇ ਸਹਿਣਸ਼ੀਲਤਾ ਹੁਣ ਸਮਾਜਵਾਦ ਦਾ ਏਜੰਡਾ ਨਹੀਂ ਰਹੇ, ਪੂੰਜੀਵਾਦੀ ਵਿਸਤਾਰ ਦੇ ਉਤਰ-ਉਦਾਰਵਾਦੀ ਸਾਧਨ ਬਣ ਗਏ ਹਨ। ਇਸੇ ਤਰ੍ਹਾਂ ਸਮਿਲਤ, ਸਮਾਰਟ ਅਤੇ ਸਿਰਜਣਾਤਮਕ ਪੇਂਡੂ ਭਾਈਚਾਰਿਆਂ ਦੀ ਸਮਾਨੰਤਰ ਨੈਟਵਰਕਿੰਗ ਵੀ ਪੂੰਜੀਵਾਦੀ ਏਜੰਡੇ ਦਾ ਹੀ ਭਾਗ ਹਨ। ਪੂੰਜੀਵਾਦ ਦੇ ਇਸ ਉਨਤ ਪੜਾਅ ਨੂੰ ਉਤਰ-ਪੂੰਜੀਵਾਦ ਦਾ ਨਾਮ ਵੀ ਦੇ ਦਿੱਤਾ ਜਾਂਦਾ ਹੈ। ਆਪਾਂ ਪਹਿਲਾਂ ਵੀ ਕਈ ਵਾਰ ਗੱਲ ਕਰ ਆਏ ਹਾਂ ਕਿ ਇਸ ਉਤਰ-ਪੂੰਜੀਵਾਦੀ ਵਿਵਸਥਾ ਦਾ ਆਧਾਰ ਮਾਨਵ-ਪੂੰਜੀ ਹੈ, ਇਸ ਲਈ ਇਸ ਦਾ ਉਦਭਵ, ਵਿਕਾਸ ਅਤੇ ਅੰਤਰ-ਵਿਰੋਧਤਾਵਾਂ ਸਭ ਵਿਦਿਅਕ ਸੁਧਾਰਾਂ ਨਾਲ ਜੁੜੇ ਹੋਏ ਹਨ।

ਸਵੈ-ਦੇਖਭਾਲ ਅਤੇ ਆਪਣੇ ਆਪ ਨੂੰ ਕਲਾਕ੍ਰਿਤ ਵਜੋਂ ਵਿਕਸਿਤ ਕਰਨਾ, ਨਵੇਂ ਮੱਧ-ਵਰਗ ਦਾ ਧਰਮ ਬਣ ਗਏ ਹਨ। ਯੋਗ ਦੀ ਦਰੀ ਤੋਂ ਲੈ ਕੇ ਪਲਾਸਟਿਕ ਸਰਜਰੀ ਦੇ ਮੇਜ਼ ਤੱਕ ਅਨੇਕ ਕਿਸਮ ਦੀਆਂ ਸਨਅਤਾਂ ਇਸੇ ਕੰਮ ਦਾ ਧਿਆਨ ਰੱਖ ਰਹੀਆਂ ਹਨ। ਕੇਵਲ ਸਰੀਰਕ ਖੂਬਸੂਰਤੀ ਹੀ ਨਹੀਂ, ਸਮਾਜ-ਸਭਿਆਚਾਰਕ ਅਤੇ ਆਰਥਕ-ਰਾਜਨੀਤਕ ਜ਼ਿੰਮੇਵਾਰੀਆਂ ਵੀ ਇਸ ਨਵ-ਉਦਾਰਵਾਦੀ ਪ੍ਰੋਜੈਕਟ ਦਾ ਹਿੱਸਾ ਹਨ। ਇਸ ਤਰ੍ਹਾਂ ਪਹਿਲੀ ਵਾਰ ਵੀ ਨਹੀਂ ਹੋ ਰਿਹਾ। ਗੁਲਾਮ ਰੱਖਣ ਵਾਲੇ ਗਰੀਕ ਅਤੇ ਰੋਮਨ ਪਤਵੰਤੇ ਵੀ ਸਵੈ-ਨਿਰਮਾਣ ਦੇ ਪ੍ਰੋਜੈਕਟ ਨਾਲ ਇਸ ਕਦਰ ਜੁੜੇ ਹੋਏ ਸਨ ਕਿ ਉਨ੍ਹਾਂ ਨੇ ਆਪਣੀਆਂ ਕਾਮਨਾਵਾਂ/ਚਾਹਤਾਂ ਉਪਰ ਕੰਟਰੋਲ ਅਤੇ ਦੂਸਰਿਆਂ ਦੀ ਖੁਸ਼ਹਾਲੀ ਨੂੰ ਆਪਣਾ ਮਿਸ਼ਨ ਬਣਾ ਲਿਆ ਸੀ ਪਰ ਇਨ੍ਹਾਂ ਦੂਸਰਿਆਂ ਵਿਚ ਗੁਲਾਮ ਸ਼ਾਮਲ ਨਹੀਂ ਸਨ। ਜਿਵੇਂ ਗਰੀਕ ਅਤੇ ਰੋਮਨ ਸ਼ਾਸਨ ਦੌਰਾਨ ਅਸਮਾਨਤਾ ਅਤੇ ਅਨਿਆਂ ਖਤਮ ਨਹੀਂ ਸਨ ਹੋਏ, ਇਸੇ ਤਰ੍ਹਾਂ ਵਧ ਰਹੇ ਨਵ-ਫਾਸ਼ੀਵਾਦ ਨੂੰ ਰੋਕ ਸਕਣਾ ਵਰਤਮਾਨ ਵਿਵਸਥਾ ਦੇ ਵੱਸ ਵਿਚ ਹੀ ਨਹੀਂ ਰਿਹਾ।

ਲੋਕ ਸੁਆਲ ਕਰਦੇ ਹਨ ਕਿ ਸਮਾਜਕ ਜਮਹੂਰੀਅਤ ਦੇ ਰੂਪ ਵਿਚ ਹਿਟਲਰ ਦੇ ਫਾਸ਼ੀਵਾਦ ਦਾ ਬਦਲ ਤਾਂ ਸਪਸ਼ਟ ਦਿਖਾਈ ਦਿੰਦਾ ਸੀ, ਉਸ ਨੇ ਫਾਸ਼ੀਵਾਦ ਨੂੰ ਹਰਾਇਆ ਵੀ ਪਰ ਕੀ ਦੁਨੀਆਂ ਵਿਚ ਵਧ ਰਹੇ ਨਵ-ਫਾਸ਼ੀਵਾਦ ਦਾ ਕੋਈ ਵਿਚਾਰਧਾਰਕ ਬਦਲ ਹੈ, ਜੋ ਉਸ ਨੂੰ ਹਰਾ ਕੇ ਆਰਥਕ ਵਿਕਾਸ, ਜਮਹੂਰੀ ਸੰਗਠਨਕਾਰੀ ਅਤੇ ਸਮਾਜਕ ਨਿਆਂ ਉਪਰ ਆਧਾਰਿਤ ਸਮਿਲਤ, ਸਮਾਰਟ ਅਤੇ ਸਿਰਜਣਾਤਮਕ ਸੰਸਾਰ ਦਾ ਨਿਰਮਾਣ ਕਰ ਸਕੇ।

ਆਪਣੇ ਇਸ ਅਧੂਰੇ ਅਤੇ ਨਿਮਾਣੇ ਜਿਹੇ ਯਤਨ ਰਾਹੀਂ ਅਸੀਂ ਅਜਿਹੀ ਉਤਰ-ਪੂੰਜੀਵਾਦੀ ਸੰਭਾਵਨਾ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸ ਕੰਮ ਲਈ ਸੰਗਠਿਤ ਜਮਾਤ ਅਤੇ ਜਮਾਤੀ ਘੋਲ ਦੀ ਜ਼ਰੂਰਤ ਨਹੀਂ। ਨਵੀਆਂ ਸੰਭਾਵਨਾਵਾਂ ਖੋਜਣ ਵਾਲੇ ਪੜ੍ਹੇ ਲਿਖੇ ਸਿਰਜਣਾਤਮਕ ਬੁਧੀਮਾਨਾਂ ਦੀ ਵਿਸ਼ਵ ਪੱਧਰੀ ਨੈਟਵਰਕਿੰਗ ਹੀ ਬਹੁਤ ਹੋਵੇਗੀ। ਨੈਟਵਰਕਿੰਗ ਕਰਨ ਦੀ ਲੋੜ ਨਹੀਂ, ਇਹ ਹੋ ਰਹੀ ਹੈ। ਵਿਦਿਆ ਦਾ ਪਾਸਾਰ ਕਰਨ ਦੀ ਵੀ ਲੋੜ ਨਹੀਂ, ਇਹ ਹੋ ਰਿਹਾ ਹੈ। ਪੂੰਜੀਵਾਦ ਨੂੰ ਉਮਰ ਭਰ ਤਕਨੀਕੀ ਸਿਖਿਆ ਨਾਲ ਜੁੜੀ ਰਹਿਣ ਵਾਲੀ ਮਾਨਵ-ਪੂੰਜੀ ਦੀ ਲੋੜ ਹੈ। ਉਹ ਆਪਣੀ ਇਸ ਲੋੜ ਦੀ ਪੂਰਤੀ ਲਈ ਹਰ ਯਤਨ ਕਰੇਗਾ। ਮਾਨਵ-ਵਸੀਲਿਆਂ ਵਿਚੋਂ ਵੱਧ ਤੋਂ ਵੱਧ ਵੈਲਯੂ ਕਸ਼ੀਦਣ ਲਈ, ਉਨ੍ਹਾਂ ਅੰਦਰ ਗਿਆਨ, ਹੁਨਰ, ਕਦਰਾਂ ਕੀਮਤਾਂ ਅਤੇ ਆਪਸੀ ਸਹਿਯੋਗ ਦੀਆਂ ਭਾਵਨਾਵਾਂ ਵੀ ਭਰੇਗਾ। ਉਹ, ਇਹ ਸਭ ਕੁਝ, ਹਰ ਕਿਸੇ ਨੂੰ, ਕਿਸੇ ਵੀ ਥਾਂ, ਕਿਸੇ ਵੀ ਰੂਪ ਵਿਚ, ਬਿਨਾ ਕੋਈ ਪੈਸਾ ਲਏ, ਉਮਰ ਭਰ ਮੁਹੱਈਆ ਕਰਵਾਏਗਾ। ਕੇਵਲ ਮਾਨਵ-ਵਸੀਲਿਆਂ ਦੇ ਉਤਪਾਦਨ ਲਈ ਹੀ ਨਹੀਂ; ਨਿਗਰਾਨੀ ਅਤੇ ਕੰਟਰੋਲ ਲਈ ਵੀ। ਉਸ ਨੂੰ ਕੇਵਲ ਦੇਹਾਂ ਉਪਰ ਹੀ ਨਹੀਂ, ਮਨਾਂ ਉਪਰ ਵੀ ਕੰਟਰੋਲ ਚਾਹੀਦਾ ਹੈ। ਆਪਣੀ ਅਸੀਮ ਹਵਸ ਦੀ ਪੂਰਤੀ ਲਈ, ਪੂੰਜੀ ਦੇ ਵੱਧ ਤੋਂ ਵੱਧ ਉਤਪਾਦਨ ਵਾਸਤੇ, ਇਹ ਬਾਇਓ-ਪੁਲਿਟੀਕਲ ਅਤੇ ਸਾਈਕੋ-ਪੁਲਿਟੀਕਲ ਸੰਦ ਵੀ ਖੁਲ੍ਹੇ ਵੰਡੇ ਜਾ ਰਹੇ ਹਨ। ਇਹ ਨੈਟਵਰਕ, ਇਹ ਆਧਾਰ ਢਾਂਚਾ ਅਤੇ ਇਹ ਸੰਦ ਉਨ੍ਹਾਂ ਲੋਕਾਂ ਨੂੰ ਵੀ ਉਪਲਬਧ ਹੋ ਰਹੇ ਹਨ, ਜੋ ਵਰਤਮਾਨ ਵਿਵਸਥਾ ਵਿਚ ਕੰਮ ਕਰਦੇ ਹੋਏ ਸਮਾਜ ਨੂੰ ਅਗਾਂਹਵਧੂ ਉਸਾਰੂ ਕੰਮਾਂ ਲਈ ਨਵੀਂ ਦਿਸ਼ਾ ਦੇਣਾ ਚਾਹੁੰਦੇ ਹਨ। ਕੀ ਪੰਜਾਬ ਨੇ ਆਪਣਾ ਕੋਈ ਅਜਿਹਾ ਏਜੰਡਾ ਤਿਆਰ ਕੀਤਾ ਹੈ? ਜੇਕਰ ਉਬਰ ਅਤੇ ਏਅਰਬੀਐਨਬੀ ਵਰਗੀਆਂ ਕੰਪਨੀਆਂ ਬਿਨਾ ਕੋਈ ਕਾਰ ਅਤੇ ਹੋਟਲ ਖਰੀਦੇ, ਇਸ ਉਪਲਬਧ ਡਿਜੀਟਲ ਆਧਾਰ ਢਾਂਚੇ ਦੀ ਸਹਾਇਤਾ ਨਾਲ ਅਰਬਾਂ ਖਰਬਾਂ ਡਾਲਰ ਕਮਾ ਸਕਦੀਆਂ ਹਨ ਤਾਂ ਪੰਜਾਬ ਵੀ ਆਪਣੇ ਕਿਸਾਨਾਂ, ਮਜ਼ਦੂਰਾਂ, ਸ਼ਿਲਪਕਾਰਾਂ, ਉਦਮੀ ਕਾਮਿਆਂ, ਖੋਜੀਆਂ, ਵਿਦਿਆਰਥੀਆਂ ਅਤੇ ਤਕਨੀਕੀ ਮਾਹਿਰਾਂ ਨੂੰ ਨਵੀਂ ਤਕਨਾਲੋਜੀ ਨਾਲ ਲੈਸ ਕਰ ਕੇ ਆਪਣੇ ਹਰ ਸੰਕਟ ਤੋਂ ਬਾਹਰ ਆ ਸਕਦਾ ਹੈ ਪਰ ਅਜਿਹਾ ਹੋ ਨਹੀਂ ਰਿਹਾ। ਓਨੀ ਦੇਰ ਹੋ ਵੀ ਨਹੀਂ ਸਕਦਾ ਜਿੰਨੀ ਦੇਰ ਪੰਜਾਬ ਆਪਣੇ ਵਿਦਿਅਕ ਢਾਂਚੇ ਨੂੰ ਨਹੀਂ ਸੁਧਾਰਦਾ। ਭਾਵੇਂ ਕੰਧਾਂ 'ਤੇ ਲਿਖ ਦਿਓ- ਵਿਦਿਅਕ ਸੁਧਾਰਾਂ ਬਿਨਾ ਨਹੀਂ ਬਚੇਗਾ ਪੰਜਾਬ।

(ਸਮਾਪਤ)

# ਅੰਨ੍ਹੇ ਨਿਸ਼ਾਨਚੀ ਅਤੇ ਅਸੀਂ-ਤੁਸੀਂ

ਕਲਾ ਪਰਿਕਰਮਾ

## ਮਨੁੱਖਤਾ ਨੂੰ ਵੰਡਣ ਦੀ ਸਾਜ਼ਿਸ਼



ਨਾਟਕ 'ਅੰਨ੍ਹੇ ਨਿਸ਼ਾਨਚੀ' ਦਾ ਦ੍ਰਿਸ਼।

ਡਾ. ਸਾਹਿਬ ਸਿੰਘ
ਫੋਨ: +91-98880-11096

ਲੋਕਾਂ ਦਾ ਨਾਟਕਕਾਰ, ਪੰਜਾਬੀ ਜਨ ਮਾਨਸ ਦੇ ਧੁਰ ਅੰਦਰਲੀ ਤਸਵੀਰ ਖਿੱਚਣ ਵਾਲਾ ਸਾਡਾ ਆਪਣਾ ਅਜਮੇਰ ਔਲਖ ਸਾਡੀ ਝੋਲੀ ਐਸੀਆਂ ਅਮਰ ਕਿਰਤਾਂ ਪਾ ਗਿਆ ਹੈ ਕਿ ਅਸੀਂ ਕਿਸੇ ਵੀ ਸਮੇਂ, ਕਿਤੇ ਵੀ ਉਨ੍ਹਾਂ ਤੋਂ ਸੇਧ ਲੈ ਸਕਦੇ ਹਾਂ। ਜਦੋਂ ਵੀ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਜਨਮ ਦਿਨ (19 ਅਗਸਤ 1942) ਜਾਂ ਬਰਸੀ (15 ਜੂਨ 2017) ਨੂੰ ਯਾਦ ਕਰਦੇ ਹਾਂ ਤਾਂ ਉਨ੍ਹਾਂ ਦੇ ਨਾਟਕ ਇਕ-ਇਕ ਕਰ ਕੇ ਚੇਤਿਆਂ 'ਚ ਘੁੰਮ ਜਾਂਦੇ ਹਨ। ਅੱਜ ਮੇਰੇ ਸਾਹਮਣੇ 'ਅੰਨ੍ਹੇ ਨਿਸ਼ਾਨਚੀ' ਆਣ ਖੜ੍ਹਿਆ ਹੈ। ਕੋਈ 30 ਕੁ ਸਾਲ ਪਹਿਲਾਂ ਨਿਧੜਕ ਲੋਕ ਆਗੂ ਗਿਆਨ ਸਿੰਘ ਸੰਘਾ ਦੇ ਪਿੰਡ ਸਹਾਬਪੁਰ (ਨਵਾਂ ਸ਼ਹਿਰ) ਵਿਚ ਇਸ ਨਾਟਕ ਦੀ ਪੇਸ਼ਕਾਰੀ ਦੇਖੀ ਸੀ। ਉਦੋਂ ਪੰਜਾਬ ਅੰਨ੍ਹੇ ਨਿਸ਼ਾਨਚੀਆਂ ਹੱਥੋਂ ਦਰਦ ਭੋਗ ਰਿਹਾ ਸੀ। ਨਾਟਕ ਸੰਤਾਲੀ ਦੀ ਕਹਾਣੀ ਕਹਿ ਰਿਹਾ ਸੀ ਪਰ ਦਰਸ਼ਕ ਨਾਟਕ ਦੇ ਆਰ-ਪਾਰ ਦੇਖਦਾ ਪੰਜਾਬ ਦੇ ਸੰਤਾਪੇ ਦੌਰ ਦਾ ਅਗਲਾ ਪੜਾਅ ਦੇਖ ਰਿਹਾ ਸੀ। ਅੱਜ ਜਦੋਂ ਗਲੀ ਵਿਚ ਰੇੜ੍ਹੀ ਖਿੱਚ ਕੇ ਸਬਜ਼ੀ ਵੇਚਦੇ ਕਿਸੇ ਸਾਧਾਰਨ ਮਨੁੱਖ ਕੋਲੋਂ ਉਸ ਦਾ ਪਛਾਣ ਪੱਤਰ ਮੰਗ ਕੇ ਉਸ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ ਤਾਂ ਇਕ ਵਾਰ ਫਿਰ ਸਾਡੀਆਂ ਅੱਖਾਂ 'ਤੇ ਬੰਨ੍ਹੀ ਫਿਰਕੂ ਜ਼ਹਿਰ ਦੀ ਕਾਲੀ ਪੱਟੀ ਹਵਾ ਵਿਚ ਲਟਕਣ ਲੱਗੀ ਹੈ ਤੇ ਬਾਪੂ ਔਲਖ ਦਾ ਨਾਟਕ ਵੰਗਾਰ ਬਣ ਸਾਨੂੰ ਝੰਜੋੜ ਰਿਹਾ ਹੈ ਅਤੇ ਯਾਦ ਕਰਵਾ ਰਿਹਾ ਹੈ ਕਿ ਜਿਵੇਂ ਤਕੜੇ ਹੋ ਕੇ ਪਹਿਲਾਂ ਝੁੱਲੀਆਂ ਹਨੇਰੀਆਂ 'ਚ ਇਨਸਾਨੀਅਤ ਨੂੰ ਫੂਸ ਬਣ ਉਡਣ ਨਹੀਂ ਦਿੱਤਾ, ਉਵੇਂ ਹੀ ਅੱਜ ਵੀ ਆਪਣੇ ਕਦਮ ਬੋਚ ਕੇ ਰੱਖਣ ਦੀ ਲੋੜ ਹੈ ਤੇ ਅੰਨ੍ਹੇ ਨਿਸ਼ਾਨਚੀਆਂ ਖਿਲਾਫ ਹੋਕਾ ਦੇਣ ਦੀ ਲੋੜ ਹੈ। ਕਲਾ ਦੀ ਚਿਰਕਾਲਤਾ ਦਾ ਇਮਤਿਹਾਨ ਇਵੇਂ ਹੀ ਹੁੰਦਾ ਹੈ। ਬਾਪੂ ਔਲਖ ਦਾ ਨਾਟਕੀ ਖੂੰਡਾ ਅੱਜ ਵੀ ਖੜਕ ਰਿਹਾ ਹੈ। ਇਸੇ ਲਈ ਬਰਸੀ ਮਾਤਮੀ ਸੁਰ ਵਾਲੀ ਨਹੀਂ, ਮਾਣ ਮੱਤੀ ਗੂੰਜ ਸਿਰਜਣ ਵਾਲੀ ਹੋਏਗੀ।

ਨਾਟਕ ਦਾ ਸਮਾਂ ਸਾਲ 1947 ਦੇ ਸਤੰਬਰ ਮਹੀਨੇ ਦੇ ਅੱਧ ਦੀ ਢਲਦੀ ਦੁਪਹਿਰ ਦਾ ਹੈ। ਸਤੰਬਰ ਦੀ ਰੁੱਤ ਗਰਮ ਹਵਾਵਾਂ ਦੇ ਸੀਤ ਹੋ ਜਾਣ ਵੱਲ ਵਧਣ ਵਾਲੇ ਪਲੇਠੇ ਕਦਮਾਂ ਦੀ ਆਹਟ ਵਾਲੀ ਹੁੰਦੀ ਹੈ। ਸ਼ਾਇਦ ਇਸੇ ਲਈ ਔਲਖ ਸਤੰਬਰ ਮਹੀਨਾ ਚੁਣਦਾ ਹੈ। ਸਮਾਂ ਢਲਦੀ ਦੁਪਹਿਰ ਵਾਲਾ ਦਰਸਾ ਕੇ ਵੀ ਉਹ ਦੋ ਸੰਕੇਤ ਦੇ ਰਿਹਾ ਹੈ, ਸ਼ਾਮਾਂ ਪੈਣ ਵਾਲੀਆਂ ਹਨ ਤੇ ਇਸ ਤੋਂ ਪਹਿਲਾਂ ਕਿ ਕਾਲੀ ਬੋਲੀ ਰਾਤ ਇਨਸਾਨੀਅਤ ਦਾ ਬਚਿਆ ਖੁਚਿਆ ਵਜੂਦ ਨਿਗਲ ਜਾਵੇ, ਕੁਝ ਨਾ ਕੁਝ ਕਰਨਾ ਪਏਗਾ। ਦੂਜਾ ਸੰਕੇਤ ਇਹ ਹੈ ਕਿ ਜਦੋਂ ਤੱਤੀਆਂ ਦੁਪਹਿਰਾਂ ਦਾ ਸੇਕ ਸਿਖਰ 'ਤੇ ਪਹੁੰਚ ਜਾਵੇ ਤਾਂ ਸਮਝੋ ਕਿ ਸੇਕ ਮੱਠਾ ਪੈਣ ਹੀ ਵਾਲਾ ਹੈ ਪਰ ਇਸ ਲਈ ਹੰਭਲਾ ਮਾਰਨਾ ਪਵੇਗਾ। ਇਹ ਨਾਟਕ ਉਸ ਹੰਭਲੇ 'ਚੋਂ ਨਿਕਲੀ ਹੂਕ ਹੈ। ਮੰਚ ਉਜੜਿਆ ਦ੍ਰਿਸ਼ ਪੇਸ਼ ਕਰ ਰਿਹਾ ਹੈ। ਖੜ-ਸੁਕੜ ਕਿੱਕਰ ਵਰਗੀ ਹੋਣੀ ਹੰਢਾ ਰਹੇ ਮਨੁੱਖ ਦੀ ਤਰਜਮਾਨੀ ਕਰਦੀ ਕਿੱਕਰ ਦਿਖਾਈ ਦੇ ਰਹੀ ਹੈ। ਕਿੱਕਰ ਹੇਠ ਥੜ੍ਹਾ ਹੈ। ਥੜ੍ਹੇ 'ਤੇ ਘਸਮੈਲੀਆਂ ਚਿੱਟੀਆਂ ਇੱਟਾਂ ਨਾਲ ਬਣੀ 'ਮਾਤਾ ਰਾਣੀ' ਸਭ ਦੇਖ ਰਹੀ ਹੈ ਪਰ ਚੁੱਪ ਹੈ। ਇਸ ਕਿੱਕਰ ਦੇ ਲੂੰਗ ਨਦਾਰਦ ਹਨ ਜੋ ਕਿਸੇ ਮਾਸੂਮ ਜੀਵ ਦੀ ਖੁਰਾਕ ਬਣ ਸਕਣ। ਬਲਕਿ ਇਹ ਕਿੱਕਰ ਹੁਣ ਕਾਵਾਂ ਗਿਰਝਾਂ ਦੀ ਠਾਹਰ ਬਣੀ ਹੋਈ ਹੈ ਜੋ ਇਸ 'ਤੇ ਨਿਵਾਸ ਵੀ ਕਰਦੀਆਂ ਹਨ ਤੇ ਇਸ ਦੇ ਸਿਰ ਉੱਪਰ ਵਿੱਠਾਂ ਸੁੱਟ ਇਸ ਨੂੰ ਜ਼ਲੀਲ ਵੀ ਕਰ ਰਹੀਆਂ ਹਨ। ਜ਼ਿੰਦਗੀ ਦੀ ਗੱਡੀ ਦਾ ਸਹਿਜ ਸਫਰ ਸਰਾਪਿਆ ਗਿਆ ਹੈ, ਇਸੇ ਲਈ ਮੰਚ 'ਤੇ ਗੱਡੇ ਦਾ ਟੁੱਟਾ ਪਹੀਆ ਨਜ਼ਰ ਆ ਰਿਹਾ ਹੈ। ਕਿਰਤ ਕਰਦੇ ਭੋਲੇ ਮਾਨਸ ਦੇ ਹੱਥੋਂ ਹਲ ਪੰਜਾਲੀ ਖੋਹ ਉਸਦੇ ਹੱਥ ਕਿਰਪਾਨ, ਤ੍ਰਿਸ਼ੂਲ, ਬੰਦੂਕ ਥਮਾ ਦਿੱਤੀ ਗਈ ਹੈ, ਇਸ ਲਈ ਟੁੱਟੀ ਹਲ ਪੰਜਾਲੀ ਮੰਚ ਦੀ ਨੁੱਕਰੇ ਖਾਮੋਸ਼ ਹੰਝੂ ਵਹਾ ਰਹੀ ਹੈ। ਪਿੱਛੇ ਕਰਕੇ ਇਕ ਕੋਠਾ ਦਿਖਾਈ ਦੇ ਰਿਹਾ ਹੈ, ਸੱਭਿਅਤਾ ਸੰਕਟ ਵਿਚ ਹੈ, ਪਰ ਮੁਕੰਮਲ ਢਹਿ ਢੇਰੀ ਨਹੀਂ ਹੋਈ। ਸਮੁੱਚੀ ਮੰਚ ਜੜਤ ਔਲਖ ਦੀ ਵਿਸ਼ਲੇਸ਼ਣਾਤਮਕ ਨਾਟਕਕਾਰੀ ਤੇ ਸੰਜਮੀ ਨਿਰਦੇਸ਼ਨਾਂ ਦਾ ਰਾਜ਼ ਬਿਆਨ ਕਰ ਰਹੀ ਹੈ।

ਹੁਣ ਵਕਤ ਕਾਰਜ ਅਦਾਇਗੀ ਦਾ ਹੈ। ਖੜਕ ਸਿੰਘ ਤੇ ਨੱਥੂ ਰਾਮ ਦੇ ਹੱਥਾਂ 'ਚ ਬੰਦੂਕਾਂ ਹਨ। ਔਲਖ ਦਾ ਨਾਟਕੀ ਸ਼ਿਲਪ ਬੜਾ ਸੰਖੇਪ ਹੈ, ਪਰ ਅਤਿਅੰਤ ਤਿੱਖਾ ਹੈ। ਵਕਤ ਬੋਲ ਰਿਹਾ ਹੈ, 'ਮਨੁੱਖ ਵੰਡਿਆ ਹੋਇਆ ਹੈ, ਦੇਸਾਂ ਵਿਚ, ਧਰਮਾਂ ਵਿਚ, ਨਸਲਾਂ ਵਿਚ, ਜਾਤਾਂ ਵਿਚ, ਕੁਜਾਤਾਂ ਤੇ ਜਮਾਤਾਂ ਵਿਚ!' ਵੰਡ ਜਮਾਤਾਂ ਦੀ ਹੈ, 'ਕੁਜਾਤਾਂ' ਦੀ ਪਿੱਠ ਲਾਉਣ ਦੀ ਹੈ। ਹਥਿਆਰ ਬੜੇ ਹਨ। ਧਰਮਾਂ, ਨਸਲਾਂ, ਜਾਤਾਂ ਦਾ ਹਥਿਆਰ ਸੌਖਾ ਤੇ ਅਜ਼ਮਾਇਆ ਹੋਇਆ ਹੈ। ਖੜਕ ਸਿੰਘ, ਨੱਥੂ ਰਾਮ, ਫੱਟੇ ਚੱਕ, ਹੇਤ ਰਾਮ ਦੀ ਪਹਿਲੇ ਦ੍ਰਿਸ਼ ਵਿਚ ਪਛਾਣ ਕਰਾਉਂਦਿਆਂ ਨਾਟਕਕਾਰ ਅਨੇਕਾਂ ਇਸ਼ਾਰੇ ਦਰਸ਼ਕ ਵੱਲ ਸੁੱਟਦਾ ਹੈ। ਇਹ ਸਾਰੇ 'ਤੈਅਸ਼ੁਦਾ ਖਲਨਾਇਕ' ਨਹੀਂ ਹਨ, ਭਾਵੇਂ ਹਥਿਆਰ ਸਾਰਿਆਂ ਕੋਲ ਹਨ। ਫੱਟੇ ਚੱਕ ਦੀਆਂ ਥੁੜ੍ਹਾਂ ਉਸ ਦੀਆਂ ਅੱਖਾਂ ਦੇ ਖੋਪੇ ਬਣੀਆਂ ਹੋਈਆਂ ਹਨ। ਹੇਤ ਰਾਮ ਤੀਵੀਂ ਦੀ ਭੁੱਖ ਹੱਥੋਂ ਹਰਿਆ ਬੈਠਾ ਹੈ। ਨਾਟਕ ਦੀ ਪਹਿਲੀ ਕਾਰਜ ਵਿਉਂਤ ਵੀ ਇਕ ਕੁੜੀ ਨਾਲ ਸਬੰਧਤ ਹੈ। ਪੱਚੀ ਕੁ ਵਰ੍ਹਿਆਂ ਦੀ ਮੁਟਿਆਰ ਖੱਜਲ ਖੁਆਰ ਹਾਲ 'ਚ ਚਰ੍ਹੀ 'ਚੋਂ ਨਿਕਲੀ ਹੈ। ਭੁੱਖੀਆਂ ਵਹਿਸ਼ੀ ਨਜ਼ਰਾਂ ਉਸ ਭਿਆਨਕ ਦੌਰ ਵਿਚ ਸਭ ਤੋਂ ਵਧੀਕ ਪੀੜਤ ਵਰਗ 'ਤੇ ਝਪਟ ਪੈਂਦੀਆਂ ਹਨ। ਉਹ ਮੁਸਲਿਮ ਦੰਗਾਕਾਰੀਆਂ ਤੋਂ ਡਰੀ ਸਹਿਮੀ ਅੱਲ੍ਹਾ ਦਾ ਨਾਂ ਲੈਂਦੀ ਹੈ। ਫੱਟੇ ਚੱਕ ਉਸਨੂੰ ਚਰ੍ਹੀ 'ਚ ਲੈ ਗਿਆ। ਅਸਲੀਅਤ ਜ਼ਾਹਰ ਹੁੰਦੀ ਹੈ ਕਿ ਕੁੜੀ ਤਾਂ ਸਿੱਖ ਹੈ। ਉਸਦਾ ਨਿੱਕਾ ਭੋਲੂ ਮਾਰਿਆ ਗਿਆ ਹੈ, ਉਹ ਸਦਮੇ 'ਚ ਹੈ। ਖੜਕ ਸਿੰਘ ਤੇ ਨੱਥੂ ਰਾਮ ਨੂੰ ਔਰਤ ਨਾਲ ਕੀਤੀ ਬਦਸਲੂਕੀ ਦਾ ਅਫਸੋਸ ਨਹੀਂ। ਅਫਸੋਸ ਹੈ ਤਾਂ ਏਨਾ ਕਿ ਇਹ ਮੁਸਲਿਮ ਨਹੀਂ। ਉਹ ਕੜਕਦੇ ਹਨ ਕਿ ਕਿਸੇ ਮੁਸਲੀ ਦੇ ਬੱਚੇ ਨੂੰ ਇਸ ਦੀਆਂ ਅੱਖਾਂ ਸਾਹਮਣੇ ਟੋਟੇ ਟੋਟੇ ਕੀਤਾ ਜਾਵੇ। ਮੁਟਿਆਰ ਕਿਸੇ ਹੋਰ 'ਭੋਲੂ' ਨੂੰ ਮਾਰਨ ਤੋਂ ਵਰਜਦੀ ਹੈ। ਖੜਕ ਸਿੰਘ ਨੂੰ ਦੁੱਖ ਹੈ ਕਿ ਕੁੜੀ ਹਿੰਦੂ, ਸਿੱਖ, ਮੁਸਲਮਾਨਾਂ ਵਿਚਲਾ ਫਰਕ ਸਮਝਣ ਦੀ ਹੋਸ਼ ਗੁਆ ਚੁੱਕੀ ਹੈ, ਪਰ ਔਲਖ ਤਾਂ ਕੁੱਲ ਆਲਮ ਨੂੰ ਹੋਸ਼ ਵਿਚ ਲਿਆਉਣ ਦੀ ਸਮਝ ਪੈਦਾ ਕਰ ਰਿਹਾ ਹੈ। ਇਸ ਸਮਝ ਨੂੰ ਦਰਸ਼ਕ ਦੀ ਸਮਝ ਤਕ ਰੂਪਾਂਤਰਿਤ ਕਰਨ ਲਈ ਉਹ ਮੰਚ 'ਤੇ ਗਿਆਨੀ ਗੁਰਮੁਖ ਸਿੰਘ ਨੂੰ ਲਿਆਉਂਦਾ ਹੈ। ਗੁਰਮੁਖ ਦੀਆਂ ਗੱਲਾਂ ਅੰਨ੍ਹਿਆਂ ਨੂੰ ਕੌਮ ਦੁਸ਼ਮਣੀ ਵਾਲੀਆਂ ਲੱਗਦੀਆਂ ਹਨ।

ਇਸ ਤੋਂ ਬਾਅਦ ਔਲਖ ਫਿਰ ਇਕ ਭਰਪੂਰ ਰੰਗਮੰਚੀ ਜੁਗਤ ਰਾਹੀਂ ਗੁੰਗਾ ਪਾਤਰ ਪੇਸ਼ ਕਰਦਾ ਹੈ ਜੋ ਆਪਣੀਆਂ ਅਦਾਵਾਂ ਰਾਹੀਂ ਸਵਾਲ ਕਰ ਰਿਹਾ ਹੈ, 'ਮੈਂ ਕੌਣ ਹਾਂ!' ਬੁੱਲ੍ਹੇ ਸ਼ਾਹ ਦੀ ਆਤਮਾ ਔਲਖ ਨਾਲ ਬਗਲਗੀਰ ਹੋ ਰਹੀ ਹੈ। ਉਹ ਮੰਚ ਤੋਂ ਗਿਆ ਹੈ ਤਾਂ ਇਕ ਬੁੱਢੀ ਮਾਈ ਤੇ ਇਕ ਮਾਸੂਮ ਬੱਚਾ ਖਲਕਤ ਦਾ ਚਿਹਰਾ ਬਣ ਮੰਚ 'ਤੇ ਆ ਕੇ ਦਰਸ਼ਕ ਨੂੰ ਆਪਣਾ ਚਿਹਰਾ ਪੜ੍ਹਨ ਲਈ ਪ੍ਰੇਰਦੇ ਹਨ। ਬੇਹੋਸ਼ ਮੁਟਿਆਰ ਹੋਸ਼ ਵਿਚ ਆਈ ਤੇ ਬੱਚੇ ਨੂੰ ਆਪਣਾ ਭੋਲੂ ਸਮਝ ਗਲ ਨਾਲ ਲਗਾਉਂਦੀ ਹੈ। ਆਪਣਾ ਧਰਮ ਦੱਸਣ ਤੋਂ ਚੁੱਪ ਖੜ੍ਹੀ ਮਾਈ ਦਾ ਬੱਚਾ ਅੰਨ੍ਹੇ ਨਿਸ਼ਾਨਚੀਆਂ ਨੂੰ ਗੈਰ ਮਜ਼ਹਬ ਵਾਲਾ ਲੱਗਦਾ ਹੈ। ਉਸਨੂੰ ਮਾਰ ਉਹ 'ਆਪਣੀ ਸਿੱਖ ਭੈਣ' ਦੇ ਭੋਲੂ ਦਾ ਬਦਲਾ ਲੈਣਾ ਚਾਹੁੰਦੇ ਹਨ। ਇਹ ਨਾਟਕੀ ਤਣਾਅ ਐਨਾ ਗਹਿਰਾ ਹੈ ਕਿ ਦਰਸ਼ਕ ਦੇ ਸਾਹ ਸੂਤੇ ਹੋਏ ਹਨ। ਮੁਟਿਆਰ ਚੀਖ ਰਹੀ ਹੈ ਕਿ ਇਕ ਵਾਰ ਫੇਰ ਮੇਰੇ ਭੋਲੂ ਨੂੰ ਨਾ ਮਾਰੋ। ਫਿਰਕੂ ਦਹਿਸ਼ਤ ਦੇ ਸਾਏ ਮੂੰਹ ਜ਼ੋਰ ਹਨ। ਬੱਚੇ ਨੂੰ ਘੜੀਸ ਚਰ੍ਹੀ 'ਚ ਲੈ ਗਏ। ਚਰ੍ਹੀ ਮੰਚ ਤੋਂ ਗ਼ੈਰ ਹਾਜ਼ਰ ਹੈ, ਪਰ ਦਰਸ਼ਕ ਦਾ ਸਾਹ ਇਸ ਚਰ੍ਹੀ ਨੇ ਰੋਕਿਆ ਹੋਇਆ ਹੈ। ਮੁਟਿਆਰ ਛੁਰਾ ਖੋਹ ਕੇ ਆਪਣਾ ਢਿੱਡ ਪਾੜ ਲੈਂਦੀ ਹੈ, ਮਾਂ ਹੋਣ ਦਾ ਸੰਤਾਪ ਰਾਤ ਦੇ ਸੰਨਾਟੇ ਵਿਚ ਗੂੰਜ ਰਿਹਾ ਹੈ। ਮੰਚ ਦੇ ਪਿਛਵਾੜੇ ਤੋਂ ਬੱਚੇ ਦੀਆਂ ਚੀਕਾਂ ਗੂੰਜ ਰਹੀਆਂ ਹਨ। ਬੁੱਢੀ ਮਾਈ ਦੇ ਸੰਘ 'ਚ ਫਸੇ ਬੋਲ ਕੌੜੇ ਵਿਅੰਗ ਦਾ ਲਿਬਾਸ ਪਹਿਨ ਨਾਟਕ ਨੂੰ ਉੱਚ ਦੁਆਰ ਤਕ ਲੈ ਜਾਂਦੇ ਹਨ, 'ਬਸ ਐਨੀ ਗੱਲ ਸੀ, ਕਰਤੀ ਕਹਾਣੀ ਖਤਮ!' ਇਹ ਸੰਵਾਦ ਮਨਜੀਤ ਔਲਖ ਦੀ ਅਦਾਕਾਰੀ ਦਾ ਹਾਸਿਲ ਸੀ। ਕਹਾਣੀ ਕਿੱਥੇ ਖਤਮ ਹੁੰਦੀ ਐ ਮਨਜੀਤ ਮਾਤਾ! ਜਾਰੀ ਐ। ਉਦੋਂ ਤਕ ਚੱਲਦੀ ਰਹੇਗੀ ਜਦੋਂ ਤਕ ਅੰਨ੍ਹੇ ਨਿਸ਼ਾਨਚੀਆਂ ਦੇ ਚਿਹਰਿਆਂ ਦਾ ਨਕਾਬ ਲਾਹ ਨਹੀਂ ਦਿੰਦੇ, ਫੱਟੇ ਚੱਕ ਤੇ ਹੇਤ ਰਾਮਾਂ ਦੀਆਂ ਥੁੜ੍ਹਾਂ ਦਾ ਇਲਾਜ ਨਹੀਂ ਲੱਭ ਲੈਂਦੇ! ਜਦੋਂ ਤਕ ਬਦਲਿਆਂ ਦੀ ਅੱਗ ਮਾਵਾਂ, ਭੈਣਾਂ ਤੇ ਧੀਆਂ ਦੀ ਹਿੱਕ ਲੂਹਣੋਂ ਨਹੀਂ ਟਲਦੀ, ਇਸ ਕਹਾਣੀ ਦਾ ਦਰਦ ਸਮਝੀਏ ਤੇ ਔਲਖ ਬਾਪੂ ਨੂੰ ਸੱਚੀ ਸ਼ਰਧਾਂਜਲੀ ਦੇਈਏ।



ਨਾਟਕਕਾਰ ਅਜਮੇਰ ਔਲਖ

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜੁਲਾਈ 2020 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-436




ਪੈਰਾਂ ਦੇ ਨਾਲ ਨਾਪ ਕੇ ਸੜਕਾਂ, ਅੱਪੜ ਗਏ ਸੀ ਆਪਣੇ ਦੇਸ਼।
ਕਰੋਨਿਓਂ-ਭੈੜੀ ਭੁੱਖ ਦੇਖ ਕੇ, ਮੁੜ ਆਏ ਹਾਂ ਫਿਰ ਪਰਦੇਸ।
ਰੜੇ-ਮੈਦਾਨ ਵਿਛਾ ਕੇ ਪੱਲੀ, ਮੋਟਰ ਉਤੇ ਟਿਕਾਣੇ ਕਰ ਲਏ।
ਦੇਖਣ ਨੂੰ ਅਸੀਂ ਮੁਰਦੇ ਲੱਗੀਏ, ਬਿਨਾ ਕਸੂਰੋਂ ਡੰਨ ਨੇ ਭਰ ਲਏ।

### ਕੈਪਸ਼ਨ ਮੁਕਾਬਲਾ-434



ਟਰਾਲੀ ਦੀ ਥਾਂ ਭਰ ਕੇ ਟਰਾਲਾ ਜੋੜਿਆ,
ਚਿਣ ਚਿਣ ਗੰਨਿਆਂ ਨਾਲ ਲੱਕ ਤੋੜਿਆ।
ਖੇਤ ਪੂਰਾ ਵੱਢ ਕੇ ਹੀ ਇੱਕ ਵਾਰੀ ਲੱਦਿਆ,
ਸ਼ਿੰਗਾਰ ਕੇ ਟਰੈਕਟਰ ਫੇਰ ਜੋੜ ਘੱਤਿਆ।
ਬੜਾ ਖੁੱਲ੍ਹਾ-ਡੁੱਲ੍ਹਾ ਹੈ ਕਨੂੰਨ ਮੇਰੇ ਦੇਸ਼ ਦਾ,
ਕਰਦਾ ਨਹੀਂ ਕੋਈ ਪ੍ਰਵਾਹ ਤਾਂ ਹੀ ਏਸ ਦਾ।
***-ਸੇਵਾ ਸਿੰਘ ਨੂਰਪੁਰੀ***

---

ਦੁਲਹਨ ਵਾਂਗੂੰ ਟਰੈਕਟਰ ਸਜਾ ਕੇ,
ਅਸਮਾਨ ਤੱਕ ਗੰਨਿਆਂ ਦੀ ਕੀਤੀ ਚਿਣਾਈ।
ਕਾਰਾਂ, ਸਕੂਟਰ ਤੁਰਦੇ ਖੜ੍ਹ ਗਏ,
ਰੋਕ ਲਈ ਸਾਰੀ ਆਵਾਜਾਈ।
ਜਾਨ-ਮਾਲ ਦੀ ਪ੍ਰਵਾਹ ਨਾ ਕਰਦੇ,
ਰੱਖਣ ਸੜਕਾਂ 'ਤੇ ਨਿੱਤ ਤਬਾਹੀ ਮਚਾਈ।
***-ਦਵਿੰਦਰ ਕੌਰ***

---

ਦੁਲਹਨ ਵਾਂਗ ਸਜਾ ਲਿਆ ਟਰੈਕਟਰ
ਕਰ ਲਈ ਮਿੱਲ ਜਾਣ ਦੀ ਤਿਆਰੀ।
ਚੌਗੁਣੇ ਗੰਨੇ ਦੀ ਲਾ ਲਈ ਟੀਸੀ
ਛਿੱਕੇ ਟੰਗ ਸਭ ਹੁਕਮ ਸਰਕਾਰੀ।
ਕਲਾਕਾਰੀ ਦੀ ਰੀਸ ਨਾ ਕੋਈ
ਪਰ ਟੀਸੀ ਹੋ ਗਈ ਬਹੁਤੀ ਭਾਰੀ।
ਗੁਰੂਤਾ ਕੇਂਦਰ ਦਾ ਗਿਆਨ ਨਹੀਂ ਹੈ
ਬੱਸ ਏਹੋ ਗੱਲ ਹੈ ਜਾਂਦੀ ਮਾਰੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪੰਜਾਬੀਆਂ ਦੀ ਹੋਵੇ ਟੌਹਰ ਵੱਖਰੀ
ਭਾਵੇਂ ਹੋਣ ਵਿਚ ਭਾਰਤ ਜਾਂ ਪਾਕਿਸਤਾਨ।
ਲੱਦ ਲੱਦ ਕੇ ਗੰਨੇ ਬਣਾ'ਤਾ ਬੁਰਜ ਖਲੀਫਾ
ਟਰੈਕਟਰ ਨੂੰ ਸ਼ਿੰਗਾਰ ਕੇ ਬਣਾਈ ਸ਼ਾਨ।
ਜੋਸ਼ ਹਰ ਗੱਲ 'ਚ ਹੁੰਦਾ ਬੇਹਿਸਾਬਾ
ਸਾਰਾ ਜ਼ਮਾਨਾ ਕਰਤੱਬਾਂ 'ਤੇ ਜਾਵੇ ਕੁਰਬਾਨ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਟਰਾਲਾ ਗੰਨਿਆਂ ਨਾਲ ਸਜਾਇਆ
ਮੂਹਰੇ ਟਰੈਕਟਰ ਸ਼ਿੰਗਾਰ ਕੇ ਲਾਇਆ।
ਸੜਕ 'ਤੇ ਟੌਹਰ ਨਾਲ ਚਲਾਇਆ
ਕਿੰਨਿਆਂ ਦੀ ਜਾਨ ਨੂੰ ਵਖਤ 'ਚ ਪਾਇਆ।
***-ਇੰਦਰਜੀਤ ਸਿੰਘ, ਪਿਟਸਬਰਗ***

---

ਬੇਸ਼ਕ ਕੀਤੀ ਪਈ ਕਮਾਲ
ਪਰ ਰੱਖੋ ਕਾਨੂੰਨ ਦਾ ਵੀ ਖਿਆਲ।
ਸੜਕਾਂ ਦੇ ਹਿਸਾਬ ਨਾਲ
ਲੱਦੋ ਟਰੱਕ ਜਾਂ ਟਰਾਲੀ।
ਬਾਕੀਆਂ ਨੂੰ ਵੀ ਸੜਕਾਂ 'ਤੇ
ਗੱਡੀ ਚਲਾਉਣ ਦੀ ਹੁੰਦੀ ਕਾਹਲੀ।
ਮੰਗਣ 'ਤੇ ਵੀ ਛੇਤੀ ਨਾ ਦਿੰਦੇ ਰਸਤਾ
ਇਨ੍ਹਾਂ ਤਾਂ ਕਾਨੂੰਨ ਵੀ ਕਰ'ਤਾ ਸਸਤਾ।
ਓਵਰ ਲੋਡ ਜੋ ਕਰਦਾ ਓਹਦਾ ਕੱਟੋ ਚਲਾਨ।
ਲੱਦੀ ਟਰਾਲੀ ਲੱਗੇ ਦੋ ਮੰਜ਼ਿਲਾ ਮਕਾਨ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-640-6660***

---

ਦਿਲੋਂ ਪਿਆਰੇ ਖੇਤੀ ਦੇ ਸੰਦ
ਕਿਸਾਨ ਦੀ ਮਲਕੀਅਤ ਹੁੰਦੇ
ਕਦੇ ਬਲਦ ਗੱਡਿਆਂ ਦਾ ਸ਼ਿੰਗਾਰ ਸੀ ਹੁੰਦਾ
ਮਸ਼ੀਨੀ ਯੁਗ ਟਰੈਕਟਰਾਂ ਦੀ ਦੌੜ ਲੱਗੀ
ਲਾਈਆਂ ਧਾਂਕਾਂ
ਗੰਨਿਆਂ ਦੀਆਂ ਟਰੈਕਟਰ 'ਤੇ
ਕਰ ਹਾਰ ਸ਼ਿੰਗਾਰ ਟਰੈਕਟਰ ਦਾ ਹਰ ਪਾਸਿਓਂ
ਝੋਕ ਹੀ ਦਿੱਤੀ ਪੂਰੀ ਮੀਨਾਕਾਰੀ
ਰੁਕ ਰੁਕ ਲੋਕੀਂ ਤੱਕਦੇ, ਨਾ ਥੱਕਦੇ
ਉਸਤਤ ਕਰ ਕਰ ਇਕ ਦੂਜੇ ਨੂੰ ਦੱਸਦੇ
ਪੰਧ ਮੀਲ ਦਾ ਅੱਖ ਫੁਰਨਿਆਂ 'ਚ
ਖਤਮ ਹੋ ਜਾਂਦਾ
ਝਾਤ ਮਾਰਦਾ ਜਦ ਕਦੇ ਪਿਛੇ ਵੱਲ ਮੁੜ ਕੇ
ਲੋੜ ਤੋਂ ਵੱਧ ਭਾਰ ਮਿੱਲ ਹੀ ਦੱਸੂ
ਜਦ ਲੱਗੂ ਕੰਡੇ 'ਤੇ
ਹਸ਼ ਹਸ਼ ਹੋਇਆ
ਸੀਟ 'ਤੇ ਬੈਠਾ ਢੋਲੇ ਗਾਉਂਦਾ।
***-ਦਰਸ਼ਨਪਾਲ ਦੋਸਾਂਝ***

# ਸ਼ਰਮ ਦਾ ਸਰਮਾਇਆ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਰੰਭਾ ਤੇ ਜਵਾਕ ਚੰਡੇ ਜਾਣ ਦੀ ਗੱਲ ਨੂੰ ਛਾਂਗੇ ਜਾਣ ਦੇ ਪ੍ਰਸੰਗ ਵਿਚ ਪੇਸ਼ ਕਰਦਿਆਂ ਕਿਹਾ ਸੀ, "ਮਨੁੱਖ ਅਤੇ ਰੁੱਖ-ਦੋਵੇਂ ਹੀ ਛਾਂਗ-ਛੰਗਾਈ ਪਿਛੋਂ ਫਿਰ ਫੁੱਟਦੇ ਤੇ ਕਰੂਬਲਾਂ ਨਿਕਲਦੀਆਂ।...ਮਨੁੱਖ ਅਤੇ ਰੁੱਖ ਵਿਚ ਫਰਕ ਇਹ ਹੁੰਦਾ ਕਿ ਛਾਂਗੇ ਗਏ ਰੁੱਖ ਆਪਣੀ ਉਰਜਾ ਨੂੰ ਸਹੀ ਪਾਸੇ ਲਾ ਕੇ ਤਣੇ ਤੇ ਟਾਹਣੀਆਂ ਨੂੰ ਨਰੋਈ ਸੇਧ ਦਿੰਦੇ ਅਤੇ ਆਲੇ-ਦੁਆਲੇ ਨੂੰ ਭਾਗ ਲਾਉਂਦੇ; ਪਰ ਮਨੁੱਖ ਛਾਂਗੇ ਜਾਣ 'ਤੇ ਵੀ ਕਈ ਵਾਰ ਆਪਣੀਆਂ ਕੋਝੀਆਂ ਹਰਕਤਾਂ, ਕਮੀਨੀਆਂ ਚਾਲਾਂ ਅਤੇ ਕੋਹਜਪੁਣੇ ਨੂੰ ਜਾਹਰ ਕਰਨੋਂ ਬਾਜ ਨਹੀਂ ਆਉਂਦਾ।" ਹਥਲੇ ਲੇਖ ਵਿਚ ਉਨ੍ਹਾਂ ਬੇਸ਼ਰਮੀ ਨੂੰ ਸ਼ਰਮਸਾਰ ਕੀਤਾ ਹੈ, "ਸ਼ਰਮ ਜਦ ਬੇਸ਼ਰਮੀ ਵੱਲ ਅਹੁਲਦੀ ਤਾਂ ਇਸ ਦੀ ਕੋਈ ਹੱਦ ਨਹੀਂ ਰਹਿੰਦੀ। ਇਹ ਨਿਵਾਣ ਵੱਲ ਖਿੱਸਕਦੀ, ਗਰਕਣੀ ਭਰੇ ਜੀਵਨ-ਰਾਹ ਨੂੰ ਚੁਣਨ ਲਈ ਮਜਬੂਰ ਹੋ ਜਾਂਦੀ, ਜੋ ਸਿਰਫ ਨਰਕ ਵੰਨੀਂ ਜਾਂਦਾ। ਇਸ ਤੋਂ ਪਹਿਲਾਂ ਕਿ ਸਾਡੇ ਪੈਰ ਬੇਸ਼ਰਮੀ ਵੱਲ ਵੱਧਣ, ਲੋੜ ਹੈ ਕਿ ਬੇਸ਼ਰਮੀ ਦੀਆਂ ਅਲਾਮਤਾਂ ਤੋਂ ਜਾਣੂ ਜਰੂਰ ਹੋਈਏ।" ਡਾ. ਭੰਡਾਲ ਕਹਿੰਦੇ ਹਨ, "ਸ਼ਰਮ ਦੀ ਸ਼ਾਬਦਿਕ ਅਰਥਾਂ ਤੋਂ ਹੱਟ ਕੇ, ਇਸ ਦੇ ਅੰਤਰੀਵ ਵਿਚ ਉਤਰਨ ਦੀ ਲੋੜ। ਸਮਾਜ ਵਿਚ ਬਹੁਤ ਕੁਝ ਮਾੜਾ ਇਸ ਲਈ ਹੀ ਵਾਪਰ ਰਿਹਾ, ਕਿਉਂਕਿ ਅਸੀਂ ਸ਼ਰਮ ਨੂੰ ਤਿਲਾਂਜਲੀ ਜੋ ਦੇ ਚੁਕੇ ਹਾਂ।" -ਸੰਪਾਦਕ***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸ਼ਰਮ, ਸਾਇਸ਼ਤਗੀ, ਸਿਆਣਪ, ਸੁਹੱਪਣ ਅਤੇ ਸੁਹਜ ਦਾ ਸੁੰਦਰ ਸੁਮੇਲ। ਸਮਾਜਕ ਸਰੋਕਾਰਾਂ ਦੀ ਪੂਰਨ ਸਮਝ ਅਤੇ ਇਨ੍ਹਾਂ ਦੀ ਸਾਰਥਕਤਾ 'ਤੇ ਸੰਵੇਦਨਾ ਦੀ ਚੜ੍ਹੀ ਹੋਈ ਚਾਸ਼ਣੀ।

ਸ਼ਰਮ, ਨਫਾਸਤ, ਨਿਆਰਾਪਣ, ਨਿਮਾਣਾਪਣ, ਨੇਕਨੀਤੀ ਅਤੇ ਨਰਮਦਿਲੀ ਦਾ ਨਾਮਕਰਨ। ਇਸ ਵਿਚੋਂ ਹੀ ਪੈਦਾ ਹੁੰਦੀ ਨਵੀਨਤਮ ਮਾਰਗਾਂ ਦੀ ਨਿਸ਼ਾਨਦੇਹੀ ਅਤੇ ਇਨ੍ਹਾਂ 'ਤੇ ਤੁਰਨ ਦੀ ਆਸਥਾ।

ਸ਼ਰਮ, ਪਰਦਾਦਾਰੀ ਤੇ ਬੇ-ਪਰਦਾਦਾਰੀ ਵਿਚ ਵੀ, ਓਹਲੇ 'ਚ ਤੇ ਪ੍ਰਤੱਖ ਵੀ, ਅਦਿੱਖ ਵੀ ਤੇ ਦ੍ਰਿਸ਼ਟਮਾਨ ਵੀ ਅਤੇ ਕਾਰਜਸ਼ੈਲੀ ਵਿਚ ਵੀ ਪ੍ਰਗਟਦੀ ਤੇ ਸੂਖਮ ਰੂਪ ਵਿਚ ਸੁੱਤੇ-ਸਿੱਧ ਵੀ ਹਾਜ਼ਰ-ਨਾਜ਼ਰ।

ਸ਼ਰਮ, ਸਥਾਪਤ ਰਹੁਰੀਤਾਂ ਨੂੰ ਨਕਾਰਨਾ ਨਹੀਂ, ਸਗੋਂ ਇਨ੍ਹਾਂ ਦੇ ਸੁਹਜ ਅਤੇ ਸੁੰਦਰਤਾ ਨੂੰ ਨਵੀਂਆਂ ਹਾਲਤਾਂ ਵਿਚੀਂ ਪਰਖਦਿਆਂ, ਦੂਣ ਸਵਾਇਆ ਰੂਪ ਚਾੜ੍ਹਨਾ ਹੁੰਦਾ।

ਸ਼ਰਮ, ਪਰਿਵਾਰਕ ਦਾਇਰੇ, ਸਮਾਜਕ ਵਲਗਣਾਂ, ਕੌਮਾਈ ਧਰਾਤਲ ਜਾਂ ਖਾਸ ਮਿੱਟੀ ਵਿਚੋਂ ਹੀ ਪੈਦਾ ਹੁੰਦੀ, ਜੋ ਮਾਣ-ਮਰਿਆਦਾ ਦਾ ਬਾਣਾ ਪਾ, ਨਿਵੇਕਲੇ ਸਮਾਜਕ ਸੰਦਰਭਾਂ ਨੂੰ ਅਪਨਾਉਣ ਅਤੇ ਇਨ੍ਹਾਂ ਦੇ ਸੁੱਚਮ ਨੂੰ ਪ੍ਰਗਟਾਉਣ ਦੀ ਉਤੇਜਨਾ ਵੀ ਹੁੰਦੀ।

ਸ਼ਰਮ, ਵਿਅਕਤੀਤਵ ਦਾ ਸੁਹਜਮਈ ਝਲਕਾਰਾ। ਵਿਅਕਤੀ ਦੀ ਅਜਿਹੀ ਦਿੱਖ ਰੂਪਮਾਨ ਹੁੰਦੀ, ਜੋ ਕਿਸੇ ਤੋਂ ਲੁਕੋਈ ਜਾਂ ਛੁਪਾਈ ਨਹੀਂ ਜਾ ਸਕਦੀ। ਇਹ ਸਵੈ-ਪ੍ਰਗਟਾਵੇ ਦਾ ਬਿਹਤਰ ਸਰੂਪ।

ਸ਼ਰਮ, ਲਿਬਾਸ, ਬੋਲਬਾਣੀ, ਵਰਤਾਅ, ਸਮਾਜਕ ਵਿਹਾਰ, ਕੰਮਕਾਜ ਵਿਚਲੇ ਸੁਚਿਆਰੇਪਣ ਅਤੇ ਨਿਆਰੇਪਣ ਵਿਚੋਂ ਵੀ ਝਲਕਦੀ।

ਸ਼ਰਮ ਰੂਪੀ ਗਹਿਣਾ ਹਰ ਵਿਅਕਤੀ ਦਾ ਹਾਸਲ ਹੋਵੇ ਤਾਂ ਇਸ ਦੀ ਕਿਰਨ-ਮਈ ਛੂਹ ਨਾਲ ਕਾਲਖ ਧੋਤੀ ਜਾਂਦੀ। ਰੂਪ ਚਮਕਣ ਅਤੇ ਦਮਕਣ ਲੱਗਦਾ। ਇਸ ਦੇ ਚਾਨਣ ਵਿਚ ਧੁੰਦਿਆ ਜਾਂਦੇ ਮੀਸਣੇ ਨੈਣ।

ਸ਼ਰਮ ਨੂੰ ਸਮਝਣ, ਅਪਨਾਉਣ ਅਤੇ ਇਸ ਦੀਆਂ ਰਹਿਮਤਾਂ ਵਿਚੋਂ ਜੀਵਨ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਸ਼ਰਮ ਦੀ ਸ਼ਾਬਦਿਕ ਅਰਥਾਂ ਤੋਂ ਹੱਟ ਕੇ, ਇਸ ਦੇ ਅੰਤਰੀਵ ਵਿਚ ਉਤਰਨ ਦੀ ਲੋੜ। ਇਸ ਨੂੰ ਰੂਹ ਵਿਚ ਰਮਾ ਕੇ ਹੀ ਇਸ ਦੀਆਂ ਬਖਸ਼ਿਸ਼ਾਂ ਦੀ ਪ੍ਰਾਪਤੀ ਦਾ ਹਾਸਲ ਬਣਿਆ ਜਾ ਸਕਦਾ।

ਸ਼ਰਮ ਸਿਰਫ ਬਾਹਰੀ ਹੀ ਨਹੀਂ ਹੁੰਦੀ। ਇਹ ਝੁਕੇ ਹੋਏ ਨੈਣਾਂ, ਕਿਸੇ ਦੇ ਅਦਬ ਵਿਚ ਖੁਦ ਨੂੰ ਅਰਪਿੱਤ ਕਰਨ ਅਤੇ ਇਲਾਹੀ ਦਿੱਖ ਵਿਚ ਵੀ ਨਜ਼ਰ ਆਉਂਦੀ। ਸਿਰਫ ਲੋੜ ਹੈ, ਦੂਜਾ ਵਿਅਕਤੀ ਇਸ ਦੀ ਤਹਿ ਤੀਕ ਪਹੁੰਚਣਾ ਜਾਣਦਾ ਹੋਵੇ, ਕਿਉਂਕਿ ਸ਼ਰਮ ਦੀ ਸੁੱਚਮਤਾ ਅਤੇ ਉਚਤਮਤਾ ਨੂੰ ਸਿਰਫ ਸੁੰਦਰ ਵਿਅਕਤੀਤਵ ਦੇ ਮਾਲਕ ਹੀ ਸਮਝ ਸਕਦੇ।

ਸ਼ਰਮ ਨੂੰ ਸਿਰਫ ਨੰਗੇਜ਼, ਲੱਚਰਤਾ, ਘਟੀਆ ਬੋਲ-ਬਾਣੀ ਜਾਂ ਉਜੱਡਪੁਣੇ ਤੀਕ ਸੀਮਤ ਨਾ ਕਰੋ। ਬਹੁਤ ਰੂਪ ਨੇ ਸ਼ਰਮ ਦੇ। ਕਈ ਵਾਰ ਓਪਰੇ ਬੇਸ਼ਰਮੀ ਭਰੇ ਵਰਤਾਰਿਆਂ ਵਿਚ ਵੀ ਸ਼ਰਮ-ਹਯਾ ਦੀ ਡੂੰਘੀ ਪਰਤ ਮਨੁੱਖ ਨੂੰ ਅੰਦਰ ਤੀਕ ਹਲੂਣਦੀ ਹੈ। ਅਜਿਹੇ ਵਿਅਕਤੀ ਦੇ ਕਰਮ-ਧਰਮ ਵਿਚ ਰਮੀ ਸ਼ਰਮ, ਮਨੁੱਖੀ ਵਰਤਾਰਿਆਂ ਨੂੰ ਨਵੀਆਂ ਸੰਭਾਵਨਾਵਾਂ ਪ੍ਰਤੀ ਪ੍ਰੇਰਿਤ ਵੀ ਕਰਦੀ ਹੈ।

ਸ਼ਰਮ-ਹਯਾ ਦਾ ਗਹਿਣਾ, ਕਦੇ ਸਮਾਜ ਦਾ ਸਭ ਤੋਂ ਵੱਡਾ ਅਤੇ ਕੀਮਤੀ ਗਹਿਣਾ ਹੁੰਦਾ ਸੀ। ਬਜੁਰਗਾਂ ਜਾਂ ਵੱਡਿਆਂ ਦੀ ਅੱਖ ਦੀ ਸ਼ਰਮ, ਛੋਟਿਆਂ ਨੂੰ ਕਿਸੇ ਵੀ ਸੰਭਾਵਤ ਗਲਤ ਕੰਮ ਕਾਰਨ ਜਾਂ ਗਲਤ ਰਾਹ ਤੋਂ ਤੁਰਨ ਤੋਂ ਵਰਜਦੀ ਸੀ। ਇਕ ਅਪਣੱਤ-ਰੂਪੀ ਸ਼ਰਮ ਹੁੰਦੀ ਸੀ, ਸਮਾਜਕ ਵਰਤਾਰਿਆਂ ਵਿਚ। ਇਸ ਵਿਚ ਹੁੰਦੀ ਸੀ, ਚੰਗਿਆਈ ਅਤੇ ਭਲਿਆਈ ਭਰੀ ਭਾਵਨਾ ਤਾਂ ਕਿ ਕੱਚੀ ਉਮਰੇ ਕਿਸੇ ਦੇ ਪੈਰ ਨਾ ਥਿੜਕਣ ਤੇ ਉਹ ਸਾਬਤ ਕਦਮੀਂ ਜੀਵਨ-ਉਦੇਸ਼ ਨੂੰ ਪੂਰਾ ਕਰ ਸਕੇ। ਇਹ ਸ਼ਰਮ ਇਕ ਆਦਤ ਅਤੇ ਆਦਰਯੋਗ ਅਕੀਦਤ ਦੇ ਰੂਪ ਵਿਚ ਹਰ ਕੋਈ ਅਪਨਾਉਂਦਾ ਸੀ। ਇਸ ਵਿਚੋਂ ਉਸ ਦੀ ਹੋਂਦ ਨੂੰ ਹਾਸਲ ਅਤੇ ਵਿਅਕਤੀਤਵ ਨੂੰ ਪਛਾਣ ਤੇ ਪ੍ਰਵਾਨਗੀ ਮਿਲਦੀ ਸੀ।

ਅਜਿਹੀ ਸ਼ਰਮ ਦਰਅਸਲ ਇਕ ਦੂਜੇ ਪ੍ਰਤੀ ਸਮਰਪਣ ਦੀ ਭਾਵਨਾ ਸੀ, ਜੋ ਸੇਧ ਅਤੇ ਸੰਜੀਦਗੀ ਪ੍ਰਦਾਨ ਕਰਦੀ ਸੀ। ਬਹੁਤੀ ਵਾਰ ਇਸ ਵਿਚੋਂ ਹੀ ਸੁਪਨੇ ਜਨਮ ਲੈਂਦੇ ਸਨ, ਜਿਨ੍ਹਾਂ ਦੀ ਪ੍ਰਾਪਤੀ ਵਿਚ ਸ਼ਰਮ-ਹਯਾ ਦਾ ਬਹੁਤ ਵੱਡਾ ਰੋਲ ਹੁੰਦਾ ਸੀ। ਇਸ ਦੇ ਗਵਾਚਣ ਨਾਲ ਬਹੁਤ ਕੁਝ ਗਵਾਚ ਗਿਆ ਏ, ਜਿਸ ਦੇ ਪਰਤਣ ਦੀ ਹੁਣ ਕੋਈ ਆਸ ਨਹੀਂ ਰਹੀ।

ਸ਼ਰਮ ਜਦ ਬੇਸ਼ਰਮੀ ਵੱਲ ਅਹੁਲਦੀ ਤਾਂ ਇਸ ਦੀ ਕੋਈ ਸੀਮਾ ਨਹੀਂ ਰਹਿੰਦੀ। ਇਹ ਨਿਵਾਣ ਵੱਲ ਖਿੱਸਕਦੀ, ਗਰਕਣੀ ਭਰੇ ਜੀਵਨ-ਰਾਹ ਨੂੰ ਚੁਣਨ ਲਈ ਮਜਬੂਰ ਹੋ ਜਾਂਦੀ, ਜੋ ਸਿਰਫ ਨਰਕ ਵੰਨੀਂ ਜਾਂਦਾ। ਸ਼ਖਸੀ ਆਜ਼ਾਦੀ ਬਹੁਤ ਜਰੂਰੀ ਹੈ, ਪਰ ਇਹ ਆਜ਼ਾਦੀ ਜਦ ਇਕ ਹੱਦ ਤੋਂ ਅਗਾਂਹ ਲੰਘ ਜਾਂਦੀ ਤਾਂ ਇਹ ਆਜ਼ਾਦੀ ਨਾ ਹੋ ਕੇ ਅਰਾਜਕਤਾ ਬਣਦੀ। ਅਜਿਹੇ ਹਾਲਾਤ ਵਿਚੋਂ ਜੀਵਨ ਨੂੰ ਪਰਿਭਾਸ਼ਤ ਤੇ ਨਿਰਧਾਰਤ ਕਰਨਾ ਅਤੇ ਉਲਾਰ ਹੋਣ ਤੋਂ ਬਗੈਰ, ਸੁੰਦਰ ਜੀਵਨ-ਜਾਚ ਨਾਲ ਜਿਉਣਾ ਸੰਭਵ ਨਹੀਂ ਹੁੰਦਾ।

ਸ਼ਰਮ ਨੂੰ ਕਦੇ ਵੀ ਆਦਮੀ ਅਤੇ ਔਰਤ ਵਿਚ ਨਹੀਂ ਵੰਡਿਆ ਜਾ ਸਕਦਾ। ਦੋਹਾਂ ਲਈ ਬਰਬਾਰ। ਦੋਹਾਂ ਦੀ ਨਿਜੀ ਜਾਂ ਪਰਿਵਾਰਕ ਜ਼ਿੰਦਗੀ ਵਿਚ ਬਰਬਾਰ ਦੀ ਅਹਿਮੀਅਤ। ਸਮਾਜਕ ਦਾਇਰਿਆਂ ਵਿਚ ਵਿਚਰਦਿਆਂ ਸਮਾਜਕ ਪ੍ਰਾਣੀ ਨੂੰ ਇਸ ਦੀਆਂ ਸੀਮਾਵਾਂ ਨੂੰ ਨਿਰਧਾਰਤ ਕਰਨਾ ਪਵੇਗਾ ਤਾਂ ਹੀ ਅਸੀਂ ਇਸ ਦੀ ਸੰਵੇਦਨਾ ਨੂੰ ਆਪਣੇ ਮਸਤਕ ਦੇ ਨਾਮ ਕਰ, ਇਸ ਦਾ ਟਿੱਕਾ ਮੱਥੇ 'ਤੇ ਸਜਾਉਣ ਦੇ ਕਾਬਲ ਹੋ ਸਕਾਂਗੇ।

ਸ਼ਰਮ ਤੋਂ ਬੇਸ਼ਰਮੀ ਵੱਲ ਜਾਂਦਿਆਂ ਮਨੁੱਖ ਇਹ ਕਦੇ ਨਹੀਂ ਸੋਚਦਾ ਕਿ ਕੀ ਅਜਿਹਾ ਵਰਤਾਰਾ ਜਾਇਜ਼ ਹੈ? ਕੀ ਇਸ ਰਾਹ 'ਤੇ ਤੁਰਿਆਂ ਸਮਾਜ ਨੂੰ ਸੁੰਦਰ ਦਿੱਖ ਪ੍ਰਦਾਨ ਕੀਤੀ ਜਾ ਸਕਦੀ ਏ? ਕੀ ਮਨੁੱਖੀ ਸੰਵੇਦਨਾ ਤੇ ਸਮਾਜਕ ਸਰੋਕਾਰਾਂ ਦੀ ਅਣਦੇਖੀ ਕੀਤਿਆਂ ਕੁਝ ਪ੍ਰਾਪਤ ਕੀਤਾ ਜਾ ਸਕਦਾ ਏ? ਕੀ ਆਪਣੇ ਆਪ ਤੋਂ ਦੂਰ ਜਾ ਕੇ, ਆਪਣੀ ਹੀ ਬੇਰੁੱਖੀ ਵਿਚੋਂ ਕੁਝ ਹਾਸਲ ਕੀਤਾ ਜਾ ਸਕਦਾ? ਮਨੁੱਖ ਨੂੰ ਸਵੈ-ਚਿੰਤਨ ਕਰਨ ਅਤੇ ਤਮੰਨਾ ਤੇ ਤਰਜ਼ੀਹਾਂ ਨੂੰ ਖੁਦ ਨਿਰਧਾਰਤ ਕਰਨ ਦੀ ਬਹੁਤ ਲੋੜ ਹੈ।

ਸ਼ਰਮ ਤੋਂ ਬੇਸ਼ਰਮੀ ਵੱਲ ਵਧਦਿਆਂ ਮਨੁੱਖ ਨੇ ਹਰ ਖੇਤਰ ਵਿਚ ਹੀ ਆਪਣੀ ਨਿਲੱਜਤਾ ਨੂੰ ਨਿਲਾਮ ਕੀਤਾ ਏ। ਭਾਵੇਂ ਆਪਣੀਆਂ ਧੀਆਂ ਜਿਹੀਆਂ ਬੱਚੀਆਂ ਦਾ ਸਰੀਰਕ ਸ਼ੋਸ਼ਣ ਹੋਵੇ, ਸਮਾਜਕ ਸਬੰਧਾਂ ਦੀ ਸ਼ੱਰੇਆਮ ਉਲੰਘਣਾ ਹੋਵੇ, ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਪਲੀਤ ਕਰਕੇ ਲੀਰੋ ਲੀਰ ਕਰਨਾ ਹੋਵੇ, ਭੈਣ-ਭਰਾਵਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਹੋਵੇ, ਨਿਜੀ ਮੁਫਾਦ ਲਈ ਜੱਦੀ ਖੇਤ ਵਿਚ ਹੀ ਆਪਣਿਆਂ ਦੀ ਕਬਰ ਬਣਾਉਣਾ ਹੋਵੇ, ਬੁੱਢੇ ਅਤੇ ਲਾਚਾਰ ਮਾਪਿਆਂ ਨੂੰ ਘਰੋਂ ਕੱਢਣਾ ਹੋਵੇ, ਮਾਂ ਬਾਪ ਦੇ ਪਿਆਰ ਅਤੇ ਲਾਡ-ਦੁਲਾਰ ਨੂੰ ਘੱਟੇ ਮਿੱਟੀ ਰੋਲਣਾ ਹੋਵੇ, ਬਜੁਰਗਾਂ ਦੀਆਂ ਅਸੀਸਾਂ ਨਾਲ ਪ੍ਰਵਾਨ ਚੜ੍ਹਿਆਂ ਦਾ ਵਡੇਰਿਆਂ ਨੂੰ ਠੇਡੇ ਮਾਰਨਾ ਹੋਵੇ ਜਾਂ ਮੰਨਤਾਂ ਮੰਗਣ ਵਾਲੇ ਮਾਪਿਆਂ ਦੀ ਮੌਤ ਦੀਆਂ ਅਰਦਾਸਾਂ ਕਰਵਾਉਣੀਆਂ ਹੋਣ। ਕਿੰਨੇ ਬੇਸ਼ਰਮ ਹੋ ਗਏ ਹਾਂ ਅਸੀਂ? ਕਿੰਨੀ ਨੀਚਤਾ ਆ ਗਈ ਏ ਸਾਡੀ ਸੋਚ ਵਿਚ? ਕਿੰਨੀ ਬੇਸ਼ਰਮੀ ਤੇ ਬੇਹਯਾਈ ਹੈ ਸਾਡੀ ਬੋਲਬਾਣੀ ਵਿਚ? ਕਿਉਂ ਭੁੱਲ ਗਏ ਹਾਂ ਆਪਣੇ-ਪਰਾਏ ਦਾ ਫਰਕ? ਕਿੰਨੇ ਅਕ੍ਰਿਤਘਣ ਹੋ ਗਏ ਕਿ ਆਪਣੇ ਆਪ ਨੂੰ ਦਾਅ 'ਤੇ ਲਾ ਕੇ ਬੱਚੇ ਦੀ ਹਰ ਮੰਗ ਤੇ ਆਸ ਨੂੰ ਪੂਰਾ ਕਰਨ ਲਈ ਨਿਲਾਮ ਹੋਣ ਵਾਲੇ ਮਾਪਿਆਂ ਦਾ ਸਿਵਾ ਸੇਕਣ ਲਈ ਸੋਚਣ ਲੱਗ ਪਏ ਹਾਂ?

ਇਹ ਬੇਸ਼ਰਮੀ ਦੀ ਅੱਤ ਹੀ ਹੈ ਕਿ ਭਰਾ, ਭੈਣ ਨਾਲ ਵਿਆਹ ਕਰਵਾ ਕੇ ਵਿਦੇਸ਼ ਨੂੰ ਜਾਣ ਦਾ ਸੁਪਨਾ ਪੂਰਾ ਕਰ ਰਿਹਾ ਏ, ਮਾਪੇ ਪਰਵਾਸੀ ਦੁਹਾਜੂਆਂ ਨਾਲ ਧੀਆਂ ਦਾ ਸੌਦਾ ਕਰਨ ਨੂੰ ਪਹਿਲ ਦੇ ਰਹੇ ਨੇ ਅਤੇ ਕੁਝ ਮਾਪੇ ਪੁੱਤਾਂ ਦੀ ਸ਼ੱਰੇ-ਬਾਜ਼ਾਰ ਬੋਲੀ ਲਾ ਉਨ੍ਹਾਂ ਦੀ ਵੱਟਤ ਵੱਟ ਰਹੇ ਨੇ। ਇਸ ਨੂੰ ਕੇਹੀ ਬੇਸ਼ਰਮੀ ਅਤੇ ਕੁਹਜਪੁਣੇ ਦਾ ਨਾਮ ਦਿਓਗੇ, ਜਦ ਅਸੀਂ ਕੁੱਖਾਂ ਵਿਚ ਧੀਆਂ ਮਾਰ ਰਹੇ ਹਾਂ, ਨਿਜੀ ਮੁਫਾਦ ਲਈ ਹਰ ਚੀਜ ਹੀ ਨਕਲੀ ਮਿਲ ਰਹੀ ਹੈ। ਕੀ ਇਸ ਨੂੰ ਬਣਾਉਣ ਤੇ ਵੇਚਣ ਵਾਲੇ ਆਪ ਬਚ ਜਾਣਗੇ? ਜਦ ਗੜ੍ਹੇ ਖੇਤ ਵਿਚ ਖੜੀ ਫਸਲ ਨੂੰ ਤਬਾਹ ਕਰਦੇ ਨੇ ਤਾਂ ਗੜਿਆਂ ਦਾ ਵਜੂਦ ਵੀ ਆਪਣੇ ਆਪ ਹੀ ਖੇਤ ਵਿਚ ਨਸ਼ਟ ਹੋ ਜਾਂਦਾ ਏ।

ਸ਼ਰਮ ਤੋਂ ਬੇਸ਼ਰਮੀ ਵੱਲ ਨੂੰ ਜਾਂਦਿਆਂ ਰਾਹ ਵਿਚ ਕੰਡੇ ਹੀ ਮਿਲਣਗੇ, ਖੱਡੇ ਅਤੇ ਖਾਈਆਂ ਨੂੰ ਉਲੰਘਣ ਲੱਗਿਆਂ ਬਹੁਤ ਕਸ਼ਟ ਹੋਵੇਗਾ। ਰਾਹ ਦੀਆਂ ਦੁਸ਼ਵਾਰੀਆਂ ਜਿਉਣਾ ਦੁੱਭਰ ਕਰ ਦੇਣਗੀਆਂ। ਇਸ ਤੋਂ ਪਹਿਲਾਂ ਕਿ ਸਾਡੇ ਪੈਰ ਬੇਸ਼ਰਮੀ ਵੱਲ ਵੱਧਣ, ਲੋੜ ਹੈ ਕਿ ਬੇਸ਼ਰਮੀ ਦੀਆਂ ਅਲਾਮਤਾਂ ਤੋਂ ਜਾਣੂ ਜਰੂਰ ਹੋਈਏ।

ਸ਼ਰਮ ਜਾਂ ਬੇਸ਼ਰਮੀ, ਮਨ ਦੀ ਉਪਜ। ਇਹ ਮਨੁੱਖ 'ਤੇ ਨਿਰਭਰ ਕਿ ਉਹ ਕਿਸ ਨੂੰ ਸ਼ਰਮ ਮੰਨਦਾ ਅਤੇ ਕਿਸ ਨੂੰ ਬੇਸ਼ਰਮੀ ਸਮਝਦਾ। ਇਹ ਤਾਂ ਮਨੁੱਖੀ ਲਾਲਸਾ ਵਿਚਲਾ ਲੋਭ। ਕਰਮ-ਧਰਮ ਵਿਚਲਾ ਪਾੜਾ। ਹੋਂਦ ਤੇ ਹਾਸਲ ਵਿਚਲਾ ਅੰਤਰ। ਫਰਜ਼ ਅਤੇ ਹੱਕ ਵਿਚਲਾ ਫਰਕ। ਕੀਰਤੀ ਅਤੇ ਕੁਕਰਮ ਦਾ ਵਿਰੋਧਾਭਾਸ। ਨੇਕਨੀਤੀ ਤੇ ਨਾਲਾਇਕੀ ਵਿਚਲੀ ਦੂਰੀ ਅਤੇ ਖੁਦਦਾਰੀ ਤੇ ਖਬਤ ਵਿਚਲਾ ਅਸਾਵਾਂਪਣ।

ਸ਼ਰਮਾਕਲ ਲੋਕਾਂ ਨੂੰ ਕਿਸੇ ਬੋਲ, ਇਸ਼ਾਰੇ, ਸੈਨਤ, ਲਿਬਾਸ ਜਾਂ ਵਰਤਾਰੇ ਵਿਚੋਂ ਵੀ ਸ਼ਰਮ ਨਜ਼ਰ ਆਉਂਦੀ। ਉਹ ਖੁਦ ਨੂੰ ਇਸ ਸਥਿੱਤੀ ਵਿਚ ਦੇਖ ਕੇ ਹੀ ਪਾਣੀ ਪਾਣੀ ਹੋ ਜਾਂਦੇ, ਜਦ ਕਿ ਬੇਸ਼ਰਮ ਲੋਕ ਬੇਹਯਾਈ ਵਿਚੋਂ ਹੀ ਆਪਣੀ ਨਿਜਤਾ ਅਤੇ ਆਜ਼ਾਦੀ ਦਾ ਢੰਡੋਰਾ ਬਣ ਜਾਂਦੇ।

ਸ਼ਰਮਾਕਲ ਹੋਣਾ ਕੋਈ ਘਟੀਆਪਣ ਨਹੀਂ, ਜਦ ਤੀਕ ਇਹ ਤੁਹਾਡੇ ਵਰਤੋਂ-ਵਿਹਾਰ, ਜੀਵਨ-ਜਾਚ ਜਾਂ ਨਿਜੀ ਜ਼ਿੰਦਗੀ ਵਿਚ ਕੋਈ ਕਮੀ ਜਾਂ ਊਣਤਾਈ ਨਾ ਬਣੇ। ਇਹ ਤਾਂ ਸਗੋਂ ਬਹੁਤ ਕੀਮਤੀ ਗਹਿਣਾ। ਇਸ ਨੇ ਸਦਾ ਰਹਿਣਾ, ਜਿਸ ਵਿਚੋਂ ਹੀ ਬਹੁਤ ਕੁਝ ਪ੍ਰਾਪਤ ਕਰਨਾ ਹੁੰਦਾ।

ਸ਼ਰਮ ਦੀ ਮਨੁੱਖੀ ਬਰਾਬਰੀ ਨਾਲ ਕੋਈ ਤੁਲਨਾ ਨਾ ਕਰੋ। ਜੀਵਨ ਦੇ ਹਰ ਰੰਗ ਵਿਚ ਮਨੁੱਖੀ ਬਰਾਬਰੀ ਜਰੂਰੀ, ਪਰ ਬਰਾਬਰੀ ਹੁੰਦਿਆਂ ਹਰੇਕ ਲਈ ਸ਼ਰਮ-ਰੂਪੀ ਗਹਿਣੇ ਨੂੰ ਸਜਾਉਣਾ ਹੋਰ ਵੀ ਜਰੂਰੀ ਹੁੰਦਾ।

ਸ਼ਰਮ ਨੂੰ ਸਰੀਰ ਤੀਕ ਹੀ ਸੀਮਤ ਨਾ ਕਰੋ। ਇਸ ਨੂੰ ਆਪਣੇ ਵਰਤੋਂ-ਵਿਹਾਰ, ਚੱਜ-ਅਚਾਰ, ਕਿਰਦਾਰ ਅਤੇ ਬੋਲ-ਚਾਲ ਰਾਹੀਂ ਆਪਣੀ ਸਮੁੱਚਤਾ ਵਿਚ ਪ੍ਰਗਟਾਓਗੇ ਤਾਂ ਸ਼ਰਮ ਬਹੁ-ਅਰਥੀ, ਬਹੁ-ਪਰਤੀ ਅਤੇ ਅਸੀਮਤ ਰੰਗ-ਰੂਪਾਂ ਵਿਚ ਆਪਣੇ ਆਪ ਨੂੰ ਰੂਮਪਾਨ ਕਰੇਗੀ। ਸਿਰਫ ਇਸ ਦੀਆਂ ਸਾਰੀਆਂ ਪਰਤਾਂ ਨੂੰ ਫਰੋਲਣ ਅਤੇ ਇਸ ਦੀਆਂ ਸੂਖਮ ਤਹਿਆਂ ਵਿਚੋਂ ਖੁਦ ਦੀ ਸ਼ਖਸੀਅਤ ਨੂੰ ਨਿਖਾਰਨ ਅਤੇ ਵਿਸਥਾਰਨ ਦੀ ਲੋੜ ਹੈ।

ਸ਼ਰਮ ਜਦ ਸਾਡੇ ਮਨ ਵਿਚ ਘਰ ਕਰ, ਸਾਡੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਤਾਂ ਇਸ ਦੇ ਸੁਹਜ-ਰੰਗਾਂ ਵਿਚ ਵਿਅਕਤੀਤਵ ਨੂੰ ਮਾਣ-ਸਨਮਾਨ, ਸੁੰਦਰਤਾ ਅਤੇ ਸਦੀਵਤਾ ਦਾ ਅਹਿਸਾਸ ਅਤੇ ਅਭਾਸ ਹੁੰਦਾ। ਇਹ ਅਹਿਸਾਸ ਹੀ ਮਨੁੱਖ ਨੂੰ ਜਿਉਣ ਜੋਗਾ ਕਰਦਾ।

ਸ਼ਰਮ ਜਦ ਅੱਖਾਂ ਵਿਚੋਂ ਉਠ ਜਾਂਦੀ ਤਾਂ ਕਹਿਰ ਵਾਪਰਦਾ। ਅਣਹੋਣੀਆਂ ਆਪਣੀ ਕਰੂਰਤਾ ਨਾਜ਼ਲ ਕਰਦੀਆਂ। ਇੱਜਤਾਂ ਨਿਲਾਮ ਹੁੰਦੀਆਂ, ਪੈਰਾਂ ਵਿਚ ਲਾਸ਼ਾਂ ਰੁਲਦੀਆਂ ਅਤੇ ਕਹਿਰਵਾਨ ਸਮਿਆਂ ਦਾ ਇਤਿਹਾਸ, ਵਕਤ ਨੂੰ ਨਮੋਸ਼ੀ ਦੀ ਦਲਦਲ ਵਿਚ ਧਕੇਲਦਾ।

ਸ਼ਰਮਹੀਣ ਲੋਕ ਜਦ ਧਾਰਮਿਕ ਅਡੰਬਰਾਂ ਦਾ ਅੰਗ ਬਣ ਕੇ ਅਧਾਰਮਿਕਤਾ ਫੈਲਾਉਂਦੇ ਤਾਂ ਆਸ਼ਰਮਾਂ ਵਿਚ ਬਲਾਤਕਾਰ ਅਤੇ ਕਤਲ ਹੁੰਦੇ। ਧਰਮ ਕਲੰਕਤ ਹੁੰਦਾ। ਸ਼ਰਮਹੀਣਤਾ ਜਦ ਰਾਜਨੀਤਕ ਲੋਕਾਂ ਦੇ ਕਰਮ ਵਿਚ ਰਚਦੀ ਤਾਂ ਦੇਸ਼, ਸਟੇਟ ਜਾਂ ਸਲਤਨਤ ਗਰਕ ਜਾਂਦੀ। ਉਜੜ ਜਾਂਦੇ ਸ਼ਹਿਰ ਤੇ ਗਰਾਂ। ਵਿੱਕ ਜਾਂਦੀਆਂ ਜ਼ਮੀਰਾਂ, ਜਾਇਦਾਦਾਂ ਅਤੇ ਜਜ਼ਬਾਤ। ਵੋਟਾਂ ਨਿਲਾਮ ਹੁੰਦੀਆਂ ਅਤੇ ਧਨ ਦੇ ਅੰਬਾਰਾਂ 'ਤੇ ਹੁੰਦੀ ਤਖਤਾਂ ਦੀ ਤਾਮੀਰਦਾਰੀ। ਇਹੀ ਬੇਸ਼ਰਮੀ ਰਾਜਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ ਬੇਹਯਾਈ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੀ ਅਤੇ ਨਿਲੱਜਤਾ, ਹਥਿਆਰ ਬਣ ਜਾਂਦੀ। ਅਜਿਹੇ ਮੌਕਿਆਂ 'ਤੇ ਜਦ ਦਬਾਈ ਅਤੇ ਲਿਤਾੜੀ ਧਿਰ ਦੀ ਸ਼ਰਮ-ਹਯਾ ਵਿਚ ਉਬਾਲ ਆਉਂਦਾ ਤਾਂ ਲੁੜਕ ਜਾਂਦੇ ਤਖਤ ਤੇ ਤਾਜ। ਤਦ ਵਿਚਲਿਤ ਸਮਿਆਂ ਵਿਚ ਹਲੀਮੀ ਰਾਜ ਦਾ ਆਗਾਜ਼ ਹੁੰਦਾ।

ਸ਼ਰਮ, ਬਹੁਤ ਵੱਡੀ ਤਾਕਤ ਤੇ ਤਰਜਮਾਨੀ, ਜ਼ਜਬਾ ਤੇ ਜਜ਼ਬਾਤ, ਮਾਨਸਿਕ ਤਕੜਾਈ ਤੇ ਸਰੀਰਕ ਅਲੰਬਰਦਾਰੀ। ਨਰਮ ਦਿਲ ਵਿਚ ਵੱਸਦਾ ਸਿਰੜ ਤੇ ਸਾਧਨਾ, ਕੋਮਲਤਾ ਵਿਚ ਕਰੜਾਈ। ਕਾਇਰਤਾ ਨੂੰ ਮਾਤ ਕਰਨ ਅਤੇ ਕੁਕਰਮੀਆਂ ਨੂੰ ਖਤਮ ਕਰਨ ਦਾ ਜਨੂੰਨ। ਅੰਦਰ ਸੁੱਤੇ ਇਨਸਾਨ ਨੂੰ ਜਗਾਉਣ ਦਾ ਹੰਭਲਾ ਅਤੇ ਕਦਮਾਂ ਵਿਚ ਨਵੇਂ ਰਾਹਾਂ ਦੀ ਨਿਸ਼ਾਨਦੇਹੀ ਕਰਨ ਦੀ ਤਮੰਨਾ।

ਸ਼ਰਮ, ਸੰਭਾਵਨਾਵਾਂ ਤੇ ਸੁਪਨਿਆਂ ਦੀ ਜਨਮਦਾਤੀ। ਸਮਰੱਥਾ, ਸਾਰਥਿਕਤਾ ਅਤੇ ਸਦੀਵਤਾ ਦੀ ਹਾਮੀ। ਸਫਲਤਾਵਾਂ, ਸਹਿਜਭਾਵ ਅਤੇ ਸੰਤੁਲਿਤ ਵਿਚਾਰਧਾਰਾ ਦਾ ਵਹਾਅ। ਸਹਿਜ, ਸੂਹਜ ਅਤੇ ਸੂਚੇਤਨਾ ਦਾ ਸੁਨੇਹਾ। ਲੋਕ ਜਦ ਇਸ ਸੁਨੇਹੇ ਨੂੰ ਸੁਣਨ ਅਤੇ ਇਸ ਨੂੰ ਕੰਨ ਰਸ ਬਣਾਉਣ ਦੇ ਆਦੀ ਹੋ ਜਾਂਦੇ ਤਾਂ ਸਮਾਜ ਬਦਲਦਾ। ਸੋਚ ਦੇ ਬਦਲਣ ਨਾਲ ਬਹੁਤ ਕੁਝ ਬਦਲਦਾ। ਪਾਪ, ਕੁਚੱਜ, ਕਤਲ, ਕੁਕਰਮ, ਕਮੀਨਗੀ, ਕੁਤਾਹੀਆਂ ਅਤੇ ਕਾਲੇ ਵਕਤਾਂ ਨੂੰ ਪੈਂਦੀ ਠੱਲ੍ਹ। ਸਮਾਜ ਵਿਚ ਬਹੁਤ ਕੁਝ ਮਾੜਾ ਇਸ ਲਈ ਹੀ ਵਾਪਰ ਰਿਹਾ, ਕਿਉਂਕਿ ਅਸੀਂ ਸ਼ਰਮ ਨੂੰ ਤਿਲਾਂਜਲੀ ਜੁ ਦੇ ਚੁਕੇ ਹਾਂ।

ਸ਼ਰਮ, ਸਾਦਗੀ, ਸਹਿਜਮੱਤ, ਸੁਘੜ ਵਿਚਾਰ, ਸਪੱਸ਼ਟਤਾ ਦਾ ਸੁਹੱਪਣ। ਇਸ ਸਾਹਵੇਂ ਫਿੱਕੇ ਹੁੰਦੇ ਨੇ ਕੁਰੰਗ ਸਰੀਰ ਤੇ ਸਜਾਏ ਲਿਬਾਸ ਗਹਿਣੇ ਅਤੇ ਹੀਰੇ ਤੇ ਮੋਤੀਆਂ ਜੜੀਆਂ ਕਲਗੀਆਂ। ਕਦਰਾਂ-ਕੀਮਤਾਂ ਨੂੰ ਪ੍ਰਣਾਏ ਵਿਅਕਤੀ ਸਾਹਵੇਂ ਨਿਰਉਤਰ ਹੋ ਜਾਂਦੇ ਨੇ, ਠੱਗੀਆਂ ਅਤੇ ਧੋਖੇ ਨਾਲ ਬਣੇ ਧਨਵਾਨ। ਹਉਮੈ, ਹੰਕਾਰ ਅਤੇ ਹੈਂਕੜ ਵਿਚ ਗਲਤਾਨ ਲੋਕ, ਇਕ ਫੱਕਰ ਦੀ ਸ਼ਰਨ ਵਿਚ ਆ ਕੇ ਇਸ ਲਈ ਹੀ ਤਾਂ ਮਨ ਦੀ ਸ਼ਾਂਤੀ ਲਈ ਅਰਦਾਸ ਕਰਦੇ ਨੇ, ਕਿਉਂਕਿ ਉਨ੍ਹਾਂ ਨੇ ਆਪਣੀ ਅੰਤਰੀਵ ਤੇ ਬਾਹਰੀ ਸ਼ਰਮ ਅਤੇ ਲੋਕ-ਲੱਜਾ ਨੂੰ ਗਵਾ ਜੁ ਲਿਆ ਹੁੰਦਾ।

ਸ਼ਰਮ ਜਦ ਬੋਲਬਾਣੀ ਰਾਹੀਂ ਸਾਡੀ ਰੂਹ ਵਿਚ ਆਲ੍ਹਣਾ ਪਾਉਂਦੀ ਤਾਂ ਸੁੱਤੀਆਂ ਕਲਾਂ ਜਗਾਉਂਦੀ। ਚੇਤਨਾ ਨੂੰ ਚਿੰਤਨ ਦੇ ਰਾਹ ਪਾਉਂਦੀ ਤਾਂ ਝੋਲੀ ਨਿਆਮਤਾਂ ਨਾਲ ਭਰ ਜਾਂਦੀ। ਅਜਿਹੀਆਂ ਨਿਆਮਤਾਂ, ਜੋ ਖਰੀਦੀਆਂ ਨਹੀਂ ਜਾ ਸਕਦੀਆਂ। ਜੋ ਬਾਜ਼ਾਰ ਵਿਚੋਂ ਮੁੱਲ ਵੀ ਨਹੀਂ ਮਿਲਦੀਆਂ ਅਤੇ ਇਸ ਨੂੰ ਤਰਸਦੇ ਨੇ ਵੱਡੇ ਵੱਡੇ ਲੋਕ।

ਸ਼ਰਮ ਵੀ ਸ਼ਰਮਸ਼ਾਰ ਹੋ ਜਾਂਦੀ, ਜਦ ਉਹ ਅਜੋਕੇ ਗੀਤਾਂ, ਲਿਖਤਾਂ, ਫਿਲਮਾਂ ਅਤੇ ਕਥਾ-ਕਹਾਣੀਆਂ ਵਿਚ ਨੰਗੇਜ਼ ਨੂੰ ਪਰੋਸਿਆ ਦੇਖਦੀ; ਪਰ ਸ਼ਰਮ ਨੂੰ ਸ਼ਰਮਸ਼ਾਰ ਕਰਨ ਵਾਲੇ ਗਾਇਕ/ਕਲਾਕਾਰ/ਕਥਾਕਾਰ ਖੁਦ ਕਦੇ ਵੀ ਸ਼ਰਮਸ਼ਾਰ ਨਹੀਂ ਹੁੰਦੇ।

ਜਦ ਬਾਬਰ ਸ਼ਰਮ, ਧਰਮ ਅਤੇ ਕਰਮ ਨੂੰ ਛੱਡ ਕੇ ਬੇਲੱਜਤਾ ਵੰਨੀਂ ਤੁਰਦਾ ਤਾਂ ਗੁਰੂ ਨਾਨਕ ਦੇਵ ਜੀ ਨੂੰ ਵੀ ਬਾਬਰਵਾਣੀ ਵਿਚ ਫੁਰਮਾਉਣਾ ਪੈਂਦਾ, "ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥" ਅਜਿਹੀ ਦਮਨਕਾਰੀ ਹਾਲਾਤ ਸਿਰਫ ਸ਼ਰਮਹੀਣ ਲੋਕ ਹੀ ਕਰ ਸਕਦੇ, ਕਿਉਂਕਿ ਉਨ੍ਹਾਂ ਦੀ ਜ਼ਮੀਰ ਜੁ ਮਰੀ ਹੁੰਦੀ ਏ। ਉਨ੍ਹਾਂ ਲਈ ਬੇਬੱਸ ਅਤੇ ਲਾਚਾਰਾਂ ਦੀ ਵਿਲਕਣੀਆਂ, ਮਾਸੂਮਾਂ ਦਾ ਚੀਕ-ਚਿਹਾੜਾ ਜਾਂ ਮਜਲੂਮਾਂ ਦੇ ਹਾੜਿਆਂ ਤੇ ਤਰਲਿਆਂ ਦਾ ਕੋਈ ਅਸਰ ਨਹੀਂ ਹੁੰਦਾ। ਫਿਰ ਇਕ ਮਰਦ ਦਾ ਚੇਲਾ ਉਠਦਾ ਹੈ, ਜੋ ਨਿਤਾਣਿਆਂ ਅਤੇ ਨਿਮਾਣਿਆਂ ਦੀ ਬਾਂਹ ਪਕੜ, ਸੱਚ ਦੇ ਸੂਰਜ ਨੂੰ ਘੁੱਪ ਹਨੇਰਿਆਂ ਦੀ ਕੁੱਖ ਵਿਚ ਧਰਦਾ।

ਸ਼ਰਮ ਸਭ ਤੋਂ ਵੱਡਾ ਸ਼ਬਦ, ਸੱਚ ਅਤੇ ਸਮਿਆਂ ਦਾ ਸੰਦਲੀ ਤੇ ਸੁਨਹਿਰੀ ਵਰਕਾ, ਜਿਸ ਦੀ ਚਮਕ ਕਦੇ ਵੀ ਮੱਧਮ ਨਹੀਂ ਪੈਂਦੀ, ਸਗੋਂ ਵਕਤ ਨਾਲ ਇਸ ਦੀ ਆਭਾ ਵਿਚ ਹੋਰ ਬਿਹਤਰ ਨਿਖਾਰ ਆਉਂਦਾ।

ਲੋੜ ਹੈ, ਅਸੀਂ ਸ਼ਰਮਸ਼ਾਰ ਹੋਣ ਦੀ ਥਾਂ ਸ਼ਰਮ ਨੂੰ ਆਪਣੇ ਮੁਖੜੇ 'ਤੇ ਸਜਾਈਏ। ਇਸ ਦੀ ਅਦਾ ਅਤੇ ਅਦਾਇਗੀ ਵਿਚੋਂ ਖੁਦ ਨੂੰ ਹੋਰ ਸੁੰਦਰ ਤੇ ਸਾਰਥਕ ਬਣਾਈਏ ਤਾਂ ਕਿ ਸ਼ਰਮ ਨੂੰ ਵੀ ਆਪਣੀ ਹੋਂਦ, ਹਾਸਲ ਅਤੇ ਹਕੀਕਤ 'ਤੇ ਬਹੁਤ ਨਾਜ਼ ਹੋਵੇ।

ਸ਼ਰਮ ਸਾਡੀ ਵਿਰਾਸਤ। ਸਮਾਜਕ ਸਨਮਾਨ ਤੇ ਸਰਮਾਇਆ। ਇਸ ਦੀ ਸਾਂਭ-ਸੰਭਾਲ ਅਤਿ ਜਰੂਰੀ ਤਾਂ ਕਿ ਅਸੀਂ ਆਪਣੇ ਅਮੀਰ ਵਿਰਸੇ ਨੂੰ ਨਵੀਂ ਪੀੜ੍ਹੀ ਦੇ ਨਾਮ ਲਾ, ਨੰਗੇਜ਼ ਵਿਚ ਓਤ-ਪੋਤ ਦਿੱਖ, ਵਿਚਾਰ ਅਤੇ ਪਹਿਰਾਵੇ ਤੋਂ ਕੁਝ ਵੱਖਰਾ ਅਤੇ ਵਿਲੱਖਣ ਸੰਸਾਰ ਦੇ ਨਾਮ ਕਰ ਸਕੀਏ।

ਸ਼ਰਮ, ਸਿਰਫ ਸਮਾਜ ਜਾਂ ਪਰਾਇਆਂ ਤੋਂ ਹੀ ਨਾ ਕਰੋ, ਸਗੋਂ ਖੁਦ ਤੋਂ ਵੀ ਕਰੋ। ਕੁਝ ਵੀ ਕਰਨ ਤੋਂ ਪਹਿਲਾਂ ਇਹ ਸੋਚੋ ਕਿ ਕੀ ਮੈਂ ਅਜਿਹਾ ਕਰਕੇ ਖੁਦ ਤੋਂ ਸ਼ਰਮਸਾਰ ਤਾਂ ਨਹੀਂ ਹੋਵਾਂਗਾ? ਜਦ ਤੁਸੀਂ ਖੁਦ ਨਾਲ ਸੰਵਾਦ ਰਚਾਉਣਾ, ਆਪੇ ਦੇ ਰੂਬਰੂ ਹੋਣਾ ਅਤੇ ਖੁਦ ਸ਼ਰਮਸ਼ਾਰ ਹੋਣਾ ਸਿੱਖ ਜਾਵੋਗੇ ਤਾਂ ਤੁਸੀਂ ਕੁਝ ਵੀ ਅਜਿਹਾ ਨਹੀਂ ਕਰੋਗੇ, ਜੋ ਤੁਹਾਨੂੰ ਦੂਜਿਆਂ ਜਾਂ ਸਮਾਜ ਦੇ ਸਾਹਮਣੇ ਸ਼ਰਮਸ਼ਾਰ ਕਰੇ। ਸ਼ਰਮ ਤਾਂ ਤੁਹਾਡੇ ਨੈਣਾਂ ਵਿਚ ਵੱਸਣੀ ਚਾਹੀਦੀ ਹੈ, ਜਿਸ ਨੂੰ ਤੁਸੀਂ ਸਵੇਰ-ਸ਼ਾਮ ਸ਼ੀਸ਼ੇ ਵਿਚ ਨਿਹਾਰ ਸਕੋ ਅਤੇ ਗਾਹੇ-ਬਗਾਹੇ ਖੁਦ ਦੀ ਪਹਿਰੇਦਾਰੀ ਕਰਦੇ ਰਹੋ।

###

ਪੁਸਤਕ-ਚਰਚਾ

# ‘ਰੂਹ-ਰੇਜ਼ਾ’ ਦਾ ਕਾਵਿ-ਸ਼ਾਸ਼ਤਰ

ਪਿਛਲੇ ਦਿਨੀਂ ਡਾ. ਗੁਰਬਖਸ਼ ਸਿੰਘ ਭੰਡਾਲ ਦੀ ਕਾਵਿ-ਪੁਸਤਕ ‘ਰੂਹ ਰੇਜ਼ਾ’ ਮਿਲੀ। ਪੁਸਤਕ ਪੜ੍ਹਨ ਤੋਂ ਪਹਿਲਾਂ ਉਨ੍ਹਾਂ ਦੀ ਵਾਰਤਕ ਦੀ ਅਨੋਖੀ ਸ਼ੈਲੀ ਅਤੇ ਨਿਰਾਲੇ ਵਿਸ਼ਿਆਂ ਸਬੰਧੀ ਮੈਂ ਪ੍ਰਭਾਵਿਤ ਸਾਂ। ਵਾਰਤਕ ਲਿਖਦਿਆਂ ਵੀ ਉਹ ਕਵਿਤਾ ਦੀਆਂ ਝਲਕੀਆਂ ਪੇਸ਼ ਕਰਦੇ ਹਨ। ‘ਰੂਹ ਰੇਜ਼ਾ’ ਦੀ ਕਵਿਤਾ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਰਚਨਾ ਤੋਂ ਇਲਾਵਾ ਉਨ੍ਹਾਂ ਦੀ ਦਰਵੇਸ਼ਾਂ ਵਾਲੀ ਹਸਤੀ ਮੈਨੂੰ ਤਾਂ ਕੀ, ਹਰ ਕਿਸੇ ਨੂੰ ਹੀ ਪ੍ਰਭਾਵਿਤ ਕਰਦੀ ਹੈ। ਭੌਤਿਕ ਵਿਗਿਆਨ ਦੇ ਵਿਦਵਾਨ ਪ੍ਰੋਫੈਸਰ ਹੋਣ ਦੇ ਨਾਲ ਨਾਲ ਉਹ ਬੇਹੱਦ ਮੁਹੱਬਤੀ ਇਨਸਾਨ ਹਨ। ਬਿਆਸ ਦੇ ਕੰਢੇ ਪਿੰਡ ਭੰਡਾਲ ਬੇਟ ਦਾ ਜੰਮਪਲ ਇਹ ਬੰਦਾ ਇਨਸਾਨੀਅਤ ਪੱਖੋਂ ਹੀ ਨਹੀਂ, ਵਿਦਵਤਾ ਅਤੇ ਕਲਾ-ਸਾਧਨਾ ਪੱਖੋਂ ਵੀ ਬੇਮਿਸਾਲ ਹੈ। ਉਹ ਧਰਤੀ ਨਾਲ ਜੁੜਿਆ ਹੋਇਆ ਹੈ। ਬੇਟ ਦੇ ਇਲਾਕੇ ਦੀ



**ਪ੍ਰੋ. ਨਿਰੰਜਨ ਸਿੰਘ ਢੇਸੀ**
ਫੋਨ: 317-430-3999

ਖੁਸ਼ਬੂ ਡਾ. ਭੰਡਾਲ ਦੀ ਸ਼ਖਸੀਅਤ ਵਿਚੋਂ ਆਉਂਦੀ ਹੈ।

ਆਮ ਧਾਰਨਾ ਹੈ ਕਿ ਵਿਗਿਆਨ ਨਾਲ ਜੁੜੇ ਹੋਏ ਬੁੱਧੀਮਾਨ ਵਧੇਰੇ ਕਰਕੇ ਪਦਾਰਥਕ ਵਿਕਾਸ ਦੇ ਆਧਾਰ ‘ਤੇ ਹੀ ਵਿਚਾਰ ਕਰਦੇ ਹਨ, ਪਰ ਡਾ. ਭੰਡਾਲ ਪਦਾਰਥਕ ਵਿਕਾਸ ਦੇ ਨਾਲ ਨਾਲ ਪਰਮਾਰਥ ਬਾਰੇ ਵੀ ਚੇਤੰਨ ਹਨ। ਉਨ੍ਹਾਂ ਦਾ ਮੱਤ ਹੈ ਕਿ ਜਿਥੇ ਸਰੀਰ ਦੀਆਂ ਲੋੜਾਂ ਹਨ, ਉਥੇ ਮਨ ਅਤੇ ਆਤਮਾ ਦੀਆਂ ਆਪਣੀ ਕਿਸਮ ਦੀਆਂ ਭੁੱਖਾਂ ਹਨ। ਦਿਸਦੇ ਜਗਤ ਦੇ ਨਾਲ ਨਾਲ ਪਰਤ-ਦਰ-ਪਰਤ ਸੱਚ ਦੀ ਪਛਾਣ ਕਰਨੀ ਵੀ ਸਾਰਥਕ ਸਿੱਧ ਹੋ ਸਕਦੀ ਹੈ। ਕਵੀ ਕੋਲ ਦਿਸਦੇ ਜਗਤ ਦੇ ਵਿਕਾਸ ਬਾਰੇ ਬੜੇ ਬਿਖੜੇ ਸਵਾਲ ਹਨ। ਮਨੁੱਖ ਦੀ ਭਾਵਨਾ ਨਾਲ ਸਬੰਧਤ ਜਗਤ ਪਰਤ-ਦਰ-ਪਰਤ ਕਵੀ ਦੀ ਤੀਜੀ ਅੱਖ ਸਾਹਮਣੇ ਉਜਾਗਰ ਹੁੰਦਾ ਨਜ਼ਰ ਆਉਂਦਾ ਹੈ। ਕਵੀ ਕੋਲ ਅਜਿਹੇ ਸਵਾਲ ਹਨ, ਜਿਨ੍ਹਾਂ ਦਾ ਉਤਰ ਲੱਭਣਾ ਅਜੋਕੇ ਮਨੁੱਖ ਲਈ ਔਖਾ ਬਣਿਆ ਹੋਇਆ ਹੈ। ਕਵੀ ਇਸ਼ਾਰਾ ਕਰਦਾ ਹੈ ਕਿ ਹਨੇਰੇ ਵਿਚ ਭਟਕਣ ਦੀ ਥਾਂ ਰੌਸ਼ਨੀ ਵੱਲ ਮੂੰਹ ਕਰਨਾ ਜ਼ਰੂਰੀ ਹੈ। ਸੰਸਿਆਂ ਅਤੇ ਸ਼ੰਕਿਆਂ ਵਿਚ ਜਿਉਣ ਦੇ ਅਰਥ ਲੱਭਣ ਲਈ ਮਨੁੱਖ ਨੂੰ ਸਿੱਦਕ, ਸਿਰੜ ਤੇ ਦ੍ਰਿੜਤਾ ਦੇ ਰਾਹ ਤੁਰਨਾ ਪਵੇਗਾ,

ਕੇਹੀ ਰੁੱਤ ਕਿ ਸੂਰਜ ਡੁੱਬਿਆ
ਕਿਰਨਾਂ ਛਮ ਛਮ ਰੋਈਆਂ,
ਅੰਬਰ ਜੂਹੇ ਉਡਦੀਆਂ ਕੂੰਜਾਂ
ਫੜ ਕੇ ਕਿਸ ਨੇ ਕੋਹੀਆਂ?

ਕੁਦਰਤ ਨਾਲ ਵਿੱਥ ਉਤੇ ਹੋ ਕੇ ਅਜੋਕਾ ਮਨੁੱਖ ਮੇਲੇ ਵਿਚ ਗਵਾਚੇ ਅਣਭੋਲ ਬਾਲ ਜਿਹਾ ਹੋ ਗਿਆ ਹੈ। ਪੁਸਤਕ 2019 ਵਿਚ ਪ੍ਰਕਾਸ਼ਿਤ ਹੋ ਗਈ ਸੀ। ਜਾਪਦਾ ਹੈ ਕਿ 2020 ਵਿਚ ਨਾਜ਼ਲ ਹੋਈ ਮੁਸੀਬਤ ਦੀ ਪੇਸ਼ੀਨਗੋਈ ਕਵੀ ਨੂੰ ਰੂਹਾਨੀ ਤੌਰ ‘ਤੇ ਜ਼ਰੂਰ ਨਜ਼ਰ ਆ ਗਈ ਸੀ। ਕਵੀ ਨਜੂਮੀ ਨਹੀਂ ਹੁੰਦਾ, ਪਰ ਉਸ ਕੋਲ ਕਰਤਾਰੀ ਸੂਝ ਹੁੰਦੀ ਹੈ, ਜਿਸ ਦੀ ਸਹਿਜ-ਸ਼ਕਤੀ ਨਾਲ ਉਸ ਨੂੰ ਵਰਤਮਾਨ ਦੀ ਕੁੱਖ ਵਿਚ ਪੈਦਾ ਹੋਣ ਵਾਲੇ ਭਵਿੱਖ ਦੀ ਝਲਕ ਪੈਣ ਲੱਗਦੀ ਹੈ। ਡਾ. ਭੰਡਾਲ ਮਨੁੱਖ ਦੀ ਮਨੁੱਖ ਨਾਲ ਤਿੜਕੀ ਸਾਂਝ ਨੂੰ ਜਾਣਦਾ, ਪਛਾਣਦਾ ਤੇ ਪ੍ਰਗਟ ਕਰਦਾ ਹੈ। ਉਹ ਦੱਸਦਾ ਹੈ ਕਿ ਰਿਸ਼ਤਿਆਂ ਦੀ ਧਰਾਤਲ ਗਵਾਚ ਗਈ ਹੈ। ਇਨ੍ਹਾਂ ਵਿਚ ਸਿੱਥਲਤਾ ਆ ਗਈ ਹੈ। ਜਿਉਣ ਦਾ ਚਾਅ ਤੇ ਨਿੱਘ ਗੁੰਮ ਹੋ ਗਿਆ ਏ। ਧੜਕਦਾ ਅਮਲ ਖੜੋਤ ਵਿਚ ਆ ਗਿਆ ਹੈ। ਆਪਸੀ ਸੂਝ ਤੇ ਪਿਆਰ ਦਾ ਨਗਮਾ ਬੰਦ ਹੋ ਗਿਆ ਹੈ। ਜ਼ਿੰਦਗੀ ਹਰ ਕੋਈ ਸਿਰਫ ਜਿਉਣ ਲਈ ਜੀਅ ਰਿਹਾ ਹੈ। ਉਡੀਕ ਖਤਮ ਹੋ ਗਈ ਹੈ। ਹੁੰਗਾਰਾ ਗੁੰਮ ਹੋ ਗਿਆ ਹੈ। ਕਵੀ ਆਪਣੀ ਕਵਿਤਾ ਵਿਚ ਨਿਜੀ ਦੁੱਖਾਂ, ਭੁੱਖਾਂ ਦਾ ਪ੍ਰਗਟਾਵਾ ਕਰਨ ਦੀ ਥਾਂ ਸਮੁੱਚੇ ਤੌਰ ‘ਤੇ ਵਿਆਪਕ ਹੋ ਚੁਕੇ ਖਲਾਅ ਨੂੰ ਪੇਸ਼ ਕਰਦਾ ਹੈ,

ਕੇਹਾ ਸਮਾਂ ਕਿ
ਦਰਦ ਦੀ ਦਸਤਕ
ਸਾਹੀਂ ਵਿਰਵੀ ਹੋਈ,
ਨਾ ਹੀ ਕਿਧਰੇ ਮਿੱਤਰ ਮੋਢਾ
ਨਾ ਭਾਵਾਂ ਨੂੰ ਢੋਈ।

---

ਮਨ ਵੇ ਕਾਹਤੋਂ
ਸਮੇਂ ਦੀ ਸਰਦਲ
ਹੰਝੂ ਹੰਝੂ ਕੀਤੀ,
ਤੂੰ ‘ਕੱਲਾ ਨਹੀਂ ਹਰ ਸ਼ਖਸ ਨਾਲ
ਦੁਨੀਆਂ ਇੰਜ ਹੀ ਕੀਤੀ।

ਕਵੀ ਆਸਵੰਦ ਹੈ ਕਿ ਜ਼ਿੰਦਗੀ ਨੇ ਨਿਰੰਤਰਤਾ ਤੇ ਗਤੀਸ਼ੀਲਤਾ ਨਾਲ ਤੁਰਨਾ ਹੈ। ਤੁਰਨਾ ਹੀ ਨਹੀਂ, ਖੂਬਸੂਰਤੀ ਨੂੰ ਵੀ ਕਾਇਮ ਰੱਖਣਾ ਹੈ। ਆਸ ਨੂੰ ਮਰਨ ਨਹੀਂ ਦੇਣਾ। ਉਦਾਸ ਹੋਣਾ ਹੈ, ਨਿਰਾਸ਼ ਨਹੀਂ ਹੋਣਾ। ਉਦਾਸੀ ਅੱਗੇ ਤੋਰਦੀ ਹੈ, ਜਿਉਣ ਦੇ ਰਾਹ ਲੱਭਣ ਦੀ ਜਾਚਕ ਹੈ, ਪਰ ਨਿਰਾਸ਼ਾ ਘੁੰਮਣਘੇਰੀ ਹੈ।

ਜੀਵਨੀ ਧੁੱਪ ‘ਚ
ਜਿੰਦ ਦੀ ਛਾਵੇਂ
ਰੰਗਲਾ ਪੀੜ੍ਹਾ ਡਾਵੀਂ,
ਸਾਹ ਤੱਕਲੇ ਤੇ ਸੁਖਨ ਸਬੂਰੀ ਦੇ
ਤੰਦ ਲੰਮੇਰੇ ਪਾਵੀਂ।

---

ਵੇ ਉਠ ਮਨਾ ਤੂੰ ਸੁੱਤਿਆ
ਮਸਤਕ ਜਰਾ ਫਰੋਲ,
ਦਿਲ ਬਰੂਹੀਂ ਝਾਕ ਕੇ
ਦਰਾਂ ‘ਚ ਪਾਣੀ ਡੋਲ,
ਸਰਘੀ ਉਤਰ ਬਨੇਰਿਉਂ
ਭਰਨੀ ਤੇਰੀ ਝੋਲ।

ਡਾ. ਭੰਡਾਲ ਕੋਲ ਨਿਵੇਕਲਾ ਕਾਵਿ-ਮੁਹਾਵਰਾ ਹੈ। ਇਕ ਇਕ ਸ਼ਬਦ ਤੋਂ ਗਹਿਰਾਈ ਅਤੇ ਘਣਤਾ ਵਾਲੇ ਅਰਥਾਂ ਦਾ ਸੰਚਾਰ ਹੁੰਦਾ ਹੈ। ਉਸ ਦੀ ਖੂਬਸੂਰਤੀ ਹੈ ਕਿ ਜਿਥੇ ਉਹ ਸਵਾਲ ਖੜੇ ਕਰਦਾ ਹੈ, ਉਤਰ ਵੀ ਸ਼ਬਦਾਂ ਦੀ ਬੁੱਕਲ ਵਿਚ ਲੁਕੇ ਹੁੰਦੇ ਹਨ। ਉਸ ਦੀ ਕਵਿਤਾ ਵਿਚ ਸਮੇਂ ਦੇ ਮਨੁੱਖ ਦੀ ਹੋਣੀ ਨੂੰ ਚਿਤਵਦਿਆਂ, ਰੁਦਨ ਦਾ ਲਗਾਤਾਰ ਪ੍ਰਗਟਾਵਾ ਹੈ। ਉਦਰੇਵਾਂ, ਵਿਖਾਵੇ ਦਾ ਨਹੀਂ। ਅਜੋਕੇ ਵਰਤਾਰਿਆਂ ਦੀ ਬੁੱਕਲ ਵਿਚ ਪੈਦਾ ਹੋ ਗਿਆ ਹੈ। ਵਿਕਾਸ ਦੇ ਓਹਲੇ ਵਿਚ ਵਿਨਾਸ਼ ਦੇ ਪਸਾਰੇ ਦਾ ਖੂਬਸੂਰਤ ਪ੍ਰਗਟਾਵਾ ਹੈ। ਕਿਰਤ ਕਰਮ ਦੀ ਥੱਕੀ ਹੋਈ ਜ਼ਿੰਦਗੀ ਔਝੜੇ ਰਾਹ ਪੈ ਗਈ ਹੈ। ਸ਼ਬਦ ਤੇ ਅਰਥ ਸੋਗ ਵਿਚ ਡੁੱਬੇ ਹੋਏ ਹਨ,

ਸ਼ਬਦੀਂ ਸੋਗ ਸੰਤਾਪਿਆ
ਅਰਥੀਂ ਅਰਥੀ ਆਹ,
ਹਰ ਦਰਵਾਜੇ ਜੰਦਰਾ
ਗੁੰਮ ਗਿਆ ਹਰ ਰਾਹ।

---

ਧਰਤੀ ਹੌਕਾ ਉਗਮਿਆ
ਪਰਬਤ ਪਿਘਲ ਗਿਆ।

ਜੀਵਨ ਦਾ ਸਮਤੋਲ ਟੁੱਟ ਗਿਆ ਹੈ। ਕਵੀ ਢੁਕਵੇਂ ਅਤੇ ਖੂਬਸੂਰਤ ਪ੍ਰਤੀਕਾਂ ਰਾਹੀਂ ਸਥਿਤੀ ਦੀ ਤਲਖ ਹਕੀਕਤ ਨੂੰ ਪਛਾਣਦਾ ਤੇ ਪ੍ਰਗਟ ਕਰਦਾ ਹੈ। ਉਹ ਸਮੇਂ ਦੀ ਦੁਖਦੀ ਰਗ ਉਤੇ ਉਂਗਲ ਧਰਦਾ ਹੈ। ਸਥੂਲ ਸੰਸਾਰ ਦੇ ਟੁੱਟ ਕੇ ਬਿਖਰ ਜਾਣ ਦਾ ਜ਼ਿਕਰ ਉਹ ਸੂਖਮ ਵਿਧੀ ਨਾਲ ਕਰਦਾ ਹੈ। ਕਵੀ ਇਸ ਦੁੱਖਦਾਈ ਹਾਲਾਤ ਨੂੰ ਮਹਿਸੂਸ ਕਰਦਾ ਹੈ ਕਿ ਹਰ ਕਿਸੇ ਨੇ ਆਪਣੇ ਆਪ ਨੂੰ ਇਕ ਖੋਲ ਵਿਚ ਬੰਦ ਕਰ ਲਿਆ ਹੈ, ਆਪਣੇ ਆਲੇ-ਦੁਆਲੇ ਇਕ ਬੰਕਰ ਉਸਾਰ ਲਿਆ ਹੈ। ਹਰ ਕੋਈ ਭੀੜ ਵਿਚ ਇਕੱਲਾ ਹੈ। ਜਿਉਂਦੇ ਹੋਣ ਦੀ ਗਵਾਹੀ ਗੁੰਮ ਹੋ ਗਈ ਹੈ,

ਬੋਲ ਬੀਹੀ ਨਾ ਗੂੰਜਦਾ
ਕਦੇ ਸੰਵਾਦ ਪ੍ਰਵਾਹ,
ਖੁਦ ਨੂੰ ਸੂਲੀ ਟੰਗਦਾ
ਖੁਦ ਹੀ ਖੁਦ ਦਾ ਸਾਹ।


ਕਵੀ ਦੀ ਸੰਵੇਦਨਾ ਅਤੇ ਬੌਧਿਕਤਾ ਧਰਤੀ ਦੇ ਬਾਸ਼ਿੰਦਿਆਂ ਦੀਆਂ ਅਚੇਤ ਅਤੇ ਮਨਚਾਹੀਆਂ ਗਤੀਵਿਧੀਆਂ, ਸਿੱਟਿਆਂ ਤੋਂ ਅਣਜਾਣ ਨਹੀਂ। ਉਹ ਹਨੇਰੇ ਵਿਚ ਤੀਰ ਨਹੀਂ ਚਲਾਉਂਦਾ। ਉਹ ਹਰ ਮਸਲੇ ਨੂੰ ਕਾਵਿ ਦੀ ਵਿਧੀ ਰਾਹੀਂ ਪੇਸ਼ ਕਰਦਾ ਹੈ। ਕਵੀ ਦਾ ਅਨੁਭਵ ਦੱਸਦਾ ਹੈ ਕਿ ਕੁਰਬਲ ਕੁਰਬਲ ਕਰਦੀ ਲੋਕਾਈ ਦੇ ਬਾਵਜੂਦ, ਧਰਤੀ ਸੁੰਨੀ ਹੋਈ ਪਈ ਹੈ। ਸੁੰਨਤਾ ਦੇ ਇਸ ਆਲਮ ਵਿਚ ਧਰਤੀ ਮਾਂ ਦਾ ਹੁਸਨ ਮਾਲੀਨ ਹੋ ਗਿਆ ਹੈ। ਆਪਹੁਦਰੇ ਮਨ ਦੇ ਕਾਰਨ ਹੀ ਬੰਦਾ ਭੀੜ ਵਿਚ ਹੋਣ ਦੇ ਬਾਵਜੂਦ ਇਕੱਲਾ ਹੈ, ਅਜਨਬੀ ਹੈ ਅਤੇ ਰਸਤਾ ਭੁੱਲਿਆ ਹੋਇਆ ਹੈ। ਹਨੇਰੇ ਵਿਚ ਇਧਰ-ਉਧਰ ਹੱਥ ਪੈਰ ਮਾਰ ਰਿਹਾ ਹੈ। ਆਪਣੇ ਭਾਰ ਹੀ ਲਿਫਿਆ ਹੋਇਆ ਹੈ। ਕਿਰਤ ਤੇ ਉਦਮ ਦੇ ਸੁੱਚੇ ਸੰਕਲਪ ਦੀ ਥਾਂ ਮੰਡੀ ਦਾ ਮਾਲ ਬਣਿਆ ਹੋਇਆ ਹੈ। ਹੀਣ ਤੇ ਬੌਣਾ ਮਨੁੱਖ ਆਪਣੇ ਆਲੇ ਦੁਆਲੇ ਵਿਚ ਉਲਝੇ ਹੋਏ ਤਾਣੇ-ਬਾਣੇ ਵਿਚ ਮੱਕੜੀ ਵਾਂਗ ਫਸ ਕੇ ਰਹਿ ਗਿਆ ਹੈ।

ਪੌਣ, ਪਾਣੀ ਤੇ ਧਰਤੀ ਦੇ ਸਬੰਧ ਵਿਚ ਬਾਬਾ ਨਾਨਕ ਦੇ ਬਚਨਾਂ ਨੂੰ ਭੁੱਲ ਗਿਆ ਹੈ। ਲੋੜ ਤੋਂ ਵੱਧ ਤੇਜ਼ ਦੌੜਨ ਵਾਲੇ ਦੌੜਾਕ ਵਾਂਗ ਮਨੁੱਖ ਹੱਫ ਗਿਆ ਹੈ। ਯੁੱਗ ਵੱਸਦੀ ਜ਼ਿੰਦਗੀ ਦੇ ਨਕਸ਼ ਮਰ ਰਹੇ ਹਨ, ਤੇ ਹਰ ਮੋੜ ਸ਼ਮਸ਼ਾਨ ਜਿਹੀ ਸੁੰਨ ਦਾ ਆਲਮ ਬਣਿਆ ਹੋਇਆ ਹੈ,

ਹੂਕ, ਹੁੰਗਾਰਾ ਲੋਚਦੀ
ਤੁਰੀ ਮਸਾਣਾਂ ਵੱਲ,
ਸੁਹਜ ਨੂੰ ਦੰਦਲ ਪੈ ਗਈ
ਮਰੀ ਅੱਜ ਕਿ ਕੱਲ।

ਅਜਿਹੀ ਅਵੱਸਥਾ ਵਿਚ ਜਿਉਂਦੇ ਮਨੁੱਖ ਨੂੰ ਕਵੀ ਹਾਕ ਮਾਰਦਾ ਹੈ,

ਗੂੰਗੀ ਵਕਤ ਦਹਿਲੀਜ਼ ‘ਤੇ
ਦੇਈਏ ਕੋਈ ਅਵਾਜ਼,
ਸੁਪਨੇ ਦੀ ਅੱਖ ਖੁੱਲ੍ਹ ਜੇ




ਭਰੇ ਉਚੀ ਪਰਵਾਜ਼।

ਡਾ. ਭੰਡਾਲ ਦੀ ਰਚਨਾਤਮਕ ਖੂਬੀ ਇਹ ਹੈ ਕਿ ਭਾਵਨਾ ਤੇ ਵਿਚਾਰ ਇਕ ਸੁਰ ਹੋ ਕੇ ਲੋਕ ਬੋਧ ਵੱਲ ਤੁਰਦੇ ਹਨ। ਕਵੀ ਦੀ ਆਸ ਹੈ ਕਿ ਖੜੋਤ ਵਿਚ ਆਈ ਕਾਇਨਾਤ ਨੂੰ ਹਰਕਤ ਦਿੱਤੀ ਜਾ ਸਕਦੀ ਹੈ। ਲੋੜ ਦਸਤਕ ਦੇਣ ਦੀ ਹੈ, ਕੁੰਡਾ ਖੜਕਾਉਣ ਦੀ ਹੈ। ਗੂੰਗੀ ਤੇ ਬੋਲੀ ਦਹਿਲੀਜ਼ ਨੂੰ ਬੋਲ ਮਿਲ ਜਾਂਦੇ ਹਨ, ਸੁਣਨ ਸਰੋਤ ਮਿਲ ਜਾਂਦੇ ਹਨ।

ਭੰਡਾਲ ਪੱਤਝੜ ਦੀ ਸਥਿਤੀ ਵਿਚ ਵੀ ਕੁਦਰਤ ਵਾਂਗ ਮਨੁੱਖੀ ਕਿਰਦਾਰ ਤੇ ਸਭਿਆਚਾਰ ਵਿਚ ਬਹਾਰ ਦੀ ਆਸ ਕਰਦਾ ਹੈ; ਪਰ ਉਹ ਤਲਖ ਹਕੀਕਤ ਤੋਂ ਵੀ ਅੱਖਾਂ ਨਹੀਂ ਮੀਟਦਾ। ਜ਼ਿੰਦਗੀ ਬਾਰੇ ਉਸ ਦੇ ਸਵਾਲ ਬਹੁਤ ਸੂਖਮ ਹਨ। ਇਸੇ ਕਾਰਨ ਉਚੀ ਸੁਰ ਨਜ਼ਰ ਨਹੀਂ ਆਉਂਦੀ। ਬੀਮਾਰੀ ਦੀ ਗੰਭੀਰਤਾ ਨਜ਼ਰ ਆਉਂਦੀ ਹੈ। ਉਸ ਦੀ ਰਚਨਾ ਵਿਚ ਮਨੁੱਖ ਦੇ ਭਟਕ ਜਾਣ ਦੀ ਸਥਿਤੀ ਸਪਸ਼ਟ ਹੈ। ਇਸੇ ਕਾਰਨ ਉਹ ਸਹਿਜ ਹੋਣ ਲਈ ਟਿਕਾਣੇ ਦਾ ਥਹੁ-ਪਤਾ ਨਾ ਲੱਗਣ ਦਾ ਹੇਰਵਾ ਪ੍ਰਗਟ ਕਰਦਾ ਹੈ,

ਜਿੰਦੇ ਨੀ, ਹੁਣ ਜਾਣਾ ਕਿਥੇ?
ਪੰਜ ਦਰਿਆਈਂ ਮੌਤ ਵਸੇਂਦੀ
ਸੰਦਲੀ ਸੱਧਰਾਂ ਚਿੱਥੇ!

ਪਾਣੀ ਤੇ ਜੀਵਨ ਦੇ ਸਬੰਧ ਵਿਚ ਅਸੀਂ ਮੁਕੰਮਲ ਤੌਰ ‘ਤੇ ਭੁੱਲ ਚੁਕੇ ਹਾਂ ਤੇ ਧਰਤੀ ਦੇ ਨਕਸ਼ ਵੀ ਅਸੀਂ ਵਿਗਾੜ ਦਿੱਤੇ ਹਨ। ਜੀਵਨ ਦੇ ਇਨ੍ਹਾਂ ਸਮਿਆਂ ਬਾਰੇ ਭੁੱਲ ਕੇ ਅਸੀਂ ਮੰਜ਼ਿਲ ਤੱਕ ਕਿਵੇਂ ਪਹੁੰਚਾਂਗੇ?

ਜਿੰਦ ਦਾ ਦੀਵਾ ਕੀਕਣ ਰੋਜ਼ ਬਲੇ,
ਧਰਮੀ ਧਰਤੀ ਜ਼ਖਮੀ ਕਰ’ਤੀ
ਅੰਬਰ ਪੈਰ ਤਲੇ।

ਬ੍ਰਹਿਮੰਡ ਉਤੇ ਕਾਠੀ ਪਾਉਣ ਦੇ ਯਤਨਾਂ ਨੇ ਮਨੁੱਖ ਨੂੰ ਕੁਰਾਹੇ ਪਾ ਦਿੱਤਾ ਹੈ। ਬ੍ਰਹਿਮੰਡ ਤੇ ਕੁਦਰਤ ਦੇ ਸਮਤੋਲ ਵਿਚਲਿਤ ਹੋ ਗਏ ਹਨ। ਇਹ ਵਿਕਰਤ ਮਾਹੌਲ ਮਨੁੱਖ ਤੇ ਹੋਰ ਜੀਵਾਂ ਲਈ ਸੰਤੁਲਿਤ ਮਾਹੌਲ ਨਹੀਂ ਸਿਰਜ ਸਕਦਾ। ਅਜਿਹਾ ਸੁਪਨਾ ਲੈਣਾ ਵੀ ਕਠਿਨ ਹੈ। ਕਵੀ ਚੰਗੇ ਹੋਣ ਦਾ, ਖੂਬਸੂਰਤ ਹੋਣ ਦਾ, ਜਾਨਦਾਰ ਅਤੇ ਸ਼ਾਨਦਾਰ ਹੋਣ ਦਾ, ਮੁਹੱਬਤ ਦੀ ਬਾਰਸ਼ ਵਿਚ ਭਿੱਜਣ ਦਾ ਸੁਪਨਾ ਸਿਰਜਦਾ ਹੈ। ਕੋਰੇ ਤੇ ਖਾਲੀ ਪਲਾਂ ਨੂੰ ਭਰਨ ਲਈ ਆਪਣੇ ਯੁੱਗ ਦੇ ਅਕ੍ਰਿਤ ਮਨੁੱਖ ਲਈ ਅਨੂਠੇ ਸੁਪਨਿਆਂ ਦੀ ਕਾਮਨਾ ਕਰਦਾ ਹੈ,

ਅੱਜ ਇਕ ਸੁਪਨੇ ਸੰਦਲੀ ਪਲ ਨੂੰ
ਨੈਣਾਂ ਵਿਚ ਟਿਕਾਇਆ,
ਮਸਾਂ ਹੀ ਇਕ ਉਮਰਾ ਬਾਅਦ
ਸਾਹਾਂ ਨੂੰ ਸਾਹ ਆਇਆ।

---

ਅੱਜ ਇਕ ਸੁਪਨੇ ਸ਼ਬਦ-ਸਰਦਲ ‘ਤੇ
ਸੰਦਲੀ ਅਰਥ ਟਿਕਾਇਆ,
ਕੋਰੇ ਕਾਗਜ਼ ਦੀ ਹਿੱਕੜੀ ‘ਤੇ
ਹਰਫਾਂ ਡੇਰਾ ਲਾਇਆ।

ਕਵੀ ਦਾ ਮੱਤ ਹੈ ਕਿ ਸੁਪਨਿਆਂ ਦੀ ਪੂਰਤੀ, ਮਨੁੱਖ ਦੀ ਦਰੁਸਤ ਸੇਧ ਵਿਚ ਸੋਚ ਤੇ ਅਮਲ ਵਿਚੋਂ ਹੀ ਪੈਦਾ ਹੋ ਸਕਦੀ ਹੈ। ਦੋਗਲਾਪਣ, ਅਨੈਤਿਕਤਾ, ਵਿਖਾਵਾ ਤੇ ਕਿਰਦਾਰ ਦੀ ਨਿਮਨਤਾ, ਜੀਵਨ ਦੇ ਮੂਲ-ਵਿਧਾਨ ਦੀ ਹੀਣਤਾ ਕੋਈ ਰਸਤਾ ਨਹੀਂ ਵਿਖਾ ਸਕਦੀ। ਬੇਟਿਕਾਣਾ ਹੋਣ ਵਿਚ ਟਿਕਾਓ ਤੇ ਸਹਿਜ ਨਹੀਂ, ਭਟਕਣ ਮਿਲਦੀ ਹੈ।

ਇਕ ਹੱਥ ਮੌਲੀ, ਇਕ ਹੱਥ ਫਤਵਾ
ਤੱਕਦਿਆਂ ਦੂਰੀਆਂ ਚੂਰ ਵੇ ਸਾਈਂ

ਕਿਥੇ ਜੰਮੇ ਤੇ ਕਿਥੇ ਆ ਗਏ
ਚੋਗ ਖਿਲਾਰੀ ਦੂਰ ਵੇ ਸਾਈਂ।

ਧੁੱਖਦੇ ਹਰਫ ਤੇ ਠਰਦੇ ਅਰਥ
ਵਰਕੀ ਦ੍ਰਿਸ਼ ਕਰੂਰ ਵੇ ਸਾਈਂ।

ਡਾ. ਭੰਡਾਲ ਦੀ ਕਲਮ ਬਾਹਰ-ਮੁਖੀ ਜ਼ਿੰਦਗੀ ਦੇ ਸਰਗਰਮ ਤੇ ਖੁਸ਼ ਨਜ਼ਰ ਆਉਂਦੇ ਨਕਸ਼ਾਂ ਪਿਛੇ ਲੁਕੀ ਹੋਈ ਉਦਾਸੀ ਨੂੰ ਪਛਾਣਦੀ ਹੈ। ਪਰਤਾਂ ਹੇਠ ਲੁਕੀ ਹੋਈ ਕੌੜੀ ਅਸਲੀਅਤ ਨੂੰ ਨਜ਼ਰ ਅੰਦਾਜ਼ ਕਰਕੇ ਨਾ ਉਹ ਅਤੀਤ ਨੂੰ ਅਵਾਜ਼ਾਂ ਮਾਰਦਾ ਹੈ ਅਤੇ ਨਾ ਹੀ ਭਵਿੱਖ ਨੂੰ ਸੰਬੋਧਨ ਹੁੰਦਾ ਹੈ। ਉਹ ਵਰਤਮਾਨ ਦੇ ਪੈਰਾਂ ਵਿਚ ਖਿਲਰੇ ਕੰਡਿਆਂ ਦੀ ਪਛਾਣ ਕਰਕੇ ਮਾਨਵਤਾ ਦੇ ਦਰਦ ਦਾ ਗੀਤ ਗਾਉਂਦਾ ਹੈ। ਕਿਸੇ ਖੋਖਲੇ ਆਦਰਸ਼ ਦਾ ਸ਼ਿਕਾਰ ਹੋ ਕੇ ਉਹ ਕਵਿਤਾ ਨੂੰ ਕਿਸੇ ਝੂਠੇ ਲਾਰੇ ਵਿਚ ਰੁਪਾਂਤ੍ਰਿਤ ਨਹੀਂ ਕਰਦਾ। ਮਨੁੱਖ ਦੇ ਅੰਦਰ ਬਾਹਰ ਫੈਲੀ ਹੋਈ ਇਕੱਲ ਨੂੰ ਪਾਰਦਰਸ਼ੀ ਦ੍ਰਿਸ਼ਟੀ ਨਾਲ ਵੇਖਣ ਦੇ ਸਮਰੱਥ ਹੈ। ਇਸ ਅਵਸਥਾ ਨੂੰ ਪਰਗਟ ਕਰਨ ਲਈ ਉਹ ਉਚੀ ਸੁਰ ਨਹੀਂ ਅਪਨਾਉਂਦਾ, ਸਗੋਂ ਸੋਗੀ ਪਲਾਂ ਦੇ ਅੰਗ-ਸੰਗ ਹੋ ਕੇ ਵਿਚਰਦਾ ਹੈ। ਉਸ ਦੀ ਕਾਵਿ-ਰਚਨਾ ਵਿਚ ਸਹਿਜ ਪ੍ਰਗਟਾਵੇ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਪਹੁ ਫੁਟਾਲੇ ਦੇ ਸੂਰਜ ਦੀ ਲਾਲੀ ਜਿਹਾ ਪ੍ਰਭਾਵ ਬਣਦਾ ਹੈ। ਸ਼ਬਦਾਂ ਤੇ ਅਰਥਾਂ ਦੀ ਨੇੜਤਾ ਦੇਖਣਯੋਗ ਹੈ,

ਸਮੇਂ ਦੇ ਬੋੜੇ ਦਰਾਂ ‘ਚ ਬੈਠਾ
ਪੰਛੀ ਵਿਰਦ ਕਰੇ,
ਸਾਹੀਂ ਉਗੀਆਂ ਸਿਸਕੀਆਂ
ਨੈਣੀਂ ਹੰਝ ਭਰੇ।
ਗੁੰਮੀਆਂ ਅੰਬਰ ਉਡਾਰੀਆਂ
ਸੋਗ ‘ਚ ਖੰਭ ਝੜੇ।

ਸ਼ਬਦ ਚਿੱਤਰ ਪੇਸ਼ ਕਰਨ ਪਿਛੋਂ ਸਵਾਲ ਬੜਾ ਗੰਭੀਰ ਹੈ,

ਹਰ ਪਲ ਮਰਦੇ ਪੰਛੀ ਦਾ
ਕਿਹੜਾ ਦਰਦ ਹਰੇ?

ਕਵੀ ਦੀ ਰਚਨਾ ਵਿਚ ਨਾਅਰਾ ਨਹੀਂ ਹੈ; ਹਉਕਾ ਹੈ, ਫਿਕਰ ਹੈ, ਉਦਾਸੀ ਹੈ। ਇਸ ਦੇ ਨਾਲ ਨਾਲ ਉਹ ਆਸ ਦਾ ਦੀਵਾ ਵੀ ਜਗਦਾ ਰੱਖਦਾ ਹੈ। ਨਾਅਰਾ, ਮੁਹੱਬਤਾਂ ਨਾਲ ਨਹੀਂ ਨਿਭਦਾ, ਨਾਅਰੇ ਦੇ ਪੈਰ ਧਰਤੀ ‘ਤੇ ਨਹੀਂ ਹੁੰਦੇ, ਮਿੱਟੀ ਦੀ ਪਕੜ ਨਹੀਂ ਹੁੰਦੀ, ਸਬਰ ਤੇ ਸਿਦਕ ਘੱਟ ਹੁੰਦਾ ਹੈ। ਉਚੀ ਸੁਰ ਵਿਚ ਹਕੀਕਤ ਗਵਾਚ ਜਾਂਦੀ ਹੈ, ਭੁਲਾਂਦਰਾ ਪੈਦਾ ਹੋ ਜਾਂਦਾ ਹੈ। ਹਉਕਾ, ਮੁਹੱਬਤ ਦੇ ਪੱਕੇ ਰਸੇ ਹੋਏ ਆਲਮ ਵਿਚੋਂ ਪੈਦਾ ਹੋਇਆ ਸਫੈਦ ਰੰਗ ਹੁੰਦਾ ਹੈ, ਜਿਸ ਵਿਚ ਸੱਤ ਬੁਨਿਆਦੀ ਰੰਗ ਮੌਜੂਦ ਹੁੰਦੇ ਹਨ। ਹਉਕਾ, ਪਵਿੱਤਰਤਾ ਤੇ ਨਿਰਮਲਤਾ ਦਾ ਪ੍ਰਤੀਕ ਹੈ। ਕਵੀ ਕਾਇਨਾਤ ਦੇ ਦੁੱਖਾਂ-ਕਸ਼ਟਾਂ ਦੇ ਮਾਨਸਿਕ ਪਿਛੋਕੜ ਨੂੰ ਜਾਣਦਾ, ਪਛਾਣਦਾ ਹੈ। ਉਹ ਸਮੁੱਚੇ ਵਾਤਾਵਰਣ ਵਿਚ ਮਨੁੱਖ ਦੀ ਸਵੈ-ਪਛਾਣ ਦਾ ਰਸਤਾ ਖੋਜਦਾ ਹੈ, ਪਰ ਇਹ ਖੋਜ ਰਚਨਾਤਮਿਕ ਕਲਾ ਵਿਚ ਭਿੱਜੀ ਹੋਈ ਹੈ। ਉਹ ਲਗਾਤਾਰ ਵਿਲਕਣੀ ਵਿਚੋਂ ਗੁਜ਼ਰ ਰਹੇ ਮਨੁੱਖ ਦਾ ਸ਼ਬਦ-ਚਿੱਤਰ ਉਲੀਕਦਾ ਹੈ, ਜਿਸ ਦੇ ਮੁਕੰਮਲ ਨਕਸ਼ਾਂ ਦੀ ਦਿੱਖ ਬੇਟਿਕਾਣਾ ਹੈ। ਵਖਤਾਂ ਮਾਰੇ ਵਕਤ ਨੂੰ ਕਾਵਿ-ਚਿੱਤਰ ਵਿਚ ਪੇਸ਼ ਕਰਦਿਆਂ ਉਹ ਲਿਖਦਾ ਹੈ,

ਕਮਰੇ ਵਿਚ ਕੰਬਣੀ ਏ
ਕੈਲੰਡਰ ਟੁੱਕੜੇ ਹੋਇਆ ਏ,
ਜਿਉਂਦਾ ਤੇ ਹੱਸਦਾ ਸੀ
ਉਹ ਬੰਦਾ ਮੋਇਆ ਏ,
ਤੇ ਸੁਪਨੇ ਦੇ ਮਾਤਮ ਵਿਚ
ਘਰ ਅਰਥੀ ਹੋਇਆ ਏ।

---

ਕੇਹਾ ਵੇਲਾ, ਮਨ ਦਾ ਪੰਛੀ
ਹੁਣ ਚੋਗ ਸੋਗ ਦੀ ਖਾਵੇ,
ਨਾ ਪਰਾਂ ਵਿਚ ਹਵਾ ਬਚੀ ਏ
ਨਾ ਟੀਸੀ ਬਹਿ ਗਾਵੇ।

ਡਾ. ਭੰਡਾਲ ਦੀ ਕਾਵਿ-ਕਲਾ ਦੀ ਪਛਾਣ ਨਿਰਾਲੀ ਹੈ। ਸਾਰੀਆਂ ਕਵਿਤਾਵਾਂ ਬਨਾਵਟ ਅਤੇ ਪਰੰਪਰਾਗਤ ਬੰਦਿਸ਼ਾਂ ਤੋਂ ਮੁਕਤ ਹਨ। ਇਨ੍ਹਾਂ ਕਵਿਤਾਵਾਂ ਵਿਚ ਅਣਦਿਸਦੇ ਦੁੱਖਾਂ ਦੀ ਰੂਹਾਨੀ ਤੇ ਭਾਵਵਾਚਕ ਤਸਵੀਰ ਪੇਸ਼ ਕੀਤੀ ਗਈ ਹੈ। ਦੁਖੜਿਆਂ ਵਿਚ ਗਲ ਗਲ ਡੁੱਬੀ ਧਰਤੀ, ਪ੍ਰਕਿਰਤੀ ਅਤੇ ਮਨੁੱਖ ਨੂੰ ਕਵੀ ਵਿਸ਼ਾਲ ਰੂਪਕ ਵਜੋਂ ਪੇਸ਼ ਕਰਦਾ ਹੈ। ਸੂਖਮ ਭਾਵਨਾਵਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਲਈ ਉਹ ਤਾਰੇ, ਧੁੱਪ, ਚੁੱਪ, ਘਰ, ਫੁੱਲ, ਪੰਛੀ, ਅੰਬਰ, ਕਿਰਨ, ਖੂਹ, ਸਰਦਲ, ਸੂਰਜ, ਹੰਝੂ, ਫੋਨ, ਖਤ, ਦਹਿਲੀਜ਼ ਆਦਿ ਰੂਪਕਾਂ ਦੀ ਵਰਤੋਂ ਨਿਵੇਕਲੇ ਅਰਥਾਂ ਲਈ ਕਰਦਾ ਹੈ। ਸਭ ਤੋਂ ਨਿੱਕੇ ਅਕਾਰ ਦੀ ਕਵਿਤਾ ‘ਦੁੱਖ’ ਅਨੇਕਾਂ ਯਥਾਰਕ ਸਵਾਲ ਖੜੇ ਕਰਦੀ ਹੈ,

ਰੁੰਡ-ਮਰੁੰਡ ਰੁੱਖ
ਬੰਜਰ ਕੁੱਖ
ਵਿਲਕਦੀ ਭੁੱਖ
ਝਰੀਟਿਆ ਮੁੱਖ
ਸੱਖਣਾ ਸੁੱਖ
ਬੇਗੈਰਤ ਮਨੁੱਖ
ਅਤੇ ਉਹ ਅਜੇ ਵੀ ਪੁੱਛਦੇ ਨੇ
ਕਿ ਸਮੇਂ ਨੂੰ
ਕਾਹਦਾ ਏ ਦੁੱਖ?


ਡਾ. ਭੰਡਾਲ ਆਪਣੀ ਅਨੁਭਵੀ ਅੰਤਰ-ਦ੍ਰਿਸ਼ਟੀ ਨਾਲ ਵੇਖ ਰਿਹਾ ਏ ਕਿ ਮਨੁੱਖ ਦੀ ਵਾਟ ਭਟਕ ਗਈ ਹੈ। ਸਾਰੇ ਬ੍ਰਹਿਮੰਡ ਨਾਲ ਜੁੜਿਆ ਹਰ ਵਰਤਾਰਾ, ਆਪਣੇ ਅਸਲ ਰਾਹ ਤੋਂ ਭਟਕ ਗਿਆ ਹੈ। ਇਨਸਾਨ ਨੂੰ ਇਹ ਖੁਸ਼-ਫਹਿਮੀ ਹੋ ਗਈ ਹੈ ਕਿ ਉਸ ਨੇ ਮਹਾਨ ਪ੍ਰਾਪਤੀਆਂ ਕਰ ਲਈਆਂ ਹਨ। ਪਦਾਰਥ ਵਿਚ ਮਨਚਾਹੀਆਂ ਤਬਦੀਲੀਆਂ ਕਰਨ ਪਿਛੋਂ ਹੀ ਉਸ ਨੂੰ ਸੀਮਤ ਜਿਹਾ ਗਿਆਨ ਹੋ ਗਿਆ ਹੈ ਕਿ ਸਬੰਧਤ ਪਰਿਵਰਤਨ ਲੋੜ ਵਿਚੋਂ ਨਹੀਂ ਹੋਏ। ਪਿੱਛੋਰੇ ਦੇ ਬਕਸੇ ਵਿਚੋਂ ਨਿਕਲੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਨਾਗ ਨੇ ਉਸ ਨੂੰ ਪਕੜ ਵਿਚ ਲੈ ਲਿਆ ਹੈ। ਸਿਰਫ ਆਸਾਂ ਨਾਲ ਉਹ ਜੀਅ ਰਿਹਾ ਹੈ। ਇਸ ਕਾਰਨ ਪੈਰਾਂ ਦੀ ਧਰਾਤਲ ਖਿਸਕ ਗਈ ਹੈ। ਵਾਤਾਵਰਣ ਦੇ ਨਾਲ ਮਨੁੱਖੀ ਮਾਨਸਿਕਤਾ ਦਾ ਤਵਾਜ਼ਨ ਵੀ ਹੱਥੋਂ ਨਿਕਲ ਗਿਆ ਹੈ। ਸੁੱਖਾਂ ਦੇ ਸਾਧਨ ਹੀ ਦੁੱਖਾਂ ਦੇ ਕਾਰਨ ਬਣ ਗਏ ਹਨ। ਮਨੁੱਖ ਦੇ ਆਪਣੇ ਧੁਰੇ ਨਾਲੋਂ ਟੁੱਟ ਜਾਣ ਕਾਰਨ ਪੈਦਾ ਹੋਇਆ ਵੈਰਾਗ, ਰੁਦਨ ਅਤੇ ਸੋਗ ਦਾ ਸਾਧਨ ਬਣ ਗਿਆ ਹੈ। ਬਾਜ਼ਾਰੀ ਸਭਿਅਤਾ ਨੇ ਮਨੁੱਖ ਨੂੰ ਮਾਨਸਿਕ ਤੇ ਆਤਮਿਕ ਤੌਰ ‘ਤੇ ਨਿਆਸਰਾ ਕਰ ਦਿੱਤਾ ਹੈ। ਸ਼ਾਇਰ ਦੀ ਸ਼ਾਇਰੀ ਵਿਚ ਐਸੀ ਬੁਝਾਰਤ ਨੂੰ ਬੁਝਣ ਦੀ ਸਮਰੱਥਾ ਹੈ, ਜਿਸ ਦੀ ਗੰਢ ਬੜੀ ਪੀਚੀ ਤੇ ਜਟਿਲ ਹੈ। ਕਵੀ ਕੋਲ ਦੂਰ-ਦ੍ਰਿਸ਼ਟੀ ਦੇ ਨਾਲ ਨਾਲ ਗਹਿਰਾਈ ਅਤੇ ਕਲਾ ਦਾ ਸਮਰੱਥ ਸਾਧਨ ਹੈ। ਉਸ ਨੇ ਤੀਜੀ ਅੱਖ ਨਾਲ ਵੇਖ ਲਿਆ ਹੈ ਕਿ ਅੱਜ ਦਾ ਸਮਾਂ ਅਜਿਹੀ ਚਿੰਤਾ ਵਾਲਾ ਹੈ, ਜਿਸ ਦਾ ਤੋੜ ਲੱਭਣ ਲਈ ਸੰਸਾਰ ਦੇ ਬੁੱਧੀਮਾਨਾਂ ਤੇ ਚਿੰਤਕਾਂ ਨੂੰ ਨਿਵੇਕਲੇ ਅਤੇ ਲੋੜ ਅਨੁਸਾਰ ਸਾਰਥਕ ਚਿੰਤਨ ‘ਤੇ ਚੱਲਣ ਦੀ ਲੋੜ ਹੈ।

ਕਵੀ ਦੀ ਹਰ ਕਵਿਤਾ ਦੇ ਹਰ ਸ਼ਬਦ ਦੇ ਓਹਲੇ ਵਿਚ ਅਜਿਹੀ ਕਠਿਨਾਈ ਲੁਕੀ ਪਈ ਹੈ, ਜਿਸ ਦੇ ਹੱਲ ਬਿਨਾ ਗੁਜ਼ਾਰਾ ਨਹੀਂ ਹੈ। ਉਹ ਵਰਤਮਾਨ ਵਕਤ ਵਿਚ ਵਖਤਾਂ ਮਾਰੀ ਸਮੁੱਚਤਾ ਨੂੰ ਵੇਖ ਰਿਹਾ ਹੈ। ਵਿਕਾਸ ਦੇ ਨਾਮ ‘ਤੇ ਐਸੀ ਦਲਦਲ ਪੈਦਾ ਹੋ ਗਈ ਹੈ, ਜਿਸ ਦਾ ਵਿਕਰਾਲ ਰੂਪ ਨਜ਼ਰ ਨਹੀਂ ਆਉਂਦਾ। ਵਿਖਾਵੇ ਦੀ ਚਿੱਟੀ ਚਾਦਰ ਹੇਠ ਲਿਖਿਆ ਗਿਆ ਅਤੇ ਕਰੂਰ ਤਾਣਾ-ਬਾਣਾ ਅਜੋਕੇ ਆਕਾਵਾਂ ਦੀ ਸਮਝ-ਸੂਝ ਤੋਂ ਬਾਹਰ ਹੈ। ਸਿੱਟੇ ਵਜੋਂ ਮੁੱਖ ਧਾਰਾ ‘ਤੇ ਕਾਬਜ਼ ਜਰਵਾਣਿਆਂ ਨੇ ਇਸੇ ਰੰਗ-ਢੰਗ ਨੂੰ ਆਪਣੀਆਂ ਲਾਲਸਾਵਾਂ

**(ਬਾਕੀ ਅਗਲੇ ਸਫੇ ‘ਤੇ)**

# ਮਨ ਦੀਆਂ ਪਰਤਾਂ

ਮਨ ਦੀਆਂ ਵੀ ਪਰਤਾਂ ਹੁੰਦੀਆਂ ਹਨ। ਇਹ ਪੀਜੋਂ ਪੀਜ ਇੱਕ ਦੂਜੀ ਦੇ ਉਪਰ-ਥੱਲੇ ਹੁੰਦੀਆਂ ਹਨ। ਮਨ ਦੀ ਕੋਈ ਭਾਵਨਾ ਕਿਸੇ ਪਰਤ 'ਚ ਹੁੰਦੀ ਹੈ ਤੇ ਕੋਈ ਕਿਸੇ 'ਚ। ਲੋੜ ਮੁਤਾਬਕ ਉਹ ਆਪਣੇ ਆਪ ਹੀ ਸਮਾਂ ਆਉਣ ਤੇ ਜਾਹਰ ਹੁੰਦੀਆਂ ਰਹਿੰਦੀਆਂ ਹਨ। ਜਾਹਰ ਜਾਂ ਪ੍ਰਗਟ ਤਾਂ ਜਰੂਰ ਹੁੰਦੀਆਂ ਰਹਿੰਦੀਆਂ ਹਨ, ਪਰ ਬਹੁਤੀ ਵਾਰੀ ਅਸੀਂ ਉਨ੍ਹਾਂ ਨੂੰ, ਜਿਸ ਕਰਕੇ ਉਹ ਹੁੰਦੀਆਂ ਹਨ, ਉਸ ਸਬੰਧੀ ਉਨ੍ਹਾਂ ਨੂੰ ਅਮਲੀ ਤੌਰ 'ਤੇ ਪ੍ਰਯੋਗ 'ਚ ਲਿਆਉਣ ਤੋਂ ਅਸਮਰੱਥ ਰਹਿੰਦੇ ਹਾਂ: ਇਸ ਦੀ ਕੀ ਵਜ੍ਹਾ ਹੈ, ਇਸ ਦਾ ਵੀ ਸਾਨੂੰ ਪਤਾ ਨਹੀਂ ਲਗਦਾ, ਉਹ ਉਬਾਲੇ ਖਾ ਖਾ ਕੇ ਮਨ ਦੀਆਂ ਤਹਿਆਂ ਵਿਚ ਹੀ ਮੁੜ ਜਜ਼ਬ ਹੋ ਜਾਂਦੀਆਂ ਹਨ, ਤੇ ਇੰਜ ਹਜ਼ਾਰਾਂ ਕਿਸਮ ਦੇ ਮਨ ਦੇ ਵਿਚਾਰਾਂ ਦੇ ਵਾਵਰੋਲੇ ਸਾਡੇ ਅੰਦਰ ਉਪਜਦੇ ਤੇ ਬਿਨਸਦੇ ਰਹਿੰਦੇ ਹਨ, ਕਈ ਵਾਰੀ ਸਾਨੂੰ ਵਿਚਾਰਾਂ ਦੇ ਕਿਸੇ ਖੂੰਜੇ ਧੱਕਦੇ ਹਨ ਤੇ ਕਈ ਵਾਰੀ



**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਕਿਸੇ ਅੰਧੇ ਖੂੰਜੇ ਵਿਚੋਂ ਬਾਹੋਂ ਫੜ ਬਾਹਰ ਧੂ ਸੁੱਟਦੇ ਹਨ। ਜ਼ਿੰਦਗੀ ਦੀ ਗੱਡੀ ਇਸ ਮਨ ਦੀ ਉਥਲ-ਪੁਥਲ ਦੇ ਬਾਵਜੂਦ ਅੱਗੇ ਤੁਰਦੀ ਹੀ ਜਾਂਦੀ ਹੈ।

ਮਨ ਦੀਆਂ ਪਰਤਾਂ 'ਚ ਦੱਬੀਆਂ ਕਈ ਅਹਿਮ ਯਾਦਾਂ, ਜਿਨ੍ਹਾਂ ਦਾ ਸਾਡੀ ਭੂਤਪੂਰਵ ਜ਼ਿੰਦਗੀ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ, ਜਦੋਂ ਮਨ ਦੀਆਂ ਪਰਤਾਂ 'ਚੋਂ ਨਿਕਲ, ਆਪਣਾ ਅਸਲੀ ਸੁਭਾਅ ਦਰਸਾਉਂਦੀਆਂ ਹਨ ਤਾਂ ਜ਼ਿੰਦਗੀ 'ਚ ਇੱਕ ਭੁਚਾਲ ਜਿਹਾ ਆ ਗਿਆ ਲਗਦਾ ਹੈ; ਇਹ ਭੂਤ ਕਾਲ ਨੂੰ ਵਰਤਮਾਨ ਕਾਲ ਨਾਲ ਜੋੜ ਦਿੰਦੀਆਂ ਹਨ। ਜਿਵੇਂ ਕਈ ਸਰੀਰਕ ਬਿਮਾਰੀਆਂ ਦੇ ਵਾਇਰਸ, ਜਿੰਨਾ ਚਿਰ ਸਰੀਰ 'ਚ ਚੁੱਪ ਚਾਪ ਲੁਕੇ ਭਾਵ ਡੌਰਮਿੰਟ ਹੋਏ ਰਹਿਣ, ਉਨਾ ਚਿਰ ਸਰੀਰ ਤੰਦਰੁਸਤ ਰਹਿੰਦਾ ਹੈ, ਪਰ ਜਦੋਂ ਆਪਣੀ ਲੁਕਣ ਗਾਹ 'ਚੋਂ ਨਿਕਲ ਸਰੀਰ ਦੇ ਪ੍ਰਬੰਧ 'ਤੇ ਹਮਲਾ ਬੋਲਦੇ ਹਨ ਤਾਂ ਸਰੀਰ ਨੂੰ ਉਸ ਰੋਗ ਨਾਲ ਪੀੜਤ ਕਰ ਦਿੰਦੇ ਹਨ, ਜਿਸ ਰੋਗ ਦੇ ਉਹ ਜਨਮ ਦਾਤਾ ਹੋਣ। ਮਨ ਅੰਦਰ ਦੱਬੀਆਂ ਰੁਚੀਆਂ, ਖਿਆਲਾਂ, ਯਾਦਾਂ ਤੇ ਭਾਵਨਾਵਾਂ ਦਾ ਵੀ ਇਹੀ ਹਾਲ ਹੈ। ਵਾਇਰਸ ਜਾਂ ਬੈਕਟੀਰੀਆ ਤਾਂ ਖੁਰਦਬੀਨ ਨਾਲ ਦੇਖੇ ਜਾ ਸਕਦੇ ਹਨ; ਪਰ ਮਨ ਦੇ ਅੰਦਰ ਪਰਤਾਂ 'ਚ ਵੱਖੋ ਵੱਖਰੇ ਖਿਆਲਾਂ ਤੇ ਭਾਵਨਾਵਾਂ ਨੂੰ ਕਿਸੇ ਖੁਰਦਬੀਨ ਨਾਲ ਦੇਖਣਾ ਅਸੰਭਵ ਹੈ। ਬੰਦੇ ਦੇ ਬੋਲ ਚਾਲ, ਚਿਹਰੇ ਦੇ ਹਾਵ ਭਾਵ, ਗੱਲ-ਬਾਤਾਂ 'ਚ ਕੀਤੇ ਪ੍ਰਤੀਕਰਮ ਤੋਂ ਮਹਿਸੂਸ ਜਰੂਰ ਕੀਤਾ ਜਾ ਸਕਦਾ ਹੈ।

ਕਿੰਨਾ ਕੁਝ ਅਸੀਂ ਆਪਣੇ ਮਨਾਂ 'ਚ ਸਮੋਈ ਬੈਠੇ ਹਾਂ, ਮਨ ਦੀਆਂ ਪਰਤਾਂ 'ਚ ਲੁਕੀਆਂ ਕੁਝ ਭਾਵਨਾਵਾਂ ਦੀ ਪੂਰਤੀ ਹੋ ਸਕਦੀ ਹੈ, ਕੁਝ ਦੀ ਨਹੀਂ ਵੀ। ਜਦੋਂ ਮਨ 'ਚ ਮਿਥੀਆਂ ਖਾਹਿਸ਼ਾਂ ਦੀ ਪੂਰਤੀ ਨਾ ਹੋਵੇ ਤਾਂ ਬੰਦਾ ਦੁਖੀ ਹੁੰਦਾ ਹੈ, ਉਦਾਸੀ ਦੇ ਆਲਮ 'ਚ ਆਉਂਦਾ ਹੈ; ਅਜਿਹੀ ਸਥਿਤੀ 'ਚੋਂ ਨਿਕਲਣ ਲਈ ਸਾਨੂੰ ਭੂਤ ਕਾਲ 'ਚ ਵਾਪਰੀਆਂ ਉਹ ਘਟਨਾਵਾਂ ਯਾਦ ਕਰ ਲੈਣੀਆਂ ਚਾਹੀਦੀਆਂ ਹਨ, ਜਿਨ੍ਹਾਂ ਨੇ ਕਿਸੇ ਸਮੇਂ ਸਾਨੂੰ ਅਦਭੁੱਤ ਖੁਸ਼ੀ ਦਿੱਤੀ ਹੋਵੇ। ਭਾਵੇਂ ਇਨ੍ਹਾਂ ਘਟਨਾਵਾਂ ਦੀ ਗਿਣਤੀ ਉਂਗਲੀਆਂ 'ਤੇ ਗਿਣੀ ਜਾਣ ਵਾਲੀ ਹੁੰਦੀ ਹੈ, ਪਰ ਜ਼ਿੰਦਗੀ 'ਚ ਖਾਸ ਖੁਸ਼ੀ ਪ੍ਰਦਾਨ ਕਰਨ ਵਾਲੀਆਂ ਹੋ ਨਿੱਬੜੀਆਂ ਹਨ। ਜਦੋਂ ਸੋਚਿਆ ਕਿ ਇਹ ਕੰਮ ਅਸੰਭਵ ਹੈ, ਹੋ ਹੀ ਨਹੀਂ ਸਕਦਾ, ਇਸ ਨੂੰ ਨੇਪਰੇ ਚਾੜ੍ਹਿਆ ਨਹੀਂ ਜਾ ਸਕਦਾ, ਅਜਿਹਾ ਮਨ ਦਾ ਵਿਚਾਰ ਸੋਚ 'ਤੇ ਭਾਰੂ ਰਿਹਾ; ਪਰ ਨਾਲ ਹੀ ਮਨ ਦੇ ਕਿਸੇ ਖੂੰਜੇ ਦੱਬੀ ਉੱਦਮ ਦੀ ਉਲਾਰ ਆਈ, ਤੇ ਉਸ ਕੰਮ ਨੂੰ ਸ਼ਿੱਦਤ ਨਾਲ ਨੇਪਰੇ ਚਾੜ੍ਹਨ ਦਾ ਬੀੜਾ ਚੁੱਕਿਆ; ਤੇ ਉਹ ਕੰਮ ਸਹਿਜੇ ਹੀ ਨੇਪਰੇ ਚਾੜ੍ਹ ਲਿਆ। ਅਜਿਹਾ ਸਮਾਂ ਅਤਿਅੰਤ ਖੁਸ਼ੀ ਦਾ ਹੁੰਦਾ ਹੈ। ਸਾਰੀ ਜ਼ਿੰਦਗੀ ਉਸ ਦੀ ਛਾਪ ਮਨ ਦੀ ਕਿਸੇ ਖਾਸ ਪਰਤ 'ਚ ਜਮ੍ਹਾਂ ਹੋ ਜਾਂਦੀ ਹੈ ਤੇ ਅਗਾਊਂ ਜ਼ਿੰਦਗੀ ਦੀ ਉਥਲ-ਪੁਥਲ 'ਚ ਸਮੇਂ ਸਿਰ ਸਹਾਈ ਸਿੱਧ ਹੁੰਦੀ ਹੈ।

ਪੁਰਾਣੇ ਸਿਰੜੀ, ਜੁਗਤੀ, ਨੇਮੀ, ਦ੍ਰਿੜ ਅਸੂਲਾਂ ਦੇ ਧਾਰਨੀ ਸਾਡੇ ਬਜੁਰਗ, ਬੇਅੰਤ ਤੰਗੀਆਂ ਤੁਰਸ਼ੀਆਂ, ਸੀਮਤ ਸਾਧਨਾਂ, ਅਤਿ ਸੰਕੋਚ 'ਚ ਵਿਚਰਦਿਆਂ ਡੋਲਿਆ ਨਹੀਂ ਸਨ ਕਰਦੇ। ਇਹ ਤਦੇ ਸੰਭਵ ਸੀ ਕਿ ਉਨ੍ਹਾਂ ਦੇ ਮਨ ਦੀਆਂ ਪਰਤਾਂ ਵਿਚ ਕੁਝ ਵਿਸ਼ੇਸ਼ ਤੇ ਖਾਸ ਨੇਮ ਅਤੇ ਧਾਰਨਾਵਾਂ ਸਮੋਈਆਂ ਹੁੰਦੀਆਂ ਸਨ, ਜਿਨ੍ਹਾਂ ਦਾ ਆਸਰਾ ਲੈ ਔਖੀ ਤੋਂ ਔਖੀ ਕਠਿਨਾਈ ਵਿਚ ਦੀ ਵੀ ਇਉਂ ਨਿਕਲ ਜਾਇਆ ਕਰਦੇ ਸਨ, ਜਿਵੇਂ ਮੱਖਣ ਵਿਚੋਂ ਵਾਲ ਨਿਕਲ ਜਾਂਦਾ ਹੈ। ਸਿਆਣੇ ਸੁਘੜ ਪੁਰਸ਼ਾਂ ਕੋਲ ਮਨ ਨੂੰ ਉਸਾਰੂ ਪਾਸੇ ਰੱਖਣ ਅਤੇ ਹਮੇਸ਼ਾ ਚੜ੍ਹਦੀ ਕਲਾ 'ਚ ਰਹਿਣ ਦੇ ਬੇਅੰਤ ਥਮਲੇ ਰੂਪੀ ਵਿਚਾਰ ਹੁੰਦੇ ਸਨ। ਪਿੰਡਾਂ ਦੇ ਸਾਧਾਰਨ, ਸਾਦਾ ਜੀਵਨ 'ਚ ਅੱਜ ਵਾਂਗ ਚਕਾਚੌਂਧ ਵਾਲੀਆਂ ਸੇਵਾਵਾਂ ਉਪਲੱਭਧ ਨਹੀਂ ਸਨ। ਆਪਸੀ ਤਾਲ-ਮੇਲ, ਮੇਲ-ਮਿਲਾਪ ਦੀ ਭਾਵਨਾ ਕਈ ਘਾਟਾਂ-ਵਾਧਾਂ ਪੂਰੀਆਂ ਕਰ ਦਿਆ ਕਰਦੀ ਸੀ। ਪਿੰਡਾਂ 'ਚ ਆਮ ਕਈ ਦਾਨੇ ਬਜੁਰਗ ਹੁੰਦੇ ਸਨ, ਚਾਹੇ ਉਹ ਭਾਈ ਹੋਣ ਜਾਂ ਮਾਈਆਂ, ਜਦੋਂ ਉਨ੍ਹਾਂ ਕੋਲ ਲੋੜਵੰਦ ਤੇ ਲੋੜਕੂ ਆਪਣੇ ਮਨ ਦੀਆਂ



ਉਲਝੀਆਂ ਤਾਣੀਆਂ, ਪਰਤਾਂ ਵਿਚੋਂ ਕੱਢ ਕੱਢ ਉਨ੍ਹਾਂ ਅੱਗੇ ਰੱਖਦੇ ਤੇ ਉਨ੍ਹਾਂ ਸਿਆਣਿਆਂ ਕੋਲ ਪਹਿਲਾਂ ਹੀ, ਆਪਣੇ ਮਨ 'ਚ ਪਰਤ ਦਰ ਪਰਤ ਧਰੀਆਂ ਪਈਆਂ ਦਲੀਲਾਂ, ਤਜ਼ਰਬਿਆਂ ਦੀ ਤਰਕ ਨਾਲ; ਉਨ੍ਹਾਂ ਦੇ ਦੁੱਖ ਦਲਿੱਦਰਾਂ ਦੀਆਂ ਉਲਝੀਆਂ ਤਾਣੀਆਂ ਦੀਆਂ ਤੰਦਾਂ ਨੂੰ ਸੁਲਝਾਉਣ ਲਈ ਉਪਾਅ ਉੱਘੜ ਆਉਂਦੇ ਸਨ। ਅੱਜ ਵਾਂਗ ਹਸਪਤਾਲਾਂ ਦਾ ਆਸਰਾ ਨਹੀਂ ਸੀ ਮਿਲਦਾ। ਪੰਜਾਬੀਆਂ ਦੇ ਸੁਭਾਅ ਪ੍ਰਾਹੁਣਚਾਰੀ ਤੇ ਆਓ-ਭਗਤ ਲਈ ਵਿਲੱਖਣ ਦਰਜਾ ਰੱਖਦੇ ਹਨ। ਅੱਜ ਦੇ ਕਾਹਲ ਦੇ ਯੁੱਗ 'ਚ ਇਸ ਨੂੰ ਕੁਝ ਖੋਰਾ ਜਰੂਰ ਲੱਗਾ ਹੈ। ਆਏ ਪ੍ਰਾਹੁਣੇ ਦੀ ਆਓ-ਭਗਤ ਕਰਨਾ ਪਰਿਵਾਰ ਦਾ ਪ੍ਰਮੁੱਖ ਕਾਰਜ ਹੁੰਦਾ ਸੀ। ਸਭ ਕੰਮ ਕਾਜ ਛੱਡ ਕੇ ਪ੍ਰਾਹੁਣੇ ਨੂੰ ਪਿਆਰ ਸਤਿਕਾਰ ਨਾਲ ਨਿਵਾਜਿਆ ਜਾਂਦਾ ਸੀ, ਇਹ ਤਦੇ ਹੁੰਦਾ ਸੀ ਕਿ ਪੁਸ਼ਤ ਦਰ ਪੁਸ਼ਤ ਮਨ ਦੀਆਂ ਪਰਤਾਂ 'ਚ ਦੱਬੀਆਂ ਇਹ ਆਓ-ਭਗਤ ਦੀਆਂ ਪਰੰਪਰਾਵਾਂ ਆਪਣੇ ਆਪ ਹੀ ਅੱਗੇ ਤੋਂ ਅੱਗੇ ਤੁਰੀਆਂ ਤੇ ਅਗਲੀਆਂ ਪੀੜ੍ਹੀਆਂ ਦੇ ਸਪੁਰਦ ਹੁੰਦੀਆਂ ਰਹਿੰਦੀਆਂ ਸਨ।

ਸਾਡੇ ਘਰ ਦੇ ਵਿਹੜੇ 'ਚ ਬਹੁਤ ਭਾਰੀ ਨਿੰਮ ਦਾ ਦਰੱਖਤ ਸੀ, ਗਰਮੀਆਂ ਨੂੰ ਉਸ ਦੀ ਠੰਡੀ ਸੰਘਣੀ ਛਾਂ ਹੁੰਦੀ ਸੀ; ਵੱਡੇ ਦਰਵਾਜੇ ਵਾਲੀ ਡਿਉਢੀ ਸੀ, ਜਿਸ ਵਿਚ ਦੀ ਜੁੜਿਆ ਜੁੜਾਇਆ ਗੱਡਾ ਅੰਦਰ ਲੰਘ ਸਕਦਾ ਸੀ। ਗਰਮੀਆਂ ਵਿਚ ਜਦੋਂ ਉਸ ਡਿਉਢੀ ਦਾ ਦਰਵਾਜਾ ਖੋਲ੍ਹ ਬੈਠੀਦਾ ਸੀ ਤਾਂ ਨਿੰਮ ਦੀ ਛਾਂ ਥੱਲੇ ਦੀ ਫਰਨ ਫਰਨ ਕਰਦੀ ਹਵਾ, ਜਦੋਂ ਡਿਉਢੀ ਵਿਚ ਦੀ ਸਕਾਟੇ ਮਾਰਦੀ ਲੰਘਣੀ ਤਾਂ ਸਰੀਰ ਨੂੰ ਇਉਂ ਠੰਡਕ ਮਿਲਦੀ ਸੀ ਜਿਵੇਂ ਏਅਰਕੰਡੀਸ਼ਨ ਕਮਰਾ ਹੋਵੇ। ਅਕਸਰ ਹੀ ਉੱਥੇ ਨਿੰਮ ਥੱਲੇ ਤੇ ਡਿਉਢੀ 'ਚ ਡਾਹੇ ਮੰਜਿਆਂ 'ਤੇ ਦੁਪਹਿਰ ਨੂੰ ਤੁਰੇ ਜਾਂਦੇ ਰਾਹੀ ਪਾਂਧੀ ਘੜੀ ਅਰਾਮ ਕਰਨ ਲਈ ਰੁਕਦੇ ਤਾਂ ਮੇਰੇ ਬੀਬੀ ਜੀ ਲੱਸੀ-ਪਾਣੀ ਉਨ੍ਹਾਂ ਨੂੰ ਪਿਆਉਣਾ ਆਪਣਾ ਪਰਮ ਫਰਜ਼ ਸਮਝਿਆ ਕਰਦੇ ਸੀ। ਇੰਜ ਨੇੜਲੇ ਪਿੰਡਾਂ ਦੇ ਠਾਹਰ ਕਰਨ ਵਾਲੇ ਵਾਕਫਕਾਰ ਸਾਡੇ ਘਰ ਰੁਕ ਕੇ ਅਰਾਮ ਕਰਨਾ ਓਪਰਾ ਨਹੀਂ ਸਨ ਸਮਝਦੇ। ਰਾਹੀ-ਪਾਂਧੀ ਨੂੰ ਲੱਸੀ ਪਾਣੀ ਪਿਆ ਬੀਬੀ ਜੀ ਅੰਦਰੂਨੀ ਖੁਸ਼ੀ ਮਾਣਦੇ ਸਨ।

ਆਂਢ-ਗੁਆਂਢ ਜਾਂ ਪਿੰਡ 'ਚ ਕਿਸੇ ਨੂੰ ਘਰੇਲੂ ਬਖੇੜਾ ਜਾਂ ਕਲੇਸ਼ ਨੇ ਸਤਾਇਆ ਹੋਵੇ ਤਾਂ ਉਹ ਆਪਣਾ ਮਨ ਹੌਲਾ ਕਰਨ ਲਈ ਉਨ੍ਹਾਂ ਕੋਲ ਆਪਣੇ ਦੁਖੜੇ ਫਰੋਲ ਫਰੋਲ ਢੇਰ ਲਾ ਦਿਆ ਕਰਦੇ ਸਨ। ਬੀਬੀ ਜੀ ਆਪਣੇ ਧਾਰਮਿਕ ਅਕੀਦੇ 'ਚ ਪਰਪੱਕ ਹੋਣ ਕਰਕੇ ਦਲੀਲ ਨਾਲ, ਬੇਅੰਤ ਮਿਸਾਲਾਂ ਦੇ ਦੇ ਕੇ ਆਏ-ਗਏ ਦੇ ਡਿੱਗੇ ਮਨ ਨੂੰ ਲੋਹੇ ਦੇ ਥੰਮ ਵਾਂਗ ਢਾਰਸ ਦੇ, ਪਰਿਵਾਰਕ ਉਲਝਣਾਂ ਦੇ ਆਲਮ 'ਚੋਂ ਧੂ ਬਾਹਰ ਕੱਢ ਦਿਆ ਕਰਦੇ ਸਨ। ਅਜਿਹਾ ਕਰਨ ਨਾਲ ਉਨ੍ਹਾਂ ਨੂੰ ਅੰਦਰੂਨੀ ਬਲ ਮਿਲਦਾ ਸੀ; ਇਸੇ ਕਰਕੇ ਉਹ ਵਿਚਾਰ ਦਲੀਲ ਨਾਲ ਪਰਿਵਾਰਕ ਝਮੇਲਿਆਂ 'ਚੋਂ ਰਾਹਤ ਦਿਵਾਉਂਦੇ ਕਦੇ ਅਕੇਵਾਂ ਮਹਿਸੂਸ ਨਹੀਂ ਸੀ ਕਰਦੇ। ਇਹ ਤਦੇ ਸੰਭਵ ਸੀ ਕਿ ਉਨ੍ਹਾਂ ਦੇ ਮਨ ਦੀਆਂ ਪਰਤਾਂ 'ਚ ਹੋਰਾਂ ਲਈ ਸਹਾਈ ਹੋਣਾ, ਕੁੱਟ ਕੁੱਟ ਭਰਿਆ ਹੋਇਆ ਸੀ।

ਮੇਰੇ ਵੱਡੇ ਭੈਣ ਜੀ 1992 ਤੱਕ, 35 ਸਾਲ ਚੰਡੀਗੜ੍ਹ ਰਹੇ, ਸਾਡੇ ਭਾਈਆ ਜੀ ਚੰਡੀਗੜ੍ਹ ਸੈਕਟਰੀਏਟ 'ਚ ਸਰਕਾਰੀ ਨੌਕਰੀ ਕਰਦੇ ਸਨ। ਘਰ ਭਾਵੇਂ ਉਨ੍ਹਾਂ ਦਾ ਬਹੁਤਾ ਵੱਡਾ ਨਹੀਂ ਸੀ, ਪਰ ਆਏ ਗਏ ਦਾ ਆਦਰ ਸਤਿਕਾਰ ਕਰਨੋਂ ਉਨ੍ਹਾਂ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਮੈਂ ਜਦੋਂ ਛੋਟਾ ਸਾਂ ਤਾਂ ਮੇਰੇ ਮਨ 'ਚ ਚੰਡੀਗੜ੍ਹ ਉਨ੍ਹਾਂ ਕੋਲ ਜਾਣ ਲਈ ਸਦਾ ਤਾਂਘ ਰਹਿੰਦੀ ਸੀ। ਮੁੱਲ ਦੇ ਦੁੱਧ ਦੀ ਬਣਾਈ ਚਾਹ ਦੇ ਨਾਲ ਡਬਲਰੋਟੀ ਦਾ ਸੁਆਦ ਨਾਲ ਪਚਾਕੇ ਮਾਰ ਮਾਰ ਖਾਣ ਦਾ ਜੋ ਅਨੰਦ ਆਉਂਦਾ ਸੀ, ਉਹ ਮੁੜ ਕਦੇ ਨਹੀਂ ਆਇਆ। ਉਹ ਬਹੁਤ ਸਾਊ ਤੇ ਨੇਕ ਸੁਭਾਅ ਸਨ, ਜਦੋਂ ਰਿਸ਼ਤੇਦਾਰੀ 'ਚ ਕਿਸੇ ਬਿਮਾਰ ਨੇ ਵੱਡੇ ਹਸਪਤਾਲ (ਪੀ. ਜੀ. ਆਈ.) ਦਾਖਲ ਹੋਣਾ ਤਾਂ ਸਵੇਰ ਸ਼ਾਮ ਰੋਟੀ ਪਾਣੀ ਘਰੋਂ ਤਿਆਰ ਕਰਕੇ, ਦੋ ਵੇਲੇ ਲੋਕਲ ਬੱਸ ਚੜ੍ਹ ਕੇ ਹਸਪਤਾਲ ਅੱਪੜਦਾ ਕਰਨਾ ਉਨ੍ਹਾਂ ਦਾ ਨੇਮ ਸੀ; ਕਦੇ ਔਖਿਆਈ ਨਹੀਂ ਸੀ ਮੰਨੀ।

ਕਿਸੇ ਦੇ ਕੋਈ ਮੁਕੱਦਮਾ ਹੋ ਗਿਆ, ਚੰਡੀਗੜ੍ਹ ਹਾਈ ਕੋਰਟ 'ਚ ਤਰੀਕ ਹੈ ਤਾਂ ਕਚਹਿਰੀ ਜਾਣ ਤੋਂ ਇੱਕ ਦਿਨ ਪਹਿਲਾਂ ਡੇਰਾ ਭੈਣ ਜੀ ਦੇ ਘਰ ਹੀ ਹੁੰਦਾ ਸੀ। ਚਾਹ ਪਾਣੀ ਪਿਆਉਂਦਿਆਂ ਤੇ ਰੋਟੀ ਪਾਣੀ ਖਵਾਉਂਦਿਆਂ ਕਦੇ ਉਹ ਥੱਕੇ ਨਹੀਂ ਸਨ। ਪ੍ਰਾਹੁਣੇ ਚਾਹੇ ਚਾਰ ਆ ਜਾਣ, ਚਾਹੇ ਦਸ, ਸਭ ਦਾ ਖਾਣ ਪੀਣ ਦਾ ਤੇ ਸੌਣ ਦਾ ਪ੍ਰਬੰਧ ਘਰੇ ਖੁਸ਼ੀ ਖੁਸ਼ੀ ਕਰਦੇ ਸਨ; ਮੱਥੇ ਤਿਉੜੀ ਉਨ੍ਹਾਂ ਦੇ ਕਦੇ ਦੇਖੀ ਨਹੀਂ ਸੀ। ਪੈਂਤੀ ਸਾਲਾਂ 'ਚ ਉਨ੍ਹਾਂ ਦੇ ਸਹੁਰੇ ਤੇ ਪੇਕੇ ਪਰਿਵਾਰਾਂ ਅਤੇ ਹੋਰ ਜਾਣਕਾਰਾਂ ਸਮੇਤ ਕਿੰਨੇ ਰਿਸ਼ਤੇਦਾਰਾਂ ਹਾਈ ਕੋਰਟ 'ਚ ਤਰੀਕਾਂ ਭੁਗਤਦਿਆਂ ਤੇ ਕਿੰਨੇ ਮਰੀਜ਼ਾਂ ਪੀ. ਜੀ. ਆਈ. ਵਿਚ ਇਲਾਜ ਕਰਵਾਉਂਦਿਆਂ, ਉਨ੍ਹਾਂ ਦੇ ਘਰ ਡੇਰਾ ਕੀਤਾ, ਇਸ ਦਾ ਕੋਈ ਅੰਤ ਨਹੀਂ।

ਅੱਜ ਮੈਂ ਆਪਣੇ ਮਨ ਦੀਆਂ ਪਰਤਾਂ 'ਚ ਦੱਬੀਆਂ ਯਾਦਾਂ ਕੱਢ, 60-65 ਸਾਲ ਭੁਤਪੂਰਵ ਸਮੇਂ 'ਚ ਜਾ ਨਿੱਘੀ ਯਾਦ ਦਾ ਅਨੰਦ ਵੀ ਲੈ ਰਿਹਾਂ ਤੇ ਮਨ 'ਚ ਉਦਾਸੀ ਦਾ ਆਲਮ ਵੀ ਬਣਦਾ ਹੈ ਕਿ ਕਿੰਨਾ ਅਦਭੁੱਤ, ਰੰਗੀਲਾ, ਸ਼ਾਂਤਮਈ, ਪਿਆਰ, ਨਿੱਘ ਤੇ ਅੰਦਰੂਨੀ ਸਕੂਨ ਦੇਣ ਵਾਲਾ ਸਮਾਂ ਸੀ ਉਹ, ਜੋ ਅੱਜ ਮਨ ਦੀਆਂ ਪਰਤਾਂ 'ਚੋਂ ਉੱਛਲ ਉੱਛਲ ਬਾਹਰ ਨੂੰ ਆ ਰਿਹਾ ਹੈ।

ਮਨ ਦੀਆਂ ਪਰਤਾਂ 'ਚ ਹੋਰ ਪਤਾ ਨਹੀਂ ਕਿੰਨੀਆਂ ਕੁ ਖੱਟੀਆਂ-ਮਿੱਠੀਆਂ ਯਾਦਾਂ, ਕਿੰਨੀਆਂ ਚੰਗੀਆਂ-ਮਾੜੀਆਂ ਘਟਨਾਵਾਂ ਦੇ ਪ੍ਰਭਾਵ ਸਮੋਏ ਹੋਏ ਹਨ, ਸਮਾਂ ਆਉਣ 'ਤੇ ਹੀ ਪ੍ਰਗਟ ਹੋ ਰੰਗ ਦਿਖਾਉਂਦੇ ਹਨ; ਇਹ ਪਰਤਾਂ ਸਮੁੰਦਰ ਦੀ ਨਿਆਈਂ ਹਨ, ਜਿਸ 'ਚ ਪਤਾ ਨਹੀਂ ਕਿੰਨੇ ਕੁ ਤੁਬਕੇ ਵੱਖੋ ਵੱਖਰੀਆਂ ਯਾਦਾਂ, ਘਟਨਾਵਾਂ ਦੇ ਜਜ਼ਬ ਹੋਏ ਪਏ ਹਨ, ਕੋਈ ਥਹੁ ਹੀ ਨਹੀਂ; ਤੇ ਇਨ੍ਹਾਂ ਪਰਤਾਂ 'ਚ ਦੱਬੀਆਂ ਉਹ ਘਟਨਾਵਾਂ ਜਿਨ੍ਹਾਂ ਜ਼ਿੰਦਗੀ 'ਚ ਅਹਿਮ ਮੋੜਾ ਦਿੱਤਾ, ਜਿਨ੍ਹਾਂ ਔਖੇ ਤੇ ਔਝੜੇ ਰਾਹਾਂ 'ਚੋਂ ਬਾਹੋਂ ਫੜ ਬਾਹਰ ਕੱਢਿਆ, ਉਨ੍ਹਾਂ ਨੂੰ ਯਾਦ ਕਰ, ਮਨ ਦੀਆਂ ਪਰਤਾਂ 'ਚੋਂ ਬਾਹਰ ਕੱਢ ਝਾਤ ਮਾਰੀਏ ਤਾਂ ਇੱਕ ਅਦਭੁੱਤ ਹਲਚਲ ਮਹਿਸੂਸ ਹੁੰਦੀ ਹੈ।

# 'ਰੂਹ-ਰੇਜ਼ਾ' ਦਾ ਕਾਵਿ-ਸ਼ਾਸ਼ਤਰ

*(ਪਿਛਲੇ ਸਫੇ ਦੀ ਬਾਕੀ)*

ਦੀ ਪੂਰਤੀ ਲਈ ਪ੍ਰਵਾਨਗੀ ਦਿੱਤੀ ਹੋਈ ਹੈ।

ਕਵੀ ਦਾ ਸੰਕੇਤਤਕ ਸੁਝਾਅ ਹੈ ਕਿ ਸਰਲ ਰੇਖਾ ਵਿਚ ਚਲੇ ਜਾਣ ਤੋਂ ਰੁਕਣਾ ਬਣਦਾ ਹੈ। ਅੰਨੇ ਵਾਹ ਵਿਕਾਸ ਵੱਲ ਵੱਧ ਰਹੀ ਮੌਜੂਦਾ ਸਤਾ ਦੀਆਂ ਕਰਤੂਤਾਂ ਦੇ ਭਿਆਨਕ ਸਿੱਟਿਆਂ ਬਾਰੇ ਕਲਾਤਮਿਕ ਤੌਰ 'ਤੇ ਸੁਚੇਤ ਕਰਦਾ ਹੈ। ਉਸ ਦਾ ਇਸ਼ਾਰਾ ਹੈ ਕਿ ਵਿਕਾਸ ਦਾ ਇਹ ਭਰਮ ਆਪਣੇ ਭਾਰ ਨਾਲ ਆਪ ਤਾਂ ਡੁਬੇਗਾ ਹੀ, ਪਰ ਸਮੁੱਚੀ ਕਾਇਨਾਤ ਨੂੰ ਵੀ ਗਰਕ ਕਰ ਦੇਵੇਗਾ। ਉਸ ਦੀ ਨਜ਼ਮ 'ਇੰਜ ਨਾ ਹੋਵੇ' ਵਿਚ ਤੌਖਲਾ ਪ੍ਰਗਟ ਕਰਦਿਆਂ ਸੁਚੇਤ ਕੀਤਾ ਹੈ,

ਇੰਜ ਨਾ ਹੋਵੇ ਕਿ
ਖਲਾਅ ਵਿਚ ਉਡਦੇ ਪਰਿੰਦੇ ਦੇ
ਨਕਸ਼ ਹੀ ਗਵਾਚ ਜਾਣ।

---

ਪ੍ਰਛਾਵੇਂ ਲਈ ਧਰਤ ਬਣ ਜਾ!
ਕਿਧਰੇ ਇੰਜ ਨਾ ਹੋਵੇ ਕਿ
ਪਰਿੰਦੇ ਦੀ ਹੂਕ ਵਿਲਕਣੀ
ਬਿਰਖ ਦੀ ਚੀਖ 'ਚ ਗੁਆਚ ਜਾਵੇ।

—

ਆਲ੍ਹਣੇ ਲਈ ਤੀਲਿਆਂ ਦਾ
ਆਸਾਰ ਤਾਂ ਕਰ!
ਇੰਜ ਨਾ ਹੋਵੇ ਕਿ
ਉਮਰਾਂ ਵਰਗੀ ਇਕੱਲ 'ਚ
ਘਰ 'ਬੇਘਰਾ' ਹੋ ਜਾਵੇ।

—

ਦਰੀਂ ਪਰਤਦੀਆਂ ਪੈੜਾਂ
ਬਣਨ ਦਾ ਹੀਆ ਤਾਂ ਕਰ!
ਇਸ ਤੋਂ ਪਹਿਲਾਂ ਕਿ
ਅਣਹੋਂਦ ਦਾ ਤਸੱਵਰ
ਦੀਦਿਆਂ 'ਚ ਉਤਰ ਆਵੇ।

---

ਨੈਣਾਂ 'ਚ ਸੰਦਲੀ ਸੁਪਨਾ ਜਰੂਰ ਧਰੀਂ!

ਨਜ਼ਮ ਵਿਚ ਚਣੌਤੀ ਦੀ ਗੰਭੀਰਤਾ ਵੀ ਹੈ ਅਤੇ ਚੇਤਾਵਨੀ ਭਰਿਆ ਸੁਝਾਅ ਵੀ।

ਉਸ ਦੀ ਨਜ਼ਮ 'ਫੋਨ ਚੁੱਪ ਹੈ' ਅਜੋਕੇ ਸਬੰਧਾਂ ਦੇ ਖੋਖਲੇਪਣ ਨੂੰ ਪ੍ਰਤੱਖ ਕਰਦੀ ਹੈ। ਕਵੀ ਨੂੰ ਰਿਸ਼ਤਿਆਂ ਦੀ ਗਹਿਰਾਈ ਤੇ ਗੁਣਾਤਮਕ ਸਾਰਥਕ ਬਾਰੇ ਭਰੋਸਾ ਨਹੀਂ ਹੈ। ਉਸ ਦਾ ਮੱਤ ਪੂਰਨ ਤੌਰ 'ਤੇ ਸਹੀ ਹੈ,

ਫੋਨ ਚੁੱਪ ਹੈ
ਵੈਸੇ ਅਜੋਕੇ ਮਨੁੱਖ ਲਈ
ਰਸਾਤਲ ਦੇ ਕੋਈ ਅਰਥ
ਰਹਿ ਤਾਂ ਨਹੀਂ ਗਏ।

---

ਫੋਨ ਚੁੱਪ ਦਾ ਲਿਬਾਸ ਪਹਿਨ ਲੈਂਦਾ
ਜਦ ਦਰਦ-ਰੱਤੀ ਸਫ ਵਿੱਛ ਜਾਵੇ
ਪੀੜ-ਪਰੁੱਚੇ ਹਰਫ ਬੇਬੱਸ ਹੋ ਜਾਣ।
ਜਾਂ ਵਕਤ-ਤਲੀ 'ਤੇ
ਗਮ ਦੀ ਗੁੜਤੀ ਧਰੀ ਜਾਵੇ।

ਕਵੀ ਦੁੱਖਾਂ ਦੀ ਪੁਨਰ ਸਿਰਜਣਾ ਕਰਦਾ ਹੈ, ਜੋ ਬੇਗਾਨਗੀ, ਨਫਰਤ ਅਤੇ ਸਵਾਰਥ ਦੀ ਧਰਾਤਲ ਤੋਂ ਪੈਦਾ ਹੁੰਦੇ ਹਨ। ਉਹ 'ਹੰਝੂਆਂ ਦੀ ਇਬਾਦਤ' ਨੂੰ ਸ਼ਬਦ ਜੂਨੇ ਪਾਉਣ ਦੇ ਨਾਲ ਨਾਲ ਸੁਖਦ ਸੁਨੇਹਾ ਟਿਕਾਉਣ ਦੀ ਵਾਰਤਾ ਵੀ ਰਚਦਾ ਹੈ। ਇਹ ਵਾਰਤਾ ਹਿਰਦੇ 'ਚੋਂ ਨਿਕਲੀ ਹੂਕ ਬਣ ਕੇ ਨਜ਼ਮ ਵਿਚ ਬਦਲ ਜਾਂਦੀ ਹੈ। ਕਾਫੀ ਨਜ਼ਮਾਂ ਅਜਿਹੀਆਂ ਹਨ, ਜੋ ਵੱਖ ਵੱਖ ਸਥਿਤੀਆਂ, ਮੁੱਲਾਂ ਜਾਂ ਸ਼ਕਤੀ ਦੇ ਸੋਮਿਆਂ ਨੂੰ ਪਰਿਭਾਸ਼ਤ ਕਰਦੀਆਂ, ਉਨ੍ਹਾਂ ਦੀਆਂ ਪਰਤਾਂ ਨੂੰ ਪਰਗਟ ਕਰਦੀਆਂ ਹਨ।

ਕਵਿਤਾ ਸਿਰਫ ਬਿਆਨਬਾਜ਼ੀ ਹੀ ਨਹੀਂ ਹੁੰਦੀ। ਬਿਆਨੀਆ ਕਵਿਤਾ, ਕਿੱਸਿਆਂ, ਜੰਗਨਾਮਿਆਂ ਅਤੇ ਵਾਰਾਂ ਤੀਕ ਸੀਮਤ ਹੈ। ਭਾਵਨਾ ਨਾਲ ਸਬੰਧਤ ਛੋਟੇ ਅਕਾਰ ਦੀ ਕਵਿਤਾ ਸਵਾਲ ਵੀ ਸਿਰਜਦੀ ਹੈ, ਉਤਰ ਵੀ ਖੋਜਦੀ ਹੈ, ਜਗਿਆਸਾ ਪੈਦਾ ਕਰਨ ਦੇ ਨਾਲ ਨਾਲ ਰੂਹ ਨੂੰ ਹਲੂਣਾ ਦਿੰਦੀ ਹੋਈ ਪਿਆਸੀ ਰੂਹ ਦੀ ਤ੍ਰਿਸ਼ਨਾ ਵੀ ਮਿਟਾਉਂਦੀ ਹੈ। ਡਾ. ਭੰਡਾਲ ਅਜਿਹੇ ਸਵਾਲ ਸਿਰਜਦਾ ਹੈ, ਜੋ ਪਾਠਕ ਨਾਲ ਸੰਚਾਰ ਰੇਖਾ ਸਥਾਪਤ ਕਰਦੇ ਹਨ,

ਮੈਂ ਪੀੜ, ਤੂੰ ਪਰਾਗਾ
ਫਿਰ ਕੌਣ ਨੇ ਇਹ ਬੇਅਰਥੇ ਲੋਕ?

---

ਮੈਂ ਦਰਦ, ਤੂੰ ਦਵਾ
ਕਿਸ ਵਬਾ ਦਾ ਨਾਮ
ਭਲਾ ਮਰੀਜ਼ ਤੇ ਮਰਜ਼?

ਡਾ. ਭੰਡਾਲ ਦੀਆਂ ਮਾਂ-ਬਾਪ ਬਾਰੇ ਕਵਿਤਾਵਾਂ ਇਨ੍ਹਾਂ ਦੋਹਾਂ ਰਿਸ਼ਤਿਆ ਦੀ ਸਾਦਗੀ, ਪਾਕੀਜ਼ਗੀ ਤੇ ਬੁਲੰਦੀ ਨੂੰ ਪੇਸ਼ ਕਰਨ ਵਾਲੀਆਂ ਹਨ। 'ਘਰ ਪਰਵਾਸ' ਕਵਿਤਾ ਵਿਚ ਮਾਂ ਦਾ ਜੋ ਤਸੱਵਰ ਉਸ ਨੇ ਪੇਸ਼ ਕੀਤਾ ਹੈ, ਉਹ ਬਿਆਨ ਜਾਂ ਵੇਰਵੇ ਦੇ ਬੰਧਨ ਤੋੜਦਾ ਮਾਂ ਦਾ ਮੁਕੰਮਲ ਸਰੂਪ ਸਿਰਜਦਾ ਹੈ। ਮਾਂ ਤਾਂ ਮੌਤ ਪਿਛੋਂ ਵੀ ਰਿਸ਼ਤੇ ਨੂੰ ਨਿਭਾਉਂਦੀ ਹੈ। ਰਿਸ਼ਤਾ ਟੁੱਟਦਾ ਨਹੀਂ, ਸਗੋਂ ਹੋਰ ਰੂਹਾਨੀ ਹੋ ਜਾਂਦਾ ਹੈ। ਬਾਪ ਦੀ ਬਿਮਾਰੀ ਬਾਰੇ ਫਿਕਰਮੰਦੀ, ਬਾਪ ਦਾ ਵਿਛੋੜਾ, ਮਾਂ-ਬਾਪ ਨਾਲ ਵੱਸਦੇ ਘਰ ਦਾ ਸੰਕਲਪ, ਉਸ ਦੀ ਸਿਰਜਣ ਕਲਾ ਨੂੰ ਪੇਸ਼ ਕਰਨ ਵਾਲਾ ਹੈ। ਮਾਂ-ਬਾਪ ਦੀ ਛਾਂ ਤੋਂ ਦੂਰ ਜਾ ਕੇ ਪਰਦੇਸ ਦੇ ਉਦਰੇਵੇਂ ਨੂੰ ਸ਼ਬਦਾਂ ਦੇ ਪਰਿਪੇਖ 'ਚ ਪੇਸ਼ ਕਰਦਿਆਂ ਉਹ ਲਿਖਦਾ ਹੈ,

ਅਸੀਂ, ਜੋ ਘਰੋਂ ਬੇਘਰ ਹੋ
ਵਿਦੇਸ਼ਾਂ ਵਿਚ ਆਪਣੀ ਗੁੰਮਸ਼ੁਦੀ ਦੇ
ਨਕਸ਼ ਉਲੀਕਣ 'ਚ ਮਸ਼ਰੂਫ ਹਾਂ
ਬਹੁਤ ਅਦਨੇ ਜਿਹੇ ਲੋਕ ਹਾਂ।

---

ਅਸੀਂ ਤਾਂ ਪਰਿੰਦੇ ਵੀ ਨਹੀਂ ਹਾਂ
ਜੋ ਮੌਸਮ ਬਦਲਣ 'ਤੇ
ਤੀਲਿਆਂ ਨੂੰ ਆਲ੍ਹਣਾ ਬਣਨ ਦਾ ਮਾਣ ਦਿੰਦੇ
ਬੋਟਾਂ ਦੀ ਤਲੀ 'ਤੇ
ਜ਼ਿੰਦਗੀ ਦਾ ਸ਼ਗੂਫਾ ਧਰਦੇ ਨੇ।

ਮਾਂ ਦੀ ਮੌਤ ਪਿਛੋਂ ਬਾਪ ਦੇ ਮਾਂ ਬਣ ਜਾਣ ਦੀ ਸੰਵੇਦਨਾ ਵੇਖਣਯੋਗ ਹੈ,

ਅਤੇ ਮੈਂ ਬਾਪ ਦੇ ਝੁਰੜੀਆਂ ਭਰੇ
ਕੰਬਦੇ ਹੱਥਾਂ 'ਚੋਂ ਅੰਬ ਲੈਂਦਿਆਂ
ਸੋਚਦਾ ਹਾਂ
ਮਾਂ ਦੀ ਮੌਤ ਤੋਂ ਬਾਅਦ
ਬਾਪ, ਮਾਂ ਵੀ ਬਣ ਗਿਆ ਹੈ।

ਨਜ਼ਮ ਦਾ ਇਹ ਆਖਰੀ ਹਿੱਸਾ ਦਿਲ ਨੂੰ ਖੋਹ ਪਾਉਣ ਵਾਲਾ ਹੈ। ਬਾਪ ਦੇ ਅੰਤਿਮ ਵਿਛੋੜੇ ਤੋਂ ਪਿਛੋਂ ਦੇ ਅਸਰ ਨੂੰ ਪਰਗਟ ਕਰਨ ਵਾਲੇ ਸ਼ਬਦਾਂ ਤੇ ਅਰਥਾਂ ਦੇ ਸੰਯੋਗ ਤੋਂ ਜੋ ਪ੍ਰਭਾਵ ਬਣਦਾ ਹੈ, ਉਹ ਅਮਿੱਟ ਹੈ, ਸਦੀਵੀ ਹੈ, ਸਬਰ ਤੇ ਮੁਹੱਬਤ ਦਾ ਲਖਾਇਕ ਹੈ,

ਮੈਂ ਹੰਝੂ ਹੰਝੂ ਹੋ ਸਾਰਾ ਹੀ
ਅੱਜ ਪਿੰਡ ਦੀ ਜੂਹੇ ਜਾ ਆਇਆਂ,
ਤੇ ਬਾਪ ਦੀ ਯਾਦ-ਪਨੀਰੀ ਨੂੰ
ਮੈਂ ਚਿੱਤ ਦੀ ਪੈਲੀਏ ਲਾ ਆਇਆਂ।

ਡਾ. ਭੰਡਾਲ ਦੀਆਂ ਬਹੁਤੀਆਂ ਕਵਿਤਾਵਾਂ ਗੀਤ ਅਤੇ ਕਾਫੀਆਂ ਵਾਂਗ ਗਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਵਿਤਾਵਾਂ ਵਿਚ ਕਵੀ ਨੇ ਕਿਸੇ ਪਰੰਪਰਾਗਤ ਛੰਦ ਨੂੰ ਨਿਭਾਉਣ ਦੀ ਥਾਂ ਸਤਰਬੰਦੀ ਦੀ ਕਲਾ ਦੇ ਸਾਧਨ ਨੂੰ ਵਰਤਿਆ ਹੈ। ਅੰਗ-ਨਿਕਟਤਾ ਜਾਂ ਸ਼ਬਦ-ਨੇੜਤਾ ਉਸ ਦੀ ਕਾਵਿ-ਕਲਾ ਦਾ ਵਿਲੱਖਣ ਤੇ ਨਿਆਰਾ ਗੁਣ ਹੈ;

ਹਾੜੇ ਵੇ ਇਸ ਚੁੱਪ ਦੀ ਵੱਖੀ
ਸੂਲਾਂ ਸੰਗ ਪਰੋਈ,
ਕੋਈ ਤਾਂ ਬਹੁੜੇ ਪੀਰ ਔਲੀਆ
ਗੁੰਗਾ ਦਰਦ ਮਿਟਾਵੇ।

ਅੰਗ ਨਿਕਟ ਦੇ ਕੁਝ ਨਮੂਨੇ ਪੇਸ਼ ਹਨ; ਕਿਰਨਾਂ ਛਮ ਛਮ ਰੋਈਆਂ, ਸਾਹੋਂ ਵਿਰਵੀ ਹੋਈ, ਸਾਹਾਂ ਦੀ ਸਰਦਲ, ਚਾਨਣੀ ਨੈਣ ਕਸੀਰ, ਜੱਗ ਤੋਂ ਟੁੱਟੀ ਸੀਰ, ਦਿਲ ਬਰੂਹੀਂ, ਸਰਘੀ ਉਤਰ ਬਨੇਰਿਉਂ, ਧਰਤੀ ਹੌਕਾ ਉਗਲਿਆ, ਪਰਬਤ ਪਿਘਲ ਗਿਆ, ਗੁੰਗੀ ਵਕਤ ਦਹਿਲੀਜ਼, ਚੁੱਪ ਦੀਆਂ ਚੀਖਾਂ, ਸੰਦਲੀ ਸੱਧਰਾਂ, ਤੀਲਾ ਤੀਲਾ ਆਲ੍ਹਣਾ, ਹਰਫੀਂ ਮੱਘਦੀ ਧੂਣੀ, ਕਵਿਤਾ ਵਰਗੇ ਲੋਕ, ਪੀੜ-ਪ੍ਰਾਹੁਣੀ, ਸੋਚ-ਸਰਦਲ ਆਦਿ। ਡਾ. ਭੰਡਾਲ ਸ਼ਬਦ ਨੇੜਤਾ ਨੂੰ ਨਜ਼ਮ ਦੀ ਰਵਾਨੀ ਦਾ ਸਾਧਨ ਬਣਾਉਂਦਾ ਹੈ। ਕਵਿਤਾ ਦੇ ਵਹਾਅ ਵਿਚ ਕਿਤੇ ਅਟਕਾਓ ਨਹੀਂ ਪੈਂਦਾ।

ਭੰਡਾਲ ਦੀ ਨਜ਼ਮ ਬ੍ਰਹਿਮੰਡ ਤੋਂ ਤੁਰਦੀ, ਧਰਤੀ ਦੀ ਯਾਤਰਾ ਕਰਦੀ, ਮਾਨਵਤਾ ਦੇ ਗੁੰਗੇ ਦਰਦ ਦਾ ਬਿਰਦ ਪਾਲਦੀ, ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਪਛਾਣਦੀ, ਦੋਗਲੇ ਕਿਰਦਾਰ 'ਤੇ ਸਵਾਲ ਖੜੇ ਕਰਦੀ, ਸੁਨੱਖੇ ਜੀਵਨ ਦੀ ਆਸ ਜਗਾਉਂਦੀ, ਮਨੁੱਖਤਾ ਦੀਆਂ ਅਣਕਿਆਸੀਆਂ ਮੁਸ਼ਕਿਲਾਂ ਨੂੰ ਪਛਾਣਦੀ ਹੋਈ ਰੁਦਨ ਤੇ ਹੇਰਵੇ ਦੀ ਕਵਿਤਾ ਹੈ। ਸੋਗ-ਗੀਤ ਵਾਂਗ ਆਸ ਵੀ ਜਗਾਉਂਦੀ ਹੈ। ਮੁਹੱਬਤ ਦੀ ਬਾਰਸ਼ ਵਾਂਗ ਵਿਨਾਸ਼ਕਾਰੀ ਤਾਕਤਾਂ ਦੇ ਮਾਰੂ ਅਸਰ ਅਧੀਨ ਵਿਲਕ ਰਹੀਆਂ ਮਨੁੱਖੀ ਰੂਹਾਂ ਨੂੰ ਹਲੂਣਦੀ ਹੈ। ਉਸ ਦੀ ਕਵਿਤਾ ਦੀ ਭਾਸ਼ਾ ਨਿਵੇਕਲੀ ਹੈ। ਉਸ ਕੋਲ ਮੌਲਿਕ ਕਲਾ-ਸਾਧਨਾ ਦੀ ਘਾਟ ਨਹੀਂ ਹੈ। ਉਸ ਦੀ ਰਚਨਾ ਵਿਚ ਉਦਾਸੀ ਹੈ, ਵੈਰਾਗ ਹੈ, ਪਰ ਆਸ ਜਿਉਂਦੀ ਹੈ। ਧੜਕਦੇ ਤੇ ਗਤੀਮਾਨ ਜੀਵਨ ਦਾ ਉਹ ਖੋਜੀ ਵੀ ਹੈ ਅਤੇ ਚਿਤੇਰਾ ਵੀ ਹੈ।

ਵਰਤਮਾਨ ਦੀਆਂ ਤਲਖ ਹਕੀਕਤਾਂ ਨੂੰ ਆਪਣੇ ਨਿਰਾਲੇ ਤੇ ਮੌਲਿਕ ਕਾਵਿ-ਸ਼ਸ਼ਤਰ ਦੇ ਅੰਗ-ਸੰਗ ਕਰਕੇ, ਉਹ ਸੁਨੇਹਾ ਦਿੰਦਾ ਹੈ ਕਿ ਉਤਰ ਆਧੁਨਿਕ ਜ਼ਮਾਨੇ ਦੀਆਂ ਸੁੱਖ-ਸਹੂਲਤਾਂ ਮਨੁੱਖ ਨੂੰ ਰੂਹਾਨੀ ਤੇ ਸਦੀਵੀ ਸੁੱਖ ਨਹੀਂ ਦੇ ਸਕਦੀਆਂ।

# ਲੋਕ ਧਾਰਾ ਦਾ ਠਾਠਾਂ ਮਾਰਦਾ ਸਮੁੰਦਰ

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਜਸਥਾਨੀ ਲੋਕ ਕਹਾਣੀ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। 'ਪੰਜਾਬ ਟਾਈਮਜ਼' ਦੇ ਖਾਸ ਸਨੇਹੀ ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਅਗਲੇ ਅੰਕਾਂ ਵਿਚ ਅਸੀਂ ਇਹ ਲੋਕ ਕਹਾਣੀਆਂ ਆਪਣੇ ਪਾਠਕਾਂ ਦੇ ਰੂਬਰੂ ਕਰਾਂਗੇ। -ਸੰਪਾਦਕ***

ਵਿਜੇਦਾਨ ਦੇਥਾ ਰਾਜਸਥਾਨ ਦਾ ਕਹਾਣੀ ਲੇਖਕ ਸੀ ਜਿਸ ਨੇ 800 ਕਹਾਣੀਆਂ ਰਚੀਆਂ, 14 ਜਿਲਦਾਂ ਵਿਚ ਛਪੀਆਂ। ਉਸ ਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕਰਨ ਦਾ ਅਹਿਮ ਕਾਰਜ ਸਿਰੇ ਚਾੜ੍ਹਿਆ। ਮੌਲਿਕ ਕਹਾਣੀਆਂ ਵੀ ਰਚੀਆਂ, ਪਰ ਲੋਕਧਾਰਾ ਦੀ ਜੋ ਖੁਸ਼ਬੂ ਹੱਥਾਂ ਨੂੰ ਛੂਹ ਗਈ, ਉਹ ਲੌਕਿਕ ਕਥਾਵਾਂ ਵਿਚੋਂ ਵੀ ਝਾਤੀ ਮਾਰਦੀ ਹੈ। ਭਾਰਤ ਦੇ ਸਾਰੇ ਵੱਡੇ ਇਨਾਮ ਮਿਲੇ ਅਤੇ ਨੋਬੇਲ ਇਨਾਮ ਲਈ ਸਿਫਾਰਸ਼ ਹੋਈ। ਸਾਰੀ ਉਮਰ ਪਿੰਡ ਵਿਚ ਰਿਹਾ, ਪਿੰਡ ਛੱਡਣਾ ਪੈ ਜਾਊ, ਨੌਕਰੀ ਨਹੀਂ ਕੀਤੀ। ਮਨਿਕੌਲ ਨੇ ਕਿਹਾ, "ਚੰਗਾ ਹੋਇਆ ਵਿਜੇਦਾਨ ਪਿੰਡ ਵਿਚ ਰਿਹਾ, ਭੁੱਖੇ ਸ਼ਹਿਰੀ ਜਾਨਵਰਾਂ ਨੇ ਉਸ ਦੀ ਬੋਟੀ-ਬੋਟੀ ਕਰ ਦੇਣੀ ਸੀ।"



**ਡਾ. ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ, ਜਿੱਥੇ ਅੱਜ ਕੱਲ੍ਹ ਮੈਂ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨਿਭਾ ਰਿਹਾ ਹਾਂ, ਪਿਛਲੇ ਸਾਲ ਸਤੰਬਰ 2019 ਵਿਚ ਲਖਨਊ ਵਿਸ਼ਵ ਵਿਦਿਆਲੇ ਦੀਆਂ ਦੋ ਖੋਜਾਰਥਣਾਂ ਕਹਾਣੀ ਸੁਣਾਉਣ ਆਈਆਂ। ਵਿਚਕਾਰ ਪੰਦਰਾਂ ਮਿੰਟ ਦੀ ਬਰੇਕ ਸੀ, ਦੋ ਘੰਟੇ ਉਨ੍ਹਾਂ ਨੇ ਉਰਦੂ ਜ਼ਬਾਨ ਵਿਚ 'ਚਉਬੋਲੀ' ਕਹਾਣੀ ਸੁਣਾਈ। ਪੰਜ ਚਾਰ ਮਿੰਟ ਇੱਕ ਕੁੜੀ ਸੁਣਾਉਂਦੀ; ਜਿੱਥੇ ਛਡਦੀ, ਉਥੇ ਦੂਜੀ ਸ਼ੁਰੂ ਕਰ ਦਿੰਦੀ। ਪੂਰਨ ਖਾਮੋਸ਼ੀ। ਸਰੋਤੇ ਸਾਹ ਰੋਕ ਕੇ ਕਹਾਣੀ ਸੁਣਦੇ ਰਹੇ।

ਲੋਕ ਕਹਾਣੀਆਂ, ਜਿਨ੍ਹਾਂ ਵਿਚ ਪਰੀ ਕਹਾਣੀਆਂ, ਰਾਜਿਆਂ-ਰਾਣੀਆਂ ਦੀਆਂ ਕਹਾਣੀਆਂ, ਜਨੌਰ ਕਹਾਣੀਆਂ, ਜਿੰਨ ਪ੍ਰੇਤ ਕਹਾਣੀਆਂ ਹੁੰਦੀਆਂ, ਬੱਚੇ ਕਿਸੇ ਜ਼ਮਾਨੇ ਆਪਣੀ ਦਾਦੀ, ਨਾਨੀ, ਭੂਆ ਜਾਂ ਮਾਸੀ ਆਦਿਕ ਤੋਂ ਸੌਣ ਤੋਂ ਪਹਿਲਾਂ ਸੁਣਦੇ ਹੁੰਦੇ, ਸੁਣਦੇ-ਸੁਣਦੇ ਸੌਂ ਜਾਂਦੇ। ਵੱਡਿਆਂ ਦੀ ਹਦਾਇਤ ਹੁੰਦੀ, 'ਦਿਨ ਵਿਚ ਬਾਤਾਂ ਵਿਚ ਨਹੀਂ ਪਾਈਦੀਆਂ, ਰਾਹੀ ਰਾਹ ਭੁੱਲ ਜਾਂਦੇ ਨੇ।' ਪਰ ਦਿਨ ਦਿਹਾੜੇ ਯੂਨੀਵਰਸਿਟੀ ਦੇ ਮੰਚ 'ਤੇ ਲੋਕ ਕਹਾਣੀ? ਨਵਾਂ ਅਨੁਭਵ।

ਇਨ੍ਹਾਂ ਕੁੜੀਆਂ ਨੇ ਲਖਨਊ ਸਮੇਤ ਹੋਰ ਬਹੁਤ ਸਾਰੀਆਂ ਥਾਂਵਾਂ ਦਾ ਜ਼ਿਕਰ ਕੀਤਾ, ਜਿੱਥੇ ਅੱਜ ਵੀ ਮੂੰਹ ਮੰਗੀ ਰਕਮ ਤਾਰ ਕੇ ਅਫਸਾਨਾਗੋ ਬੁਲਾਏ ਜਾਂਦੇ ਹਨ, ਸਰੋਤੇ ਸਜ ਧਜ ਕੇ ਸੁਣਨ ਆਉਂਦੇ ਹਨ। ਇਹ ਕਲਾ, ਜੋ ਦੋਹਾਂ ਪੰਜਾਬਾਂ ਵਿਚੋਂ ਹੁਣ ਖਤਮ ਹੋ ਚੁਕੀ ਹੈ, ਨੂੰ ਅਫਸਾਨਾਗੋਈ ਕਿਹਾ ਜਾਂਦਾ ਹੈ ਤੇ ਪ੍ਰੋਫੈਸ਼ਨਲ ਕਥਾਕਾਰ ਆਮ ਤੌਰ 'ਤੇ ਦੋ ਹੁੰਦੇ ਹਨ, ਪਰ ਇਹ ਕੋਈ ਪੱਕਾ ਨਿਯਮ ਨਹੀਂ।

ਇੱਕ ਵਾਰ ਮੁਰਸ਼ਦ ਅਤੇ ਮੁਰੀਦ-ਦੋਵੇਂ ਕਹਾਣੀ ਸੁਣਾ ਰਹੇ ਸਨ। ਉਸਤਾਦ ਜੀ ਕੋਲ ਸੁਨੇਹਾ ਆਇਆ, ਜਿਸ ਸਦਕਾ ਉਨ੍ਹਾਂ ਨੂੰ ਅੱਧੇ ਘੰਟੇ ਲਈ ਵਿਚਕਾਰੋਂ ਉਠ ਕੇ ਬਾਹਰ ਜਾਣਾ ਪਿਆ। ਜਾਣ ਲੱਗਿਆਂ ਉਸਤਾਦ ਜੀ ਨੇ ਮੁਰੀਦ ਨੂੰ ਕਿਹਾ, "ਜਿੰਨਾ ਚਿਰ ਮੈਂ ਬਾਹਰ ਰਹਾਂ, ਤੂੰ ਕਹਾਣੀ ਸੁਣਾਉਣੀ ਜਾਰੀ ਰੱਖ, ਪਰ ਖਿਆਲ ਰੱਖਣਾ, ਕਹਾਣੀ ਅੱਗੇ ਨਹੀਂ ਤੁਰਨੀ ਚਾਹੀਦੀ। ਕਹਾਣੀ ਮੈਂ ਸੁਣਾਵਾਂਗਾ, ਤੂੰ ਮੇਰੇ ਪਿੱਛੋਂ ਵਿਘਨ ਨ੍ਹੀਂ ਪੈਣ ਦੇਣਾ, ਸੁਣਾਈ ਚੱਲ।" ਇਹ ਕਹਿ ਕੇ ਉਹ ਚਲੇ ਗਏ।

ਜਿੱਥੇ ਛੱਡ ਕੇ ਗਏ, ਰਾਜਕੁਮਾਰ ਬਰਾਤ ਸਮੇਤ ਰਾਜਕੁਮਾਰੀ ਨੂੰ ਵਿਆਹੁਣ ਲਈ ਮਹਿਲ ਦੇ ਦਰਵਾਜੇ 'ਤੇ ਪੁੱਜਿਆ ਹੋਇਆ ਸੀ। ਮੁਰੀਦ ਨੇ ਕਹਾਣੀ ਵਿਚ ਵਰਣਨ ਕਰਨਾ ਸ਼ੁਰੂ ਕੀਤਾ, ਲਾੜੇ ਅਤੇ ਬਰਾਤੀਆਂ ਦੇ ਕਿਹੋ ਜਿਹੇ ਲਿਬਾਸ ਪਹਿਨੇ ਹੋਏ ਸਨ, ਕਿਨ੍ਹਾਂ-ਕਿਨ੍ਹਾਂ ਸਵਾਰੀਆਂ 'ਤੇ ਸਵਾਰ ਸਨ-ਘੋੜੇ, ਊਠ, ਬਲਦ, ਰੱਥ, ਗੱਡੇ ਕਿਵੇਂ-ਕਿਵੇਂ ਸ਼ਿੰਗਾਰੇ ਹੋਏ ਸਨ। ਦੂਜੇ ਪਾਸੇ ਰਾਜੁਕਮਾਰੀ ਦੇ, ਉਸ ਦੀਆਂ ਸਹੇਲੀਆਂ ਤੇ ਬਾਕੀਆਂ ਦੇ ਲਿਬਾਸ, ਗਹਿਣੇ, ਕਿਹੜੇ-ਕਿਹੜੇ ਸਨ, ਕਿਹੋ ਜਿਹੇ ਸਨ, ਵਰਣਨ ਕਰਨੇ ਸ਼ੁਰੂ ਕੀਤੇ। ਇਤਰ ਫੁਲੇਲਾਂ ਤੋਂ ਲੈ ਕੇ ਖਾਣੇ, ਜਿਨ੍ਹਾਂ ਥਾਲਾਂ ਪ੍ਰਾਂਤਾਂ ਵਿਚ ਖਾਣੇ ਪਰੋਸੇ ਗਏ, ਉਨ੍ਹਾਂ ਦਾ ਵਰਣਨ। ਸਾਜ਼, ਸੰਗੀਤ ਕਿਸ-ਕਿਸ ਤਰ੍ਹਾਂ ਦੇ ਸਨ, ਰਾਜਕੁਮਾਰੀ ਦੀਆਂ ਸਹੇਲੀਆਂ ਸਿੱਠਣੀਆਂ ਕਿਵੇਂ ਦੇ ਰਹੀਆਂ ਸਨ, ਮੁੰਡੇ ਦੇ ਮਾਮੇ, ਚਾਚੇ, ਪਿਤਾ ਕਿਵੇਂ ਪੈਸੇ ਵਾਰ ਰਹੇ ਸਨ, ਦੇ ਵੇਰਵੇ। ਅੱਧਾ ਘੰਟਾ ਕਹਾਣੀ ਸੁਣਾਈ ਜਾਂਦੀ ਰਹੀ, ਪਰ ਅੱਗੇ ਨਹੀਂ ਤੁਰੀ। ਉਸਤਾਦ ਜੀ ਪਰਤੇ, ਕਹਾਣੀ ਮੁੜ ਆਈ ਤੇ ਅੱਗੇ ਚੱਲੀ।

---

ਰਬਿੰਦਰਨਾਥ ਟੈਗੋਰ ਲਿਖਦਾ ਹੈ, ਅਸੀਂ ਦਾਦੀ ਤੋਂ ਕਹਾਣੀ ਸੁਣਨ ਵਾਸਤੇ ਆਲੇ-ਦੁਆਲੇ ਬੈਠ ਜਾਂਦੇ। ਦਾਦੀ ਸ਼ੁਰੂ ਕਰਦੀ, "ਸੁਣੋ ਬੱਚਿਓ, ਇੱਕ ਸੀ ਰਾਜਾ, ਇੱਕ ਸੀ ਰਾਣੀ।" ਮੈਂ ਖੁਸ਼ ਹੋ ਕੇ ਤਾੜੀਆਂ ਮਾਰਦਾ, "ਠੀਕ ਹੈ ਦਾਦੀ, ਬਿਲਕੁਲ ਠੀਕ। ਇੱਕ ਰਾਜਾ ਤੇ ਇੱਕ ਰਾਣੀ, ਇਹੋ ਕਹਾਣੀ ਸੁਣਾਇਆ ਕਰ, ਜਦੋਂ ਤੂੰ ਇੱਕ ਸੀ ਰਾਜਾ ਤੇ ਦੋ ਸਨ ਉਸ ਦੀਆਂ ਰਾਣੀਆਂ ਕਹਾਣੀ ਸੁਣਾਉਂਦੀ ਹੈਂ, ਉਨ੍ਹਾਂ ਵਿਚ ਇੱਕ ਰਾਣੀ ਦੁਖੀ ਹੁੰਦੀ ਰਹਿੰਦੀ ਹੈ, ਜਿਸ ਨਾਲ ਤੂੰ ਵੀ ਅਤੇ ਅਸੀਂ ਵੀ ਦੁਖੀ ਹੋਈ ਜਾਨੇ ਆਂ। ਇੱਕ ਰਾਜੇ ਤੇ ਇੱਕ ਰਾਣੀ ਵਾਲੀ ਕਹਾਣੀ ਠੀਕ ਹੈ, ਇਹੋ ਸੁਣਾਇਆ ਕਰ।"

---

ਟੈਗੋਰ ਦਾ ਬਚਪਨ ਰੰਗ ਦੀ ਕਲਪਨਾ ਨਾਲ ਇਸ ਕਦਰ ਭਰਪੂਰ ਸੀ ਕਿ ਉਸ ਨੂੰ ਸੱਚੀ ਗੱਲ ਚੰਗੀ ਨਾ ਲੱਗਦੀ। ਅਬਦੁਲ ਮਲਾਹ ਕਦੀ ਕਦਾਈਂ ਮੱਛੀਆਂ ਲੈ ਕੇ ਆਉਂਦਾ ਸੀ। ਉਸ ਨੇ ਬਾਲਕ ਰਵੀ ਨੂੰ ਇੱਕ ਘਟਨਾ ਸੁਣਾਈ ਕਿ ਇੱਕ ਵਾਰ ਚੇਤ ਦੇ ਮਹੀਨੇ ਉਹ ਮੱਛੀਆਂ ਫੜਨ ਲਈ ਗਿਆ ਤਾਂ ਨ੍ਹੇਰੀ ਆ ਗਈ। ਬੇੜੀ ਪਰ੍ਹੇ ਹੀ ਪਰ੍ਹੇ ਜਾ ਰਹੀ ਸੀ। ਉਸ ਨੇ ਬੇੜੀ ਦਾ ਰੱਸਾ ਫੜਿਆ ਤੇ ਪਾਣੀ ਵਿਚ ਕੁੱਦ ਪਿਆ। ਬੜੀ ਮੁਸ਼ਕਿਲ ਨਾਲ ਘੜੀਸ ਕੇ ਕੰਢੇ ਉਪਰ ਪੁੱਜਾ।

ਟੈਗੋਰ ਨੇ ਲਿਖਿਆ, "ਇਹ ਕਹਾਣੀ ਮੇਰੇ ਸੁਭਾਅ ਦੇ ਉਲਟ ਛੇਤੀ ਖਤਮ ਹੋ ਗਈ। ਬੇੜੀ ਬਚ ਗਈ, ਮਲਾਹ ਵੀ ਸਲਾਮਤ ਰਿਹਾ। ਇਹ ਕੀ ਕਹਾਣੀ ਹੋਈ? ਮੈਂ ਵਾਰ-ਵਾਰ ਪੁੱਛਦਾ, ਫਿਰ ਕੀ ਹੋਇਆ? ਅੱਗੇ ਦੱਸ ਕੀ ਹੋਇਆ ਚਾਚਾ?" ਅਬਦੁਲ ਕੀ ਦੱਸਦਾ, ਜਦੋਂ ਕੁਝ ਹੋਇਆ ਹੀ ਨਹੀਂ ਸੀ, ਪਰ ਮੈਂ ਹਟਿਆ ਨਾ ਤਾਂ ਉਹ ਬੋਲਿਆ, "ਅੱਗੇ ਬੜਾ ਕੁਝ ਹੋਇਆ ਪੁੱਤਰ। ਮੈਂ ਦੇਖਿਆ, ਤੂਫਾਨ ਆਉਣ ਵੇਲੇ ਇਕ ਚੀਤਾ ਦਰਖਤ 'ਤੇ ਚੜ੍ਹ ਗਿਆ, ਪਰ ਜਦੋਂ ਤੇਜ਼ ਨ੍ਹੇਰੀ ਨਾਲ ਦਰਖਤ ਗੰਗਾ ਵਿਚ ਡਿੱਗ ਗਿਆ ਤਾਂ ਚੀਤਾ ਲੱਗਾ ਨਦੀ ਵਿਚ ਗੋਤੇ ਖਾਣ। ਡੁੱਬਦਾ ਤਰਦਾ ਕਿਨਾਰੇ ਆ ਲੱਗਾ। ਉਸ ਨੂੰ ਬੜੀ ਭੁੱਖ ਲੱਗੀ ਹੋਈ ਸੀ ਤੇ ਮੈਨੂੰ ਦੇਖਣ ਸਾਰ ਉਸ ਦੀਆਂ ਅੱਖਾਂ ਚਮਕ ਪਈਆਂ ਤੇ ਮੂੰਹ ਵਿਚੋਂ ਰਾਲਾਂ ਵਗਣ ਲੱਗੀਆਂ। ਉਸ ਦੀ ਖੋਟੀ ਨੀਅਤ ਤਾੜਨ ਸਾਰ ਮੈਂ ਰੱਸੇ ਨੂੰ ਵੱਡੀ ਸਾਰੀ ਸਰਕਵੀਂ ਗੰਢ ਮਾਰ ਲਈ ਯਾਨਿ ਫਾਂਸੀ ਦਾ ਫੰਧਾ ਜਿਹਾ ਬਣਾ ਲਿਆ। ਜਦੋਂ ਅਗਲੇ ਪੰਜੇ ਚੁੱਕ ਕੇ ਉਹ ਮੇਰੇ ਵੱਲ ਭੱਜਿਆ, ਮੈਂ ਫਟਾ ਫਟ ਫੰਧਾ ਉਸ ਵੱਲ ਸੁੱਟ ਦਿੱਤਾ ਤੇ ਗਲ ਵਿਚ ਪੈਣ ਸਾਰ ਰੱਸੀ ਖਿਚ ਦਿੱਤੀ। ਜਿਉਂ-ਜਿਉਂ ਉਹ ਫੰਧੇ ਵਿਚੋਂ ਨਿਕਲਣ ਦਾ ਯਤਨ ਕਰਦਾ, ਫੰਧਾ ਹੋਰ ਕਸਿਆ ਜਾਂਦਾ। ਆਖਰ ਉਹਦੀ ਜੀਭ ਬਾਹਰ ਆ ਗਈ।"

"ਉਹ ਮਰਿਆ ਨਹੀਂ?" ਮੈਨੂੰ ਬੜਾ ਜੋਸ਼ ਆ ਗਿਆ ਤਾਂ ਮੈਂ ਪੁੱਛਿਆ।

"ਉਏ ਹੜ੍ਹ ਪਾਰ ਕਰ ਕੇ ਮੈਂ ਵੀ ਤਾਂ ਬਹਾਦਰਗੰਜ ਵਾਪਸ ਪੁੱਜਣਾ ਸੀ, ਮੈਂ ਕਿਉਂ ਮਰਨ ਦਿੰਦਾ? ਮੈਂ ਉਹਨੂੰ ਆਪਣੀ ਬੇੜੀ ਅੱਗੇ ਜੋੜ ਲਿਆ। ਚਾਲੀ ਮੀਲ ਉਸ ਤੋਂ ਆਪਣੀ ਬੇੜੀ ਖਿਚਵਾਈ। ਜਦੋਂ ਉਹ ਚੀਕਣ ਲੱਗਦਾ, ਮੈਂ ਚੱਪੂ ਨਾਲ ਉਹਦੀ ਭੁਗਤ ਸੁਆਰਦਾ। ਪੰਦਰਾਂ ਘੰਟਿਆਂ ਦਾ ਸਫਰ ਉਸ ਨੇ ਡੇਢ ਘੰਟੇ ਵਿਚ ਮੁਕਾ ਦਿੱਤਾ। ਬਸ ਬਰਖੁਰਦਾਰਾ, ਅੱਗੇ ਹੋਰ ਸਵਾਲ ਨਾ ਪੁੱਛੀਂ ਮੇਰੇ ਕੋਲੋਂ। ਹੋਰ ਮੇਰੇ ਕੋਲ ਕੋਈ ਜਵਾਬ ਨਹੀਂ।"

"ਅੱਛਾ!" ਮੈਂ ਕਿਹਾ, "ਚਲੋ ਇਹ ਤਾਂ ਚੀਤੇ ਦੀ ਗੱਲ ਹੋਈ। ਹੁਣ ਮਗਰਮੱਛ ਦੀ ਕੋਈ ਗੱਲ ਵੀ ਸੁਣਾ।"

ਅਬਦੁਲ ਆਖਦਾ, "ਮੈਂ ਉਹਦੇ ਨੱਕ ਦੀ ਕਰੂੰਬਲ ਪਾਣੀ ਵਿਚੋਂ ਨਿਕਲੀ ਕਈ ਵਾਰ ਦੇਖੀ ਹੈ। ਬਰੇਤੇ ਵਿਚ ਧੁੱਪੇ ਲੇਟ ਕੇ ਉਹ ਬੜਾ ਮੁਸਕਰਾਉਂਦਾ ਹੈ। ਜੇ ਬੰਦੂਕ ਹੋਵੇ, ਮੈਂ ਉਹਨੂੰ ਦੱਸ ਹੀ ਦਿਆਂ ਕਿ ਮੈਂ ਕੌਣ ਹੁੰਨਾਂ, ਪਰ ਮੇਰਾ ਲਸੰਸ ਖਤਮ ਹੋਇਆ ਪਿਐ ਨਾ। ਫੇਰ ਵੀ ਇੱਕ ਦਿਨ ਦੀ ਗੱਲ ਸੁਣਾਨਾਂ। ਇੱਕ ਆਜੜੀ ਔਰਤ ਨਦੀ ਕਿਨਾਰੇ ਦਾਤੀ ਨਾਲ ਬਾਂਸ ਛਿੱਲ ਰਹੀ ਸੀ ਤੇ ਉਹਦੀ ਬੱਕਰੀ ਨੇੜੇ ਘਾਹ ਚਰ ਰਹੀ ਸੀ। ਮਗਰਮੱਛ ਆਇਆ ਤੇ ਧੂਹ ਕੇ ਬੱਕਰੀ ਨੂੰ ਦਰਿਆ ਵਿਚ ਲੈ ਵੜਿਆ। ਜ਼ਨਾਨੀ ਨੇ ਅੱਗਾ ਦੇਖਿਆ ਨਾ ਪਿੱਛਾ, ਝਟ ਦਰਿਆ ਵਿਚ ਛਾਲ ਮਾਰ ਕੇ ਮਗਰਮੱਛ ਦੀ ਪਿੱਠ 'ਤੇ ਬੈਠ ਗਈ ਤੇ ਦਾਤੀ ਨਾਲ ਉਸ ਵੱਡੇ ਸਾਰੇ ਕਿਰਲੇ ਦਾ ਗਲਾ ਚੀਰਨ ਲੱਗੀ। ਮਗਰਮੱਛ ਨੇ ਬੱਕਰੀ ਛੱਡ ਦਿੱਤੀ ਤੇ ਆਪ ਪਾਣੀ ਵਿਚ ਡੁਬਕੀ ਲਾ ਗਿਆ।"

"ਫੇਰ? ਅੱਗੇ?" ਮੈਂ ਹੈਰਾਨੀ ਨਾਲ ਪੁੱਛਦਾ।

"ਓ ਯਾਰ ਮਗਰਮੱਛ ਡੁੱਬ ਗਿਆ ਤਾਂ ਕਹਾਣੀ ਨਾਲ ਹੀ ਡੁੱਬ ਗਈ। ਜਦੋਂ ਮਗਰਮੱਛ ਨਿਕਲ ਆਇਆ ਤਾਂ ਕਹਾਣੀ ਵੀ ਨਿਕਲ ਆਏਗੀ, ਪਰ ਮਗਰਮੱਛ ਨੂੰ ਕੱਢਣ ਵਾਸਤੇ ਸਮਾਂ ਲੱਗੇਗਾ। ਅਗਲੀ ਵਾਰੀ ਕਿਸੇ ਨੂੰ ਭੇਜੂੰਗਾ ਪਤਾ ਕਰਨ ਕਿ ਅੱਗੇ ਕੀ ਹੋਇਆ, ਫੇਰ ਤੈਨੂੰ ਦਸੂੰਗਾ।"

"ਅਬਦੁਲਾ ਮੁੜ ਕੇ ਅੱਜ ਤੱਕ ਨਹੀਂ ਆਇਆ। ਮਗਰਮੱਛ ਨੂੰ ਲੱਭਦਾ ਫਿਰਦਾ ਹੋਣਾ।"

---

ਜਿਸ ਪ੍ਰੋਫੈਸਰ ਵਿਕਾਸ ਰਾਠੀ ਨੇ ਲਖਨਵੀ ਕੁੜੀਆਂ ਸੱਦੀਆਂ, ਮੈਂ ਉਸ ਨੂੰ ਮਿਲਿਆ ਤੇ ਕਿਹਾ, "ਤੁਹਾਨੂੰ ਚਾਹੀਦਾ ਸੀ ਇਹ ਕਹਾਣੀ ਰਿਕਾਰਡ ਕਰਦੇ, ਮੈਂ ਪੰਜਾਬੀ ਵਿਚ ਉਲਥਾ ਕਰ ਕੇ ਛਪਵਾਉਂਦਾ। ਮੈਂ ਵੀ ਰਿਕਾਰਡ ਨਹੀਂ ਕੀਤੀ। ਸਾਥੋਂ ਵੱਡੀ ਭੁੱਲ ਹੋਈ। ਹੁਣ ਕੀ ਬਣੇ?" ਰਾਠੀ ਸਾਹਿਬ ਕਹਿੰਦੇ, "ਰਿਕਾਰਡ ਕਰਨ ਦੀ ਕੀ ਲੋੜ? ਇਹ ਤਾਂ ਵਿਜੇਦਾਨ ਦੇਥਾ ਦੀ ਕਹਾਣੀ ਹੈ, ਰਾਜਸਥਾਨੀ ਕਹਾਣੀ, ਜੋ ਇਨ੍ਹਾਂ ਨੇ ਉਰਦੂ ਵਿਚ ਸੁਣਾ ਦਿੱਤੀ।"

ਇਹ ਨਾਮ, ਵਿਜੇਦਾਨ ਦੇਥਾ, ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਸੁਣਿਆ। ਲਾਇਬਰੇਰੀ ਵਿਚ ਜਾ ਕੇ ਕਿਤਾਬਾਂ ਲੱਭੀਆਂ, ਤਿੰਨ ਮਿਲ ਗਈਆਂ। ਬਹੁਤ ਖੂਬ। ਵਿਜੇਦਾਨ ਨਹੀਂ, ਮੈਨੂੰ ਮੇਰਾ ਬਚਪਨ ਮਿਲ ਗਿਆ।

ਮੈਂ ਦੇਖਿਆ, ਜਿਨ੍ਹਾਂ ਨੂੰ ਰਾਜਸਥਾਨੀ ਲੋਕ ਕਹਾਣੀਆਂ ਦਾ ਨਾਮ ਦਿੱਤਾ ਗਿਆ ਹੈ, ਪੰਜਾਬ ਦੀਆਂ ਲੋਕ ਕਹਾਣੀਆਂ ਵੀ ਉਹੀ ਹਨ। ਕੇਵਲ ਵਰਣਨ ਦਾ ਫਰਕ ਹੈ। ਲੋਕ ਕਹਾਣੀ ਦਾ ਪਿੰਜਰ ਇੱਕੋ ਜਿਹਾ ਹੁੰਦਾ ਹੈ, ਵੱਖ-ਵੱਖ ਕਥਾਕਾਰ ਆਪੋ-ਆਪਣੀ ਸ਼ੈਲੀ ਵਿਚ ਆਪੋ-ਆਪਣੇ ਖਿੱਤੇ ਵਿਚ ਇਸ ਪਿੰਜਰ 'ਤੇ ਨਵਾਂ ਮਾਸ, ਨਵਾਂ ਰੰਗ ਅਤੇ ਨਵੇਂ ਨੈਣ ਨਕਸ਼ ਉਕਰਦੇ ਹਨ। ਮਾੜੇ ਮੋਟੇ ਸਥਾਨਕ ਫਰਕ ਸੁਭਾਵਕ ਹੋਣਗੇ ਹੀ ਹੋਣਗੇ, ਇੱਕੋ ਕਥਾ ਰਸ, ਇੱਕੋ ਮਹਾਤਮ। ਇੱਕੋ ਗੀਤ ਵੱਖ-ਵੱਖ ਕਲਾਕਾਰ ਵੱਖੋ-ਵੱਖ ਸੁਰਾਂ ਵਿਚ ਸੁਣਾਉਣਗੇ, ਗੀਤ ਦੀ ਆਭਾ ਵਧਦੀ ਰਹੇਗੀ, ਸਰੋਤਿਆਂ ਨੂੰ ਵਧਾਉਂਦੀ ਰਹੇਗੀ।

ਟੈਗੋਰ ਦਾ ਕਥਨ ਹੈ, "ਮਹਾਨ ਮਨੁੱਖ ਸਾਰੀ ਉਮਰ ਬੱਚਾ ਹੋ ਕੇ ਰਹਿੰਦਾ ਹੈ। ਜਦੋਂ ਉਹ ਵਿਦਾ ਹੁੰਦਾ ਹੈ, ਦੁਨੀਆਂ ਨੂੰ ਵੱਡਾ ਸਾਰਾ ਬਚਪਨ ਮਿਲਦਾ ਹੈ।" ਉਮਰ ਦੇ ਅਖੀਰ ਵਿਚ ਸੱਤਰ ਸਾਲ ਦੀ ਉਮਰੇ ਉਸ ਨੇ ਬਾਲਗੀਤ (ਦਿ ਕਰੈਸੈਂਟ ਮੂਨ) ਲਿਖੇ, ਇਹ ਬਾਲਗੀਤ ਬੰਗਲਾ ਜ਼ਬਾਨ ਦੀਆਂ ਲੋਰੀਆਂ ਹੋ ਗਈਆਂ। ਇੱਕ ਦੋ ਨਮੂਨੇ ਮਾਤਰ:

ਨਿੱਕਾ ਬੱਦਲ ਹੌਲੀ ਹੌਲੀ ਉਡਦਾ ਜਾਂਦਾ ਦਿਸਿਆ।
ਕਿਤੇ ਕਿਤੇ ਕੋਈ ਕੋਈ ਬੂੰਦ ਵੀ ਡਿੱਗੀ।
ਝਿੜਕਾਂ ਖਾ ਕੇ ਬੱਚਾ ਜਿਵੇਂ
ਨੀਵੀਂ ਪਾਈ ਤੁਰਿਆ ਜਾਂਦਾ ਹੋਵੇ।

---

ਸੂਲਾਂ ਨਾਲ ਸਿਉਂਕੇ ਪੱਤਿਆਂ ਦੀ ਕਿਸ਼ਤੀ
ਮੈਂ ਨਦੀ ਵਿਚ ਠੇਲ੍ਹ ਦਿੰਦਾ।
ਅਸਮਾਨ ਵਿਚ ਬੈਠਾ ਮੇਰਾ ਦੋਸਤ ਉਸ ਦੇ
ਮੁਕਾਬਲੇ ਹਵਾ ਵਿਚ ਬੱਦਲ ਠੇਲ੍ਹ ਦਿੰਦਾ।
ਹਮੇਸ਼ ਇਵੇਂ ਹੋਇਆ...ਮੇਰੀ ਕਿਸ਼ਤੀ
ਉਸ ਦੇ ਬੱਦਲ ਤੋਂ ਅੱਗੇ ਲੰਘੀ।

---

ਬੰਗਲਾ ਗੀਤ ਪੜ੍ਹੇ ਤਾਂ ਮੈਂ ਸੋਚਣ ਲੱਗਾ, ਇਹ ਲੋਰੀਆਂ ਸੁਣਦੇ-ਸੁਣਦੇ ਬੰਗਾਲੀ ਬੱਚੇ ਵੱਡੇ ਹੋਣਗੇ, ਨਿੱਕੇ ਹੁੰਦੇ ਜਾਣ ਜਾਣਗੇ ਕਿ ਉਹ ਸੂਰਜ ਦੇ ਸਕੇ ਭਰਾ ਹਨ।

ਲਾਤੀਨੀ ਅਮਰੀਕਨ ਵਾਰਤਾਕਾਰ ਜਾਰਜ ਲੂਈ ਬੋਰਖੇਜ਼ ਲਿਖਦਾ ਹੈ, "ਬੱਚਾ ਉਹ ਗੀਤ, ਉਹ ਕਹਾਣੀਆਂ ਸੁਣਨੀਆਂ ਚਾਹੁੰਦੈ, ਜੋ ਕਦੇ ਨਹੀਂ ਸੁਣੀਆਂ; ਉਹ ਦੇਸ ਦੇਖਣੇ ਚਾਹੁੰਦੈ, ਜੋ ਕਦੇ ਨਹੀਂ ਦੇਖੇ। ਬੁੱਢਾ ਉਥੇ ਜਾਏਗਾ ਜਿੱਥੇ ਪਹਿਲਾਂ ਜਾਇਆ ਕਰਦਾ ਸੀ; ਉਹੀ ਗੀਤ ਸੁਣੇਗਾ, ਜੋ ਪਹਿਲਾਂ ਸੁਣੇ ਸਨ। ਇਸ ਕਰਕੇ ਬੱਚੇ ਅਤੇ ਬੁਢੇ ਦੀ ਦੋਸਤੀ ਕਾਇਮ ਰਹੇਗੀ। ਬਾਕੀ ਜੀਵਨ ਖੱਪਖਾਨਾ ਹੈ।"

ਸੱਤਰ ਸਾਲ ਦੀ ਉਮਰ ਵਿਚ ਮੈਨੂੰ ਬਾਲ-ਕਥਾਵਾਂ, ਲੋਕ-ਕਥਾਵਾਂ ਵਧੀਕ ਚੰਗੀਆਂ ਲੱਗਣ ਲੱਗੀਆਂ ਤਾਂ ਇਹ ਅਨੁਵਾਦ ਅਰੰਭਿਆ ਕਿ ਕੁਝ ਬੱਚੇ ਮੇਰੇ ਦੁਆਲੇ ਕਹਾਣੀਆਂ ਸੁਣਨ ਆ ਬੈਠਣ।

ਇਸ ਕਿਤਾਬ ਦੇ ਮੁੱਢ ਵਿਚ ਉਹ ਕਹਾਣੀਆਂ ਦਰਜ ਕੀਤੀਆਂ, ਜੋ ਪੰਜ-ਸੱਤ ਸਾਲ ਦੇ ਬੱਚਿਆਂ ਵਾਸਤੇ ਹਨ। ਇਹ ਕਹਾਣੀਆਂ ਲੋਕਰਾਗ ਦੀਆਂ ਅਰੰਭਿਕ ਸਰਗਮ ਹਨ। ਬਹੁਤੇ ਅਜੋਕੇ ਪੰਜਾਬੀ ਪਾਠਕਾਂ ਨੇ ਇਹ ਕਹਾਣੀਆਂ ਨਹੀਂ ਸੁਣੀਆਂ, ਪੜ੍ਹੀਆਂ। ਇਨ੍ਹਾਂ ਦਾ ਪਾਠ ਕਰ ਕੇ ਉਹ ਸਿੱਖ ਜਾਣਗੇ, ਲੋਕ ਕਥਾ ਕਿਵੇਂ ਸਮਝਣੀ, ਕਿਵੇਂ ਮਾਣਨੀ ਹੁੰਦੀ ਹੈ, ਹੁੰਗਾਰਾ ਕਿਵੇਂ ਭਰੀਦਾ ਹੁੰਦਾ। ਅਖੀਰ ਵਿਚ ਦਰਜ ਕਹਾਣੀਆਂ ਸਿਆਣਪ ਦਾ ਸਿਖਰਲਾ ਫਲ ਹਨ। ਜਿਸ ਨੂੰ ਪਹਿਲੀ ਕਹਾਣੀ ਚੰਗੀ ਨਾ ਲੱਗੇ, ਉਸ ਨੂੰ ਆਖਰੀ ਕਹਾਣੀ ਵੀ ਸ਼ਾਇਦ ਚੰਗੀ ਨਹੀਂ ਲੱਗੇਗੀ। ਕੁਝ ਪਾਠਕ ਬੇਚੈਨ ਹੋਣਗੇ ਕਿ ਸਾਰੇ ਕਿਤੇ ਗੱਪਾਂ ਦਾ ਬੋਲ ਬਾਲਾ ਹੈ। ਜਿਸ ਨੂੰ ਗੱਪ ਚੰਗੇ ਨਾ ਲੱਗਣ, ਉਸ ਨੂੰ ਅਜੇ ਖਬਰ ਨਹੀਂ ਕਿ ਜੀਵਨ ਗਹਿਰ ਗੰਭੀਰ ਮਿੱਥ ਹੈ, ਗੈਬੀ ਮਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਜੀਵਨ ਦਾ ਨਾਮ ਹੀ ਬਚਿਤ੍ਰ ਨਾਟਕ ਰੱਖ ਦਿੱਤਾ। ਮੈਥੋਂ ਕੋਈ ਪੁੱਛੇ, ਇਸ ਕਿਤਾਬ ਵਿਚ ਸਭ ਤੋਂ ਵਧੀਆ ਕਹਾਣੀ ਕਿਹੜੀ ਹੈ? ਮੇਰਾ ਉਤਰ ਹੈ, 'ਦੋ ਭੈਣਾਂ।' ਕਿਵੇਂ ਰਹਿਣਾ ਹੈ, ਕਿਵੇਂ ਵਰਤਣਾ ਹੈ, ਬੱਚਿਆਂ ਅਤੇ ਵੱਡਿਆਂ ਲਈ ਅੰਮ੍ਰਿਤ-ਧਾਰਾ। ਇਸ ਕਹਾਣੀ ਵਿਚਲੀ ਤਾਕਤ ਅਸੀਮ ਹੈ।

ਵਿਲੀਅਮ ਬਲੇਕ (28 ਨਵੰਬਰ 1757 ਤੋਂ 12 ਅਗਸਤ 1827) ਦੀ ਸ਼ਾਇਰੀ ਦੀਆਂ ਟੂਕਾਂ ਅਨੇਕ ਜ਼ਬਾਨਾਂ ਵਿਚ ਬਿਰਾਜਮਾਨ ਹਨ, ਤਾਂ ਵੀ ਮਾਸੂਮੀਅਤ ਦੇ ਗੀਤ, ਅਨੁਭਵ ਦੇ ਗੀਤਾਂ ਤੋਂ ਕਿਤੇ ਵਧੀਕ ਮਕਬੂਲ ਹੋਏ। ਵਿਜੇਦਾਨ ਦੀ ਮਨੁੱਖਤਾ ਨੂੰ ਇਹੋ ਦੇਣ ਹੈ ਕਿ ਉਸ ਨੇ ਗੁੰਮਸ਼ੁਦਾ ਬਚਪਨ ਲੱਭ ਕੇ ਸੌਗਾਤ ਵਜੋਂ ਦੁਨੀਆਂ ਨੂੰ ਦੇ ਦਿੱਤਾ। ਵਿਜੇਦਾਨ ਦੀ ਗੋਦ ਵਿਚ ਗਲੋਬ ਬੈਠਾ ਹੈ ਤੇ ਕਹਾਣੀ ਸੁਣਨ ਲਈ ਬਜ਼ਿਦ ਹੈ; ਨਵੀਂ ਨਹੀਂ, ਉਹੋ ਕਹਾਣੀ, ਜੋ ਆਦਮ ਨੇ ਆਪਣੇ ਬੱਚੇ ਨੂੰ ਆਦਿ ਕਾਲ ਵਿਚ ਸੁਣਾਈ ਸੀ।

ਡਾ. ਹਿਮਾਦਰੀ ਬੈਨਰਜੀ ਪੰਜਾਬੀ ਯੂਨੀਵਰਸਿਟੀ ਵਿਚ ਪਟਿਆਲੇ ਆਏ। ਕੰਮ ਕਾਜ ਨਿਬੇੜੇ, ਦੁਪਹਿਰ ਦਾ ਖਾਣਾ ਖਾ ਕੇ ਉਨ੍ਹਾਂ ਨੂੰ ਗੱਡੀ ਚੜ੍ਹਾਉਣ ਲਈ ਰੇਲਵੇ ਸਟੇਸ਼ਨ ਲੈ ਗਿਆ। ਗੱਡੀ ਆਉਣ ਵਿਚ ਦੇਰ ਸੀ। ਮੈਨੂੰ ਕਹਿੰਦੇ, "ਆਪਕੋ ਬਾਤੇਂ ਸੁਨਾਨੀ ਆਤੀ ਹੈ ਪੰਨੂ ਭਾਈ। ਕੁਛ ਹੋ ਜਾਏ!"

ਮੈਂ ਉਨ੍ਹਾਂ ਨੂੰ ਸ਼ਿਵ ਨਾਰਦ ਦਾ ਸੰਵਾਦ ਸੁਣਾ ਦਿੱਤਾ:

ਨਾਰਦ ਨੇ ਸ਼ਿਵ ਜੀ ਨੂੰ ਪੁੱਛਿਆ, "ਅਸੀਂ ਕਿੱਥੋਂ ਆਏ ਹਾਂ ਮਹਾਰਾਜ? ਕੀ ਕਰਨ ਆਏ? ਇਸ ਤੋਂ ਬਾਅਦ ਕਿੱਥੇ ਜਾਵਾਂਗੇ?"


***(ਬਾਕੀ ਅਗਲੇ ਸਫੇ 'ਤੇ)***



ਲੋਕਧਾਰਾ ਨਾਲ ਇਕਮਿਕ ਉਘਾ ਲਿਖਾਰੀ ਵਿਜੇਦਾਨ ਦੇਥਾ।

## ਲੋਕਧਾਰਾ ਦਾ ਜਾਦੂ

***ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਜਿੱਥੇ ਅੱਜ ਕੱਲ੍ਹ ਮੈਂ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨਿਭਾ ਰਿਹਾ ਹਾਂ, ਪਿਛਲੇ ਸਾਲ ਸਤੰਬਰ 2019 ਵਿਚ ਲਖਨਊ ਵਿਸ਼ਵ ਵਿਦਿਆਲੇ ਦੀਆਂ ਦੋ ਖੋਜਾਰਥਣਾਂ ਕਹਾਣੀ ਸੁਣਾਉਣ ਆਈਆਂ। ਵਿਚਕਾਰ ਪੰਦਰਾਂ ਮਿੰਟ ਦੀ ਬਰੇਕ ਸੀ, ਦੋ ਘੰਟੇ ਉਨ੍ਹਾਂ ਨੇ ਉਰਦੂ ਜ਼ਬਾਨ ਵਿਚ 'ਚਉਬੋਲੀ' ਕਹਾਣੀ ਸੁਣਾਈ ਜੋ ਲੋਕ ਧਾਰਾ ਨਾਲ ਜੁੜੇ ਉਘੇ ਲਿਖਾਰੀ ਵਿਜੇਦਾਨ ਦੇਥਾ ਦੀ ਲਿਖੀ ਹੋਈ ਹੈ। ਪੰਜ ਚਾਰ ਮਿੰਟ ਇੱਕ ਕੁੜੀ ਸੁਣਾਉਂਦੀ; ਉਹ ਜਿੱਥੇ ਛਡਦੀ, ਉਥੇ ਦੂਜੀ ਸ਼ੁਰੂ ਕਰ ਦਿੰਦੀ। ਪੂਰਨ ਖਾਮੋਸ਼ੀ। ਸਰੋਤੇ ਸਾਹ ਰੋਕ ਕੇ ਕਹਾਣੀ ਸੁਣਦੇ ਰਹੇ।***




ਰਾਜਸਥਾਨੀ ਲੋਕ ਕਹਾਣੀਆਂ ਦੀ ਅੰਗਰੇਜ਼ੀ ਛਾਪ ਦਾ ਟਾਈਟਲ।

***ਦੋ ਨਾਵਲ, ਪੰਜਾਹ ਕਹਾਣੀਆਂ, ਸੈਂਕੜੇ ਕਵਿਤਾਵਾਂ, ਆਲੋਚਨਾ ਦੀਆਂ ਦੋ ਕਿਤਾਬਾਂ ਆਦਿਕ ਹਿੰਦੀ ਵਿਚ ਲਿਖਣ ਬਾਅਦ 1959 ਵਿਚ ਉਸ ਨੇ ਆਪਣੀ ਮਾਤਭਾਸ਼ਾ ਰਾਜਸਥਾਨੀ ਵਿਚ ਲਿਖਣ ਦਾ ਫੈਸਲਾ ਕੀਤਾ। ਰਾਜਸਥਾਨੀ ਭਾਸ਼ਾ ਵਿਚ ਵਾਰਤਕ ਅਤੇ ਗਲਪ ਦਾ ਪ੍ਰਵੇਸ਼ ਵਿਜੇਦਾਨ ਹੱਥੀਂ ਹੋਣਾ ਸੀ, ਸੋ ਹੋਇਆ। ਇਸ ਵੇਲੇ ਤੱਕ ਉਸ ਨੇ ਰਾਜਸਥਾਨੀ ਵਿਚ ਇੱਕ ਵਾਕ ਵੀ ਨਹੀਂ ਲਿਖਿਆ ਸੀ। ਪਿੰਡ ਦੇ ਅਨਪੜ੍ਹ ਲੋਕਾਂ ਵਿਚ ਰਹਿਣ ਦਾ ਫੈਸਲਾ ਇਸ ਕਰ ਕੇ ਕੀਤਾ, ਕਿਉਂਕਿ ਜ਼ਬਾਨ ਦੇ ਅਸਲੀ ਉਸਤਾਦ ਉਹੋ ਹਨ।***

ਸ਼ਰਧਾਂਜਲੀ

# ਕਿਤੇ ਉਹ ਗਲੀਚੇ ਤਾਰਿਕ ਅਜ਼ੀਜ਼ ਦੇ ਤਾਂ ਨਹੀਂ!

ਡਾ. ਦਵਿੰਦਰ ਮੰਡ
ਫੋਨ: 91-99145-65255

ਜਦੋਂ ਤਾਰਿਕ ਅਜ਼ੀਜ਼ ਨੇ 1975 ਵਿਚ ਆਪਣਾ ਪ੍ਰਸਿੱਧ ਸ਼ੋਅ 'ਨਿਲਾਮ ਘਰ' ਸ਼ੁਰੂ ਕੀਤਾ ਤਾਂ ਮੈਂ ਸਕੂਲੀ ਵਿਦਿਆ ਲੈ ਰਿਹਾ ਸਾਂ। ਇਹ ਨਿਲਾਮ ਘਰ ਦੇਖਦਿਆਂ ਹੀ ਮੈਂ ਕਾਲਜ ਦੀ ਪੜ੍ਹਾਈ ਮੁਕੰਮਲ ਕੀਤੀ। ਪਿੰਡ ਵਿਚ ਰਹਿੰਦਿਆਂ ਮੈਨੂੰ ਅੱਜ ਵੀ ਉਹ ਸਮਾਂ ਯਾਦ ਹੈ, ਜਦੋਂ ਇਹ ਪ੍ਰੋਗਰਾਮ ਵੇਖਣ ਲਈ ਮੈਨੂੰ ਤਰਲੋ-ਮੱਛੀ ਹੋਣਾ ਪੈਂਦਾ ਸੀ। ਕਦੇ ਪਿੰਡ ਵਿਚ ਬਿਜਲੀ ਚਲੀ ਜਾਂਦੀ ਤੇ ਕਦੇ ਗਰਮੀ-ਸਰਦੀ ਵਿਚ ਕੋਠੇ 'ਤੇ ਚੜ੍ਹ ਐਨਟੀਨਾ ਘੁਮਾਉਣਾ ਪੈਂਦਾ। ਤਾਰਿਕ ਦੀ ਇਹ ਖੂਬੀ ਸੀ ਕਿ ਉਹ ਆਪਣੇ ਅੰਦਾਜ਼-ਏ-ਬਿਆਨ ਨਾਲ ਦਰਸ਼ਕਾਂ ਨੂੰ ਆਪਣੇ ਨਾਲ ਬੰਨ ਲੈਂਦਾ ਸੀ। ਤਾਰਿਕ ਅਜ਼ੀਜ਼ ਦੀਆਂ ਗੱਲਾਂ ਸੁਣ-ਸੁਣ ਕੇ ਮੇਰੇ ਪਿਤਾ ਮੈਨੂੰ ਪਾਕਿਸਤਾਨ ਤੇ ਭਾਰਤ ਦੀ ਵੰਡ ਨਾਲ ਜੁੜੀਆਂ ਕਈ ਗੱਲਾਂ ਸੁਣਾਉਂਦੇ ਸਨ।

ਨੇੜਲੇ ਪਿੰਡ ਦੇ ਮੁਸਲਮਾਨਾਂ ਨੂੰ ਲਿਆਉਂਦੀ ਗੱਡੀ 'ਚ ਹੋਇਆ ਕਤਲੇਆਮ, ਔਰਤਾਂ ਦੀ ਬੇਪਤੀ ਆਦਿ ਮੇਰੇ ਸੀਨੇ 'ਚ ਨਾਸੂਰ ਬਣ ਕੇ ਅਜੇ ਵੀ ਰਿਸਦੇ ਰਹਿੰਦੇ ਹਨ। 1947 ਦੀ ਵੰਡ ਵੇਲੇ ਆਪਣੇ ਘਰ ਛੱਡ ਗਏ ਮੁਸਲਮਾਨਾਂ ਦੇ ਘਰਾਂ ਨੂੰ ਮਾਰੋ-ਮਾਰ ਕਰ ਕੇ ਲੁੱਟਣਾ, ਚੀਜ਼ਾਂ ਇਕੱਠੀਆਂ ਕਰ ਕੇ ਲਿਆਉਣ ਦੀਆਂ, ਬਾਬੇ, ਬਾਪ, ਚਾਚੇ, ਤਾਇਆ ਵੱਲੋਂ ਸੁਣਾਈਆਂ ਵਾਰਦਾਤਾਂ, ਹਾਲੇ ਵੀ ਯਾਦ ਹਨ। ਮੈਂ ਉਦੋਂ ਸਕੂਲੀ ਬੱਚਾ ਹੀ ਸਾਂ, ਜਦੋਂ ਮੈਂ ਆਪਣੇ ਪਿਤਾ ਜੀ ਨੂੰ ਪੁੱਛਿਆ ਸੀ, "ਭਾਪਾ ਜੀ! ਤੁਸੀਂ ਵੀ ਉਦੋਂ ਕੁਝ ਸਾਮਾਨ ਲਿਆਂਦਾ ਸੀ?" 1930 ਵਿਚ ਜੰਮੇ ਮੇਰੇ ਪਿਤਾ ਨਿਝੱਕ ਕਹਿਣ ਲੱਗੇ, "ਪੁੱਤ ਮੈਂ ਤਾਂ ਕਿਤਾਬਾਂ ਇਕੱਠੀਆਂ ਕਰਨ ਜਾਂਦਾ ਰਿਹਾਂ, ਮੈਂ ਬਥੇਰੀਆਂ ਉਰਦੂ ਦੀਆਂ ਪੁਸਤਕਾਂ ਲਿਆ ਕੇ ਘਰ ਪੜ੍ਹਦਾ ਹੁੰਦਾ ਸਾਂ, ਪਰ ਤੇਰਾ ਤਾਇਆ..।" ਫਿਰ ਬਾਪ ਚੁੱਪ ਕਰ ਜਾਂਦਾ।

"ਤਾਇਆ, ਆਹ ਮਿਸਤਰੀ?"

"ਆਹੋ ਇਹ ਵੀ ਜਾਂਦਾ ਹੁੰਦਾ ਸੀ, ਪਿੰਡ ਦੇ ਚੰਦੇ ਤੇ ਜੀਤੇ ਨਾਲ ਘਰਾਂ 'ਚੋਂ ਚੀਜ਼ਾਂ ਇਕੱਠੀਆਂ ਕਰਨਾ ਤੈਨੂੰ ਪਤਾ! ਜਿਹੜਾ ਆਪਣੇ ਘਰ ਬੜਾ ਕੀਮਤੀ ਗਲੀਚਾ ਪਿਆ, ਇਹ ਤੇਰਾ ਤਾਇਆ ਚੁਗਿੱਟੀ ਅੱਲੋਂ ਲਿਆਇਆ ਸੀ। ਬਾਹਲੇ ਕੀਮਤੀ, ਪੰਜ ਗਲੀਚੇ, ਪੰਜਾਂ ਭਰਾਵਾਂ ਨੇ ਇਕ ਇਕ ਵੰਡ ਲਿਆ।" ਫਿਰ ਮੈਨੂੰ ਬਾਪ ਉਹ ਗਲੀਚਾ ਦਿਖਾਉਂਦਾ ਸੀ ਤੇ ਇਹ ਗਲੀਚਾ ਸਾਡੇ ਘਰ ਕਈ ਦਹਾਕਿਆਂ ਤੱਕ ਰਿਹਾ। ਉਂਜ ਵੀ ਚੁਗਿੱਟੀ ਇਹ ਸਾਰੇ ਤੁਰੇ ਰਹਿੰਦੇ ਸਨ। ਮੈਂ ਉਸ ਕੀਮਤੀ ਗਲੀਚੇ 'ਤੇ ਆਪਣਾ ਬਚਪਨ ਗੁਜ਼ਾਰਿਆ ਹੈ। ਸਮੇਂ ਦੇ ਫੇਰ ਨਾਲ ਜਦੋਂ ਮੈਂ ਕਾਲਜ ਅਧਿਆਪਕ ਨਿਯੁਕਤ ਹੋ ਗਿਆ ਤਾਂ ਸ਼ਹਿਰ 'ਚ ਰੈਣ ਬਸੇਰਾ ਬਣਾ ਲਿਆ। ਬੱਚੇ ਹੋ ਗਏ। ਸਭ ਸਹੂਲਤਾਂ ਆ ਗਈਆਂ ਤਾਂ ਐਮ. ਏ. ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਪਾਕਿਸਤਾਨੀ ਸਾਹਿਤ ਪੜ੍ਹਾਉਂਦਿਆਂ ਤਾਰਿਕ ਅਜ਼ੀਜ਼ ਫਿਰ ਮੇਰੀਆਂ ਯਾਦਾਂ ਦਾ ਸ਼ਿੰਗਾਰ ਬਣਿਆ।

ਉਸ ਦੀ ਇਕ ਲੰਬੀ ਇੰਟਰਵਿਊ ਮੈਂ ਵਿਸਥਾਰ 'ਚ ਸੁਣੀ। ਮੈਨੂੰ ਬਹੁਤ ਖੁਸ਼ੀ ਹੋਈ ਕਿ ਤਾਰਿਕ ਦੀ ਅਵਾਜ਼ ਉਂਜ ਹੀ ਬੁਲੰਦ ਹੈ। ਉਹਦਾ ਗੱਲਾਂ ਕਰਨ ਦਾ ਅੰਦਾਜ਼ ਹੋਰ ਨਿਖਰਿਆ ਹੈ। ਉਸ ਕੋਲ ਸ਼ੇਅਰ ਕਹਿਣ ਤੇ ਦਾਦ ਦੇਣ ਦੀ ਅਨੋਖੀ ਅਦਾ ਹੈ। ਉਸ ਦੀ ਖੂਬਸੂਰਤ ਮੁਸਕਰਾਹਟ ਮਹਿੰਦੀ ਹਸਨ ਦੇ ਸੁਰ ਜਿਹੀ ਹੈ। ਇਹ ਅਜ਼ੀਮ ਸ਼ਖਸੀਅਤ ਲਾਹੌਰ ਦੀਆਂ ਗਲੀਆਂ ਵਿਚ ਭੁੱਖ-ਨੰਗ ਨਾਲ ਘੁਲਦੀ ਅੱਗੇ ਵਧੀ ਹੈ। ਉਹੀ ਲਾਹੌਰੀਏ, ਜਿਨ੍ਹਾਂ ਨੇ 1960 ਤੋਂ 1964 ਤੱਕ ਇਹਨੂੰ ਜੀਵਨ ਦੀ ਹਕੀਕਤ ਸਮਝਾਈ ਤੇ ਫਿਰ ਅਸੈਂਬਲੀ 'ਚ ਪਹੁੰਚਾ ਕੇ ਨਿੱਘੀ ਗਲਵੱਕੜੀ ਵੀ ਦਿੱਤੀ।



ਤਾਰਿਕ ਦੀ ਜ਼ਿੰਦਗੀ 'ਚ ਉਸ ਦੇ ਪਿਤਾ ਦਾ ਬੜਾ ਯੋਗਦਾਨ ਰਿਹਾ ਹੈ। ਉਸ ਦਾ ਪਿਤਾ ਮੀਆਂ ਅਬਦੁਲ ਅਜ਼ੀਜ਼ 'ਪਾਕਿਸਤਾਨੀ' 1936 ਤੋਂ ਆਪਣੇ ਨਾਂ ਨਾਲ 'ਪਾਕਿਸਤਾਨੀ' ਸ਼ਬਦ ਲਿਖਣ ਲੱਗ ਪਿਆ ਸੀ। ਪਾਕਿਸਤਾਨ ਬਣਨ 'ਤੇ ਵਿਰੋਧੀ ਪਾਰਟੀ ਦੇ ਪਹਿਲੇ 9 ਬੰਦਿਆਂ 'ਚ ਉਹਦਾ ਪਿਤਾ ਵੀ ਸ਼ਾਮਲ ਸੀ। ਸਰਕਾਰੀ ਕਾਲਜ ਸਾਹੀਵਾਲ ਤੋਂ ਤਾਰਿਕ ਨੇ ਪੜ੍ਹਾਈ ਕੀਤੀ। ਰੇਡੀਓ 'ਚ ਪੰਜ ਰੁਪਏ ਦਿਹਾੜੀ 'ਤੇ ਕੰਮ ਕੀਤਾ। ਜਦੋਂ 1964 'ਚ ਲਾਹੌਰ, ਪਾਕਿਸਤਾਨ ਤੋਂ ਟੀ. ਵੀ. ਦਾ ਆਗਾਜ਼ ਹੋਇਆ ਤਾਂ ਇੰਟਰਵਿਊ 'ਚ ਬਹੁਤ ਸਾਰੇ ਖੂਬਸੂਰਤ ਚਿਹਰਿਆਂ ਨੂੰ ਪਛਾੜ ਕੇ ਤਾਰਿਕ ਦੀ ਚੋਣ ਹੋਈ। ਡੇਢ ਸੌ ਰੁਪਏ ਰੇਡੀਓ ਤੋਂ ਮਿਲਦੇ ਸਨ। ਇਸ ਲਈ ਤਨਖਾਹ 151 ਰੁਪਏ ਮੰਗੀ, ਕਿਉਂਕਿ ਆਪਣੇ-ਆਪ ਨੂੰ ਤਰੱਕੀ ਪਸੰਦ ਲੇਖਕ ਸਮਝਦਾ ਸੀ। ਪੰਜ ਸੌ ਮਹੀਨੇ 'ਤੇ ਉਸ ਦੀ ਚੋਣ ਹੋ ਗਈ।

ਉਸ ਵੇਲੇ ਦੇ ਪਾਕਿਸਤਾਨੀ ਰਾਸ਼ਟਰਪਤੀ ਅਯੂਬ ਖਾਂ ਨੇ ਟੀ. ਵੀ. ਸਟੇਸ਼ਨ ਦਾ ਉਦਘਾਟਨ ਕੀਤਾ। ਤਾਰਿਕ ਨੇ ਖਬਰਾਂ ਪੜ੍ਹਨ ਤੋਂ ਇਲਾਵਾ ਨਵੇਂ-ਨਵੇਂ ਪ੍ਰੋਗਰਾਮ ਬਣਾਉਣ ਦਾ ਫਰਜ਼ ਨਿਭਾਇਆ। ਸਾਲ 1967 'ਚ ਉਸ ਨੂੰ ਕਰਾਚੀ ਭੇਜਿਆ ਗਿਆ। ਉਥੇ ਉਹ ਸੀਨੀਅਰ ਪ੍ਰੋਡਿਊਸਰ ਰਿਹਾ ਤੇ ਕਈ ਨਵੀਆਂ ਪੈੜਾਂ ਵੀ ਪਾਈਆਂ।

'ਨਿਲਾਮ ਘਰ' ਪ੍ਰੋਗਰਾਮ ਦੀ ਖੂਬੀ ਇਹ ਰਹੀ ਕਿ ਇਹ ਅਨਪੜ੍ਹ ਤੋਂ ਲੈ ਕੇ ਪੜ੍ਹੇ ਲਿਖੇ ਵਿਅਕਤੀ ਤੱਕ ਖਿਚ ਦਾ ਕਾਰਨ ਬਣਿਆ। ਉਰਦੂ ਸ਼ੇਅਰਾਂ ਦੀ ਬੈਤਬਾਜ਼ੀ ਨੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਇਹ ਪ੍ਰੋਗਰਾਮ ਏਨਾ ਮਕਬੂਲ ਹੋਇਆ ਕਿ ਸਾਰੇ ਸੰਸਾਰ 'ਚ ਇਸ ਦੀ ਪ੍ਰਸਿੱਧੀ ਫੈਲੀ। ਕਈ ਹੁਸੀਨ ਔਰਤਾਂ ਨਾਲ ਇਸ ਦੇ ਸਬੰਧ ਵੀ ਜੁੜੇ। ਸ਼ੇਅਰ ਪੜ੍ਹਨ ਦਾ ਅੰਦਾਜ਼ ਉਸ ਨੇ ਮੁਨੀਰ ਨਿਆਜ਼ੀ, ਰਿਜ਼ਵੀ, ਗੌਹਰ ਹੁਸ਼ਿਆਰਪੁਰੀ ਆਦਿ ਤੋਂ ਸਿੱਖਿਆ। ਮਹਿੰਦੀ ਹਸਨ ਤੇ ਸਾਗਰ ਸਰਹੱਦੀ ਚੰਗੇ ਦੋਸਤਾਂ 'ਚ ਸ਼ਾਮਲ ਸਨ। ਆਪਣੇ ਮਾਮੇ ਹਫੀਜ਼ ਕੰਧਾਰੀ ਤੋਂ ਉਸ ਨੇ ਬਹੁਤ ਕੁਝ ਸਿੱਖਿਆ।

ਤਾਰਿਕ ਅਜ਼ੀਜ਼ ਤਜਰਬੇ ਦਾ ਕੋਸ਼ ਹੈ। ਅੱਜ ਬਜ਼ੁਰਗੀ ਦੀ ਅਵਸਥਾ 'ਚ ਵੀ ਆਪਣੇ-ਆਪ ਨੂੰ ਸਟੇਜ ਦਾ ਸਿਕੰਦਰ ਸਮਝਦਾ ਹੈ। ਉਸ ਨਾਲ ਬਹੁਤਾ ਲਗਾਓ ਹੋਣ ਦਾ ਕਾਰਨ ਇਹ ਵੀ ਸੀ ਕਿ ਉਹ ਜਲੰਧਰ ਦਾ ਜੰਮਪਲ ਹੈ। ਆਪਣੀ ਦੁਖਾਂਤਕ ਦਾਸਤਾਨ ਸੁਣਾਉਂਦਿਆਂ ਤਾਰਿਕ ਆਖਦਾ ਹੈ ਕਿ ਉਸ ਦਾ ਜਨਮ ਜਲੰਧਰ ਲਾਗਲੇ ਪਿੰਡ ਚੁਗਿੱਟੀ ਵਿਚ ਹੋਇਆ ਤੇ ਵੰਡ ਵੇਲੇ ਦੰਗਈਆਂ ਨੇ ਉਨ੍ਹਾਂ ਦੇ ਘਰ ਨੂੰ ਅੱਗ ਲਾ ਦਿੱਤੀ ਸੀ। ਅਸੀਂ ਛੋਟੇ ਸਾਂ ਤੇ ਪਰਿਵਾਰ ਸਮੇਤ ਬਾਪ ਦੇ ਦੋਸਤ ਦੇ ਘਰ ਰਹੇ। ਅਗਲੇ ਦਿਨ ਭੇਸ ਬਦਲ ਕੇ ਸਾਈਕਲ 'ਤੇ ਮੇਰਾ ਬਾਪ ਆਪਣਾ ਘਰ ਦੇਖਣ ਗਿਆ ਤਾਂ ਸਾਰਾ ਘਰ ਸੜ ਚੁਕਾ ਸੀ। ਇਕ ਗਲੀਚਾ ਵੀ ਅੱਧ ਸੜਿਆ ਪਿਆ ਸੀ। ਤਾਰਿਕ ਅਜ਼ੀਜ਼ ਦੇ ਪਰਿਵਾਰ ਦੀ ਜ਼ਮੀਨ ਜਲੰਧਰ ਵਿਖੇ ਸੀ। ਇਹੀ ਜ਼ਮੀਨ ਇਨ੍ਹਾਂ ਨੂੰ ਸਾਹੀਵਾਲ ਵਿਖੇ ਅਲਾਟ ਹੋਈ।

ਦੋ ਹੋਰ ਦੁਖਾਂਤਕ ਘਟਨਾਵਾਂ, ਜਿਨ੍ਹਾਂ ਮੈਨੂੰ ਪ੍ਰੇਸ਼ਾਨ ਕੀਤਾ, ਉਹ ਸੀ ਤਾਰਿਕ ਦੇ ਇਕੋ-ਇਕ ਬੇਟੇ ਦੀ ਮੌਤ। ਦੇਸ਼ ਵੰਡ ਵੇਲੇ ਉਹ ਘਟਨਾ, ਜਿਸ ਨੇ ਤਾਰਿਕ ਦੀ ਮਾਤਾ ਨੂੰ ਬਹੁਤ ਗਮਗੀਨ ਕੀਤਾ, ਉਹ ਸੀ ਕੰਧਾਰ ਦੇ ਗਲੀਚਿਆਂ ਵਾਲੀ। ਅਸਲ 'ਚ ਤਾਰਿਕ ਦੀ ਅੰਮੀ ਕੰਧਾਰ ਤੋਂ ਸੀ। ਉਥੋਂ ਦੇ ਗਲੀਚੇ ਬਹੁਤ ਕੀਮਤੀ ਤੇ ਦੁਰਲਭ ਮੰਨੇ ਜਾਂਦੇ ਸਨ, ਜੋ ਤਾਰਿਕ ਦੇ ਘਰ ਕਾਫੀ ਸਨ। ਤਾਰਿਕ ਆਪਣੀ ਇੰਟਰਵਿਊ ਵਿਚ ਆਖਦਾ ਹੈ ਕਿ ਉਹ ਕੀਮਤੀ ਗਲੀਚੇ ਵੀ ਸਾਡੇ ਚੁਗਿੱਟੀ ਘਰ 'ਚੋਂ ਗਾਇਬ ਸਨ।

ਤਾਰਿਕ ਅਜ਼ੀਜ਼! ਉਹ ਕੀਮਤੀ ਗਲੀਚੇ, ਜੋ ਉਜਾੜੇ ਵੇਲੇ ਮੇਰੇ ਤਾਇਆ ਲੈ ਕੇ ਆਇਆ ਸੀ, ਜੇ ਤੁਹਾਡੇ ਹੋਏ ਤਾਂ ਮੈਂ ਤੁਹਾਡਾ ਗੁਨਾਹਗਾਰ ਹਾਂ।

# ਲੋਕ ਧਾਰਾ ਦਾ ਠਾਠਾਂ ਮਾਰਦਾ ਸਮੁੰਦਰ

(ਪਿਛਲੇ ਸਫੇ ਦੀ ਬਾਕੀ)

ਸ਼ਿਵ ਨੇ ਕਿਹਾ, "ਤੁਸੀਂ ਅਤੇ ਅਸੀਂ ਇਸ ਧਰਤੀ 'ਤੇ ਹਜ਼ਾਰ ਵਾਰ ਪਹਿਲਾਂ ਆ ਚੁਕੇ ਹਾਂ। ਹਜ਼ਾਰ ਵਾਰ ਤੁਸੀਂ ਇਹੋ ਸਵਾਲ ਪੁੱਛਿਆ। ਉਹ ਜਵਾਬ, ਜੋ ਹਜ਼ਾਰ ਵਾਰ ਦੇ ਚੁਕੇ ਹਾਂ, ਉਹੋ ਫਿਰ ਦੇਣ ਲੱਗੇ ਹਾਂ, ਧਿਆਨ ਨਾਲ ਸੁਣਨਾ, ਯਾਦ ਰੱਖਣਾ, ਹੁਣ ਭੁੱਲਣਾ ਨਹੀਂ ਹੇ ਨਾਰਦ!"

ਗਰਮੀ ਦੀ ਰੁੱਤ ਵਿਚ ਪਹਿਨੇ ਸੈਂਡਲ ਉਤਾਰ ਕੇ ਨੰਗੇ ਪੈਰੀਂ ਮੇਰੇ ਅੱਗੇ ਹਿਮਾਦਰੀ ਜੀ ਹੱਥ ਜੋੜ ਕੇ ਖਲੋ ਗਏ। ਕਿਹਾ, "ਆਦਮੀ ਹੂੰ, ਫਿਰ ਭੂਲੂੰਗਾ। ਆਪ ਭਗਵਾਨ ਹੋ, ਆਪ ਕੋ ਫਿਰ ਯਾਦ ਦਿਲਾਨਾ ਪੜੇਗਾ ਮਹਾਰਾਜ! ਆਦਮੀ ਬਾਰ ਬਾਰ ਭੂਲੇਗਾ। ਭਗਵਾਨ ਬਾਰ ਬਾਰ ਯਾਦ ਦਿਲਾਏਂਗੇ। ਆਦਮੀ ਔਰ ਭਗਵਾਨ ਮੇਂ ਯਹੀ ਤੋ ਫਰਕ ਹੈ।"

ਪ੍ਰੋਫੈਸਰ ਪੂਰਨ ਸਿੰਘ ਲਿਖਦੇ ਹਨ, "ਗੁਰੂ ਗ੍ਰੰਥ ਨੂੰ ਜਿੱਥੋਂ ਮਰਜ਼ੀ ਛੁਹੋ, ਪ੍ਰਭੂ ਦੀ ਉਸਤਤਿ ਮਿਲੇਗੀ, ਜਿਵੇਂ ਸਮੁੰਦਰ ਜਿੱਥੋਂ ਮਰਜ਼ੀ ਛੁਹੋ, ਪਾਣੀ ਮਿਲੇਗਾ।" ਵਿਜੇਦਾਨ ਦੀ ਲਿਖਤ ਕਿਤਿਓਂ ਪੜ੍ਹ ਲਉ, ਲੋਕ ਸੁਰਾਂ ਦੀ ਮਹਿਕ ਮਿਲੇਗੀ, ਸਹਿਜ ਸੁਭਾਅ ਤੁਰਿਆ ਜਾਂਦਾ ਸਾਦਾ ਫਲਸਫਾ ਮਿਲੇਗਾ।

ਲੇਖਕ ਡੀਲਕਸ ਬੱਸ ਦਾ ਜੈਪੁਰ ਲਈ ਮਹਿੰਗਾ ਟਿਕਟ ਖਰੀਦ ਕੇ ਆਪਣੇ ਨੰਬਰ ਵਾਲੀ ਸੀਟ 'ਤੇ ਬੈਠਾ ਬੱਦਲਾਂ ਦੇ ਝੁੰਡ ਨਿਹਾਰ ਰਿਹਾ ਹੈ।

ਪੰਚ ਨਾਲ ਛੱਤ ਉਤੇ ਠੱਪ-ਠੱਪ ਕਰ ਕੇ ਕੰਡਕਟਰ ਨੇ ਉਚੀ ਅਵਾਜ਼ ਵਿਚ ਕਿਹਾ, "ਇਹ ਸੂਟਕੇਸ ਤੇਰਾ ਹੈ? ਕਦ ਦਾ ਚੀਕਾਂ ਮਾਰ ਰਿਹਾਂ, ਸੁਣਦਾ ਨੀਂ? ਬੋਲਾ ਹੈਂ?"

"ਹਾਂ, ਉਚਾ ਹੀ ਸੁਣਦੈ ਕੁਝ।" ਮੈਂ ਕਿਹਾ।

"ਤਾਂ ਇਲਾਜ ਕਰਾ ਕੇ ਬੱਸ ਵਿਚ ਬੈਠਦਾ? ਇਹ ਸੂਟਕੇਸ ਤੇਰਾ ਹੈ ਤਾਂ ਚੱਕ ਇਥੋਂ। ਸੁਣਿਆਂ?"

ਮੈਂ ਕਿਹਾ, "ਸੁਣ ਤਾਂ ਗਿਆ, ਸਮਝ ਵਿਚ ਕੁਝ ਨੀਂ ਆਇਆ।...ਹੋਰ ਕਿੱਥੇ ਰੱਖਾਂ?"

ਕਹਿੰਦਾ, "ਮੇਰੇ ਸਿਰ 'ਤੇ ਰੱਖ ਦੇਹ।"

ਮੈਂ ਕਿਹਾ, "ਇਹ ਕਿਹੜਾ ਭਾਰੀ ਐ, ਆਪੇ ਆਪਣੇ ਸਿਰ 'ਤੇ ਰੱਖ ਲੈ। ਸਿਰ ਤੇਰਾ, ਇੱਛਾ ਤੇਰੀ, ਮਰਜ਼ੀ ਕਰ।"

ਜਿਵੇਂ ਕੌੜੀ ਨਿਗਾਹ ਨਾਲ ਉਸ ਨੇ ਮੇਰੇ ਵੱਲ ਦੇਖਿਆ, ਟੈਗੋਰ ਦੇ ਨਾਵਲ ਦੀ ਥਾਂ ਮੇਰੇ ਹੱਥ ਵਿਚ ਪਿਸਤੌਲ ਹੁੰਦਾ ਤਾਂ ਯਕੀਨ ਨਾਲ ਨਹੀਂ ਕਹਿ ਸਕਦਾ, ਫਿਰ ਮੈਂ ਕੀ ਕਰਦਾ।

ਮੇਰਾ ਕੋਈ ਕਸੂਰ ਨਹੀਂ ਸੀ, ਫਿਰ ਵੀ ਮੈਂ ਸ਼ਰਮ ਵਿਚ ਗੱਡ ਹੋ ਗਿਆ। ਜਿਸ ਦਾ ਕਸੂਰ ਸੀ, ਉਹ ਵਿਜਈ ਨਾਇਕ ਵਾਂਗ ਤਣਿਆ ਖੜ੍ਹਾ ਤੇ ਕੱਛੂ ਵਾਂਗ ਮੈਂ ਹੱਥ ਪੈਰ ਖੋਪਰੀ ਵਿਚ ਲੁਕਾਣ ਲੱਗ ਪਿਆ। ਮੈਨੂੰ ਆਪਣੀ ਅਕਲ 'ਤੇ ਕਾਫੀ ਫਖਰ ਹੁੰਦਾ ਸੀ, ਅਜ ਲੋੜ ਪੈਣ 'ਤੇ ਬਿਨ ਸਿਰਨਾਵਾਂ ਦੱਸੇ, ਪਤਾ ਨਹੀਂ ਕਿੱਧਰ ਚਲੀ ਗਈ। ਉਚੀ ਦੇਣੀ ਕੰਡਕਟਰ ਨੇ ਡਰਾਈਵਰ ਨੂੰ ਕਿਹਾ, 'ਗੱਡੀ ਰੋਕੋ।' ਗੱਡੀ ਰੋਕ ਕੇ ਸਾਡੇ ਵੱਲ ਪਿੱਠ ਕਰੀ ਡਰਾਈਵਰ ਮੁੱਛਾਂ ਨੂੰ ਵਟ ਦੇਈ ਗਿਆ। ਬੱਸ ਚਲਾਉਣ ਦੀ ਥਾਂ ਉਸ ਦਾ ਦਿਲ ਸਾਡਾ ਸ਼ਾਸਤ੍ਰਾਰਥ ਸੁਣਨ ਨੂੰ ਵੱਧ ਕਰਦਾ ਸੀ। ਤੁਹਾਨੂੰ ਪਤਾ ਈ ਐ, ਮੈਂ ਉਸ ਚਾਰਣ ਜਾਤ ਵਿਚੋਂ ਹਾਂ, ਜਿਸ ਦੇ ਵੱਡ ਵਡੇਰੇ ਵਾਰਾਂ ਲਿਖਦੇ, ਵਾਰਾਂ ਗਾਉਂਦੇ। ਉਨ੍ਹਾਂ ਦੀਆਂ ਵਾਰਾਂ ਸੁਣ ਕੇ ਕੱਟੇ ਹੋਏ ਸਿਰਾਂ ਦੀਆਂ ਮੁੱਛਾਂ ਫੜਕਣ ਲੱਗ ਜਾਂਦੀਆਂ ਸਨ।

ਕੰਡਕਟਰ ਨੇ ਉਚੇ ਸੁਰ ਵਿਚ ਕਿਹਾ, "ਇਹ ਸੀਟ ਮੇਰੀ ਹੈ, ਤੈਨੂੰ ਛੱਡਣੀ ਪਏਗੀ।"

ਮੈਂ ਕਿਹਾ, "ਛੱਡ ਦਿਆਂਗਾ, ਪਰ ਜੈਪੁਰ ਪਹੁੰਚ ਕੇ।"

"ਕੀ ਕਿਹਾ?" ਕੰਡਕਟਰ ਬੋਲਿਆ।

ਮੈਂ ਕਿਹਾ, "ਉਚਾ ਸੁਣਦੈ?"

ਸੁਪਰ ਡੀਲਕਸ ਬੱਸ ਵਿਚ ਸਾਰੇ ਇੱਜਤਦਾਰ ਮੁਸਾਫਰ ਬੈਠੇ ਸਭ ਕੁਝ ਦੇਖ ਰਹੇ ਸਨ, ਪਰ ਜਦ ਤੱਕ ਉਨ੍ਹਾਂ ਦੀ ਆਪਣੀ ਚਮੜੀ ਉਪਰ ਝਰੀਟ ਨਾ ਪਵੇ, ਉਹ ਦੂਜਿਆਂ ਦੇ ਝਗੜੇ ਵਿਚ ਖਾਹਮਖਾਹ ਟੰਗ ਨਹੀਂ ਅੜਾਉਂਦੇ। ਮਜ਼ਦੂਰਾਂ ਵਾਂਗ ਉਨ੍ਹਾਂ ਦਾ ਵਕਤ ਸਸਤਾ ਥੋੜ੍ਹਾ ਹੁੰਦਾ। ਸਮਾਂ ਬੀਤਣ ਨਾਲ ਮੈਂ ਕੰਡਕਟਰ ਨੂੰ ਤਾਂ ਮੁਆਫ ਕਰ ਵੀ ਦਊਂ, ਪਰ ਮੁਸਾਫਰਾਂ ਨੂੰ ਮੁਆਫ ਨਹੀਂ ਕਰੂੰਗਾ। ਉਨ੍ਹਾਂ ਨੂੰ ਤਾਂ ਈਸਾ ਮਸੀਹ ਵੀ ਮੁਆਫ ਨਹੀਂ ਕਰੇਗਾ। ('ਪ੍ਰਿਯ ਮ੍ਰਿਣਾਲ' ਵਿਚੋਂ)

---

ਵਿਜੇਦਾਨ ਦਾ ਬਚਪਨ ਦਾ ਨਿੱਕਾ ਨਾਮ ਬਿੱਜੀ ਸੀ। ਬਿੱਜੀ, ਚਾਰਣ ਜਾਤ ਵਿਚ ਪੈਦਾ ਹੋਇਆ। ਕਵਿਤਾ ਉਸ ਦੀ ਆਤਮਾ ਵਿਚ ਸਹਿਜ ਸੁਭਾਅ ਆ ਟਿਕੀ।

ਵਿਜੇਦਾਨ ਦੇ ਬੇਟੇ ਕੈਲਾਸ਼ ਕਬੀਰ ਨੇ ਪਿਤਾ ਦੀ ਕੁਝ ਵਾਕਫੀ ਰਾਜਸਥਾਨੀ ਵਿਚੋਂ ਹਿੰਦੀ ਵਿਚ ਅਨੁਵਾਦਿਤ ਰਚਨਾਵਾਂ 'ਵਿਜੇਦਾਨ ਦੇਥਾ: ਰਚਨਾ ਸੰਚਯਨ' (ਸਾਹਿਤ ਅਕਾਦਮੀ ਦਿੱਲੀ, 2009) ਦੇ ਪ੍ਰਾਕਥਨ ਵਿਚ ਦਿੱਤੀ ਹੈ। ਲਿਖਦੇ ਹਨ, ਕਵਿਤਾ ਜੀਸਾ (ਪਿਤਾ ਜੀ) ਦੀ ਆਤਮਾ ਵਿਚ ਰਚੀ ਵਸੀ ਹੋਈ ਸੀ। ਰਾਜਸਥਾਨੀ ਵਿਚ ਵਾਰਤਕ ਦੀ ਕੋਈ ਖਾਸ ਪਰੰਪਰਾ ਨਹੀਂ ਰਹੀ, ਪਰ ਪ੍ਰਾਚੀਨ ਕਵਿਤਾ, ਜਿਸ ਨੂੰ ਡਿੰਗਲ ਅਤੇ ਪਿੰਗਲ-ਦੋਹਾਂ ਨਾਂਵਾਂ ਨਾਲ ਜਾਣਿਆ ਜਾਂਦਾ ਹੈ, ਕਲਾਤਮਕ ਤੌਰ 'ਤੇ ਤਤਕਾਲੀ ਵਿਸ਼ਵ ਕਾਵਿ ਨਾਲੋਂ ਘੱਟ ਨਹੀਂ ਸੀ। ਰਵਿੰਦਰਨਾਥ ਵੀ ਡਿੰਗਲ ਕਵਿਤਾ ਦੇ ਜ਼ਬਰਦਸਤ ਪ੍ਰਸ਼ੰਸਕ ਸਨ। ਵਧੀਕ ਡਿੰਗਲ ਸਾਹਿਤ ਚਾਰਣਾ (ਇੱਕ ਜਾਤੀ) ਨੇ ਲਿਖਿਆ, ਇਸ ਕਰ ਕੇ ਇਸ ਨੂੰ ਚਾਰਣੀ ਸਾਹਿਤ ਵੀ ਕਿਹਾ ਜਾਂਦਾ ਹੈ। ਕਵਿਤਾ ਵਿਚ ਕਿਸੇ ਇੱਕ ਜਾਤੀ ਦਾ ਕਲਾ ਅਤੇ ਮਾਤਰਾ ਵਿਚ ਯੋਗਦਾਨ ਵਿਸ਼ਵ ਦੀ ਇੱਕੋ ਮਿਸਾਲ ਹੈ। ਕਾਵਿ ਰਚਨਾ ਹੀ ਚਾਰਣਾ ਦਾ ਕਿੱਤਾ ਹੁੰਦੀ ਸੀ।

-ਜਾਤੀਆਂ ਦਾ ਇਤਿਹਾਸ ਅੱਜ ਵੀ ਸੰਘਣੀ ਧੁੰਦ ਵਿਚ ਲਿਪਟਿਆ ਹੋਇਆ ਹੈ। ਸਮਾਜ ਸ਼ਾਸਤਰੀਆਂ ਅਤੇ ਮਾਨਵ ਵਿਗਿਆਨੀਆਂ ਨੂੰ ਵੀ ਪੱਕਾ ਪਤਾ ਨਹੀਂ। ਸੱਚ ਦੀ ਗੈਰਹਾਜ਼ਰੀ ਵਿਚ ਹਰ ਜਾਤੀ ਆਪਣੀਆਂ ਜੜ੍ਹਾਂ ਪੁਰਾਣ ਕਥਾਵਾਂ ਵਿਚੋਂ ਲੱਭਦੀ ਹੈ ਤੇ ਆਪਣਾ ਸਬੰਧ ਕਿਸੇ ਦੇਵਤੇ ਜਾਂ ਰਿਸ਼ੀ ਨਾਲ ਜੋੜਦੀ ਹੈ। ਪੁਰਾਣਾਂ ਦੀਆਂ ਮਿੱਥ ਕਥਾਵਾਂ ਛੱਡ ਦੇਈਏ ਤਾਂ ਅਨੁਮਾਨ ਹੈ ਕਿ ਚਾਰਣ ਜਾਤੀ ਵੀ ਹੋਰ ਆਰੀਆ ਜਾਤੀਆਂ ਵਾਂਗ ਇਰਾਨ ਤੇ ਉਸ ਦੇ ਆਸ-ਪਾਸ ਦੇ ਇਲਾਕਿਆਂ ਤੋਂ ਭਾਰਤ ਵਲ ਆਈ। ਚਿਹਰੇ ਮੁਹਰੇ ਤੋਂ ਇਸ ਦੀ ਪੁਸ਼ਟੀ ਹੁੰਦੀ ਹੈ। ਇਰਾਨ ਤੋਂ ਸਿੰਧ ਹੁੰਦੇ ਹੋਏ ਚਾਰਣ ਰਾਜਸਥਾਨ ਅਤੇ ਗੁਜਰਾਤ ਵਿਚ ਵਸ ਗਏ। ਸਾਡੇ ਪੁਰਖੇ ਵੀ 1600 ਈਸਵੀ ਦੇ ਆਸ-ਪਾਸ ਖਰੋੜਾ ਪਿੰਡ (ਅਮਰਕੋਟ, ਸਿੰਧ) ਤੋਂ ਬੋਰੂੰਦਾ (ਜੋਧਪੁਰ, ਰਾਜਸਥਾਨ) ਆਏ, ਜੋ ਅੱਜ ਸਾਡਾ ਪਿੰਡ ਹੈ। ਚਾਰਣ ਪਸ਼ੂ ਪਾਲਕ ਸਨ, ਪਸ਼ੂਆਂ ਵਿਚੋਂ ਵੀ ਗਾਵਾਂ ਵਧੀਕ ਹੁੰਦੀਆਂ। ਵਿਜੇਦਾਨ ਦੇ ਦਾਦਾ ਕੋਲ 200 ਗਾਵਾਂ ਸਨ। ਘੋੜੇ ਅਤੇ ਊਠ ਵੀ ਸਨ। ਪਸ਼ੂਆਂ ਦਾ ਵਪਾਰ ਹੁੰਦਾ ਸੀ। ਘੋੜਿਆਂ ਦੇ ਗਾਹਕ ਰਾਜੇ ਹੁੰਦੇ ਜਾਂ ਰਾਜਿਆਂ ਦੇ ਨਿਕਟਵਰਤੀ ਰਈਸ। ਪਸ਼ੂ ਪਾਲਕਾਂ ਕੋਲ ਕਵਿਤਾ ਕਿਵੇਂ ਆ ਗਈ, ਪਤਾ ਨਹੀਂ ਪਰ ਸਿੰਧ, ਰਾਜਸਥਾਨ ਅਤੇ ਗੁਜਰਾਤ ਦੀਆਂ ਹਿੰਦੂ ਰਿਆਸਤਾਂ ਦੇ ਕਵੀ ਚਾਰਣ ਸਨ। ਇਨ੍ਹਾਂ ਤਿੰਨ ਪ੍ਰਾਂਤਾਂ ਤੋਂ ਇਲਾਵਾ ਨਿਕਟਵਰਤੀ ਖੇਤਰਾਂ, ਮਾਲਵਾ, ਹਰਿਆਣਾ ਆਦਿ ਦੀਆਂ ਰਿਆਸਤਾਂ ਤੋਂ ਲੈ ਕੇ ਜੰਮੂ ਕਸ਼ਮੀਰ ਰਿਆਸਤ ਦੇ ਰਾਜਕਵੀ ਚਾਰਣ ਸਨ।



ਕੰਮ ਵਿਚ ਮਸਰੂਫ ਵਿਜੇਦਾਨ ਦੇਥਾ।

ਜਿਸ ਕੁਲ ਵਿਚ ਵਿਜੇਦਾਨ ਦਾ ਜਨਮ ਹੋਇਆ, ਉਸ ਵਿਚ ਦਸ ਪੀੜ੍ਹੀਆਂ ਤੋਂ ਕਾਵਿ ਰਚਨਾ ਹੁੰਦੀ ਆ ਰਹੀ ਸੀ। ਦਾਦਾ ਜੁਗਤੀਦਾਨ ਜੀ ਦੇਥਾ ਆਪਣੇ ਸਮੇਂ ਦੇ ਪ੍ਰਸਿੱਧ ਕਵੀ ਸਨ। ਕਵਿਤਾ ਦੀ ਬਦੌਲਤ ਰਾਉ ਉਮਰਾਵਾਂ ਵਿਚ ਚੰਗੀ ਇੱਜਤ ਸੀ। ਵਿਜੇਦਾਨ ਚਾਰ ਸਾਲ ਦੀ ਉਮਰ ਵਿਚ ਕਵਿਤਾ ਦੇ ਬੰਦ ਜੋੜਨੇ ਲਿਖਣ ਲੱਗਾ ਸੀ ਕਿ ਪਰਿਵਾਰਕ ਲੜਾਈ ਵਿਚ ਉਸ ਦੇ ਪਿਤਾ ਦਾ ਕਤਲ ਹੋ ਗਿਆ। ਵਿਜੇਦਾਨ 'ਤੇ ਸਾਰੀ ਉਮਰ ਇਸ ਸਦਮੇ ਦਾ ਅਸਰ ਰਿਹਾ।

ਦੋ ਨਾਵਲ, ਪੰਜਾਹ ਕਹਾਣੀਆਂ, ਸੈਂਕੜੇ ਕਵਿਤਾਵਾਂ, ਆਲੋਚਨਾ ਦੀਆਂ ਦੋ ਕਿਤਾਬਾਂ ਆਦਿਕ ਹਿੰਦੀ ਵਿਚ ਲਿਖਣ ਬਾਅਦ 1959 ਵਿਚ ਉਸ ਨੇ ਆਪਣੀ ਮਾਤਭਾਸ਼ਾ ਰਾਜਸਥਾਨੀ ਵਿਚ ਲਿਖਣ ਦਾ ਫੈਸਲਾ ਕੀਤਾ। ਉਸ ਨੂੰ ਰਾਜਸਥਾਨੀ ਦਾ ਅਮੀਰ ਖੁਸਰੋ ਕਹੋ ਜਾਂ ਭਾਰਤੇਂਦੂ ਹਰੀਸ਼ਚੰਦਰ, ਰਾਜਸਥਾਨੀ ਭਾਸ਼ਾ ਵਿਚ ਵਾਰਤਕ ਅਤੇ ਗਲਪ ਦਾ ਪ੍ਰਵੇਸ਼ ਵਿਜੇਦਾਨ ਹੱਥੀਂ ਹੋਣਾ ਸੀ, ਸੋ ਹੋਇਆ। ਇਸ ਵੇਲੇ ਤੱਕ ਉਸ ਨੇ ਰਾਜਸਥਾਨੀ ਵਿਚ ਇੱਕ ਵਾਕ ਵੀ ਨਹੀਂ ਲਿਖਿਆ ਸੀ। ਪਿੰਡ ਦੇ ਅਨਪੜ੍ਹ ਲੋਕਾਂ ਵਿਚ ਰਹਿਣ ਦਾ ਫੈਸਲਾ ਇਸ ਕਰ ਕੇ ਕੀਤਾ, ਕਿਉਂਕਿ ਜ਼ਬਾਨ ਦੇ ਅਸਲੀ ਉਸਤਾਦ ਉਹੋ ਹਨ। ਸ਼ੁਰੂ ਵਿਚ ਉਸ ਨੂੰ ਆਲੋਚਕਾਂ ਨੇ ਲੇਖਕ ਨਹੀਂ ਮੰਨਿਆ, ਕਿਉਂਕਿ ਵਿਜੇਦਾਨ ਨੇ ਕੋਈ ਸਿਰਜਣਾ ਨਹੀਂ ਕੀਤੀ। ਸੁਣ-ਸੁਣ ਕੇ ਲੋਕ ਕਹਾਣੀ ਲਿਖਣ ਵਿਚ ਕੀ ਕਲਾ? ਪਰ ਜਦੋਂ 'ਬਾਤਾਂ ਰੀ ਫੁਲਵਾੜੀ' ਜਿਲਦ-ਦਰ-ਜਿਲਦ ਛਪਣ ਲੱਗੀ, ਬੇਸ਼ੁਮਾਰ ਪੜ੍ਹੀ ਜਾਣ ਲੱਗੀ, ਤਦ ਆਲੋਚਕ ਪਿੱਛੇ ਰਹਿ ਗਏ, ਪਾਠਕ ਅੱਗੇ ਲੰਘ ਗਏ।

'ਦੁਬਿਧਾ' ਕਹਾਣੀ ਉਪਰ ਪਹਿਲੀ ਵਾਰ ਮਨਿਕੌਲ ਨੇ 1973 ਵਿਚ ਫਿਲਮ ਬਣਾਈ, ਦੂਜੀ ਵਾਰ ਅਮੋਲ ਪਾਲੇਕਰ ਨੇ 2004 ਵਿਚ 'ਪਹੇਲੀ' ਦੇ ਨਾਮ ਹੇਠ। ਪਿੰਡਾਂ ਵਿਚ ਇਹ ਕਹਾਣੀ ਤੇਈਏ ਤਾਪ ਦੇ ਮਰੀਜ਼ਾਂ ਨੂੰ ਰਾਜ਼ੀ ਕਰਨ ਲਈ ਸੁਣਾਈ ਜਾਂਦੀ ਸੀ। ਲੋਕ ਕਥਾ ਵਿਚਲਾ ਬੇਈਮਾਨ ਭੂਤ, ਅਨਜਾਣ ਬਹੂ ਨਾਲ ਉਸ ਦੀ ਜਾਣਕਾਰੀ ਬਗੈਰ ਵਿਭਚਾਰ ਕਰਦਾ ਹੈ। ਦੇਥਾ ਦਾ ਭੂਤ ਦਗੇਬਾਜ਼ ਨਹੀਂ, ਲੋੜਵੰਦਾਂ ਦਾ ਮਦਦਗਾਰ, ਨੇਕ ਪੁੱਤਰ, ਸਫਲ ਦੁਕਾਨਦਾਰ ਹੈ, ਜੋ ਪਿਤਾ ਨੂੰ ਵੀ ਸਿੱਖਿਆ ਦਿੰਦਾ ਹੈ ਕਿ ਦੀਨ ਦੁਖੀਆਂ ਦੀ ਮਦਦ ਕਰਨ ਨਾਲ ਵਪਾਰ ਵਿਚ ਘਾਟਾ ਨਹੀਂ ਪਵੇਗਾ, ਵਾਧਾ ਹੋਵੇਗਾ। ਕਹਾਣੀ ਵਿਚਲੀ ਨਾਇਕਾ ਸਭ ਕੁਝ ਜਾਣਦੀ ਹੋਈ ਭੂਤ ਨੂੰ ਸਵੀਕਾਰ ਕਰਦੀ ਹੈ। ਇਸ ਕ੍ਰਿਸ਼ਮੇ ਵੱਲ ਆਲੋਚਕਾਂ ਨੇ ਧਿਆਨ ਨਹੀਂ ਦਿੱਤਾ ਸੀ ਕਿ ਵਿਜੇਦਾਨ ਨਾਇਕਾਂ ਨੂੰ ਖਲਨਾਇਕ ਅਤੇ ਖਲਨਾਇਕਾਂ ਨੂੰ ਨਾਇਕ ਘੜ ਦੇਣ ਵਿਚ ਸਮਰੱਥ ਹੈ।

---

ਭਾਈ ਨੰਦ ਲਾਲ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ,

ਤੁਸਾਂ ਦੇ ਦੀਦਾਰ ਦੀ ਇਕ ਝਲਕ ਬਦਲੇ
ਜਾਨ ਹਾਜ਼ਰ ਹੈ ਹਜ਼ੂਰ।
ਉਹ ਹੱਸ ਕੇ ਬੋਲੇ, ਇਸ ਘਰ ਵਿਚ
ਕੋਈ ਸੌਦੇਬਾਜ਼ੀ ਨਹੀਂ ਚਲਦੀ।

---

ਜਿਨ੍ਹਾਂ ਨੂੰ ਜੋੜ ਘਟਾ, ਗੁਣਾ ਤਕਸੀਮ, ਸੌਦੇਬਾਜ਼ੀ, ਹਿਸਾਬ-ਕਿਤਾਬ ਨਹੀਂ ਆਉਂਦਾ, ਇਹ ਕਹਾਣੀਆਂ ਉਨ੍ਹਾਂ ਲਈ ਹਨ। ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਰਾਮੇ ਤਲੋਕੇ ਭਰਾਵਾਂ ਨੂੰ ਦੱਸਿਆ ਸੀ, ਜਿਹੜੇ ਹਿਸਾਬ ਕਰਨ ਲੱਗ ਜਾਣ, ਉਹ ਛੋਟੇ ਰਹਿ ਜਾਂਦੇ ਨੇ।

## ਗੁਰਬਾਣੀ ਗਿਆਨ

# ਭਰੀਐ ਹਥੁ ਪੈਰੁ ਤਨੁ ਦੇਹ

ਸਾਰੇ ਸਿੱਖ ਵਿਦਵਾਨ ਸਿੱਖੀ ਨੂੰ ਅਧਿਆਤਮਵਾਦ ਨਾਲ ਜੋੜਦੇ ਹਨ। ਇਸ ਰਾਹੀਂ ਉਹ ਮਨੁੱਖੀ ਆਤਮਾ ਦੇ ਮਸਲੇ ਵਿਚਾਰਦੇ ਹਨ ਤੇ ਆਤਮਾ ਨੂੰ ਪਰਮਾਤਮਾ ਨਾਲ ਜੁੜਨ ਦੀ ਵਿਧੀ ਵਿਖਿਆਨਦੇ ਹਨ। ਆਤਮਾ ਹਿੰਦੂਮੱਤ ਦਾ ਮੁੱਖ ਸਰੋਕਾਰ ਹੈ।

ਹਿੰਦੂਮੱਤ ਅਨੁਸਾਰ ਆਤਮਾ ਦਿਸਦੀ ਨਹੀਂ, ਇਹ ਅਮਰ ਹੈ। ਇਹ ਨਾ ਪੈਦਾ ਹੁੰਦੀ ਹੈ ਤੇ ਨਾ ਮਰਦੀ ਹੈ। ਇਕ ਸਰੀਰ ਦੇ ਮਰਨ ਉਪਰੰਤ ਇਹ ਦੂਜੇ ਸਰੀਰ ਵਿਚ ਪਰਵੇਸ਼ ਕਰ ਜਾਂਦੀ ਹੈ। ਜਦੋਂ ਤੀਕ ਇਹ ਦੂਜਾ ਸਰੀਰ ਪ੍ਰਾਪਤ ਨਹੀਂ ਕਰ ਲੈਂਦੀ, ਉਦੋਂ ਤੀਕ ਵਾਤਾਵਰਣ ਵਿਚ ਭਟਕਦੀ ਰਹਿੰਦੀ ਹੈ। ਇਹ ਜਿੱਥੇ ਵੀ ਜਾਂਦੀ ਹੈ, ਆਪਣੇ ਪਿਛਲੇ ਸਰੀਰਾਂ ਵਿਚ ਕੀਤੇ ਚੰਗੇ ਤੇ ਮਾੜੇ ਕੰਮਾਂ ਦਾ ਫਲ ਨਾਲ ਲੈ ਕੇ ਜਾਂਦੀ ਹੈ, ਜੋ ਇਸ ਨੂੰ ਅੱਗੇ ਜਾ ਕੇ ਭੁਗਤਣੇ ਪੈਂਦੇ ਹਨ। ਹਰ ਨਵੇਂ ਸਰੀਰ ਵਿਚ ਇਸ ਨੂੰ ਚੰਗੇ ਕੰਮ ਕਰਨ ਦਾ ਮੌਕਾ ਮਿਲਦਾ ਹੈ, ਭਾਵ ਪੁੰਨ ਕਾਰਜ ਕਰ ਕੇ ਇਹ ਆਪਣੇ ਪਿਛਲੇ ਜਨਮਾਂ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਦੇ ਪਾਪਾਂ ਦਾ ਭਾਰ ਲਾਹ ਸਕਦੀ ਹੈ। ਜੇ ਇੰਦਾਂ ਕਰ ਲਵੇ ਤਾਂ ਇਹ ਪਰਮਾਤਮਾ ਨਾਲ ਮਿਲ ਜਾਂਦੀ ਹੈ ਤੇ ਇਸ ਦੀ ਆਵਾਗਵਣ ਤੋਂ ਮੁਕਤੀ ਹੋ ਜਾਂਦੀ ਹੈ, ਨਹੀਂ ਤਾਂ ਮਰਨ ਜੰਮਣ ਦੇ ਗੇੜ ਵਿਚ ਪਈ ਰਹਿੰਦੀ ਹੈ।

ਹਿੰਦੂ ਗ੍ਰੰਥ ਗੀਤਾ ਦੇ ਦੂਜੇ ਅਧਿਆਇ ਦੇ ਬਾਈਵੇਂ ਸਲੋਕ ਵਿਚ ਇਸ ਦੇ ਸਿਧਾਂਤ ਦਾ ਸਪਸ਼ਟ ਵਰਣਨ ਕੀਤਾ ਹੋਇਆ ਹੈ। ਸਵਾਮੀ ਵਿਵੇਕਾਨੰਦ ਦੀਆਂ ਸੰਗ੍ਰਿਹਤ ਲਿਖਤਾਂ ਦੀ ਪਹਿਲੀ ਜਿਲਦ ਦੇ ਕਈ ਅਧਿਆਏ ਇਸੇ ਸਿਧਾਂਤ ਦੀ ਵਿਆਖਿਆ ਲੇਖੇ ਲੱਗੇ ਹੋਏ ਹਨ। ਸਾਰਾ ਹਿੰਦੂਮੱਤ ਇਸ ਸਿਧਾਂਤ ਨਾਲ ਵਲਿਆ ਹੋਇਆ ਹੈ।

ਗੁਰੂ ਨਾਨਕ ਨੇ ਇਸ ਕਿਸਮ ਦੇ ਵਿਚਾਰਾਂ ਨੂੰ ਨਹੀਂ ਪ੍ਰਚਾਰਿਆ। ਉਨ੍ਹਾਂ ਦੀ ਬਾਣੀ ਵਿਚ ਹਿੰਦੂ ਫਲਸਫੇ ਦੇ ਉਪਰੋਕਤ ਸਿਧਾਂਤ ਦੇ ਕਈ ਸ਼ਬਦਾਂ (Terms) ਜਿਵੇਂ ਕਰਮ, ਫਲ ਤੇ ਧਰਮ ਦਾ ਜ਼ਿਕਰ ਆਉਂਦਾ ਤਾਂ ਹੈ ਪਰ ਹਵਾਲੇ ਵਜੋਂ, ਪਰਿਹਾਸ ਵਜੋਂ ਜਾਂ ਵਿਰੋਧ ਵਜੋਂ। ਉਹ ਉਨ੍ਹਾਂ ਨੂੰ ਅਧਿਆਤਮਵਾਦੀ ਦ੍ਰਿਸ਼ਟੀਕੋਣ ਤੋਂ ਨਹੀਂ ਕਰਦੇ। ਮਿਸਾਲ ਵਜੋਂ ਉਨ੍ਹਾਂ ਦਾ ਕਰਮ ਤੋਂ ਭਾਵ ਮਨੁੱਖ ਦਾ ਕੀਤਾ ਉਹ ਕੰਮ ਹੈ, ਜਿਸ ਦੇ ਉਸ ਨੂੰ ਸਿੱਟੇ ਮਿਲਦੇ ਹਨ। ਧਰਮ ਇਕ ਨਾ ਬਦਲਣ ਵਾਲਾ ਗਣਿੱਤੀ ਸਮੀਕਰਣ ਹੈ, ਜਿਸ ਅਨੁਸਾਰ ਕਰਮਾਂ ਤੇ ਸਿੱਟਿਆਂ ਵਿਚਾਲੇ ਬਰਾਬਰ ਦਾ ਅਨੁਪਾਤ ਹੈ। ਧਰਮ ਉਨ੍ਹਾਂ ਲਈ ਸਮਾਜਕ ਹਿੱਤ ਦੇ ਉਹ ਜਰੂਰੀ ਕਾਰਜ ਵੀ ਹਨ, ਜਿਨ੍ਹਾਂ ਨੂੰ ਮਨੁੱਖ ਨੇ ਆਪ ਪਛਾਣ ਕੇ ਆਪਣੀ ਜ਼ਿੰਮੇਵਾਰੀ ਨਾਲ ਕਰਨਾ ਹੈ। ਇਹ ਉਹੀ ਕਾਰਜ ਹਨ, ਜਿਨ੍ਹਾਂ ਨੂੰ ਅੰਗਰੇਜ਼ੀ ਫਿਲਾਸਫਰ ਟੀ. ਐਚ. ਗਰੀਨ Self-imposed obligation ਦਾ ਨਾਮ ਦਿੰਦਾ ਹੈ।

ਇਸੇ ਤਰ੍ਹਾਂ ਗੁਰੂ ਸਾਹਿਬ ਆਤਮਾ ਦਾ ਸੰਕਲਪ ਵੀ ਸਮਝਦੇ ਤਾਂ ਹਨ, ਪਰ ਉਨ੍ਹਾਂ ਨੇ ਇਸ ਨੂੰ ਕਦੇ ਆਪਣੇ ਵਲੋਂ ਅਪਨਾ ਕੇ ਨਹੀਂ ਵਰਤਿਆ। ਜਪੁਜੀ ਸਾਹਿਬ ਵਿਚ ਆਤਮਾ ਤੇ ਇਸ ਦੇ ਆਵਾਗਮਨ ਦਾ ਜ਼ਿਕਰ ਇਕ ਵਾਰ ਵੀ ਨਹੀਂ ਆਇਆ। ਇਸ ਨਾਲ ਸਬੰਧਤ 'ਮੋਖ' ਸ਼ਬਦ ਦਾ ਜ਼ਿਕਰ ਸਿਰਫ ਦੋ ਵਾਰ ਆਇਆ ਹੈ, ਉਹ ਵੀ ਹਿੰਦੂਮੱਤ ਦੇ ਮੋਕਸ਼ ਸ਼ਬਦ ਦੇ ਪਰਿਹਾਸਮਈ ਹਵਾਲੇ ਵਜੋਂ। ਉਨ੍ਹਾਂ ਦੀ ਸਮੁੱਚੀ ਬਾਣੀ ਵਿਚ ਵੀ ਆਤਮਾ ਦਾ ਜ਼ਿਕਰ ਕੁਝ ਕੁ ਵਾਰ ਹੀ ਆਇਆ ਹੈ, ਉਹ ਵੀ ਹਿੰਦੂ ਧਾਰਨਾਵਾਂ ਦੇ ਸੰਦਰਭ ਵਿਚ। ਪਰ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਉਨ੍ਹਾਂ ਹਵਾਲਿਆਂ ਉਤੇ ਹੀ ਆਪਣੀ ਸੋਚ ਦਾ ਮਹਿਲ ਖੜ੍ਹਾ ਕਰਕੇ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਹਿੰਦੂਮੱਤ ਵਲ ਘਸੀਟ ਲੈ ਜਾਂਦੇ ਹਨ। ਜਾਂ ਇਹ ਸਮਝੋ ਕਿ ਚੌਗਿਰਦੇ 'ਚੋਂ ਗ੍ਰਹਿਣ ਕੀਤੇ ਰੂੜੀਵਾਦੀ ਵਿਚਾਰ ਉਨ੍ਹਾਂ ਉਤੇ ਅਜੇ ਵੀ ਸਿੱਖ ਮੱਤ ਤੋਂ ਵੱਧ ਹਾਵੀ ਹਨ।

ਕੋਈ ਕੀ ਵਿਚਾਰ ਰੱਖਦਾ ਹੈ, ਇਸ ਨਾਲ ਕਿਸੇ ਦੂਜੇ ਨੂੰ ਕੋਈ ਲੈਣਾ-ਦੇਣਾ ਨਹੀਂ ਹੈ, ਪਰ ਗੁਰੂ ਸਾਹਿਬ ਦੇ ਚੜ੍ਹਦੀਕਲਾ ਵਾਲਾ ਸਿੱਖੀ ਸਿਧਾਂਤ ਜਦੋਂ ਰਵਾਇਤੀ ਸੋਚ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਤਾਂ ਉਸ ਦੇ ਅਰਥ ਬਦਲ ਜਾਂਦੇ ਹਨ। ਇਹ ਉਨ੍ਹਾਂ ਨਾਲ ਬੇਇਨਸਾਫੀ ਹੈ। ਮਿਸਾਲ ਵਜੋਂ ਗੁਰੂ ਸਾਹਿਬ ਨੇ ਆਪਣੀ ਤੀਖਣ ਬੁੱਧੀ ਦੇ ਬਲ 'ਤੇ ਕਈ ਹਿੰਦੂ ਮਾਨਤਾਵਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਨੇ ਪੰਚ ਦੀ ਸ੍ਰੇਸ਼ਟਤਾ ਤੇ ਧਵਲੇ ਦੀ ਮਿੱਥ-ਕਥਾ ਆਪਣੇ ਮੰਨੇ, ਭਾਵ ਸੋਚ ਵਿਚਾਰ ਕੇ ਵਿਸ਼ਲੇਸ਼ਣ ਕਰਨ ਦੇ ਸਿਧਾਂਤ ਨਾਲ ਮੁਢੋਂ ਖਾਰਜ ਕੀਤੀਆਂ ਹਨ। ਸਿੱਖ ਵਿਦਵਾਨਾਂ ਨੇ ਧਵਲੇ ਦੇ ਖੰਡਨ ਵਾਲੀ ਗੱਲ ਤਾਂ ਸਵੀਕਾਰ ਕਰ ਲਈ, ਪਰ 'ਮੰਨੇ' ਨੂੰ 'ਵਿਸ਼ਵਾਸ ਕਰਨਾ' ਦੱਸ ਕੇ ਉਨ੍ਹਾਂ ਨੇ ਸਿੱਖੀ ਨੂੰ ਹਿੰਦੂਤਵ ਦੀ ਰੰਗਤ ਚਾੜ੍ਹ ਦਿੱਤੀ। ਉਹ ਗੁਰੂ ਸਾਹਿਬ ਦੇ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਤਰਕ ਦੇ ਕਾਇਲ ਤਾਂ ਹੋ ਗਏ ਪਰ "ਸੁਣਿਐ ਈਸਰੁ ਬਰਮਾ ਇੰਦੁ" ਵਾਲੀ ਤੁਕ ਵਿਚ ਸੁਣਿਐ ਦੇ ਅਰਥ "ਸੁਣਦੇ ਹਾਂ" ਦੀ ਥਾਂ "ਸੁਣਨ ਨਾਲ" ਕਰ ਕੇ ਹਿੰਦੂ ਕਰਮ-ਕਾਂਡੀ ਵਿਸਵਾਸ ਵਲ ਮੋੜਾ ਖਾ ਗਏ।

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਛੇਵੀਂ ਪਉੜੀ ਵਿਚ ਤੀਰਥ ਅਸ਼ਨਾਨ ਨੂੰ ਬੇਅਰਥ ਦੱਸਿਆ, ਪਰ ਸਿੱਖ ਵਿਦਵਾਨਾਂ ਤੇ ਪੁਜਾਰੀਆਂ ਨੇ ਇਸ ਪਉੜੀ ਵਿਚ "ਭਾਵਾ" ਤੇ "ਭਾਣੇ" ਸ਼ਬਦਾਂ ਦੇ ਅਰਥ "ਢੂੰਡ ਸਕਾਂ" ਦੀ ਥਾਂ "ਰੱਬ ਨੂੰ ਚੰਗਾ ਲੱਗਾਂ" ਆਦਿ ਬਣਾ ਕੇ ਸਿੱਖ ਤੀਰਥ ਅਸ਼ਨਾਨਾਂ ਨੂੰ ਇਸ ਵਿਰੋਧਤਾਈ ਤੋਂ ਬਾਹਰ ਰੱਖਿਆ। ਹੈਰਾਨੀ ਦੀ ਗੱਲ ਹੈ ਕਿ ਅਜਿਹੀਆਂ ਵਿਆਖਿਆਵਾਂ ਕਰਨ ਵਾਲਿਆਂ ਵਿਚ ਗੁਰਬਾਣੀ ਵਿਆਕਰਣ ਦੇ ਮੋਹਤਬਰ ਪ੍ਰੋ. ਸਾਹਿਬ ਸਿੰਘ ਜਿਹੇ ਵਿਦਵਾਨ ਵੀ ਸ਼ਾਮਲ ਹਨ।

ਪੂਰੇ ਜਪੁਜੀ ਸਾਹਿਬ ਦੀਆਂ 38 ਪਉੜੀਆਂ ਵਿਚੋਂ ਤਿੰਨ ਪਉੜੀਆਂ ਗੁਰੂ ਸਾਹਿਬ ਨੇ ਤੀਰਥ ਅਸ਼ਨਾਨਾਂ ਦੀ ਨਿਰਾਰਥਕਤਾ ਦੱਸਣ ਦੇ ਲੇਖੇ ਲਾਈਆਂ ਹਨ। ਇਸ ਦਾ ਅਰਥ ਹੈ, ਉਹ ਤੀਰਥ ਨਹਾਉਣ ਨੂੰ ਇਕ ਵੱਡੀ ਭੇਡ ਚਾਲ ਭਾਵ ਬੇਕਾਰ ਕ੍ਰਿਆ ਸਮਝਦੇ ਸਨ ਤੇ ਲੋਕਾਂ ਨੂੰ ਇਸ ਬਾਰੇ ਸੁਚੇਤ ਕਰਨ ਲਈ ਤਤਪਰ ਸਨ। ਤਿੰਨਾਂ ਹੀ ਪਉੜੀਆਂ ਵਿਚ ਉਨ੍ਹਾਂ ਨੇ ਇਹੀ ਸਮਝਾਇਆ ਕਿ ਤੀਰਥ ਅਸ਼ਨਾਨ ਪਰਮ-ਸਤਿ ਪਾਉਣ ਲਈ ਢੁਕਵਾਂ ਕੰਮ ਅਰਥਾਤ 'ਕਰਮ' ਨਹੀਂ ਹੈ। ਕਰਮ ਉਹ ਉਸ ਕਾਰਜ ਨੂੰ ਸਮਝਦੇ ਸਨ, ਜਿਸ ਨਾਲ ਕਿਸੇ ਮਿੱਥੇ ਉਦੇਸ਼ ਜਾਂ ਸਿੱਟੇ ਦੀ ਪ੍ਰਾਪਤੀ ਹੋਵੇ। ਮਿਸਾਲ ਵਜੋਂ ਜੇ ਪਾਣੀ ਦੀ ਲੋੜ ਹੋਵੇ ਤਾਂ ਖੂਹ ਪੁੱਟਣਾ ਇਕ ਸਹੀ ਕੰਮ ਹੈ ਅਰਥਾਤ ਕਰਮ ਹੈ, ਪਰ ਜੇ ਕੋਈ ਪਿਆਸ ਬੁਝਾਉਣ ਲਈ ਦਰਖਤ 'ਤੇ ਚੜ੍ਹ ਜਾਵੇ ਤਾਂ ਉਹ ਕਰਮ ਨਹੀਂ ਹੈ, ਕਿਉਂਕਿ ਦਰਖਤ 'ਤੇ ਚੜ੍ਹਨ ਨਾਲ ਪਾਣੀ ਪ੍ਰਾਪਤ ਨਹੀਂ ਹੁੰਦਾ। ਅਜਿਹੇ ਅਢੁਕਵੇਂ ਕੰਮਾਂ ਨੂੰ ਉਹ ਫੋਕਟ ਕਾਰਜ ਭਾਵ ਕਰਮਕਾਂਡ ਸਮਝਦੇ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਕਰਮ ਦਾ ਸੰਕਲਪ ਦੇ ਕੇ ਸਿੱਖੀ ਨੂੰ ਕਰਮ-ਫਲ ਦੀ ਜੁੱਟਤਾ, ਸੁਮੇਲਤਾ ਤੇ ਸਮਾਨਤਾ ਦੇ ਸਿਧਾਂਤ (Principle of unity, correspondence and equality of actions and reactions) ਨਾਲ ਨਿਵਾਜਿਆ।

ਗੁਰੂ ਸਾਹਿਬ ਦਾ ਕਰਮ ਸਿਧਾਂਤ ਅਧਿਆਤਮਵਾਦੀ ਹਿੰਦੂ ਕਰਮ ਸਿਧਾਂਤ ਤੋਂ ਵੱਖ ਹੈ ਤੇ ਇਹ ਸਿੱਖੀ ਦਾ ਅਹਿਮ ਗੁਰ ਹੈ। ਨਿਊਟਨ ਦਾ ਤੀਜਾ ਨਿਯਮ ਇਸ ਸਿਧਾਂਤ ਦੀ ਪ੍ਰੋੜਤਾ ਕਰਦਾ ਹੈ। ਇਸ ਅਨੁਸਾਰ ਮਨੁੱਖ ਭਾਵ ਜੀਵ ਇਕ ਅਜਿਹੀ ਕੁਦਰਤ ਦੇ ਅੰਦਰ ਵਿਚਰ ਰਿਹਾ ਹੈ, ਜਿਸ ਕੋਲ ਜੀਵਨ ਲਈ ਜਰੂਰੀ ਦਾਤਾਂ ਤੇ ਸੰਭਾਵਨਾਵਾਂ ਅਸੀਮ ਮਾਤਰਾ ਵਿਚ ਹਨ। ਇਹ ਦਾਤਾਂ ਉਸ ਨੂੰ ਜਿਉਣ ਦੇ ਨਾਲ ਨਾਲ ਕਾਰਜ ਕਰਨ ਤੇ ਸੂਝ-ਬੂਝ ਪੈਦਾ ਕਰਨ ਦੀ ਸਮਰੱਥਾ ਦਿੰਦੀਆਂ ਹਨ, ਪਰ ਇੰਨੀਆਂ ਦਾਤਾਂ ਹੋਣ ਦੇ ਬਾਵਜੂਦ ਕੁਦਰਤ ਨੇ ਉਸ ਨੂੰ ਉਨ੍ਹਾਂ ਤੀਕ ਖੁੱਲ੍ਹੀ ਪਹੁੰਚ ਨਹੀਂ ਬਖਸ਼ੀ ਹੋਈ।

ਕੁਝ ਬੁਨਿਆਦੀ ਦਾਤਾਂ ਜਿਵੇਂ ਹਵਾ, ਪਾਣੀ, ਰੋਸ਼ਨੀ ਤੇ ਧਰਤੀ ਆਦਿ, ਜੋ ਉਸ ਦੀ ਜ਼ਿੰਦਗੀ ਦੇ ਆਧਾਰ ਹਨ, ਸਭ ਦੀ ਪਹੁੰਚ ਵਿਚ ਹਨ ਤੇ ਸਭ ਲਈ ਮੁਫਤ ਹਨ; ਪਰ ਜੋ ਦਾਤਾਂ ਉਨ੍ਹਾਂ ਦੀ ਉਤਪਾਦੀ ਵਰਤੋਂ (Processing) ਨਾਲ ਮਿਲਣੀਆਂ ਹਨ, ਉਨ੍ਹਾਂ ਦੀ ਪ੍ਰਾਪਤੀ ਮਨੁੱਖ ਦੇ ਉਦਮ ਤੇ ਅਨੁਭਵ 'ਤੇ ਨਿਰਭਰ ਕਰਦੀ ਹੈ। ਮਿਸਾਲ ਵਜੋਂ ਦਰਖਤ ਦੀ ਛਾਂ ਹੇਠ ਦੁਪਹਿਰ ਗੁਜਾਰਨਾ ਮੁਫਤ ਹੈ, ਪਰ ਪੱਕੀ ਛੱਤ ਲਈ ਕੰਮ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਪਾਣੀ, ਰੋਸ਼ਨੀ, ਹਵਾ ਤੇ ਧਰਤੀ ਮਨੁੱਖ ਜਿੰਨੀ ਮਰਜੀ ਵਰਤ ਸਕਦਾ ਹੈ, ਪਰ ਰੋਟੀ ਬਿਨਾ ਅਨਾਜ ਬੀਜੇ, ਸਿੰਜੇ, ਗਾਹੇ, ਪੀਸੇ ਤੇ ਪਕਾਏ ਪ੍ਰਾਪਤ ਨਹੀਂ ਹੋ ਸਕਦੀ। ਹਰ ਲੋੜੀਂਦੀ ਦਾਤ ਸਹੀ ਕਾਰਜ ਭਾਵ ਕਰਮ ਨਾਲ ਮਿਲਦੀ ਹੈ ਤੇ ਕਰਮ ਦੇ ਅਨੁਪਾਤ ਵਿਚ ਮਿਲਦੀ ਹੈ। ਗੁਰੂ ਸਾਹਿਬ ਨੇ ਮਨੁੱਖ ਤੇ ਕੁਦਰਤ ਦੇ ਸਬੰਧਾਂ ਦਾ ਯਥਾਰਥਵਾਦੀ ਨਜ਼ਰੀਏ ਤੋਂ ਵਖਿਆਨ ਕੀਤਾ ਹੈ, ਪਰ ਉਨ੍ਹਾਂ ਦੇ ਅਧਿਆਤਮਵਾਦੀ ਤੇ ਅੰਧ-ਵਿਸ਼ਵਾਸੀ ਸ਼ਰਧਾਲੂ ਪੂਜਾ ਪਾਠਾਂ ਤੇ ਮੰਤਰ ਜਾਪਾਂ ਦੇ ਫੋਕਟ ਕਾਰਜਾਂ ਨਾਲ ਹੀ ਦੁੱਧ-ਪੁੱਤ ਮੰਗੀ ਜਾਂਦੇ ਹਨ!

ਇਕ ਪੱਖੋਂ ਅਧਿਆਤਮਵਾਦ ਨੂੰ ਨਿਰਾ ਪੂਰਾ ਨਿਖੇਧਣਾ ਵੀ ਸਹੀ ਨਹੀਂ। ਕੋਈ ਕਾਰਨ ਤਾਂ ਹੋਵੇਗਾ, ਜੋ ਮਨੁੱਖ ਨੂੰ ਇਹ ਸੋਚ ਅਪਨਾਉਣੀ ਪਈ। ਮਨੁੱਖਤਾ ਹਮੇਸ਼ਾ ਤੋਂ ਇਸੇ ਤਰ੍ਹਾਂ ਦੀ ਬੁੱਧ-ਵਰੇਸ ਤਾਂ ਨਹੀਂ ਸੀ। ਇਸ ਦਾ ਵੀ ਤਾਂ ਕਦੇ ਬਚਪਨ ਦਾ ਸਮਾਂ ਸੀ; ਇਹ ਵੀ ਤਾਂ ਕਦੇ ਬੱਚਿਆਂ ਵਾਂਗ ਚੰਦ ਨੂੰ ਮਾਮਾ ਕਹਿੰਦੀ ਸੀ; ਇਹ ਵੀ ਤਾਂ ਕਦੇ ਡਰੀ, ਸਹਿਮੀ ਤੇ ਬੇਵਸ ਹੋਈ ਫੂਕ ਫੂਕ ਪੈਰ ਰੱਖਦੀ ਸੀ; ਇਸ ਕੋਲ ਵੀ ਤਾਂ ਕਦੇ ਕੁਦਰਤ ਦੇ ਰੁੱਖੇਪਣ ਨੂੰ ਹੋਣੀ ਸਮਝ ਕੇ ਝੇਲਣ ਤੋਂ ਬਿਨਾ ਕੋਈ ਚਾਰਾ ਨਹੀਂ ਸੀ ਅਤੇ ਇਸ ਕੋਲ ਵੀ ਤਾਂ ਕਦੇ ਗਿਆਨ ਤੇ ਅਨੁਭਵ ਦੀ ਘਾਟ ਸੀ। ਉਦੋਂ ਅਜੇ ਪੰਜ ਸੱਤ ਹਜ਼ਾਰ ਸਾਲ ਪਹਿਲਾਂ ਸਮਾਪਤ ਹੋਏ ਵਿਸ਼ਵ-ਵਿਆਪੀ ਬਰਫ ਯੁਗ ਦੇ ਠੰਡੇ, ਹਨੇਰੇ ਤੇ ਧੁੰਦਾਕਾਰੀ ਦਿਨਾਂ ਦੀ ਕਰੋਪੀ ਵੀ ਇਸ ਨੂੰ ਤਾਜ਼ੀ ਤਾਜ਼ੀ ਯਾਦ ਹੋਵੇਗੀ। ਇਸ ਲਈ ਜੇ ਇਸ ਨੂੰ ਕਲਪਨਾ ਤੇ ਅਧਿਆਤਮਵਾਦ ਦਾ ਸਹਾਰਾ ਲੈ ਕੇ ਕੁਦਰਤੀ ਤਾਕਤਾਂ ਅੱਗੇ ਲੇਲ੍ਹੜੀਆਂ ਕੱਢਣੀਆਂ ਵੀ ਪਈਆਂ ਤਾਂ ਕੀ ਹੋਇਆ? ਇਸ ਨੇ ਕੁਦਰਤ ਵਿਰੁਧ ਜਦੋ-ਜਹਿਦ ਦਾ ਰਾਹ ਤਾਂ ਨਹੀਂ ਛੱਡਿਆ। ਵਿਗਿਆਨ ਦਾ ਲੜ ਫੜ ਕੇ ਸੁਤੰਤਰਤਾ ਦੀ ਰੀਝ ਤਾਂ ਨਹੀਂ ਛੱਡੀ। ਹਾਂ, ਜੇ ਕੋਈ ਅੱਜ ਦੇ ਯੁਗ ਵਿਚ ਵੀ, ਜਦੋਂ ਬੱਚੇ ਵੀ ਵਿਗਿਆਨ ਨਾਲ ਖੇਡਦੇ ਹਨ, ਅੰਧਵਿਸ਼ਵਾਸੀ ਬਣ ਕੇ ਅਧਿਆਤਮਵਾਦ ਨਾਲ ਚੰਬੜਿਆ ਰਹੇ ਤਾਂ ਇਹ ਸੱਚ-ਮੁੱਚ ਉਸ ਦੇ ਮਨੁੱਖ ਹੋਣ ਦੀ ਤ੍ਰਾਸਦੀ ਹੈ।

ਅਜੋਕੇ ਸਿੱਖ ਵਿਦਵਾਨ ਕੁਝ ਇਸੇ ਤਰ੍ਹਾਂ ਦੀ ਤ੍ਰਾਸਦੀ ਦਾ ਸ਼ਿਕਾਰ ਹੋਏ ਹਨ। ਉਨ੍ਹਾਂ ਨੇ ਅਧਿਆਤਮਵਾਦ ਦਾ ਲੜ ਕਦੇ ਵੀ ਨਹੀਂ ਛੱਡਿਆ, ਸਗੋਂ ਜਿਥੋਂ ਤੀਕ ਹੋ ਸਕਿਆ, ਗੁਰੂ ਸਾਹਿਬ ਦੇ ਵਿਗਿਆਨਕ ਕਰਮ ਸਿਧਾਂਤ ਨੂੰ ਵੀ ਇਸ ਦੇ ਹੱਕ ਵਿਚ ਵਰਤਿਆ। ਇਹ ਗੱਲ ਉਨ੍ਹਾਂ ਦੀਆਂ ਪਹਿਲੀਆਂ ਪਉੜੀਆਂ ਦੀ ਵਿਆਖਿਆ ਤੋਂ ਇਲਾਵਾ ਵੀਹਵੀਂ ਪਉੜੀ ਦੇ ਅਰਥਾਂ ਤੋਂ ਵੀ ਸਪਸ਼ਟ ਹੁੰਦੀ ਹੈ। ਇਸ ਪੂਰੀ ਪਉੜੀ ਦਾ ਉਤਾਰਾ ਤੇ ਟੀਕੇ ਹੇਠ ਲਿਖੇ ਗਏ ਹਨ,

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥
ਪੁੰਨੀ ਪਾਪੀ ਆਖਣੁ ਨਾਹਿ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥੨੦॥

ਇਸ ਪਉੜੀ ਦੇ ਅਰਥ ਰੇਣੁਕਾ ਸਰਬਜੀਤ ਸਿੰਘ ਨੇ ਆਪਣੇ "ਗਿਆਨ ਪਰਚੰਡ 'ਜਪੁ' ਜੀ ਸਾਹਿਬ: ਸੁਆਲ-ਜੁਆਬ ਤੇ ਸਟੀਕ" ਦੇ ਸਫਾ 46 'ਤੇ ਇਸ ਤਰ੍ਹਾਂ ਕੀਤੇ ਹਨ, "ਜੇ ਹੱਥ, ਪੈਰ ਜਾਂ ਸਰੀਰ ਮਿੱਟੀ ਨਾਲ ਭਰ ਜਾਏ, ਤਾਂ ਪਾਣੀ ਨਾਲ ਧੋਇਆਂ ਮੈਲ ਉਤਰ ਜਾਂਦੀ ਹੈ। ਜੇ ਕੋਈ ਕੱਪੜਾ ਮਲ-ਮੂਤਰ (Urine) ਭਾਵ ਸਰੀਰਕ ਗੰਦਗੀ ਨਾਲ ਗੰਦਾ (Soiled) ਹੋ ਜਾਏ, ਤਾਂ ਸਾਬਣ ਲਾ ਕੇ ਉਸ ਨੂੰ ਧੋ ਲਈਦਾ ਹੈ; ਪਰ ਜੇ ਮਨੁੱਖ ਦੀ ਬੁੱਧੀ (Intellect) ਪਾਪਾਂ ਨਾਲ ਮਲੀਨ (Defiled with sins) ਹੋ ਜਾਏ, ਤਾਂ ਉਸ ਨੂੰ ਅਕਾਲ ਪੁਰਖ ਦੇ ਨਾਮ ਵਿਚ ਪਿਆਰ (Reciting God's name with love) ਕਰਨ ਨਾਲ ਹੀ ਧੋਤਾ ਜਾ ਸਕਦਾ ਹੈ। ਨਾਮ ਦੀ ਰੰਗਤ ਮਨ ਦੀ ਮੈਲ ਨੂੰ ਦੂਰ ਕਰ ਦਿੰਦੀ ਹੈ। ਹੇ ਨਾਨਕ! 'ਪੁੰਨੀ' ਜਾਂ 'ਪਾਪੀ' ਨਿਰਾ ਕਹਿਣ ਮਾਤਰ (Empty word) ਨਹੀਂ ਹੈ। ਸੱਚ-ਮੁੱਚ ਹੀ ਤੂੰ ਜਿਹੋ-ਜਿਹੇ ਕਰਮ ਕਰੇਂਗਾ, ਤਿਹੋ ਜਿਹੇ ਸੰਸਕਾਰ ਆਪਣੇ ਅੰਦਰ ਉਕਰ (Engraved) ਕੇ ਨਾਲ ਲੈ ਜਾਵੇਂਗਾ। ਜੋ ਕੁਝ ਤੂੰ ਆਪ ਬੀਜੇਂਗਾ, ਉਸ ਦਾ ਫਲ ਆਪ ਹੀ ਖਾਵੇਂਗਾ। ਆਪਣੇ ਬੀਜੇ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿਚ ਜਨਮ-ਮਰਨ ਦੇ ਗੇੜ ਅੰਦਰ ਪਿਆ (Whirled around in cycles of births and deaths) ਰਹੇਂਗਾ। ਗੁਰੂ ਸਾਹਿਬ ਨੇ ਕਰਨੀ ਦੀ ਮਹਾਨਤਾ ਦਰਸਾਈ ਹੈ।"

ਇਸ ਤਰ੍ਹਾਂ ਦੀ ਵਿਆਖਿਆ ਇਸ ਇੱਕਲੇ ਲੇਖਕ ਨੇ ਹੀ ਨਹੀਂ ਕੀਤੀ, ਸਗੋਂ ਸਭ ਵਿਦਵਾਨਾਂ ਨੇ ਇਹੋ ਜਿਹਾ ਹੀ ਲਿਖਿਆ ਹੈ। ਉਪਰੋਕਤ ਵਿਆਖਿਆ ਵੀ, ਬ੍ਰੈਕਟਾਂ ਦੀ ਅੰਗਰੇਜੀ ਨੂੰ ਛੱਡ ਕੇ, ਪ੍ਰੋ. ਸਾਹਿਬ ਸਿੰਘ ਦੇ ਸਟੀਕ ਦੀ ਸ਼ਬਦੀ ਨਕਲ ਹੈ। ਉਨ੍ਹਾਂ ਵਿਦਵਾਨਾਂ ਦੀਆਂ ਵਿਆਖਿਆਵਾਂ ਦੀ ਸਭ ਤੋਂ ਵੱਡੀ ਤਰੁੱਟੀ ਇਹ ਹੈ ਕਿ ਇਹ ਪਰਮਾਤਮਾ ਦਾ ਸ਼ਬਦ ਆਪਣੇ ਵਲੋਂ ਹੀ ਲਾ ਦਿੰਦੇ ਹਨ, ਜਦੋਂ ਕਿ ਗੁਰੂ ਸਾਹਿਬ ਨੇ ਅਜਿਹਾ ਕੋਈ ਸ਼ਬਦ ਪੂਰੇ ਜਪੁਜੀ ਸਾਹਿਬ ਵਿਚ ਨਹੀਂ ਵਰਤਿਆ। ਕਈ ਵਿਦਵਾਨ ਇਸ ਕਥਨ ਨੂੰ ਪਰਮਾਤਮਾ ਦੇ ਸ਼ਬਦ ਨਾਲ ਅਲਰਜੀ ਦੱਸਦੇ ਹਨ, ਪਰ ਅਸਲੀਅਤ ਇਹ ਹੈ ਕਿ ਅਜਿਹਾ ਕਰਨ ਨਾਲ ਉਨ੍ਹਾਂ ਦੀ ਵਿਆਖਿਆ ਨਿਰਪੇਖ ਨਹੀਂ ਰਹਿੰਦੀ।

ਮਿਸਾਲ ਵਜੋਂ ਇਹ ਵਿਦਵਾਨ ਪਰਮਾਤਮਾ ਨੂੰ ਪਹਿਲਾਂ ਹੀ ਆਪਣੇ ਮਨ ਵਿਚ ਲੈ ਕੇ ਬੈਠੇ ਹੋਏ ਸਨ, ਇਸੇ ਲਈ ਉਨ੍ਹਾਂ ਨੇ ਝੱਟ ਨਾਵੈ ਨੂੰ ਨਹਾਉਣ ਦੀ ਥਾਂ 'ਨਾਮ' ਦੱਸ ਕੇ ਪਾਪਾਂ ਨੂੰ ਨਾਮ ਨਾਲ ਧੋਣ ਦੀ ਗੱਲ ਕਹਿ ਦਿੱਤੀ। ਉਹ ਕਾਹਲ ਵਿਚ ਇਹ ਵੀ ਨਾ ਦੇਖਿਆ ਕਿ ਅੱਗੇ ਕੀ ਲਿਖਿਆ ਹੈ ਤੇ ਅਗਲੀ ਪਉੜੀ ਕੀ ਹੈ? ਅਗਲੀਆਂ ਦੋ ਤੁਕਾਂ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਪੁੰਨੀ ਪਾਪੀ ਸਿਰਫ ਕਹਿਣ ਦੀਆਂ ਗੱਲਾਂ ਨਹੀਂ, ਸਗੋਂ ਮਨੁੱਖੀ ਮਨ 'ਤੇ ਪਏ ਉਸ ਦੇ ਕੀਤੇ ਚੰਗੇ-ਮਾੜੇ ਕੰਮਾਂ ਦੇ ਅਮਿਟ ਨਿਸ਼ਾਨ ਹਨ। ਇਸ ਲਈ ਇਹ ਤੀਰਥ ਅਸ਼ਨਾਨਾਂ ਨਾਲ ਨਹੀਂ ਧੋਏ ਜਾ ਸਕਦੇ। ਨਾਮ ਜਪਣ ਦੀ ਤਾਂ ਉਨ੍ਹਾਂ ਨੇ ਗੱਲ ਹੀ ਨਹੀਂ ਕੀਤੀ।

ਪਾਪ ਇਕ ਖੁੱਲ੍ਹੇ ਅਰਥਾਂ ਵਾਲਾ ਸ਼ਬਦ ਹੈ, ਜੋ ਇਕ ਆਮ ਨੈਤਿਕ ਕੁਤਾਹੀ ਤੋਂ ਲੈ ਕੇ ਕਾਤਲਾਨਾ ਜੁਰਮ ਲਈ ਵਰਤਿਆ ਜਾਂਦਾ ਹੈ। ਜਦੋਂ ਕੋਈ ਮਨੁੱਖ ਪਾਪ ਕਰਦਾ ਹੈ ਤਾਂ ਕਿਸੇ ਦੂਜੀ ਧਿਰ ਨਾਲ ਧੱਕਾ ਤੇ ਬੇਇਨਸਾਫੀ ਹੁੰਦੀ ਹੈ। ਇਸ ਧਿਰ ਨੂੰ ਇਨਸਾਫ ਮਿਲਣ 'ਤੇ ਹੀ ਪਾਪੀ ਦਾ ਪਾਪ ਧੁਲ ਸਕਦਾ ਹੈ; ਪਰ ਇਹ ਕਿੱਥੋਂ ਦਾ ਨਿਆਂ ਹੈ ਕਿ ਪਾਪੀ ਪਾਪ ਕਰੇ, ਪੀੜਤ ਦੀ ਭਰਪਾਈ ਕੀਤੇ ਬਿਨਾ ਤੀਰਥ ਨਹਾ ਕੇ ਉਸ ਨੂੰ ਧੋ ਲਵੇ ਅਤੇ ਫਿਰ ਨਵਾਂ ਪਾਪ ਕਰਨ ਲਈ ਤਿਆਰ ਹੋ ਜਾਵੇ? ਇਹ ਤਾਂ ਧੱਕੇਸ਼ਾਹੀ ਨੂੰ ਖੁੱਲ੍ਹ ਦੇਣ ਵਾਲੀ ਗੱਲ ਹੋ ਗਈ।

ਮੰਨ ਲਉ ਗੁਰੂ ਸਾਹਿਬ ਸੱਚੀ-ਮੁੱਚੀ ਕਹਿੰਦੇ ਹਨ ਕਿ ਨਾਮ ਜਪਣ ਨਾਲ ਪਾਪ ਧੋਏ ਜਾਂਦੇ ਹਨ ਤੇ ਪਾਪੀ ਆਪਣੇ ਗੁਨਾਹਾਂ ਤੋਂ ਬਰੀ ਹੋ ਜਾਂਦਾ ਹੈ। ਇਸ ਨਾਲ ਪਾਪੀ ਦਾ ਕਲਿਆਣ ਤਾਂ ਹੋ ਗਿਆ, ਪਰ ਜਿਸ ਨਾਲ ਪਾਪ ਹੋਇਆ, ਉਸ ਦੀ ਪੀੜਾ ਕਿਵੇਂ ਧੋਈ ਗਈ? ਇਸ ਦਾ ਭਾਵ ਹੈ ਕਿ ਗੁਰੂ ਸਾਹਿਬ ਹੱਕ-ਇਨਸਾਫ ਦੀ ਗੱਲ ਨਹੀਂ ਸਨ ਕਰਦੇ, ਸਗੋਂ ਸਿੱਧੇ ਸਿੱਧੇ ਮੁਜ਼ਰਮਾਂ ਦੇ ਹੱਕ ਵਿਚ ਖੜ੍ਹਦੇ ਸਨ। ਇਸ ਦਾ ਅਰਥ ਅੱਗੇ ਇਹ ਹੋਇਆ ਕਿ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਚੰਗੇ ਮਨੁੱਖ ਬਣਨ ਦੀ ਥਾਂ ਜਰਾਇਮ ਪੇਸ਼ਾ ਬਣਨ ਲਈ ਉਤਸ਼ਾਹਿਤ ਕਰ ਕੇ ਗਏ ਹਨ। ਕੀ ਹੱਕ-ਸੱਚ ਦਾ ਸਬਕ ਸਿਖਾਉਣ ਵਾਲਾ ਤੇ ਵਿਗਿਆਨਕ ਰੁਚੀ ਦਾ ਮਾਲਕ ਕਦੇ ਬੇਇਨਸਾਫੀ ਤੇ ਬਦਚਲਨੀ ਵਾਲੇ ਸਮਾਜ ਦੀ ਹਾਮੀ ਭਰ ਸਕਦਾ ਹੈ? ਪਰਮਾਤਮਾ ਦੇ ਨਾਂ ਨਾਲ ਸ਼ੁਰੂ ਕੀਤੀ ਵਿਆਖਿਆ ਦਾ ਇਹ ਹਾਲ ਸੋਚਿਆਂ ਵੀ ਸਮਝ ਨਹੀਂ ਆਉਂਦਾ।

ਕਹਿੰਦੇ ਹਨ ਕਿ ਇਕ ਗਲਤੀ ਕਰ ਕੇ ਦੂਜੀ ਵਿਚ ਫਸ ਜਾਈਦਾ ਹੈ। ਉਨ੍ਹਾਂ ਵਿਦਵਾਨਾਂ ਦੀਆਂ ਵਿਆਖਿਆਵਾਂ ਅੱਗੇ ਪੜ੍ਹੋ ਤਾਂ ਇਹੀ ਅਹਿਸਾਸ ਹੁੰਦਾ ਹੈ। ਰੇਣੁਕਾ ਸਰਬਜੀਤ ਸਿੰਘ ਤੇ ਪ੍ਰੋ. ਸਾਹਿਬ ਸਿੰਘ-ਦੋਵੇਂ ਲਿਖਦੇ ਹਨ, "ਜੋ ਕੁਝ ਤੂੰ ਆਪ ਬੀਜੇਂਗਾ, ਉਸ ਦਾ ਫਲ ਆਪ ਹੀ ਖਾਵੇਂਗਾ। ਆਪਣੇ ਬੀਜੇ ਅਨੁਸਾਰ ਅਕਾਲ ਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਅੰਦਰ ਪਿਆ ਰਹੇਂਗਾ।" ਇੱਥੇ ਉਹ ਇਕ ਗੰਭੀਰ ਦਵੰਧ ਵਿਚ ਫਸ ਗਏ ਹਨ। ਇਸ ਦਾ ਪਹਿਲਾ ਪੱਖ ਇਹ ਹੈ ਕਿ ਜੇ ਨਾਮ ਜਪਣ ਨਾਲ ਪਾਪੀ ਦਾ ਪਾਪ ਧੋਇਆ ਗਿਆ ਤਾਂ ਉਹ ਪਾਪੀ ਨਾ ਰਿਹਾ। ਜੇ ਉਹ ਪਾਪੀ ਨਾ ਰਿਹਾ ਤਾਂ ਉਸ ਉਤੇ ਅਕਾਲ ਪੁਰਖ ਦੇ ਹੁਕਮ ਦਾ ਅਮਲ ਨਾ ਰਿਹਾ ਭਾਵ ਉਹ ਨਾਮ ਜਪਣ ਨਾਲ ਜੰਮਣ ਮਰਨ ਦੇ ਹੁਕਮ ਤੋਂ ਆਜ਼ਾਦ ਹੋ ਗਿਆ।

ਦੂਜਾ ਪੱਖ ਇਹ ਕਿ ਜੇ ਅਕਾਲ ਪੁਰਖ ਦਾ ਆਪਣਾ ਕੋਈ ਹੁਕਮ ਭਾਵ ਨਿਯਮ ਹੈ ਤਾਂ ਉਹ ਪੱਕਾ ਨਿਯਮ ਹੋਵੇਗਾ। ਜੇ ਉਹ ਪੱਕਾ ਨਿਯਮ ਹੈ ਤਾਂ ਕਿਸੇ ਨਾਲ ਪੱਖਪਾਤ ਨਹੀਂ ਕਰੇਗਾ। ਅਰਥਾਤ ਇਸ ਨੂੰ ਕੋਈ ਪੁੰਨੀ ਜਾਂ ਪਾਪੀ ਆਪਣੇ ਹੱਕ ਵਿਚ ਨਹੀਂ ਵਰਤ ਸਕੇਗਾ। ਅਕਾਲ ਪੁਰਖ ਵੀ ਆਪਣੇ ਨਿਰਵੈਰ ਸੁਭਾਅ ਮੁਤਾਬਿਕ ਕਿਸੇ ਦੇ ਲਾਭ-ਹਾਣ ਲਈ ਇਸ ਵਿਚ ਦਖਲ-ਅੰਦਾਜ਼ੀ ਨਹੀਂ ਕਰੇਗਾ। ਅਕਾਲ ਪੁਰਖ ਦਾ ਅਜਿਹਾ ਹੀ ਇਕ ਪੱਕਾ ਨਿਯਮ ਹੈ, "ਜੋ ਕੁਝ ਤੂੰ ਆਪ ਬੀਜੇਂਗਾ, ਉਸ ਦਾ ਫਲ ਆਪ ਹੀ ਖਾਵੇਂਗਾ।" ਜੇ ਇਸ ਪੱਕੇ ਨਿਯਮ ਅਨੁਸਾਰ ਕਿਸੇ ਪਾਪੀ ਨੇ ਆਪਣੇ ਪਾਪਾਂ ਦੇ ਫਲ ਭੁਗਤਣੇ ਹੀ ਹਨ ਤਾਂ ਉਹ ਅਕਾਲ ਪੁਰਖ ਦਾ ਨਾਮ ਲੈਣ ਨਾਲ ਖਤਮ ਕਿਵੇਂ ਹੋ ਜਾਣਗੇ? ਇਸ ਦਵੰਧ ਦਾ ਉਤਰ ਕਿਸੇ ਅਧਿਆਤਮਵਾਦੀ ਨੇ ਨਾ ਕਦੇ ਦਿੱਤਾ ਤੇ ਨਾ ਹੀ ਦੇਵੇਗਾ।

ਉਨ੍ਹਾਂ ਵਿਦਵਾਨਾਂ ਦੀ ਦੁਵਿਧਾ ਇੱਥੇ ਹੀ ਖਤਮ ਨਹੀਂ ਹੁੰਦੀ। ਉਹ ਅਕਾਲ ਪੁਰਖ ਤੇ ਅਕਾਲ ਪੁਰਖ ਦੇ ਨਾਮ ਵਿਚ ਵੀ ਦੁਫੇੜ ਪੈਦਾ ਕਰਦੇ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਦੇ ਹੁਕਮ ਦੀ ਉਲੰਘਣਾ ਨਾਲ ਪਾਪੀ ਪੈਦਾ ਹੁੰਦੇ ਹਨ ਤੇ ਪਰਮਾਤਮਾ ਦਾ ਨਾਮ ਜਪਣ ਨਾਲ ਉਹ ਬਰੀ ਹੋ ਜਾਂਦੇ ਹਨ। ਇਸ ਦਾ ਭਾਵ ਇਹ ਹੋਇਆ ਕਿ ਹੁਕਮ ਤੇ ਨਾਮ ਦੋ ਆਪਸ ਵਿਰੋਧੀ ਚੀਜ਼ਾਂ ਹੋਈਆਂ। ਇਕ ਦੀ ਉਲੰਘਣਾ ਨਾਲ ਪਾਪ ਤੇ ਦੂਜੇ ਦੇ ਜਾਪ ਨਾਲ ਮੁਆਫੀ। ਇਸ ਦਾ ਅਰਥ ਹੈ ਕਿ ਨਾਮ ਹੁਕਮ ਤੋਂ ਵੀ ਉਪਰ ਹੈ। ਇਸ ਦਾ ਭਾਵ ਹੈ ਕਿ ਨਾਮ ਲੈਣ ਨਾਲ ਅਕਾਲ ਪੁਰਖ ਪਸੀਜ ਜਾਂਦਾ ਹੈ ਤੇ ਸਜ਼ਾ ਮੁਆਫ ਕਰ ਦਿੰਦਾ ਹੈ। ਅਰਥਾਤ ਅਕਾਲ ਪੁਰਖ ਇਕ ਮਨੁੱਖੀ ਜਾਮੇ ਵਾਲਾ ਹਉਮੈ-ਪ੍ਰਸਤ ਰਜਵਾੜਾ ਹੋਇਆ, ਜੋ ਆਪਣੇ ਹੁਕਮਾਂ ਨਾਲੋਂ ਆਪਣੇ ਨਾਮ ਤੇ ਪ੍ਰਸ਼ੰਸਾ ਦੀ ਵੱਧ ਪ੍ਰਵਾਹ ਕਰਦਾ ਹੈ। ਇਹ ਸਿੱਟਾ ਨਿਰਭਉ, ਨਿਰਵੈਰ, ਅਕਾਲ ਮੂਰਤਿ ਤੇ ਅਜੂਨੀ ਦੀਆਂ ਮੂਲਮੰਤਰੀ ਧਾਰਨਾਵਾਂ ਦੇ ਉਲਟ ਜਾਂਦਾ ਹੈ। ਜੇ ਇਹ ਮੂਲਮੰਤਰ ਹੀ ਨਹੀਂ ਸੰਭਾਲ ਸਕਦੇ ਫਿਰ ਵਿਆਖਿਆ ਕਾਹਦੀ ਕਰਦੇ ਹਨ, ਗੁਰੂ ਸਾਹਿਬ ਦੇ ਜਪੁਜੀ ਸਾਹਿਬ ਦੀ ਜਾਂ ਆਪਣੇ ਕਿਸੇ ਨਿਜੀ ਜਪੁਜੀ ਦੀ? ਇੱਥੋਂ ਨਿਯਮ ਬਣਦਾ ਹੈ ਕਿ ਪੂਰਵ-ਸੰਕਲਪ ਦੀ ਉਲੰਘਣਾ ਕਰਦੀ ਵਿਆਖਿਆ ਪ੍ਰਮਾਣਿਤ ਨਹੀਂ ਹੋ ਸਕਦੀ।

ਸਮਝਣ ਵਾਲੀ ਗੱਲ ਇਹ ਹੈ ਕਿ ਇਸ ਪਉੜੀ ਵਿਚ ਗੁਰੂ ਸਾਹਿਬ ਨੇ ਕਾਵਿ ਰਚਨਾ ਦਾ ਉਹ ਅੰਦਾਜ਼ ਅਪਨਾਇਆ ਹੈ, ਜੋ ਉਨ੍ਹਾਂ ਨੇ 16ਵੀਂ ਤੇ ਕਈ ਹੋਰ ਪਉੜੀਆਂ ਵਿਚ ਅਪਨਾਇਆ ਹੈ। ਇਸ ਅਨੁਸਾਰ ਪਹਿਲਾਂ ਉਹ ਦੂਜਿਆਂ ਦੇ ਰੂੜੀਵਾਦੀ ਵਿਚਾਰ ਲਿਖਦੇ ਹਨ। ਇਸ ਉਪਰੰਤ ਉਹ ਆਪਣੀ ਟਿੱਪਣੀ ਦੇ ਕੇ ਉਨ੍ਹਾਂ ਦਾ ਖੰਡਨ ਕਰਦੇ ਹਨ। ਜਿਵੇਂ ਉਨ੍ਹਾਂ ਨੇ 16ਵੀਂ ਪਉੜੀ ਵਿਚ ਪੰਜ ਦੀ ਅਖੌਤੀ ਮਹੱਤਤਾ ਬਾਰੇ ਪੰਜ ਚਾਰ ਤੁਕਾਂ ਦਰਜ ਕਰ ਕੇ ਆਪਣਾ ਕਾਟਵਾਂ ਤਰਕ ਦਿੱਤਾ ਸੀ, ਉਵੇਂ ਹੀ ਇਸ ਪਉੜੀ ਵਿਚ ਉਹ ਧੋਣ ਭਾਵ ਸਫਾਈ ਸਬੰਧੀ ਦੂਜਿਆਂ ਦੇ ਕਹੇ ਤਿੰਨ ਚਾਰ ਰੂੜੀਵਾਦੀ ਕਥਨ ਲਿਖਦੇ ਹਨ ਤੇ ਫਿਰ ਉਨ੍ਹਾਂ ਦਾ ਆਪਣੇ ਹਿਸਾਬ ਨਾਲ ਖੰਡਨ ਕਰਦੇ ਹਨ। ਇਸ ਭਾਵ ਪੂਰਣ ਪਉੜੀ ਦੀ ਸਿੱਧੀ ਸਾਦੀ ਵਿਆਖਿਆ ਹੇਠ ਦਿੱਤੀ ਗਈ ਹੈ।

"ਮੰਨਿਆ ਜਾਂਦਾ ਹੈ ਕਿ ਜਿਵੇਂ ਹੱਥ ਪੈਰ ਧੂੜ ਨਾਲ ਲਿਬੜ ਜਾਣ ਤਾਂ ਪਾਣੀ ਨਾਲ ਧੋ ਕੇ ਮਿਟੀ ਲਾਹ ਲਈਦੀ ਹੈ ਤੇ ਮਲ-ਮੂਤਰ ਨਾਲ ਖਰਾਬ ਹੋਇਆ ਸਾਬਣ ਲਾ ਕੇ ਧੋ ਕੇ ਸਾਫ ਕਰ ਲਿਆ ਜਾਂਦਾ ਹੈ, ਉਵੇਂ ਹੀ ਪਾਪਾਂ ਭਰੀ ਮੱਤ ਭਾਵ ਗੁਨਾਹਾਂ ਨਾਲ ਗੰਧਲੀ ਹੋਈ ਸੋਚ ਤੀਰਥ ਅਸ਼ਨਾਨ ਦੇ ਸਵੱਛ ਰੰਗ ਨਾਲ ਧੁਲ ਜਾਂਦੀ ਹੈ। ਪਰ ਪੁੰਨੀ ਤੇ ਪਾਪੀ ਕੋਈ ਫਰਜੀ ਖਿਤਾਬ ਨਹੀਂ, ਜੋ ਅਸ਼ਨਾਨ ਕਰਨ ਜਾਂ ਨਾ ਕਰਨ 'ਤੇ ਨਿਰਭਰ ਕਰਦੇ ਹਨ। ਪੁੰਨ ਤੇ ਪਾਪ ਤਾਂ ਹੱਥੀਂ ਕੀਤੇ ਕਰਮਾਂ ਦਾ ਹਿਸਾਬ ਹੈ, ਜੋ ਪੱਕੀ ਲਿਖਤ ਵਾਂਗ ਵਿਅਕਤੀ ਆਪਣੇ ਨਾਲ ਲਈ ਫਿਰਦਾ ਹੈ। ਭਾਵ ਕੀਤਾ ਹੋਇਆ ਕਾਰਜ ਕਿਸੇ ਹੀਲੇ ਧੋਇਆ ਜਾਂ ਮਿਟਾਇਆ ਨਹੀਂ ਜਾ ਸਕਦਾ ਤੇ ਉਸ ਦੇ ਸਿੱਟੇ ਭੁਗਤਣੇ ਹੀ ਪੈਂਦੇ ਹਨ।

ਇਹ ਕੁਦਰਤ ਦਾ ਅਟੱਲ ਹੁਕਮ ਅਰਥਾਤ ਨਿਯਮ ਹੈ ਕਿ ਜੈਸਾ ਕੋਈ ਕਰਦਾ ਹੈ, ਉਸ ਨੂੰ ਉਸੇ ਅਨੁਸਾਰ ਫਲ ਮਿਲਦਾ ਹੈ। ਪਾਪ ਪੁੰਨ ਦੇ ਮਸਲੇ ਇਸੇ ਹੁਕਮ ਜਾਂ ਨਿਯਮ ਅਨੁਸਾਰ ਆਉਂਦੇ ਤੇ ਜਾਂਦੇ ਹਨ; ਤੀਰਥ ਨਹਾਉਣ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਸੰਖੇਪ ਵਿਚ ਤੀਰਥ ਅਸ਼ਨਾਨਾਂ ਨਾਲ ਨਾ ਪੁੰਨ ਕਮਾਏ ਜਾ ਸਕਦੇ ਹਨ, ਨਾ ਪਾਪ ਧੋਏ ਜਾ ਸਕਦੇ ਹਨ ਤੇ ਨਾ ਕੀਤੇ ਕਰਮਾਂ ਦੇ ਫਲ ਮਿਟਾਏ ਜਾ ਸਕਦੇ ਹਨ। ਇਹ ਸਭ ਗੱਲਾਂ ਕੁਦਰਤ ਦੇ ਅਟਲ ਨਿਯਮਾਂ ਅਨੁਸਾਰ ਵਾਪਰਦੀਆਂ ਹਨ।"

ਇਸ ਵਿਆਖਿਆ ਵਿਚ ਨਾ ਪਰਮਾਤਮਾ ਹੈ, ਨਾ ਪਰਮਾਤਮਾ ਦਾ ਨਾਮ ਤੇ ਨਾ ਕੋਈ ਦਵੰਧ! ਜੇ ਕੁਝ ਹੈ ਤਾਂ ਅਧਿਆਤਮਵਾਦ ਦਾ ਵਿਰੋਧ, ਕੁਦਰਤੀ ਨਿਯਮਾਂ ਦੀ ਚੇਤਨਾ ਤੇ ਤੀਰਥ ਪ੍ਰਥਾ ਦਾ ਖੰਡਨ; ਪਰ ਵਿਦਵਾਨਾਂ ਦੀ ਸੋਚ ਦਾ ਪਾਣੀ ਇਸ ਉਚਾਣ ਵਲ ਨਹੀਂ ਚੜ੍ਹਦਾ!

# ਗੁਰਬਾਣੀ ਦੇ ਮਨਮਰਜੀ ਦੇ ਅਰਥ ਕਰਨੇ ਗਲਤ ਪਿਰਤ

## ਅਸੰਖ ਮੂਰਖ ਅੰਧ ਘੋਰ

**ਮਾਣਯੋਗ ਸੰਪਾਦਕ ਜੀ,**

13 ਜੂਨ 2020 ਦੇ ਪੰਜਾਬ ਟਾਈਮਜ਼ ਵਿਚ 'ਅਸੰਖ ਮੂਰਖ ਅੰਧ ਘੋਰ' ਸਿਰਲੇਖ ਨਾਲ ਇੱਕ ਲੇਖ ਛਪਿਆ ਹੈ। ਲੇਖ ਸਬੰਧੀ ਕੁਝ ਵਿਚਾਰ ਪੇਸ਼ ਕਰਨਾ ਚਾਹੁੰਦਾ ਹਾਂ:

(ੳ) 'ਵਾਰਿਆ' ਸ਼ਬਦ ਦੇ ਅਰਥ ਪ੍ਰਤੀ ਲੇਖਕ ਦੇ ਵਿਚਾਰ, "ਤੀਜੀ ਵੱਡੀ ਗੱਲ ਇਹ ਕਿ ਸਭ ਅਜੋਕੇ ਸਿੱਖ ਵਿਦਵਾਨ 'ਵਾਰਿਆ ਨ ਜਾਵਾ ਏਕ ਵਾਰ' ਦੇ ਅਰਥ ਕਰਦਿਆਂ ਕਹਿੰਦੇ ਹਨ, ਕੁਦਰਤ ਦੀ ਵਿਸ਼ਾਲਤਾ ਨੂੰ ਦੇਖਦਿਆਂ ਗੁਰੂ ਸਾਹਿਬ ਦਾ ਪਰਮਾਤਮਾ ਤੋਂ ਵਾਰ ਵਾਰ ਕੁਰਬਾਨ ਹੋਣ ਨੂੰ ਦਿਲ ਕਰਦਾ ਹੈ, ਪਰ ਉਹ ਇਕ ਵਾਰ ਵੀ ਨਹੀਂ ਹੋ ਸਕਦੇ...। ਵਿਚ ਕੁਰਬਾਨ ਹੋਣ ਦੀ ਗੱਲ ਕਿੱਥੋਂ ਆ ਗਈ? ਕਹਿ ਤਾਂ ਗੁਰੂ ਸਾਹਿਬ ਇਹ ਰਹੇ ਹਨ ਕਿ ਕੁਦਰਤ ਇੰਨੀ ਵਿਰਾਟ ਹੈ ਕਿ ਇਸ ਦੇ ਵੇਰਵਿਆਂ ਦਾ ਜਾਇਜ਼ਾ ਇਕ ਵਾਰ ਵੀ ਨਹੀਂ ਲਿਆ ਜਾ ਸਕਦਾ, ਇਸ ਨਾਲ ਮਰਨ ਦਾ ਖਿਆਲ ਕਿਵੇਂ ਆ ਜੁੜਿਆ?"

ਲੇਖਕ ਨੇ ਤਮਾਮ ਟੀਕਾਕਾਰਾਂ ਦੀ ਕੀਤੀ ਮਿਹਨਤ ਨੂੰ ਇੱਕ ਪਾਸੇ ਕਰ ਕੇ ਲਿਖਿਆ ਹੈ ਕਿ 'ਵਾਰਿਆ ਨ ਜਾਵਾ ਏਕ ਵਾਰ॥' ਤੁਕ ਵਿਚ ਵਾਰਿਆ ਸ਼ਬਦ ਦੇ ਅਰਥ ਗਿਣਤੀ ਕਰਨਾ/ਜਾਇਜ਼ਾ ਲੈਣਾ ਹੈ, ਨਾ ਕੇ ਸਦਕੇ ਜਾਣਾ। ਲੇਖਕ ਨੇ ਟੀਕਾਕਾਰਾਂ ਵਲੋਂ 'ਵਾਰਿਆ' ਸ਼ਬਦ ਦੇ ਕੀਤੇ ਅਰਥ 'ਕੁਰਬਾਨ ਜਾਣਾ' ਨੂੰ ਗਲਤ ਰੰਗਤ ਵਿਚ ਪੇਸ਼ ਕੀਤਾ ਹੈ। ਇਥੇ ਕੁਰਬਾਨ ਜਾਣਾ ਦਾ ਅਰਥ ਸਰੀਰਕ ਤੌਰ 'ਤੇ ਮਰਨਾ ਜਾਂ ਬਲੀ ਦੇਣੀ ਨਹੀਂ ਹੈ, ਜੋ ਲੇਖਕ ਨੇ ਸਮਝਿਆ ਹੈ। ਪ੍ਰੋ. ਸਾਹਿਬ ਸਿੰਘ ਨੇ ਕਿਤੇ ਵੀ

**ਕਸ਼ਮੀਰਾ ਸਿੰਘ**
**ਫੋਨ: 801-414-0171**

ਵਾਰਿਆ ਸ਼ਬਦ ਦਾ ਅਰਥ 'ਮਰਨਾ' ਜਾਂ ਬਲੀ ਦੇਣੀ ਨਹੀਂ ਲਿਖਿਆ। ਪ੍ਰੋ. ਸਾਹਿਬ ਸਿੰਘ ਨੇ 'ਸਦਕੇ ਜਾਣਾ' ਲਿਖਿਆ ਹੈ। ਕੁਰਬਾਨ ਜਾਣਾ ਤੋਂ ਭਾਵ ਹੈ-ਸਦਕੇ ਜਾਣਾ, ਬਲਿਹਾਰੇ ਜਾਣਾ, ਸ਼ਾਬਾਸ਼ ਆਖਣਾ। ਗੁਰਬਾਣੀ ਵਿਚ 'ਵਾਰਿਆ' ਸ਼ਬਦ ਕਿਤੇ ਵੀ ਕਿਸੇ ਪ੍ਰਸੰਗ ਵਿਚ ਗਿਣਤੀ ਵਾਚਕ/ਜਾਇਜ਼ਾ ਲੈਣਾ ਅਤੇ ਬਲੀ ਦੇਣ ਲਈ ਨਹੀਂ ਵਰਤਿਆ ਗਿਆ ਜਿਵੇਂ ਕਿ ਲੇਖਕ ਨੇ ਸਮਝਿਆ ਹੈ। ਗੁਰਬਾਣੀ ਵਿਚ 'ਵਾਰਿਆ' ਸ਼ਬਦ 42 ਵਾਰੀ ਵਰਤਿਆ ਗਿਆ ਹੈ। ਲੇਖਕ ਨੇ ਜਪੁਜੀ 'ਚ 4 ਵਾਰ ਆਏ ਵਾਰਿਆ ਸ਼ਬਦ ਦੇ ਅਰਥ ਗਿਣਤੀ ਕਰਨਾ/ਜਾਇਜ਼ਾ ਲੈਣਾ ਕੀਤੇ ਹਨ, ਜੋ ਲੇਖਕ ਦੀ ਆਪਣੀ ਹੀ ਮਰਜ਼ੀ ਹੈ। ਗੁਰਬਾਣੀ ਵਿਚੋਂ ਬਾਕੀ ਦੀਆਂ 38 ਤੁਕਾਂ ਦਾ ਵੇਰਵਾ ਇੱਥੇ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਵਿਚ 'ਵਾਰਿਆ' ਸ਼ਬਦ ਦਾ ਅਰਥ ਸਦਕੇ ਜਾਣਾ/ਬਲਿਹਾਰੇ ਜਾਣਾ/ਧੰਨ ਧੰਨ ਕਹਿਣਾ ਹੈ; ਗਿਣਤੀ ਕਰਨਾ/ਜਾਇਜ਼ਾ ਲੈਣਾ ਨਹੀਂ,

**1.** ਹਉ ਸਤਿਗੁਰ ਵਿਟਹੁ ਵਾਰਿਆ
ਜਿਨਿ ਹਰਿ ਪ੍ਰਭੁ ਦੀਆ ਦਿਖਾਇ॥1॥ਰਹਾਉ॥ (ਪੰਨਾ 41)

**2.** ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ॥ (ਪੰਨਾ 43)

**3.** ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ॥ (ਪੰਨਾ 53)

**4.** ਕਥਨੁ ਨ ਜਾਇ ਅਕਥੁ ਸੁਆਮੀ
ਸਦਕੈ ਜਾਇ ਨਾਨਕੁ ਵਾਰਿਆ॥ (ਪੰਨਾ 81)

**5.** ਗੁਰਿ ਪੂਰੈ ਹਰਿ ਨਾਲਿ ਦਿਖਾਲਿਆ
ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ॥ (ਪੰਨਾ 96)

**6.** ਜਨ ਨਾਨਕ ਤਿਨ ਕਉ ਵਾਰਿਆ
ਜਿਨ ਜਪਿਆ ਸਿਰਜਣਹਾਰੁ॥ (ਪੰਨਾ 302)

**7.** ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ॥ (ਪੰਨਾ 310)

**8.** ਗੁਰੂ ਵਿਟਹੁ ਹਉ ਵਾਰਿਆ
ਜਿਸੁ ਮਿਲਿ ਸਚੁ ਸੁਆਉ॥1॥ ਰਹਾਉ॥ (ਪੰਨਾ 401)

**9.** ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ॥ (ਪੰਨਾ 470)

**10.** ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ
ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ॥ (ਪੰਨਾ 540)

**11.** ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ
ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ॥ (ਪੰਨਾ 540)

**12.** ਹਉ ਵਾਰਿਆ ਤਿਨ ਸੋਹਾਗਣੀ
ਅੰਮਾਲੀ ਤਿਨ ਕੇ ਧੋਵਾ ਸਦ ਪਾਏ॥ (ਪੰਨਾ 564)

**13.** ਤਿਸੁ ਗੁਰ ਕਉ ਹਉ ਵਾਰਿਆ
ਜਿਨਿ ਹਰਿ ਕੀ ਹਰਿ ਕਥਾ ਸੁਣਾਈ॥ (ਪੰਨਾ 588)

**14.** ਨਾਨਕੁ ਗੁਰ ਵਿਟਹੁ ਵਾਰਿਆ
ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ॥ (ਪੰਨਾ 588)

**15.** ਨਾਨਕੁ ਤਿਨ ਵਿਟਹੁ ਵਾਰਿਆ
ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ॥ (ਪੰਨਾ 590)

**16.** ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥ (ਪੰਨਾ 590)

**17.** ਹਰਿ ਜੀਉ ਤੁਧੁ ਵਿਟਹੁ ਵਾਰਿਆ
ਸਦ ਹੀ ਤੇਰੇ ਨਾਮ ਵਿਟਹੁ ਬਲਿ ਜਾਈ॥ ਰਹਾਉ॥ (ਪੰਨਾ 601)

**18.** ਸਾਧਸੰਗਤਿ ਕਉ ਵਾਰਿਆ
ਭਾਈ ਜਿਨ ਏਕੰਕਾਰ ਅਧਾਰ॥ (ਪੰਨਾ 608)

**19.** ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ॥ (ਪੰਨਾ 642)

**20.** ਹਉ ਵਾਰਿਆ ਅਪਣੇ ਗੁਰੂ ਕਉ
ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ॥ (ਪੰਨਾ 652)

**21.** ਤਿਨ ਵਿਟਹੁ ਨਾਨਕੁ ਵਾਰਿਆ
ਸਦਾ ਸਦਾ ਕੁਰਬਾਨਾ॥5॥ (ਪੰਨਾ 725)

**22.** ਜਨੁ ਨਾਨਕੁ ਤਿਨ ਕਉ ਵਾਰਿਆ
ਸਦਾ ਸਦਾ ਕੁਰਬਾਣੀ॥ (ਪੰਨਾ 726)

**23.** ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ॥ (ਪੰਨਾ 726)

**24.** ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ॥ (ਪੰਨਾ 726)

**25.** ਵਡਭਾਗੀ ਪ੍ਰਭ ਆਇ ਮਿਲੁ ਜਨੁ
ਨਾਨਕੁ ਖਿਨੁ ਖਿਨੁ ਵਾਰਿਆ॥ (ਪੰਨਾ 776)

**26.** ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ॥ (ਪੰਨਾ 791)

**27.** ਅਵਰੁ ਨ ਸੂਝੈ ਗੁਰ ਕਉ ਵਾਰਿਆ॥ (ਪੰਨਾ 796)

**28.** ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ॥ (ਪੰਨਾ 808)

**29.** ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ
ਹਉ ਸਤਿਗੁਰ ਵਿਟਹੁ ਵਾਰਿਆ॥ (ਪੰਨਾ 1113)

**30.** ਗੁਰ ਕੀ ਬਾਣੀ ਵਿਟਹੁ ਵਾਰਿਆ
ਭਾਈ ਗੁਰ ਸਬਦ ਵਿਟਹੁ ਬਲਿ ਜਾਈ॥ (ਪੰਨਾ 1177)

**31.** ਤਿਸੁ ਗੁਰ ਕੈ ਜਾਈਐ ਬਲਿਹਾਰੀ
ਸਦਾ ਸਦਾ ਹਉ ਵਾਰਿਆ॥ (ਪੰਨਾ 1218)

**32.** ਸਤਿਗੁਰੁ ਸੇਵਨਿ ਆਪਣਾ
ਤਿਨ੍ਹਾ ਵਿਟਹੁ ਹਉ ਵਾਰਿਆ॥ (ਪੰਨਾ 1280)

**33.** ਹਉ ਵਾਰਿਆ ਤਿਨ ਕਉ ਸਦਾ ਸਦਾ
ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ॥ (ਪੰਨਾ 1316)

**34.** ਤਿਨ ਵਿਟਹੁ ਨਾਨਕੁ ਵਾਰਿਆ
ਜੋ ਜਪਦੇ ਹਰਿ ਨਿਰਬਾਣੀ॥ (ਪੰਨਾ 1317)

**35.** ਤਿਸੁ ਗੁਰ ਊਪਰਿ ਸਦਾ ਹਉ ਵਾਰਿਆ॥ (ਪੰਨਾ 1338)

**36.** ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥ (ਪੰਨਾ 1379)

**37.** ਤਿਨ੍ਹ ਵਿਟਹੁ ਹਉ ਵਾਰਿਆ ਭਾਈ
ਤਿਨ ਕਉ ਸਦ ਬਲਿਹਾਰੈ ਜਾਉ॥ (ਪੰਨਾ 1419)

**38.** ਸਤਿਗੁਰੁ ਮੈਡਾ ਮਿਤੁ ਹੈ
ਜੇ ਮਿਲੈ ਤ ਇਹੁ ਮਨੁ ਵਾਰਿਆ॥ (ਪੰਨਾ 1421)

ਗਉੜੀ ਮਹਲਾ 5॥ ਬਾਰਨੈ ਬਲਿਹਾਰਨੈ ਲਖ ਬਰੀਆ॥
ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ॥1॥ ਰਹਾਉ॥ (ਪੰਨਾ 211)

ਉਪਰੋਕਤ ਪ੍ਰਮਾਣ ਵਿਚ ਵੀ 'ਵਾਰਿਆ' ਸ਼ਬਦ ਲਈ 'ਬਾਰਨੈ' ਸ਼ਬਦ ਦੀ ਵਰਤੋਂ ਬਲੀ ਦੇਣ ਲਈ ਨਹੀਂ ਹੈ, ਸਗੋਂ ਲੱਖਾਂ ਵਾਰੀ ਸਦਕੇ ਜਾਣ ਲਈ ਹੈ, ਲੱਖਾਂ ਵਾਰੀ ਧੰਨੁ ਧੰਨੁ ਆਖਣ ਲਈ ਹੈ; ਨਾ ਕਿ ਲੱਖਾਂ ਵਾਰੀ ਗਿਣਤੀ ਕਰਨ ਜਾਂ ਜਾਇਜ਼ਾ ਲੈਣ ਲਈ।

**(ਅ) ਪਾਪੁ, ਗਲਵਢ, ਹਤਿਆ ਸ਼ਬਦਾਂ ਦੀ ਵਰਤੋਂ:** 'ਅਸੰਖ ਪਾਪੀ ਪਾਪੁ ਕਰਿ ਜਾਹਿ' ਵਿਚ ਲਿਖੇ 'ਪਾਪੁ' ਸ਼ਬਦ ਬਾਰੇ 'ਭਾਵ ਭਾਉਂਦੀ ਵਿਆਖਿਆ' ਕਰਦਿਆਂ ਲੇਖਕ ਨੇ ਲਿਖਿਆ ਹੈ, "ਅਣਗਿਣਤ ਪਾਪੀ ਚੁੱਪ ਚਾਪ ਪਾਪ ਕਰ ਜਾਂਦੇ ਹਨ।" ਇਸ ਤੁਕ ਦੀ ਪ੍ਰੋ. ਸਾਹਿਬ ਸਿੰਘ ਵਲੋਂ ਕੀਤੀ ਵਿਆਖਿਆ ਹੈ, "ਅਨੇਕਾਂ ਹੀ ਪਾਪੀ ਮਨੁੱਖ ਪਾਪ ਕਮਾ ਕੇ (ਆਖਰ) ਇਸ ਦੁਨੀਆਂ ਤੋਂ ਤੁਰ ਜਾਂਦੇ ਹਨ।" ਜਿਹੜੇ ਅਰਥ ਪ੍ਰੋ. ਸਾਹਿਬ ਸਿੰਘ ਨੇ ਕੀਤੇ ਹਨ, ਉਹੀ ਅਰਥ ਲੇਖਕ ਨੇ ਖੁਦ ਵੀ ਕੀਤੇ ਹਨ, ਪਰ ਲੇਖਕ ਨੇ ਪ੍ਰੋ. ਸਾਹਿਬ ਨੂੰ ਕੋਸਦਿਆਂ ਲਿਖਿਆ ਹੈ, "ਉਹ ਆਪ ਵੀ ਇਕ ਵਚਨੀ ਅਰਥ ਕਰਦਾ ਹੈ। ਫਿਰ ਅਜਿਹੀ ਵਿਆਕਰਣ ਦਾ ਕੀ ਲਾਭ, ਜਿਸ ਵਿਚ ਉਲਝ ਕੇ ਉਸ ਦਾ ਨਿਰਮਾਤਾ ਆਪ ਆਤਮ-ਵਿਰੋਧੀ ਵਿਆਖਿਆਵਾਂ ਕਰ ਰਿਹਾ ਹੋਵੇ।"

ਲੇਖਕ ਨੂੰ ਪਤਾ ਨਹੀਂ, ਕਿਵੇਂ ਪ੍ਰੋ. ਸਾਹਿਬ ਸਿੰਘ ਦੇ ਕੀਤੇ ਅਰਥ ਇਕ ਵਚਨੀ ਜਾਪਦੇ ਹਨ, ਜਦੋਂ ਕਿ ਲੇਖਕ ਨੇ ਆਪ ਵੀ ਉਹੀ ਅਰਥ ਕੀਤੇ ਹਨ। ਲੇਖਕ ਵਲੋਂ ਗੁਰਬਾਣੀ ਵਿਆਕਰਣ ਨੂੰ ਦੋਸ਼ ਦੇਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ। ਵਿਆਕਰਣ ਅਨੁਸਾਰ ਜੋ ਉਕਾਰਾਂਤ ਨਾਂਵ ਸ਼ਬਦ ਹੈ, ਉਹ ਇੱਕ ਵਚਨ ਹੀ ਰਹੇਗਾ।

ਪ੍ਰੋ. ਸਾਹਿਬ ਸਿੰਘ ਤੁਕ ਦੇ ਸਹੀ ਅਰਥ ਕਰਦੇ ਹਨ, ਜੋ ਇਕ ਵਚਨੀ ਨਹੀਂ ਹਨ, ਕਿਉਂਕਿ ਪਾਠ-ਭੇਦਾਂ ਦਾ ਉਨ੍ਹਾਂ ਨੂੰ ਗਿਆਨ ਸੀ। ਪਾਠ-ਭੇਦ ਅਨੁਸਾਰ ਹੱਥ ਲਿਖਤ ਪੁਰਾਤਨ ਬੀੜਾਂ ਵਿਚ 'ਪਾਪ' ਸ਼ਬਦ ਹੈ, 'ਪਾਪੁ' ਨਹੀਂ ਅਤੇ ਇਸ ਦਾ ਪ੍ਰੋ. ਸਹਿਬ ਸਿੰਘ ਨੂੰ ਗਿਆਨ ਸੀ, ਤਾਂ ਹੀ ਉਨ੍ਹਾਂ ਨੇ ਇਕ ਵਚਨੀ ਅਰਥ ਨਹੀਂ ਕੀਤੇ। 'ਪਾਪੁ' ਸ਼ਬਦ ਦੇ ਜੋੜਾਂ ਨੂੰ ਬਦਲ ਕੇ ਲਿਖਣਾ ਪ੍ਰੋ. ਸਾਹਿਬ ਸਿੰਘ ਦਾ ਕੰਮ ਨਹੀਂ ਸੀ, ਇਹ ਕੰਮ ਸ਼੍ਰੋਮਣੀ ਕਮੇਟੀ ਦਾ ਹੈ। ਗੁਰਬਾਣੀ ਵਿਚ ਦੋ ਪੰਕਤੀਆਂ ਦੇ ਦਰਸ਼ਨ ਕਰੋ,

1. ਰਾਮਦਾਸਿ ਸਰੋਵਰ ਨਾਤੇ॥ (ਪੰਨਾ 624)
2. ਰਾਮਦਾਸ ਸਰੋਵਰਿ ਨਾਤੇ॥ (ਪੰਨਾ 625)

ਪ੍ਰੋ. ਸਾਹਿਬ ਸਿੰਘ ਨੇ ਦੋਹਾਂ ਪੰਕਤੀਆਂ ਦੇ ਅਰਥ ਇੱਕੋ ਜਿਹੇ ਹੀ ਕੀਤੇ ਹਨ (ਰਾਮ ਦੇ ਦਾਸਾਂ ਦੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ) ਜਦੋਂ ਕਿ ਰਾਮਦਾਸਿ ਅਤੇ ਸਰੋਵਰ ਸ਼ਬਦਾਂ ਵਿਚ ਸ਼ਬਦ ਜੋੜਾਂ ਦਾ ਵਖਰੇਵਾਂ ਹੈ। ਪ੍ਰੋ. ਸਾਹਿਬ ਸਿੰਘ ਵਲੋਂ ਰਾਮਦਾਸ ਸ਼ਬਦਾਂ ਨੂੰ ਸਬੰਧ ਕਾਰਕ ਸਮਝ ਕੇ ਅਤੇ ਸਰੋਵਰਿ ਸ਼ਬਦ ਨੂੰ ਅਧਿਕਰਣ ਕਾਰਕ ਸਮਝ ਕੇ ਠੀਕ ਅਰਥ ਕੀਤੇ ਹਨ, ਜਦੋਂ ਕਿ ਰਾਮਦਾਸਿ ਸ਼ਬਦ ਸਬੰਧ ਕਾਰਕ ਨਾ ਹੋ ਕੇ ਕਰਤਾ ਕਾਰਕ ਵਿਚ ਹੈ ਅਤੇ ਸਰੋਵਰ ਸ਼ਬਦ ਬਹੁ ਵਚਨ ਨਾਂਵ ਰੂਪ ਵਿਚ ਹੈ, ਪਰ ਇਹ ਪਾਠ-ਭੇਦ ਹੈ, ਜਿਸ ਦਾ ਪ੍ਰੋ. ਸਾਹਿਬ ਸਿੰਘ ਨੂੰ ਬੋਧ ਸੀ, ਪਰ ਉਨ੍ਹਾਂ ਨੇ ਲਿਖਤ ਵਿਚ ਰਾਮਦਾਸਿ ਅਤੇ ਸਰੋਵਰ ਸ਼ਬਦਾਂ ਦੇ ਜੋੜ ਨਹੀਂ ਬਦਲੇ, ਕਿਉਂਕਿ ਅਜਿਹਾ ਉਨ੍ਹਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਪ੍ਰੋ. ਸਾਹਿਬ ਸਿੰਘ ਦੀ ਖੋਜੀ ਗੁਰਬਾਣੀ ਵਿਆਕਰਣ ਹੀ ਹੈ, ਜੋ ਤੁਕ ਦੇ ਵੀਹ-ਵੀਹ ਅਰਥ ਕਰਨ ਵਾਲਿਆਂ ਨੂੰ ਠੱਲ੍ਹ ਪਾ ਸਕੀ ਹੈ, ਭਾਵੇਂ ਜਿੰਨਾ ਮਰਜ਼ੀ ਕੋਈ ਇਸ ਵਿਆਕਰਣ ਦੀ ਨਿੰਦਿਆ ਕਰੀ ਜਾਵੇ, ਇਹ ਉਸ ਦਾ ਆਪਣਾ ਹਠ ਹੈ।

ਲੇਖਕ ਨੇ ਪਾਪੁ ਸ਼ਬਦ ਨੂੰ ਇੱਕ ਵਚਨ ਮੰਨ ਕੇ ਤਾਂ ਚਰਚਾ ਕੀਤੀ ਹੈ, ਪਰ ਇਸ ਤੋਂ ਪਹਿਲੀ ਤੁਕ 'ਅਸੰਖ ਗਲਵਢ ਹਤਿਆ ਕਮਾਹਿ॥' ਵਿਚ 'ਹਤਿਆ' ਸ਼ਬਦ ਬਾਰੇ ਕੋਈ ਚਰਚਾ ਨਹੀਂ ਕੀਤੀ, ਜਦੋਂ ਕਿ ਇਹ ਵੀ ਇੱਕ ਵਚਨ ਹੀ ਹੈ, ਜੋ ਅਸੰਖ ਸ਼ਬਦ ਨਾਲ ਹੀ ਵਰਤਿਆ ਗਿਆ ਹੈ। ਲੇਖਕ ਨੇ ਆਪ ਵੀ 'ਹਤਿਆ' ਸ਼ਬਦ ਦੇ ਇਕ ਵਚਨੀ ਅਰਥ ਹੀ ਕੀਤੇ ਹਨ। ਜੇ ਲੇਖਕ ਅਨੁਸਾਰ 'ਪਾਪੁ' ਸ਼ਬਦ ਦਾ ਅਰਥ ਬਹੁਤੇ ਪਾਪ ਠੀਕ ਹੈ ਤਾਂ ਹਤਿਆ ਸ਼ਬਦ ਦੇ ਅਰਥ ਬਹੁਤੀਆਂ ਹੱਤਿਆਵਾਂ ਕਿਉਂ ਨਹੀਂ ਕੀਤੇ? ਜਦੋਂ ਕਿ ਦੋਵੇਂ ਸ਼ਬਦ ਅਸੰਖ ਸ਼ਬਦ ਨਾਲ ਹੀ ਵਰਤੇ ਗਏ ਹਨ। ਲੇਖਕ ਦੇ ਕੀਤੇ ਅਰਥ ਹਨ, "ਅਸੰਖ ਲੋਕ ਤਾਂ ਅਜਿਹੇ ਹਨ, ਜੋ ਦੂਜਿਆਂ ਦੇ ਗਲੇ ਵੱਢ ਕੇ ਹੱਤਿਆ ਦੇ ਦੋਸ਼ ਕਮਾਈ ਜਾਂਦੇ ਹਨ।" ਤਾਂ ਫਿਰ ਲੇਖਕ ਵਲੋਂ ਇਹ ਵੀ ਮੰਨ ਲੈਣਾ ਚਾਹੀਦਾ ਸੀ ਕਿ ਅਸੰਖ ਲੋਕ ਤਾਂ ਅਜਿਹੇ ਹਨ, ਜੋ ਪਾਪ ਦੇ ਦੋਸ਼ ਕਮਾਈ ਜਾਂਦੇ ਹਨ।

ਲੇਖਕ ਨੇ ਗੁਰਬਾਣੀ ਵਿਆਕਰਣ ਦੀ ਅਣਦੇਖੀ ਕਰ ਕੇ 'ਗਲਵਢ' ਸ਼ਬਦ ਦੇ ਅਰਥ ਗਲਾ ਵੱਢ ਕੇ (ਕਾਰਦੰਤਕ) ਵਜੋਂ ਕੀਤੇ ਹਨ, ਜਦੋਂ ਕਿ 'ਗਲਵਢ' ਸ਼ਬਦ ਬਹੁ ਵਚਨ ਨਾਂਵ ਹੈ, ਜਿਸ ਦਾ ਅਰਥ ਹੈ-ਗਲਾ ਵੱਢਣ ਵਾਲੇ। 'ਗਲਵਢ' ਸ਼ਬਦ ਦਾ 'ਗਲ ਵੱਢ ਕੇ' ਅਰਥ ਬਣਨਾ ਸੀ, ਜੇ 'ਗਲਵਢ' ਸ਼ਬਦ ਦੇ ਜੋੜ 'ਗਲ ਵਢਿ' ਹੁੰਦੇ। ਬਾਣੀਕਾਰਾਂ ਦੇ ਲਿਖੇ ਸ਼ਬਦਾਂ ਦੇ ਸਰੂਪ ਆਪੂੰ ਬਦਲ ਕੇ ਆਪਣੀ ਗਰਜ਼ ਪੂਰੀ ਕਰਨ ਲਈ ਅਰਥ ਨਹੀਂ ਹੋ ਸਕਦੇ।

**(ੲ) ਨਾਨਕੁ ਨੀਚੁ ਕਹੈ ਵੀਚਾਰੁ:** ਲੇਖਕ ਨੇ ਨੀਚੁ ਸ਼ਬਦ ਦੀ ਵਿਆਖਿਆ ਕਰਦਿਆਂ ਲਿਖਿਆ ਹੈ, "ਸੋ, ਤੁਕ ਦਾ ਅਰਥ ਬਣਦਾ ਹੈ, ਨਾਨਕ ਮਾੜੇ (ਨੀਚ) ਕੰਮਾਂ ਵਿਚ ਪਏ ਲੋਕਾਂ ਦੀ ਸੰਖਿਆ ਦਾ ਵਿਚਾਰ ਕਰ ਕੇ ਕਹਿੰਦਾ ਹੈ ਕਿ ਕੁਦਰਤਿ ਦਾ ਸਰਵੇਖਣ ਇਕ ਵਾਰ ਵੀ ਕਰਨਾ ਮੁਸ਼ਕਿਲ ਹੈ।" ਲੇਖਕ ਨੇ ਇੱਕ ਵਚਨ ਵਿਸ਼ੇਸ਼ਣ 'ਨੀਚੁ' ਸ਼ਬਦ ਨੂੰ ਇੱਕ ਵਚਨ ਨਾਂਵ ਨਾਨਕ ਸ਼ਬਦ ਨਾਲ ਜੋੜਨ ਦੀ ਥਾਂ ਅਸੰਖ ਲੋਕਾਂ ਨਾਲ ਜੋੜਿਆ ਹੈ, ਜੋ ਗੁਰਬਾਣੀ ਦੀ ਲਿਖਾਈ ਦੇ ਨਿਯਮਾਂ ਦੇ ਉਲਟ ਹੈ। 'ਨੀਚੁ' ਸ਼ਬਦ ਦਾ ਸਬੰਧ ਅਸੰਖ ਲੋਕਾਂ ਨਾਲ ਨਹੀਂ, ਸਗੋਂ ਇੱਕ ਨਾਲ ਹੈ ਅਤੇ ਉਹ ਹੈ ਸ਼ਬਦ 'ਨਾਨਕੁ', ਜੋ ਇੱਕ ਵਚਨ ਨਾਂਵ ਹੈ ਅਤੇ ਨੀਚੁ ਇਸ ਦਾ ਇਕ ਵਚਨ ਵਿਸ਼ੇਸ਼ਣ ਹੈ। ਗੁਰੂ ਸਾਹਿਬ ਨੇ ਰੱਬੀ ਸ਼ਕਤੀ ਦੇ ਸਾਹਮਣੇ ਆਪਣੇ ਆਪ ਨੂੰ ਤੁੱਛ ਸਮਝਦਿਆਂ ਹੀ 'ਨਾਨਕੁ ਨੀਚੁ' ਲਿਖਿਆ ਹੈ।

'ਬੀਚਾਰੁ' ਸ਼ਬਦ ਦਾ ਅਰਥ ਗੁਰਬਾਣੀ ਦੀ ਸ਼ੈਲੀ ਅਨੁਸਾਰ ਬੀਚਾਰ ਹੀ ਹੈ, ਨਾ ਕਿ 'ਵਿਚਾਰ ਕਰ ਕੇ।' ਇਹ ਕਾਰਦੰਤਕ ਵਿਚ ਕਿੱਥੋਂ ਆ ਗਈ? ਕਾਰਦੰਤਕ ਤਾਂ 'ਬੀਚਾਰਿ' ਸ਼ਬਦ ਨਾਲ ਬਣਨੀ ਸੀ, ਪਰ ਲਿਖਿਆ ਤਾਂ ਬੀਚਾਰੁ ਹੈ। ਗੁਰਬਾਣੀ ਦੀ ਲਿਖਣ ਸ਼ੈਲੀ ਦੇ ਨਿਯਮਾਂ ਤੋਂ ਬਾਹਰ ਜਾ ਕੇ ਆਪਣੀ ਹੀ ਕਿਸੇ ਮਰਜ਼ੀ ਨਾਲ ਅਰਥ ਨਹੀਂ ਕੀਤੇ ਜਾ ਸਕਦੇ। ਬਾਣੀਕਾਰਾਂ ਵਲੋਂ ਬਣਾਏ ਲਿਖਤ ਦੇ ਨਿਯਮਾਂ ਨੂੰ ਤੋੜਨਾ ਗੈਰ ਕਾਨੂੰਨੀ ਹੈ।

ਲੇਖਕ ਨੇ ਬਾਣੀਕਾਰਾਂ ਦੀ ਲਿਖਣ ਸ਼ੈਲੀ ਦੀ ਵਰਤੋਂ ਦੀ ਕੋਈ ਪਰਵਾਹ ਨਹੀਂ ਕੀਤੀ ਜਾਪਦੀ ਅਤੇ ਆਪਣੀ ਮਨੋਰਥ ਸਿੱਧੀ ਲਈ ਹੀ ਇਸ ਲਿਖਾਈ ਦੇ ਨਿਯਮਾਂ ਨੂੰ ਤੋੜਿਆ ਗਿਆ ਹੈ। 'ਨਾਨਕੁ ਨੀਚੁ' ਦਾ ਅਰਥ ਵਿਚਾਰਾ ਨਾਨਕ ਹੈ। ਇਸ ਅਰਥ ਵਿਚ ਇਨ੍ਹਾਂ ਸ਼ਬਦਾਂ ਦੀ ਗੁਰਬਾਣੀ ਵਿਚ ਹੋਰ ਥਾਂਵਾਂ 'ਤੇ ਕੀਤੀ ਵਰਤੋਂ ਵੀ ਮਿਲਦੀ ਹੈ, ਜਿੱਥੇ ਨਾਨਕ ਨੇ ਆਪਣੇ ਆਪ ਨੂੰ ਹਰਾਮਖੋਰ, ਲੂਣ ਹਰਾਮੀ ਅਤੇ ਬੇਚਾਰਾ ਕਿਹਾ ਹੈ। ਦੇਖੋ ਪ੍ਰਮਾਣ:

ਸਿਰੀ ਰਾਗੁ ਮਹਲਾ 1॥
ਮੈ ਕੀਤਾ ਨ ਜਾਤਾ ਹਰਾਮਖੋਰੁ॥
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥
ਨਾਨਕੁ ਨੀਚੁ ਕਹੈ ਬੀਚਾਰੁ॥
ਧਾਣਕ ਰੂਪਿ ਰਹਾ ਕਰਤਾਰ॥ (ਪੰਨਾ 24)

ਗਉੜੀ ਮਹਲਾ 1॥
ਦੁਖੁ ਸੁਖੁ ਭਾਣੈ ਤਿਸੈ ਰਜਾਇ॥
ਨਾਨਕੁ ਨੀਚੁ ਕਹੈ ਲਿਵ ਲਾਇ॥ (ਪੰਨਾ 222)

ਮਾਰੂ ਮਹਲਾ 1॥
ਨਾਨਕੁ ਨੀਚੁ ਕਹੈ ਬੇਨੰਤੀ
ਦਰਿ ਦੇਖਹੁ ਲਿਵ ਲਾਈ ਹੇ॥ (ਪੰਨਾ 1022)

ਮਾਰੂ ਮਹਲਾ 4॥
ਜਨੁ ਨਾਨਕੁ ਗੁਣ ਗਾਵੈ ਬੇਚਾਰਾ
ਹਰਿ ਭਾਵੈ ਹਰਿ ਥਾਇ ਪਾਵੈ ਜੀਉ॥ (ਪੰਨਾ 998)

ਮਾਰੂ ਮਹਲਾ 5॥
ਮੇਰਾ ਠਾਕੁਰੁ ਅਤਿ ਭਾਰਾ॥
ਮੋਹਿ ਸੇਵਕੁ ਬੇਚਾਰਾ॥ (ਪੰਨਾ 1005)

ਮਾਰੂ ਮਹਲਾ 1॥
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥ (ਪੰਨਾ 991)

ਮਾਰੂ ਮਹਲਾ 1॥
ਲੂਣ ਹਰਾਮੀ ਨਾਨਕੁ ਲਾਲਾ
ਬਖਸਿਹਿ ਤੁਧੁ ਵਡਿਆਈ॥
ਆਦਿ ਜੁਗਾਦਿ ਦਇਆਪਤਿ ਦਾਤਾ
ਤੁਧੁ ਵਿਣੁ ਮੁਕਤਿ ਨ ਪਾਈ॥ (ਪੰਨਾ 991)


ਸੋਰਠਿ ਮਹਲਾ 5॥
ਹਮ ਮੈਲੇ ਤੁਮ ਊਜਲ ਕਰਤੇ
ਹਮ ਨਿਰਗੁਨ ਤੂ ਦਾਤਾ॥
ਹਮ ਮੂਰਖ ਤੁਮ ਚਤੁਰ ਸਿਆਣੇ
ਤੂ ਸਰਬ ਕਲਾ ਕਾ ਗਿਆਤਾ॥1॥
ਮਾਧੋ ਹਮ ਐਸੇ ਤੂ ਐਸਾ॥
ਹਮ ਪਾਪੀ ਤੁਮ ਪਾਪ ਖੰਡਨ
ਨੀਕੋ ਠਾਕੁਰ ਦੇਸਾ॥ ਰਹਾਉ॥ (ਪੰਨਾ 613)

ਸਲੋਕ ਮਹਲਾ 5॥
ਤੇਰਾ ਕੀਤਾ ਜਾਤੋ ਨਾਹੀ
ਮੈਨੋ ਜੋਗੁ ਕੀਤੋਈ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ
ਆਪੇ ਤਰਸੁ ਪਇਓਈ॥ (ਪੰਨਾ 1429)

# ਸਾਖੀਓਂ ਨੂਰ ਝਰੇ-ਸੁਰਿੰਦਰ ਸੋਹਲ

## ਪੁਸਤਕ ਪੜਚੋਲ

ਸੁਰਿੰਦਰ ਸੋਹਲ ਪੰਜਾਬੀ ਸਾਹਿਤ ਵਿਚ ਜਾਣਿਆ-ਪਛਾਣਿਆ ਨਾਮ ਹੈ, ਸਗੋਂ ਕਹਿਣਾ ਚਾਹੀਦਾ ਹੈ ਕਿ ਉਹ ਬਹੁ-ਭਾਸ਼ਾਈ ਸਾਹਿਤਕਾਰ ਹੈ, ਜਿਸ ਨੇ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿਚ ਕਵਿਤਾ, ਕਹਾਣੀ, ਨਾਵਲ, ਬਾਲ-ਸਾਹਿਤ ਆਦਿ ਬਹੁ-ਪਰਤੀ ਸਾਹਿਤਕ ਰਚਨਾ ਕੀਤੀ ਹੈ। ਭਿੰਨ ਭਿੰਨ ਬੋਲੀਆਂ ਅਤੇ ਸਾਹਿਤ ਦੀਆਂ ਵੱਖੋ-ਵੱਖਰੀਆਂ ਵਿਧਾਵਾਂ ਵਿਚ ਸਫਲਤਾ ਸਹਿਤ ਰਚਨਾ ਦਾ ਕਾਰਜ ਕਰ ਸਕਣਾ ਹਰ ਸਾਹਿਤਕਾਰ ਦੇ ਵੱਸ ਵਿਚ ਨਹੀਂ ਹੁੰਦਾ, ਪਰ ਸੁਰਿੰਦਰ ਸੋਹਲ ਦੇ ਹਿੱਸੇ ਇਹ ਆਇਆ ਹੈ। ਮੈਂ ਇਸ ਨੂੰ ਪਰਵਰਦਗਾਰ ਦੀ ਮਿਹਰ ਹੀ ਸਮਝਦੀ ਹਾਂ, ਕਿਉਂਕਿ ਅਜਿਹੇ ਵਿਲੱਖਣ ਕੌਤਕ ਗੁਰੂ ਵਰੋਸਾਈਆਂ ਰੂਹਾਂ ਨਾਲ ਹੀ ਵਾਪਰਦੇ ਹਨ। ਹਥਲੀ ਪੁਸਤਕ 'ਸਾਖੀਓਂ ਨੂਰ ਝਰੇ' ਸੁਰਿੰਦਰ ਸੋਹਲ ਦਾ ਸੱਜਰਾ ਕਾਵਿ-ਸੰਗ੍ਰਿਹ ਹੈ, ਜੋ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਪੁਸਤਕ ਦੇ



ਡਾ. ਗੁਰਨਾਮ ਕੌਰ, ਕੈਨੇਡਾ

ਸਿਰਲੇਖ 'ਸਾਖੀਓਂ ਨੂਰ ਝਰੇ' ਤੋਂ ਹੀ ਸਪਸ਼ਟ ਹੋ ਜਾਂਦਾ ਹੈ, ਇਸ ਕਾਵਿ-ਪੁਸਤਕ ਵਿਚ ਗੁਰੂ ਨਾਨਕ ਸਾਹਿਬ ਦੇ ਜੀਵਨ-ਬਿਰਤਾਂਤ ਨਾਲ ਸਬੰਧ ਰੱਖਦੀਆਂ ਸਾਖੀਆਂ ਨੂੰ ਆਧਾਰ ਬਣਾ ਕੇ ਵੱਖ ਵੱਖ ਸਿਰਲੇਖਾਂ ਹੇਠ ਕਰੀਬ 46 ਛੋਟੀਆਂ ਛੋਟੀਆਂ ਕਵਿਤਾਵਾਂ ਰਚੀਆਂ ਹਨ, ਜਿਨ੍ਹਾਂ ਰਾਹੀਂ ਸਾਰੇ ਸੰਸਾਰ ਨੂੰ ਰੌਸ਼ਨ ਕਰਦੇ ਗੁਰੂ ਨਾਨਕ ਦੇ ਫਲਸਫੇ ਨੂੰ ਕਵਿਤਾ ਦੇ ਮਾਧਿਅਮ ਰਾਹੀਂ ਪਰਗਟ ਕੀਤਾ ਹੈ ਅਤੇ ਪਿਛਲੇ ਰਹਿੰਦੇ ਪੰਨਿਆਂ ਵਿਚ 'ਲਲਿਤ ਨਿਬੰਧ' ਅਤੇ ਹਵਾਲੇ ਦਿੱਤੇ ਹਨ। ਸਧਾਰਨ ਨਜ਼ਰ ਨਾਲ ਦੇਖਿਆਂ ਜਨਮ-ਸਾਖੀਆਂ ਵਿਚਲੇ ਬਿਰਤਾਂਤ ਕਰਾਮਾਤਾਂ ਨਾਲ ਜੁੜੇ ਜਾਪਦੇ ਹਨ, ਪਰ ਗੁਰੂ ਨਾਨਕ ਦੀ ਬਾਣੀ ਤੋਂ ਅਸੀ ਭਲੀਭਾਂਤ ਦੇਖ ਸਕਦੇ ਹਾਂ ਕਿ ਉਹ 'ਕਰਾਮਾਤ' ਜਾਂ 'ਰਿਧਿ ਸਿਧਿ' ਨੂੰ 'ਅਵਰਾ ਸਾਦੁ' ਮੰਨਦੇ ਹਨ। ਭਾਈ ਗੁਰਦਾਸ ਨੇ ਇਸ ਦਾ ਜ਼ਿਕਰ ਪਹਿਲੀ ਵਾਰ ਦੀ 42ਵੀਂ ਪਉੜੀ ਵਿਚ ਇੰਜ ਕੀਤਾ ਹੈ,

ਸਿਧਿ ਬੋਲਨਿ, 'ਸੁਣਿ ਨਾਨਕਾ!
ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾਂ ਨੋ ਤੁਹਿ
ਕਿਉਂ ਢਿਲ ਅਵੇਹੀ ਲਾਈ'?
ਬਾਬਾ ਬੋਲੇ, 'ਨਾਥ ਜੀ!
ਅਸਿ ਵੇਖਣਿ ਜੋਗੀ ਵਸਤੁ ਨ ਕਾਈ।
ਗੁਰੁ ਸੰਗਤਿ ਬਾਣੀ ਬਿਨਾ
ਦੂਜੀ ਓਟ ਨਹੀ ਹੈ ਰਾਈ।
ਸਿਵ ਰੂਪੀ ਕਰਤਾ ਪੁਰਖੁ
ਚਲੇ ਨਾਹੀ ਧਰਤਿ ਚਲਾਈ।

ਇਥੇ ਸਿੱਧਾਂ ਵੱਲੋਂ ਗੁਰੂ ਨਾਨਕ ਸਾਹਿਬ ਨੂੰ ਇਹ ਪੁੱਛਣ 'ਤੇ ਕਿ ਸਾਨੂੰ ਵੀ ਕੋਈ ਕਰਾਮਾਤ ਦਿਖਾਓ ਤਾਂ ਗੁਰੂ ਨਾਨਕ ਉਤਰ ਦਿੰਦੇ ਹਨ, ਮੈਨੂੰ ਅਕਾਲ ਪੁਰਖ, ਸੰਗਤਿ ਅਤੇ ਬਾਣੀ (ਸ਼ਬਦ) ਤੋਂ ਬਿਨਾ ਹੋਰ ਕਿਸੇ ਚੀਜ਼ (ਕਰਾਮਾਤ) ਦਾ ਆਸਰਾ ਨਹੀਂ ਹੈ। ਅਕਾਲ ਪੁਰਖ ਸਦੀਵੀ ਹਸਤੀ ਹੈ, ਜੋ ਸਭ 'ਤੇ ਮਿਹਰਬਾਨ ਹੈ, ਬਾਕੀ ਸਭ ਕੁਝ ਚਲਾਇਮਾਨ ਹੈ।

ਸੁਰਿੰਦਰ ਸੋਹਲ ਨੇ ਆਪਣੀ ਪੁਸਤਕ ਵਿਚ ਜਿਸ ਤਰ੍ਹਾਂ ਸਾਖੀਆਂ ਵਿਚਲੇ ਚਿੰਨ੍ਹਾਂ, ਪ੍ਰਤੀਕਾਂ ਨੂੰ ਵਰਤਦਿਆਂ ਗੁਰੂ ਨਾਨਕ ਦੇ ਫਲਸਫੇ ਨੂੰ ਵਰਤਮਾਨ ਸੰਦਰਭ ਵਿਚ ਪੇਸ਼ ਕੀਤਾ ਹੈ, ਇਸ ਪੁਸਤਕ 'ਤੇ ਪੀਐਚ. ਡੀ. ਥੀਸਿਸ ਲਿਖਿਆ ਜਾ ਸਕਦਾ ਹੈ, ਪਰ ਰਿਵਿਊ ਆਰਟੀਕਲ ਵਿਚ ਕੁਝ ਹਵਾਲੇ ਹੀ ਦਿਤੇ ਜਾ ਸਕਦੇ ਹਨ।

ਗੁਰੂ ਨਾਨਕ ਦਾ ਫਲਸਫਾ ਹਿੰਦੁਸਤਾਨ ਦੀ ਸਦੀਆਂ ਤੋਂ ਦੱਬੀ-ਕੁਚਲੀ, ਮਨੁੱਖੀ ਹੱਕਾਂ ਤੋਂ ਵਾਂਝੀ ਰੱਖੀ ਹੋਈ ਜਨਤਾ ਲਈ ਇੱਕ ਚਾਨਣ-ਮੁਨਾਰਾ ਸਾਬਤ ਹੋਇਆ। ਇਹ ਉਨ੍ਹਾਂ ਕਿਰਤੀ ਅਤੇ ਆਮ ਲੋਕਾਂ ਲਈ ਰਾਹ ਦਰਸਾਵਾ ਬਣਿਆ, ਜਿਨ੍ਹਾਂ ਨੂੰ ਜਾਤਾਂ, ਜਮਾਤਾਂ ਅਤੇ ਧਰਮ ਦੇ ਨਾਂ 'ਤੇ ਹਰ ਤਰ੍ਹਾਂ ਨਾਲ ਵੰਡਿਆ ਹੋਇਆ ਸੀ। ਭਾਰਤੀ ਲੋਕਾਂ ਦੇ ਬਹੁਤ ਵੱਡੇ ਹਿੱਸੇ ਨੂੰ ਕਿਸੇ ਧਾਰਮਿਕ ਕਰਮ-ਧਰਮ ਵਿਚ ਹਿੱਸਾ ਲੈਣ ਜਾਂ ਪੂਜਾ ਪਾਠ ਕਰਨ ਦਾ ਵੀ ਹੱਕ ਪ੍ਰਾਪਤ ਨਹੀਂ ਸੀ। ਧਾਰਮਿਕ ਕਰਮ-ਕਾਂਡ, ਪਖੰਡ, ਰਾਜਸੀ ਜ਼ੁਲਮ ਅਤੇ ਸਮਾਜਕ ਅਨਿਆਂ ਦੀ ਚੱਕੀ ਵਿਚ ਪਿਸ ਰਹੀ ਜਨਤਾ ਨੂੰ ਮਾਨਵ-ਕਲਿਆਣ ਲਈ ਆਸ ਦੀ ਕੋਈ ਵੀ ਕਿਰਨ ਨਜ਼ਰ ਨਹੀਂ ਸੀ ਆ ਰਹੀ; ਜਿਸ ਵੱਲ ਇਸ਼ਾਰਾ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਵੀ ਕੀਤਾ ਹੈ,

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥
(ਪੰਨਾ 145)

ਅਗਿਆਨ ਅਤੇ ਝੂਠ ਦੀ ਹਨੇਰੀ ਰਾਤ ਵਿਚ ਹਰ ਚੀਜ਼ ਦਾ ਅਕਸ ਧੁੰਦਲਾ ਜਾਂਦਾ ਹੈ, ਜਦ ਕਿ ਸੱਚ ਦਾ ਗਿਆਨ ਰੂਪੀ ਚੰਦ੍ਰਮਾ ਹੀ ਇਸ ਹਨੇਰੀ ਰਾਤ ਵਿਚ ਅਕਸਾਂ ਨੂੰ ਰੁਸ਼ਨਾਉਣ ਦਾ ਕਾਰਜ ਕਰਦਾ ਹੈ। ਗੁਰੂ ਨਾਨਕ ਦਾ ਇਸ ਧਰਤੀ 'ਤੇ ਪ੍ਰਕਾਸ਼ ਸੂਰਜ ਚੜ੍ਹਨ ਵਾਂਗ ਸੀ, ਜੋ ਆਪਣੇ ਚਾਨਣ ਨਾਲ ਹਰ ਸ਼ੈ ਨੂੰ ਰੁਸ਼ਨਾ ਦਿੰਦਾ ਹੈ, ਜਿਸ ਨੂੰ ਭਾਈ ਗੁਰਦਾਸ ਨੇ ਇਵੇਂ ਬਿਆਨ ਕੀਤਾ ਹੈ,

ਸਤਿਗੁਰੁ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ।

ਸੂਰਜ ਦੇ ਉਦੈ ਹੋਣ ਤੋਂ ਪਹਿਲਾਂ ਚਾਰ-ਚੁਫੇਰੇ ਨਿਗਾਹ ਮਾਰਿਆਂ ਕੁਦਰਤੀ ਪਾਸਾਰੇ ਵਿਚੋਂ ਚਾਨਣ ਹੋ ਜਾਣ ਦੇ ਸੰਕੇਤ ਮਿਲਣ ਲੱਗ ਪੈਂਦੇ ਹਨ, ਜਿਵੇਂ ਪੰਛੀਆਂ ਦਾ ਚਹਿਕਣਾ ਅਤੇ ਦਿਸਹੱਦੇ 'ਤੇ ਲਾਲੀ ਦਾ ਪਸਰ ਜਾਣਾ ਜਾਂ ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਕੁਦਰਤਿ ਵੱਲੋਂ ਬਨਸਪਤੀ ਵਿਚ ਨਵੀਆਂ ਫੁੱਟਦੀਆਂ ਕਰੂੰਬਲਾਂ, ਫੁੱਲ-ਡੋਡੀਆਂ ਬਹਾਰ ਦੀ ਆਮਦ ਦਾ ਸੰਕੇਤ ਦੇਣ ਲੱਗ ਪੈਂਦੀਆਂ ਹਨ। ਗੁਰੂ ਨਾਨਕ ਰੂਪੀ ਰੱਬੀ ਨੂਰ, ਗਿਆਨ ਦੇ ਸੂਰਜ ਦੇ ਇਸ ਧਰਤੀ 'ਤੇ ਉਦੈ ਹੋਣ ਤੋਂ ਪਹਿਲਾਂ ਦੀਆਂ ਕੁਦਰਤਿ ਵਿਚ ਪਰਗਟ ਹੋ ਰਹੀਆਂ ਨਿਸ਼ਾਨੀਆਂ ਨੂੰ ਸੁਰਿੰਦਰ ਸੋਹਲ ਨੇ ਬਾਖੂਬੀ ਆਪਣੀ ਕਵਿਤਾ ਰਾਹੀਂ ਬਿਆਨ ਕੀਤਾ ਹੈ ਕਿ ਸਾਰੀ ਕੁਦਰਤਿ ਵਿਚ ਕੁਝ ਬਹੁਤ ਹੀ ਅਨੋਖਾ ਅਤੇ ਅਦਭੁੱਤ ਵਾਪਰਨ ਲੱਗ ਪਿਆ ਹੈ, 'ਫਿਜ਼ਾ ਰੰਗਦਾਰ ਹੋ ਗਈ ਹੈ, ਹਵਾਵਾਂ ਸੁਰੀਲੀਆਂ ਹੋ ਗਈਆਂ ਨੇ, ਤਾਰੇ ਮਹਿਕਣ ਲੱਗ ਪਏ ਨੇ (ਜਿਨ੍ਹਾਂ ਦਾ ਕੰਮ ਲਿਸ਼ਕਣਾ ਹੈ) ਅਤੇ ਫੁੱਲ ਲਿਸ਼ਕਣ ਲੱਗ ਪਏ ਨੇ (ਜਿਨ੍ਹਾਂ ਦਾ ਕਰਮ ਖੁਸ਼ਬੂ ਦੇਣਾ ਹੈ)'; ਗੱਲ ਕੀ ਰਾਇਭੋਇ ਦੀ ਤਲਵੰਡੀ ਦਾ ਸਾਰਾ ਵਾਤਾਵਰਣ ਹੀ ਅਲੌਕਿਕ ਦ੍ਰਿਸ਼ਾਂ ਰਾਹੀਂ ਗੁਰੂ ਨਾਨਕ ਦੀ ਆਮਦ ਦਾ ਸੰਕੇਤ ਦੇ ਰਿਹਾ ਹੈ,

ਪੰਛੀ ਚਹਿਕ-ਚਹਿਕ ਕੇ
ਗਾਵਣ ਲੱਗੇ ਨੇ,
'ਚਾਨਣ ਹੋਣ ਵਾਲਾ ਹੈ...
ਧੁੰਦ ਮਿਟਣ ਵਾਲੀ ਹੈ...।'

ਸਾਖੀਆਂ ਅਨੁਸਾਰ ਦੌਲਤਾਂ ਦਾਈ ਨੂੰ ਬਾਲਕ ਨਾਨਕ ਦੇ ਜਨਮ ਵੇਲੇ ਚਿਹਰੇ ਦੀ ਅਦਭੁੱਤ ਆਭਾ ਦੇਖ ਕੇ ਅਹਿਸਾਸ ਹੋ ਗਿਆ ਸੀ ਕਿ ਬਾਲਕ ਨਾਨਕ ਕੋਈ ਅਨੋਖੀ ਹਸਤੀ ਹੈ। ਇਸ ਦਾ ਜ਼ਿਕਰ ਸੋਹਲ ਨੇ ਬਹੁਤ ਹੀ ਖੂਬਸੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਦੌਲਤਾਂ ਦਾਈ ਜਦੋਂ ਸ਼ਾਮੀ ਆਪਣੇ ਘਰ ਵਾਪਸ ਆਈ ਤਾਂ ਉਸ ਨੂੰ ਅਲੌਕਿਕ ਨੂਰ ਦਾ ਅਹਿਸਾਸ ਹੋਇਆ, ਜਿਨ੍ਹਾਂ ਹੱਥਾਂ ਨਾਲ ਜਨਮ ਦੁਆ ਕੇ ਆਈ ਸੀ, ਉਹ ਹੱਥ ਨੂਰੋ-ਨੂਰ ਹੋ ਗਏ; ਘਰ, ਘਰ ਦੀ ਹਰ ਸ਼ੈ ਉਸ ਅਲੌਕਿਕ ਨੂਰ ਨਾਲ ਰੁਸ਼ਨਾ ਗਈ ਅਤੇ ਉਹ ਹੈਰਾਨ ਹੈ,

ਦੌਲਤਾਂ ਦਾਈ
ਅੱਜ ਕਿਸ ਜੀਅ ਨੂੰ
ਛੂਹ ਆਈ ਹੈ...?

ਜਦੋਂ ਪਾਂਧੇ ਕੋਲ ਬਾਲਕ ਨਾਨਕ (ਗੁਰੂ) ਨੂੰ ਪੜ੍ਹਨ ਪਾਇਆ ਗਿਆ, ਸਭ ਨੇ ਸਾਖੀ ਪੜ੍ਹੀ/ ਸੁਣੀ ਹੈ। ਗੁਰੂ ਨਾਨਕ ਰਾਮਕਲੀ ਰਾਗੁ ਵਿਚ ਰਚੀ ਆਪਣੀ ਬਾਣੀ 'ਦਖਣੀ ਓਅੰਕਾਰ' ਵਿਚ ਆਪਣਾ ਫਲਸਫਾ ਇਸੇ ਭਾਵਨਾ ਵਿਚ ਉਜਾਗਰ ਕਰਦੇ ਹਨ ਕਿ ਪੜ੍ਹਨ/ਪੜ੍ਹਾਉਣ ਦਾ ਅਸਲੀ ਮਕਸਦ ਕੀ ਹੈ ਜਾਂ ਹੋਣਾ ਚਾਹੀਦਾ ਹੈ,

ਪਾਧਾ ਪੜਿਆ ਆਖੀਐ
ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਲਹੈ
ਰਾਮ ਨਾਮ ਲਿਵ ਲਾਇ॥
---
ਸਚੀ ਪਟੀ ਸਚੁ ਮਨਿ
ਪੜੀਐ ਸਬਦੁ ਸੁ ਸਾਰੁ॥

ਸੁਰਿੰਦਰ ਸੋਹਲ ਨੇ ਸਾਖੀਆਂ ਵਿਚੋਂ ਝਲਕਦੇ ਨੂਰ ਦਾ ਜ਼ਿਕਰ 'ਪੱਟੀ' ਨਾਮੀ ਕਵਿਤਾ ਵਿਚ ਕੁਝ ਇਉਂ ਕੀਤਾ ਹੈ ਕਿ 'ਤਨ' 'ਪਾਠਸ਼ਾਲਾ' ਹੈ, ਜਿਸ ਵਿਚ ਬੈਠਾ 'ਮਨ-ਪਾਂਧਾ' 'ਦਿਲ' ਦੀ 'ਤਖਤੀ' ਨੂੰ 'ਸੋਚ-ਗਾਚਣੀ' ਨਾਲ ਪੋਚ ਕੇ ਤ੍ਰਿਪਤਾ (ਗੁਰੂ ਨਾਨਕ ਦੀ ਮਾਤਾ) ਦੇ ਘਰ ਵੱਲੋਂ ਆਉਂਦੇ ਰਾਹ 'ਤੇ ਟਿਕਟਿਕੀ ਲਾਈ ਬੈਠਾ ਹੈ ਕਿ ਕਦੋਂ ਬਾਲ ਨਾਨਕ ਆਵੇਗਾ, ਇਸ 'ਦਿਲ-ਤਖਤੀ' ਉਤੇ ਲਿਖੇਗਾ ਅਤੇ,






ਸੁਰਿੰਦਰ ਸੋਹਲ

ਪੱਟੀ ਦਾ ਹਰ ਅੱਖਰ
ਬਣੇ ਕਹਿਕਸ਼ਾਂ
ਮਸਤਕ ਅੰਦਰ
ਠੰਢਾ-ਠੰਢਾ ਚਾਨਣ ਬਿਖਰੇ
ਰੂਹ ਦਾ ਜਗਤ ਜਲੰਦਾ ਠਾਰੇ...।

ਗੁਰੂ ਨਾਨਕ ਦੇ ਇਸ ਸੰਸਾਰ 'ਤੇ ਪਰਗਟ ਹੋਣ ਸਮੇਂ ਤੱਕ ਹਿੰਦੁਸਤਾਨ ਵਿਚ ਧਰਮ ਮਹਿਜ ਰਸਮਾਂ, ਕਰਮ-ਕਾਂਡ, ਪੁਜਾਰੀਆਂ ਤੱਕ ਮਹਿਦੂਦ ਹੋ ਕੇ ਰਹਿ ਗਿਆ ਸੀ ਅਤੇ ਆਪਣੇ ਅਧਿਆਤਮਕ ਖਾਸੇ ਤੋਂ ਬਹੁਤ ਦੂਰ ਚਲਾ ਗਿਆ ਸੀ। ਇਸ ਦਾ ਸੰਕੇਤ ਵੱਖ ਵੱਖ ਧਾਰਮਿਕ ਪਰੰਪਰਾਵਾਂ ਦੇ ਸੰਦਰਭ ਵਿਚ ਸਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਮਿਲ ਜਾਂਦਾ ਹੈ; ਮਿਸਾਲ ਵਜੋਂ 'ਵਾਰ ਮਾਝ ਕੀ', 'ਆਸਾ ਕੀ ਵਾਰ', 'ਦਖਣੀ ਓਅੰਕਾਰ' ਅਤੇ 'ਸਿਧ ਗੋਸਟਿ' ਬਾਣੀਆਂ ਵੱਖ ਵੱਖ ਧਾਰਮਿਕ ਪਰੰਪਰਾਵਾਂ ਦੇ ਇਸੇ ਪੱਖ ਨੂੰ ਸੰਬੋਧਿਤ ਹਨ। ਗੁਰੂ ਨਾਨਕ ਨੇ ਧਰਮ ਨੂੰ ਮਹਿਜ ਕਰਮ-ਕਾਂਡ, ਰਸਮਾਂ ਨਾਲੋਂ ਤੋੜ ਕੇ ਅਤੇ ਪੁਜਾਰੀਆਂ ਦੇ ਚੁੰਗਲ 'ਚੋਂ ਕੱਢ ਕੇ ਨੈਤਿਕਤਾ ਨਾਲ ਜੋੜਿਆ। ਸਾਖੀਆਂ ਵਿਚ ਵਰਣਨ ਕੀਤਾ ਹੈ ਕਿ ਪਰੰਪਰਾ ਅਨੁਸਾਰ ਜਦੋਂ ਪਰਿਵਾਰ ਦੇ ਪੁਰੋਹਿਤ ਨੂੰ ਜਨੇਊ ਪਹਿਨਾਉਣ ਦੀ ਰਸਮ ਅਦਾ ਕਰਨ ਲਈ ਸੱਦਿਆ ਗਿਆ ਤਾਂ ਨਾਨਕ (ਗੁਰੂ) ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਜਨੇਊ ਛੋਟੀ ਉਮਰ ਵਿਚ ਹੀ ਪਹਿਨਾ ਦਿੱਤਾ ਜਾਂਦਾ ਹੈ; ਜੇ ਮੈਂ ਭੁੱਲਦੀ ਨਹੀਂ ਤਾਂ ਬ੍ਰਾਹਮਣ ਲਈ ਉਮਰ ਦੀ ਹੱਦ ਪੰਜ ਸਾਲ ਅਤੇ ਖੱਤਰੀ ਲਈ ਸੱਤ ਸਾਲ ਹੈ। 'ਆਸਾ ਕੀ ਵਾਰ' ਵਿਚ ਗੁਰੂ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿਚ ਧਾਗੇ ਦਾ ਜਨੇਊ ਵੱਟ ਕੇ ਪਾਉਣ ਦੀ ਥਾਂ ਦਇਆ, ਸੰਤੋਖ, ਜਤ ਅਤੇ ਸਤ ਵਰਗੇ ਨੈਤਿਕ ਗੁਣਾਂ ਦਾ ਧਾਰਨੀ ਹੋਣ ਲਈ ਕਿਹਾ ਹੈ, ਜੋ ਮਨੁੱਖ ਦੇ ਨਾਲ ਧੁਰ ਤੱਕ ਨਿਭਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਧਾਰਮਿਕ ਰਸਮਾਂ ਵਿਚ ਪ੍ਰਵੇਸ਼ ਕਰ ਚੁਕੇ ਪਖੰਡ ਕਾਰਨ ਬੋਝ ਬਣ ਚੁਕੀਆਂ ਰਸਮਾਂ ਦੀ ਨਿਰਾਰਥਕਤਾ ਨੂੰ ਵੀ ਸਪੱਸ਼ਟ ਕੀਤਾ ਹੈ। ਧਾਰਮਿਕ ਹਾਲਾਤ ਅੱਜ ਵੀ ਬਿਹਤਰ ਹੋਣ ਦੀ ਥਾਂ ਬਦਤਰ ਹੀ ਹੋ ਰਹੇ ਹਨ। ਇਸੇ ਸੰਦਰਭ ਵਿਚ ਸੁਰਿੰਦਰ ਸੋਹਲ ਨੇ 'ਜਨੇਊ' ਨਾਂ ਦੀ ਕਵਿਤਾ ਵਿਚ ਲਿਖਿਆ ਹੈ,

ਫੋਕਟ ਕਰਮਾਂ ਦੇ ਗਲ ਪੈ ਕੇ
ਫੋਕਟ, ਮੈਲਾ
ਜਰਜਰ ਹੋਇਆ
ਜਨੇਊ ਤਰਸ ਰਿਹਾ ਹੈ
ਛੋਹ ਇਲਾਹੀ ਨੂੰ
ਲੈ ਆਵੇ ਜੋ
ਕਪਾਹ ਦਇਆ ਦੀ
ਸੰਤੋਖ ਦੇ ਸੂਤ ਨੂੰ
ਜਤ ਦੀਆਂ ਗੰਢਾਂ ਮਾਰੇ
ਸਤ 'ਚ ਵੱਟ ਕੇ
ਟੁੱਟਣ, ਮੈਲਾ ਹੋਵਣ
ਤੇ ਜਲ ਜਾਵਣ ਪਾਰੋਂ
ਮੋਕਸ਼ ਪਾਵੇ
ਧੁਰ ਤੱਕ ਹੰਢਣਸਾਰ ਹੋ ਜਾਵੇ।

ਗੁਰੂ ਨਾਨਕ ਦੇਵ ਜੀ ਨੇ ਉਸ ਇੱਕ ਅਕਾਲ ਪੁਰਖ ਨੂੰ 'ਕਰਣ ਕਾਰਣ ਸਮਰਥੁ' ਮੰਨਿਆ ਹੈ ਅਤੇ ਆਪਣੇ ਆਪ ਨੂੰ "ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ" ਕਿਹਾ ਹੈ। ਉਪਰ ਅਸੀਂ ਭਾਈ ਗੁਰਦਾਸ ਦੇ ਹਵਾਲੇ ਨਾਲ ਕਰਾਮਾਤਾਂ ਸਬੰਧੀ ਗੁਰੂ ਨਾਨਕ ਸਾਹਿਬ ਦਾ ਆਪਣਾ ਨਜ਼ਰੀਆ ਸਪੱਸ਼ਟ ਦੇਖ ਚੁਕੇ ਹਾਂ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਆਪਣੇ ਬਜ਼ੁਰਗਾਂ ਕੋਲੋਂ, ਰਾਗੀਆਂ ਢਾਡੀਆਂ ਕੋਲੋਂ ਆਪਣੇ ਬਚਪਨ ਤੋਂ ਹੀ ਗੁਰੂ ਨਾਨਕ ਦੇ ਜੀਵਨ ਬਾਰੇ ਅਸੀਂ ਬਹੁਤ ਕੁਝ ਸਾਖੀਆਂ ਸੁਣ ਸੁਣ ਕੇ ਹੀ ਗ੍ਰਹਿਣ ਕੀਤਾ ਹੈ, ਪਰ ਅਸੀਂ ਆਮ ਤੌਰ 'ਤੇ ਸਾਖੀਆਂ ਵਿਚੋਂ ਕਰਾਮਾਤਾਂ ਲੱਭਣ ਦੀ ਹੀ ਕੋਸ਼ਿਸ਼ ਕਰਦੇ ਰਹਿੰਦੇ ਹਾਂ, ਸਾਖੀਆਂ ਨੂੰ ਜੋੜ ਹੀ ਕਰਾਮਾਤਾਂ ਨਾਲ ਲਿਆ ਹੈ, ਜਦ ਕਿ ਅਸਲੀਅਤ ਇਹ ਹੈ, ਸਾਖੀਆਂ ਰਾਹੀਂ ਗੁਰੂ ਨਾਨਕ ਸਾਹਿਬ ਦੇ ਜੀਵਨ ਫਲਸਫੇ ਨੂੰ, ਬਾਣੀ ਵਿਚਲੇ ਉਪਦੇਸ਼ਾਂ ਨੂੰ ਚਿੰਨ੍ਹਾਂ ਤੇ ਅਲੰਕਾਰਾਂ ਰਾਹੀਂ ਪਰਗਟ ਕਰਨ ਦੀ ਹੀ ਕੋਸ਼ਿਸ਼ ਕੀਤੀ ਗਈ ਜਾਪਦੀ ਹੈ।

ਕਵੀ ਨੇ ਸੰਖੇਪ ਪਰ ਬੜੇ ਭਾਵਪੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ ਕਿ ਪਟਵਾਰੀ (ਮਹਿਤਾ ਕਾਲੂ) ਦੇ ਘਰ ਗੁਰੂ ਨਾਨਕ ਦੇ ਰੂਪ ਵਿਚ 'ਕੈਸਾ ਦੀਪ ਜਗਿਆ' ਜੋ 'ਰਾਇ ਭੋਇ ਦੀ ਤਲਵੰਡੀ' ਨੂੰ 'ਨਨਕਾਣਾ' ਵਿਚ ਤਬਦੀਲ ਕਰ ਗਿਆ। ਅੱਜ ਭਾਵੇਂ ਇੱਕੀਵੀਂ ਸਦੀ ਦੇ ਦੋ ਦਹਾਕੇ ਬੀਤਣ ਵਾਲੇ ਹਨ, ਪਰ ਕਲਿਜੁਗੀ ਵਰਤਾਰਾ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ। ਅੱਜ ਵੀ ਮਲਕ ਭਾਗੋਆਂ ਹੱਥੋਂ ਗਰੀਬ ਕਿਰਤੀ ਮਨੁੱਖ ਦੀ ਲੁੱਟ-ਖਸੁੱਟ ਬਾਦਸਤੂਰ ਜਾਰੀ ਹੈ। ਅੱਜ ਵੀ ਨਸਲ, ਧਰਮ ਅਤੇ ਜਾਤਿ ਦੇ ਨਾਮ 'ਤੇ ਮਨੁੱਖ ਨੂੰ ਉਵੇਂ ਹੀ ਵੰਡਣ ਦੀ ਕੋਸ਼ਿਸ਼ ਹੋ ਰਹੀ ਹੈ। ਹਿੰਦੁਸਤਾਨ ਦੀ ਧਰਤੀ 'ਤੇ ਪਿਛਲੇ ਦਿਨਾਂ ਵਿਚ ਗਰੀਬਾਂ, ਮਜ਼ਦੂਰਾਂ, ਕਿਰਤੀ-ਕਾਮਿਆਂ ਦੀ ਕਿਸੇ ਨੇ ਸਾਰ ਨਹੀਂ ਲਈ; ਹੱਥਾਂ ਨਾਲ ਸੱਚੀ-ਸੁੱਚੀ ਕਿਰਤ ਕਰਕੇ ਖਾਣ ਵਾਲਾ ਮਨੁੱਖ ਸੜਕਾਂ 'ਤੇ ਪੈਦਲ ਹਜ਼ਾਰਾਂ ਮੀਲਾਂ ਦਾ ਸਫਰ ਕਰਦਿਆਂ, ਭੁੱਖ ਅਤੇ ਥਕੇਵੇਂ ਨਾਲ ਚਕਨਾਚੂਰ ਹੋਇਆ, ਲਾਚਾਰ ਤੇ ਮਜ਼ਬੂਰ, ਮੌਤ ਦੇ ਮੂੰਹ ਜਾਂਦਾ ਸਭ ਨੇ ਦੇਖਿਆ/ਸੁਣਿਆ ਹੈ। ਬਾਬੇ ਨਾਨਕ ਦਾ ਫਲਸਫਾ ਅੱਜ ਦੇ ਇਸ ਔਕੜਾਂ ਭਰੇ ਯੁੱਗ ਵਿਚ ਆਮ ਮਨੁੱਖ ਲਈ ਆਸਾਂ/ ਧਰਵਾਸਾਂ, ਉਮੀਦਾਂ ਦਾ ਚਾਨਣ ਬਖੇਰਦਾ ਅਤੇ ਢਾਰਸ ਦਿੰਦਾ ਹੈ। ਇਸੇ ਦੀ ਤਰਜ਼ਮਾਨੀ ਕਵੀ ਦੀ ਕਵਿਤਾ 'ਵੈਦ-ਅਗੰਮੜਾ' ਇਸ ਤਰ੍ਹਾਂ ਕਰਦੀ ਹੈ,

ਕਰਕ ਕਲੇਜੇ ਲੈ ਕੇ
ਜੀਵਨ-ਨਦੀਆਂ
ਚੁੱਪ-ਚੁੱਪੀਤੀਆਂ ਵਹਿੰਦੀਆਂ
ਸੀਨੇ ਵਿਚ ਬਸੰਤਰ ਸਾਂਭੀ
ਧੁਖਦੇ ਕਿਰਤੀ-ਬਿਰਖ
ਵੰਡਦੇ ਛਾਂਵਾਂ
ਪੀੜ-ਪਰੁੱਤੀਆਂ ਨੇ ਸਾਹ-ਪੌਣਾਂ
ਫਿਰ ਵੀ ਰੁਮਕੀ ਜਾਵਣ
ਮਹਿਕਾਂ ਦੇ ਨੈਣਾਂ ਵਿਚ
ਖੁੱਭੀਆਂ ਕਿੱਕਰ-ਸੂਲਾਂ
ਪਰ ਸੁਪਨ-ਸੁਗੰਧ ਨਾ ਮੋਈ
ਆਸ-ਉਮੀਦ ਦੀ ਲੋਅ ਵਿਚ
ਪੈਂਡਾ ਦੇਖ ਰਹੇ ਨੇ
ਉਨ੍ਹਾਂ ਦੀ ਬਾਂਹ ਫੰਡੋਲਣ ਵਾਲਾ
ਸਮੇਂ ਦੀ ਨਬਜ਼ ਪਛਾਣਨ ਵਾਲਾ
ਜਗਤ ਦਾ ਰੋਗ ਸਿਆਣਨ ਵਾਲਾ
ਲੱਖ ਆਗਾਸ-ਪਾਤਾਲ ਕੱਛ ਦਾ
ਵੈਦ-ਅਗੰਮੜਾ
ਇਸ ਧਰਤੀ ਦੀ
ਕਰਨ ਉਦਾਸੀ ਆਵੇਗਾ...।

ਗੁਰੂ ਨਾਨਕ ਵੱਲੋਂ ਜਗਾਇਆ ਗਿਆਨ ਦਾ ਦੀਪ ਮਨੁੱਖ ਲਈ ਸਦੀਵੀ ਰਾਹ-ਦਸੇਰਾ ਹੈ, ਮਨੁੱਖ ਦੇ ਭਵਿੱਖ ਲਈ ਦਿਖਾਈ ਦਿੰਦੀ ਆਸ ਦੀ ਕਿਰਨ ਨੂੰ ਕਵੀ 'ਰਬਾਬ' ਬਣਨ ਦੀ ਉਮੀਦ ਵਿਚ ਉਡੀਕ ਰਹੇ 'ਬਿਰਛ' ਦੇ ਬਿੰਬ ਰਾਹੀਂ ਪਰਗਟ ਕਰਦਾ ਹੈ,

ਉਡੀਕ ਰਿਹਾ ਹੈ ਉਹ ਘੜੀ
ਜਦ ਉਸ ਦੀ ਕਾਇਆ
ਬਿਰਛ ਤੋਂ ਰਬਾਬ ਬਣੇਗੀ
ਇਲਾਹੀ ਪੋਟੇ ਛੁਹੇਗੀ
ਅਨਹਦ ਧੁਨ ਉਚਰੇਗੀ
ਧੁਰਕੀ ਬਾਣੀ ਚਖੇਗੀ

ਗੁਰੂ ਨਾਨਕ ਨੇ ਜਿਸ ਜੀਵਨ ਫਲਸਫੇ ਦੀ ਨੀਂਹ ਰੱਖੀ, ਉਸ ਵਿਚ ਹਰ ਤਰ੍ਹਾਂ ਦੀ ਵਿਅਕਤੀਗਤ ਅਤੇ ਸਮਾਜਕ/ਰਾਜਨੀਤਕ ਬੁਰਾਈ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੀ ਜੜ੍ਹ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਨੂੰ ਮੰਨਿਆ ਹੈ। ਇਨ੍ਹਾਂ ਨੂੰ 'ਪੰਜ ਚੋਰ' ਵੀ ਕਿਹਾ ਹੈ, ਜੋ ਮਨੁੱਖ ਕੋਲੋਂ ਹਰ ਤਰ੍ਹਾਂ ਦੀ ਚੰਗਿਆਈ ਚੁਰਾ ਲੈਂਦੇ ਹਨ ਅਤੇ ਰੂਹ ਨੂੰ ਬੇਚੈਨ ਤੇ ਰਸਤੇ ਤੋਂ ਵਿਚਲਿਤ ਕਰ ਦਿੰਦੇ ਹਨ। ਗੁਰੂ ਦੇ ਫਲਸਫੇ ਅਨੁਸਾਰ ਇਸ ਸੰਸਾਰ 'ਤੇ ਰਹਿੰਦਿਆਂ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾ ਲੈਣਾ ਤੇ ਨੈਤਿਕ ਗੁਣਾਂ ਨੂੰ ਆਪਣੇ ਅੰਦਰ ਵਸਾ ਲੈਣਾ ਅਤੇ ਕਿਰਤ-ਕਮਾਈ ਕਰਦਿਆਂ ਉਸ ਸੱਚੇ ਦੇ ਨਾਮ ਨਾਲ ਜੁੜਿਆਂ, ਇਸ ਸੰਸਾਰ ਵਿਚ ਰਹਿੰਦਿਆਂ ਹੀ ਮਨੁੱਖ ਜੀਵਨ-ਮੁਕਤ ਹੋ ਜਾਂਦਾ ਹੈ। ਅਸੀਂ ਗੁਰੂ ਨਾਨਕ ਦੇ ਮੁਖੜੇ 'ਤੇ ਪੈ ਰਹੀ ਧੁੱਪ ਨੂੰ ਰੋਕਣ ਲਈ ਇੱਕ ਸੱਪ ਵੱਲੋਂ ਛਾਂ ਕਰਨ ਵਾਲੀ ਸਾਖੀ ਪੜ੍ਹੀ/ ਸੁਣੀ ਹੋਈ ਹੈ। ਕਵੀ ਨੇ ਇਸੇ ਸਾਖੀ ਨੂੰ ਆਧਾਰ ਬਣਾ ਕੇ 'ਮੁਕਤੀ' ਨਾਂ ਦੀ ਕਵਿਤਾ ਰਚੀ ਹੈ ਕਿ ਗੁਰੂ ਦੀ ਇੱਕ ਝਲਕ ਹੀ ਮਨੁੱਖ ਅੰਦਰੋਂ ਹਰ ਤਰ੍ਹਾਂ ਦੇ ਵਿਕਾਰ ਦੂਰ ਕਰ ਦਿੰਦੀ ਹੈ ਅਤੇ ਬੁਰੇ ਕਰਮਾਂ ਤੋਂ ਰੋਕ ਲੈਂਦੀ ਹੈ। ਉਸ ਨੇ ਵਿਕਾਰਾਂ ਨੂੰ 'ਚਿੱਟਾ ਸੱਪ' ਕਿਹਾ ਹੈ, ਜੋ 'ਕਾਲਖ ਕੁੰਜ ਉਤਾਰਦਾ' 'ਜੀਭ 'ਚ ਈਰਖਾ-ਛਾਲਾ' ਲਈ 'ਬੇਚੈਨੀ ਦੀਆਂ ਰੋਹੀਆਂ ਗਾਹੁੰਦਾ', ਜਿਸ ਦੀ 'ਰੂਹ ਭਟਕਣ ਦੇ ਬਣ ਬਣ ਫਿਰਦੀ' ਅਤੇ 'ਆਪਣੀ ਵਿਸ ਵਰਮੀ 'ਚੋਂ ਬਾਹਰ ਨਾ ਨਿਕਲੇ' ਅਤੇ ਫਿਰ ਜਦੋਂ ਇਹ ਵਿਕਾਰ-ਰੂਪੀ 'ਚਿੱਟਾ ਸੱਪ' 'ਮਣੀ' ਵਰਗੇ ਚਮਕਦੇ ਮੁਖੜੇ ਨੂੰ 'ਡੰਗ ਕੇ' 'ਈਰਖਾ-ਛਾਲਾ ਭੰਨਣ ਤੁਰਿਆ ਹੈ' ਤਾਂ,

ਡੰਗਣ ਗਏ ਦਾ ਫੰਨ
ਫੈਲ ਗਿਆ ਹੈ ਚਾਨਣ-ਮੁੱਖ 'ਤੇ
ਮੁਕਤ ਹੋ ਗਿਆ ਹੈ
ਵਿਕਾਰਾਂ ਦਾ ਚਿੱਟਾ ਸੱਪ।

ਗੁਰੂ ਨਾਨਕ ਸਾਹਿਬ ਦੇ ਜੀਵਨ ਦਰਸ਼ਨ ਦਾ ਆਗਾਜ਼ 'ਵੇਈਂ ਨਦੀ' ਪ੍ਰਵੇਸ਼ ਤੋਂ ਮੰਨਿਆ ਜਾਂਦਾ ਹੈ। ਸਾਖੀਆਂ ਅਨੁਸਾਰ 'ਕਾਲੀ ਵੇਈਂ' ਵਿਚ ਚੁੱਭੀ ਲਾਉਣ ਉਪਰੰਤ ਜਦੋਂ ਤਿੰਨ ਦਿਨ ਬਾਅਦ ਗੁਰੂ ਨਾਨਕ ਨਦੀ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਪਹਿਲਾ ਐਲਾਨਨਾਮਾ ਕੀਤਾ, 'ਨਾ ਕੋ ਹਿੰਦੂ, ਨਾ ਮੁਸਲਮਾਨ।' ਇਸੇ ਸੰਦਰਭ ਵਿਚ ਸੁਰਿੰਦਰ ਸੋਹਲ ਦੀ ਰਚਨਾ ਦੇ ਕੁਝ ਬੋਲ ਇਸ ਤਰ੍ਹਾਂ ਹਨ,

**ਚੁੱਭੀ-1**
ਕਾਲੀ ਵੇਈਂ 'ਚ
ਤਿੰਨ ਦਿਨ ਵਾਸਤੇ
ਸੂਰਜ ਨੇ ਚੁੱਭੀ ਮਾਰੀ
ਵੇਈਂ 'ਚ ਨੂਰ ਵਗਣ ਲੱਗਾ।

**ਚੁੱਭੀ-2**
ਮਾਨਵਤਾ ਦੀ ਵੇਈਂ
ਕਾਲੀ ਹੋਈ
ਸੂਰਜ ਚੁੱਭੀ ਮਾਰੀ
ਪਾਣੀ ਨੂਰ ਇਲਾਹੀ ਬਣ ਕੇ
'ਨ੍ਹੇਰੇ ਕੰਢੇ ਖੋਰਨ ਲੱਗਾ

(ਬਾਕੀ ਅਗਲੇ ਸਫੇ 'ਤੇ)

# ਗੁਰਬਾਣੀ ਤੇ ਮੁਹਾਵਰੇ



ਹਰਜਿੰਦਰ ਸਿੰਘ ਸੰਧੂ*
ਫੋਨ: 253-335-5666

ਮੁਹਾਵਰੇ ਕੁੱਜੇ ਵਿਚ ਸਮੁੰਦਰ ਦੀ ਤਰ੍ਹਾਂ ਹੁੰਦੇ ਹਨ, ਜੋ ਕਿਸੇ ਲੰਬੀ ਵਾਰਤਾਲਾਪ ਨੂੰ ਥੋੜ੍ਹੇ ਤੇ ਸੰਖੇਪ ਅੱਖਰਾਂ ਵਿਚ ਜੜਨ ਦੀ ਸਮਰੱਥਾ ਰੱਖਦੇ ਹਨ। 'ਮੂਰਖ ਰਾਵਨੁ ਕਿਆ ਲੇ ਗਇਆ' ਇਸ ਪੰਜ ਅੱਖਰਾਂ ਦੇ ਮੁਹਾਵਰੇ ਵਿਚ ਰਾਮਾਇਣ ਦਾ ਪੂਰਾ ਇਤਿਹਾਸ, ਰਾਵਣ ਦਾ ਨਿਜੀ ਤਜਰਬਾ ਤੇ ਸੰਸਾਰ ਭਰ ਦੀ ਸੱਚਾਈ ਛੁਪੀ ਹੋਈ ਹੈ। ਸੁਖੈਨ ਹੋਣ ਕਰਕੇ, ਇਹ ਸਾਡੇ ਮੂੰਹਾਂ 'ਤੇ ਜਲਦੀ ਚੜ੍ਹ ਜਾਂਦੇ ਹਨ ਤੇ ਸਾਡੀ ਵਾਰਤਾਲਾਪ ਦਾ ਹਿੱਸਾ ਬਣ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਤੁਕਾਂ ਮੁਹਾਵਰਿਆਂ ਵਾਂਗ ਵਰਤੀਆਂ ਜਾਂਦੀਆਂ ਹਨ। ਇਹ ਮੁਹਾਵਰੇ ਗੁਰੂਆਂ, ਭਗਤਾਂ ਤੇ ਹੋਰ ਬਾਣੀ ਰਚਨਕਾਰਾਂ ਦੀ ਕਲਮੋਂ ਜਨਮੇ ਮਹਾਂਵਾਕ ਹਨ। ਮੁਹਾਵਰੇ ਕਿਸੇ ਖਾਸ ਇਨਸਾਨ ਲਈ ਨਹੀਂ ਬਣਦੇ, ਸਗੋਂ ਸੰਸਾਰ ਦੇ ਹਰ ਮਨੁੱਖ ਲਈ ਸਾਂਝੇ ਹਨ। ਮੁਹਾਵਰੇ ਰਾਹੀਂ ਗਹਿਰੀ ਤੋਂ ਗਹਿਰੀ ਫਿਲਾਸਫੀ, ਕੁਝ ਗਿਣਵੇਂ ਮਿਣਵੇਂ ਅੱਖਰਾਂ ਵਿਚ ਕਹੀ ਜਾਂਦੀ ਹੈ ਤੇ ਸੁਣਨ ਵਾਲਾ ਇਸ ਦੇ ਵਿਰੋਧ ਵਿਚ ਆਪਣਾ ਪ੍ਰਤੀਕਰਮ ਵੀ ਨਹੀਂ ਦਿਖਾਉਂਦਾ। ਜਿਵੇਂ, ਜੇ ਕੋਈ ਤੁਹਾਡੇ ਸਾਹਮਣੇ ਕਿਸੇ ਦੀ ਬੁਰਿਆਈ ਕਰਦਾ ਹੈ ਤਾਂ 'ਜੇਹਾ ਬੀਜੈ ਸੋ ਲੁਣੈ' ਜਾਂ 'ਸਭਨਾ ਕਾ ਦਰਿ ਲੇਖਾ ਹੋਇ' ਆਖ ਕੇ ਗੱਲ ਬਹੁਤ ਸੋਹਣੀ ਤਰ੍ਹਾਂ ਖਤਮ ਕੀਤੀ ਜਾ ਸਕਦੀ ਹੈ। ਇਸ ਦੀ ਜਗ੍ਹਾ ਜੇ ਉਸ ਨੂੰ ਸਿੱਧਾ ਆਖ ਦੇਈਏ, "ਭਾਈ, ਮੇਰੇ ਅੱਗੇ ਉਸ ਦੀ ਬੁਰਿਆਈ ਨਾ ਕਰ।" ਤਾਂ ਉਸ ਨੂੰ ਬੁਰਾ ਲੱਗ ਸਕਦਾ ਹੈ। ਦੂਜੇ ਪਾਸੇ, ਜੇ ਉਸ ਦੇ ਨਾਲ ਰਲ ਕੇ ਅਸੀਂ ਵੀ ਬੁਰਿਆਈ ਕਰਨ ਲੱਗ ਪਈਏ ਤਾਂ ਗੱਲ ਵਿਗੜ ਜਾਂਦੀ ਹੈ।

ਇਸੇ ਤਰ੍ਹਾਂ ਦੋ ਧਿਰਾਂ ਦੀ ਜਿੱਦ ਵਿਚ ਆ ਕੇ ਵਧਦੀ ਹੋਈ ਲੜਾਈ ਦੇਖ ਕੇ, ਇਕ ਧਿਰ ਨੂੰ ਸਮਝਾ ਦੇਈਏ, ਭਾਈ ਛੱਡ ਪਰਾਂ, 'ਨੀਵੈ ਸੁ ਗਉਰਾ ਹੋਇ॥' ਤਾਂ ਇਕ ਪਲੜਾ ਝੁਕ ਜਾਂਦਾ ਹੈ ਤੇ ਲੜਾਈ ਖਤਮ ਹੋ ਜਾਂਦੀ ਹੈ। ਗੁਸੈਲ ਇਨਸਾਨ ਨੂੰ 'ਗੰਢ ਪਰੀਤੀ ਮਿਠੇ ਬੋਲ', 'ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ', 'ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ' ਜਿਹੇ ਮਹਾਂਵਾਕ ਸੁਣਾਉਂਦੇ ਰਹੀਏ ਤਾਂ ਉਸ ਦਾ ਸੁਭਾ ਸ਼ਾਂਤ ਹੋ ਜਾਂਦਾ ਹੈ। ਗੁਰਬਾਣੀ ਦੇ ਬੋਲਾਂ ਵਿਚ ਤਾਕਤ ਹੀ ਇੰਨੀ ਹੁੰਦੀ ਹੈ ਕਿ ਮਨੁੱਖੀ ਮਨ 'ਤੇ ਜਲਦੀ ਅਸਰ ਹੋ ਜਾਂਦਾ ਹੈ। ਬਸ ਲੋੜ ਹੈ, ਮੌਕੇ ਅਨੁਸਾਰ ਅਨੁਕੂਲ ਤੇ ਢੁਕਵਾਂ ਮੁਹਾਵਰਾ ਬੋਲਣ ਦੀ।

ਗੁਰਬਾਣੀ ਦੇ ਮੁਹਾਵਰੇ ਸੱਚੇ ਅਤੇ ਅਟੱਲ ਹਨ। 'ਮਨਿ ਜੀਤੈ ਜਗੁ ਜੀਤੁ', 'ਦੁਖ ਦਾਰੂ ਸੁਖ ਰੋਗ ਭਇਆ', 'ਕਾਮ ਕ੍ਰੋਧ ਕਾਇਆ ਕੋ ਗਾਲੈ', 'ਵਿਦਿਆ ਵਿਚਾਰੀ ਤਾ ਪਰਉਪਕਾਰੀ', 'ਜਾ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ', 'ਮਨ ਪ੍ਰਦੇਸੀ ਜੇ ਥੀਏ', 'ਸਚਹੁ ਓਰੈ ਸਭੁ ਕੋ' ਆਦਿ ਮੁਹਾਵਰੇ ਸਹੀ ਮੌਕੇ 'ਤੇ ਵਰਤੇ ਜਾਣ ਤਾਂ ਕਈ ਵਾਰ ਜੀਵਨ ਪਲਟ ਦਿੰਦੇ ਹਨ। ਮੁਹਾਵਰਾ ਬੋਲਣ ਪਿਛੋਂ ਉਸ ਦੀ ਵਿਆਖਿਆ ਕਰਨ ਦੀ ਲੋੜ ਨਹੀਂ ਪੈਂਦੀ। ਮੁਹਾਵਰਾ ਖੁਦ ਹੀ ਸਾਰੀ ਵਾਰਤਾਲਾਪ ਦਾ ਨਿਚੋੜ ਕੱਢ ਕੇ ਸਾਹਮਣੇ ਰੱਖ ਦਿੰਦਾ ਹੈ ਤੇ ਸੇਧ ਵੀ ਦਿੰਦਾ ਹੈ।

ਕਿਸੇ ਦੇ ਅਕਾਲ ਚਲਾਣਾ ਕਰ ਜਾਣ ਮੌਕੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਅਫਸੋਸ ਕਰਨ ਲਈ ਜਾਈਏ ਤਾ ਬਹੁਤ ਵਾਰ ਢੁਕਵੇਂ ਸ਼ਬਦ ਨਹੀਂ ਲੱਭਦੇ, ਕਿਉਂਕਿ ਦੋਹਾਂ ਧਿਰਾਂ ਦਾ ਮਨ ਭਰਿਆ ਹੁੰਦਾ ਹੈ। ਤਦ ਛੋਟੇ ਛੋਟੇ ਮੁਹਾਵਰੇ 'ਜੰਮਣੁ ਮਰਣਾ ਹੁਕਮੁ ਹੈ', 'ਸਭਨਾ ਮਰਣਾ ਆਇਆ', 'ਮਰਣੁ ਲਿਖਾਇ ਮੰਡਪੁ ਪੇ ਆਏ', 'ਜਿਨ ਕੀ ਚੀਰੀ ਦਰਗਹ ਪਾਟੀ', 'ਰਜ ਨਾ ਕੋਈ ਜੀਵਿਆ', 'ਲਿਖਿਆ ਲੇਖ ਨਾ ਮਿਟਈ' ਜਿਹੇ ਮੁਹਾਵਰੇ ਬਹੁਤ ਕੰਮ ਆਉਂਦੇ ਹਨ। ਸੁਣਨ ਵਾਲੇ ਨਾਲ ਦੁੱਖ ਵੀ ਸਾਂਝਾ ਹੋ ਜਾਂਦਾ ਹੈ, ਤੇ ਜ਼ਿੰਦਗੀ ਦੀ ਹਕੀਕਤ ਵੀ ਦੁਹਰਾ ਦਿੱਤੀ ਜਾਂਦੀ ਹੈ।

ਸੰਗਤ ਵਿਚ ਕਥਾ ਕਰਦਿਆਂ ਗੁਰਬਾਣੀ ਦੀਆਂ ਤੁਕਾਂ ਤੋਂ ਬਣੇ ਮੁਹਾਵਰੇ ਕਥਾਵਾਚਕ ਆਮ ਵਰਤਦੇ ਹਨ, ਵਿਸ਼ਿਆਂ ਤੋਂ ਰੋਕਣ ਲਈ ਉਪਦੇਸ਼ ਦੇਣ ਵੇਲੇ, 'ਦੇਖ ਪਰਾਈਆ ਚੰਗੀਆ', 'ਕਾਮ ਕ੍ਰੋਧ ਕਾਇਆ ਕੋ ਗਾਲੇ', 'ਰੂਪੈ ਕਾਮੈ ਦੋਸਤੀ'; ਰੋਜ਼ੀ ਰੋਟੀ ਲਈ ਚਿੰਤਾ ਕਰ ਰਹੇ ਮਨੁੱਖ ਨੂੰ ਧਰਵਾਸ ਦੇਣ ਲਈ 'ਨਾਨਕ ਚਿੰਤਾ ਮਤਿ ਕਰਹੁ', 'ਜਲ ਮਹਿ ਜੰਤ ਉਪਾਇਅਨੁ', 'ਜਿਸ ਗ੍ਰਿਹ ਬਹੁਤ ਤਿਸੈ ਗ੍ਰਿਹ ਚਿੰਤਾ'; ਫੋਕੀਆਂ ਗੱਲਾਂ ਮਾਰਨ ਵਾਲੇ ਲਈ 'ਗਲੀਂ ਅਸੀਂ ਚੰਗੀਆ', 'ਗਲੀ ਭਿਸਤਿ ਨ ਜਾਈਐ', 'ਬਹੁਤਾ ਬੋਲਣੁ ਝਖਣੁ ਹੋਇ' ਅਤੇ ਪਾਪੀ ਧਨਵਾਨਾਂ ਦੀ ਗੱਲ ਕਰਦਿਆਂ 'ਪਾਪਾ ਬਾਝਹੁ ਹੋਵੈ ਨਾਹੀ', 'ਮਾਇਆਧਾਰੀ ਅਤਿ ਅੰਨਾ ਬੋਲਾ' ਮੁਹਾਵਰੇ ਕਥਾਵਾਚਕਾਂ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦੇ ਹਨ।

ਗੁਰਬਾਣੀ ਦੇ ਮੁਹਾਵਰਿਆਂ ਦੀ ਇਕ ਇਹ ਖੂਬੀ ਹੈ ਕਿ ਸਾਨੂੰ ਪੂਰੀ ਤੁਕ ਬੋਲਣ ਦੀ ਲੋੜ ਹੀ ਨਹੀਂ ਪੈਂਦੀ। ਅੱਧੀ ਤੁਕ ਬੋਲਦਿਆਂ ਹੀ ਦੂਜਾ ਪੂਰੀ ਗੱਲ ਸਮਝ ਜਾਂਦਾ ਹੈ। ਜਿਵੇਂ 'ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ' ਦੀ ਥਾਂ ਸਿਰਫ 'ਹਥੁ ਨ ਲਾਇ ਕਸੁੰਭੜੈ' ਕਹਿਣਾ ਹੀ ਕਾਫੀ ਹੈ, ਸੁਣਨ ਵਾਲੇ ਨੂੰ ਅਗਲੀ ਅੱਧੀ ਤੁਕ ਦਾ ਪਤਾ ਹੁੰਦਾ ਹੈ।

ਗੁਰਬਾਣੀ ਦੇ ਮੁਹਾਵਰੇ, ਬੋਲਣ ਵਾਲੇ ਦਾ ਗੁਰਬਾਣੀ ਵਲ ਝੁਕਾਅ ਵੀ ਪ੍ਰਗਟ ਕਰਦੇ ਹਨ ਤੇ ਉਸ ਦਾ ਚਰਿੱਤਰ ਵੀ ਦਸ ਜਾਂਦੇ ਹਨ। ਆਪਣੇ ਇੰਦ੍ਰਿਆਂ 'ਤੇ ਸੰਜਮ ਰੱਖਣ ਵਾਲਾ ਮਨੁੱਖ ਹੀ ਦੂਜੇ ਸਾਹਮਣੇ 'ਦੇਖ ਪਰਾਈਆ ਚੰਗੀਆ ਮਾਵਾਂ ਭੈਣਾ ਧੀਆਂ ਜਾਣੈ' ਕਹਿਣ ਦੀ ਹਿੰਮਤ ਕਰ ਸਕਦਾ ਹੈ। 'ਚੋਰ ਕੀ ਹਾਮਾ ਭਰੇ ਨਾ ਕੋਇ' ਕੋਈ ਸਾਧ ਹੀ ਆਖ ਸਕਦਾ ਹੈ।

ਕਈ ਵਾਰ ਮਨੁੱਖ ਮੁਹਾਵਰੇ ਆਪਣੇ ਮਨ ਨੂੰ ਸਮਝਾਉਣ ਲਈ ਵੀ ਬੋਲਦਾ ਹੈ। ਪਰਿਵਾਰ ਲਈ ਸੌ ਹੇਰਾਫੇਰੀਆਂ ਕਰ ਕੇ ਧਨ ਕਮਾਉਣ ਵਾਲੇ ਬੰਦੇ ਦਾ ਪਰਿਵਾਰ, ਜਦ ਉਸ ਦਾ ਸਾਥ ਨਹੀਂ ਦਿੰਦਾ ਤਾਂ ਝੁਰਦਾ ਹੋਇਆ ਕਹਿੰਦਾ ਹੈ, 'ਦੀਨ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥' (ਭਗਤ ਕਬੀਰ)

ਬਹੁਤ ਵਾਰ ਮਨੁੱਖ ਗੁਰਬਾਣੀ ਦੀ ਸਮਝ ਨਾ ਹੋਣ ਕਰਕੇ, ਮੌਕੇ 'ਤੇ ਅਢੁਕਵਾਂ ਮੁਹਾਵਰਾ ਵਰਤ ਜਾਂਦਾ ਹੈ, ਪਰ ਸੁਣਨ ਵਾਲਾ ਸਮਝ ਜਾਂਦਾ ਹੈ ਕਿ ਉਹ ਅਸਲ 'ਚ ਕੀ ਕਹਿਣਾ ਚਾਹੁੰਦਾ ਹੈ। ਇਸ ਲਈ ਉਹ ਨਾ ਤਾਂ ਗੁੱਸਾ ਕਰਦਾ ਹੈ, ਨਾ ਹੀ ਉਸ ਨੂੰ ਟੋਕਦਾ ਹੈ। ਕਿਸੇ ਸੋਚਾਂ ਵਿਚ ਡੁੱਬੇ ਮਨੁੱਖ ਲਈ 'ਸੋਚੈ ਸੋਚਿ ਨਾ ਹੋਵਈ' ਮੁਹਾਵਰਾ ਢੁਕਵਾਂ ਨਹੀਂ ਹੈ, ਕਿਉਂਕਿ ਇਥੇ 'ਸੋਚੈ' ਦਾ ਅਰਥ 'ਸਰੀਰ ਦੀ ਸੁੱਚਮ' ਨਾਲ ਹੈ।

ਆਮ ਮਨੁੱਖ ਮੁਹਾਵਰੇ ਇਕ-ਦੂਜੇ ਤੋਂ ਸੁਣ ਕੇ ਹੀ ਯਾਦ ਕਰਦੇ ਹਨ, ਇਸ ਕਰਕੇ ਉਨ੍ਹਾਂ ਦੇ ਉਚਾਰਨ ਕਰਨ ਲੱਗਿਆਂ ਕਿਸੇ ਵੀ ਸ਼ਬਦ ਦਾ ਗਲਤ ਉਚਾਰਨ ਹੋਣਾ ਸੰਭਵ ਹੈ। ਕਈ ਬਜ਼ੁਰਗਾਂ ਨੂੰ 'ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ' ਦੀ ਥਾਂ 'ਰੁੱਖੀ ਸੁੱਕੀ ਖਾ ਕੇ ਠੰਡਾ ਪਾਣੀ ਪੀ' ਕਹਿੰਦਿਆਂ ਸੁਣਿਆ ਹੋਵੇਗਾ।

ਅੱਜ ਸਾਡੀ ਜਵਾਨ ਪੀੜ੍ਹੀ ਵਿਚੋਂ ਗੁਰਬਾਣੀ ਦੇ ਮੁਹਾਵਰੇ ਵਰਤਣ ਦੀ ਰੁਚੀ ਖਤਮ ਹੋ ਰਹੀ ਹੈ। ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਦੇ ਸਹੀ ਮੌਕੇ 'ਤੇ ਸਹੀ ਉਚਾਰਨ ਰਾਹੀਂ ਵਰਤਣ ਦੀ ਆਦਤ ਪਾਈਏ ਤਾਂ ਕਿ 'ਧੁਰ ਕੀ ਬਾਣੀ' ਦੇ ਅਟੱਲ ਬਚਨ ਹਰ ਮਨੁੱਖ ਲਈ ਕਲਿਆਣਕਾਰੀ ਬਣ ਸਕਣ ਤੇ ਗੁਰਬਾਣੀ ਦਾ ਇਹ ਖਜਾਨਾ ਸੁਤੇ ਸਿੱਧੇ ਹੀ ਅੱਗੇ ਤੁਰਦਾ ਰਹੇ।

*ਗੁਰਦੁਆਰਾ ਸੱਚਾ ਮਾਰਗ ਸਾਹਿਬ, ਆਬਰਨ, ਵਾਸ਼ਿੰਗਟਨ।

# ਅਸਲ ਬ੍ਰਹਮਗਿਆਨੀ

ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਹਜਾਰਾਂ ਸਾਲ ਪਹਿਲਾਂ ਹਨੇਰੀਆਂ ਰਾਤਾਂ ਨੂੰ ਮਨੁੱਖ ਆਸਮਾਨ 'ਚ ਚਮਕਦੇ ਤਾਰਿਆਂ ਨੂੰ ਬੜੇ ਅਸਚਰਜ ਨਾਲ ਦੇਖਿਆ ਕਰਦਾ ਹੋਣੈ, ਕਿਉਂਕਿ ਉਦੋਂ ਨਾ ਅੱਜ ਵਾਂਗ ਰੁਸ਼ਨਾਏ ਸ਼ਹਿਰ ਸਨ ਅਤੇ ਨਾ ਮਨੁੱਖ ਨੂੰ ਘਰਾਂ ਅੰਦਰ ਕੈਦ ਰੱਖਣ ਲਈ ਟੈਲੀਵਿਜ਼ਨ। ਰੋਜ਼ਾਨਾ ਤਾਰਿਆਂ ਦੀ ਇੱਕੋ ਜਿਹੀ ਸਥਿਤੀ ਨਾਲ ਭਾਵੇਂ ਮਨੁੱਖ ਚੰਗੀ ਤਰ੍ਹਾਂ ਵਾਕਫ ਹੋ ਗਿਆ ਸੀ, ਪਰ ਇਹ ਕੀ ਹਨ? ਇਸ ਪਾਸੋਂ ਲੰਮਾ ਸਮਾਂ ਅਣਜਾਣ ਹੀ ਰਿਹਾ। ਇਨ੍ਹਾਂ ਬਾਰੇ ਮਨੁੱਖੀ ਉਤਸੁਕਤਾ ਨੇ ਉਸ ਨੂੰ ਇਸ ਪਾਸੇ ਸੋਚਣ ਲਈ ਮਜਬੂਰ ਕੀਤਾ ਤਾਂ ਮਨੁੱਖੀ ਇਤਿਹਾਸ ਦੇ ਵਰਕਿਆਂ 'ਚ ਖਗੋਲ ਵਿਗਿਆਨ ਨੇ ਹਾਜਰੀ ਲਵਾਈ।

ਬੁਝਾਰਤ ਬਣੀ ਕੁਦਰਤ ਨੂੰ ਸਮਝਣ ਲਈ ਮਨੁੱਖੀ ਦਿਮਾਗ ਹਰਕਤ 'ਚ ਆਇਆ, ਭਾਵੇਂ ਉਸ ਵਕਤ ਵੀ ਇਨ੍ਹਾਂ ਕੁਦਰਤੀ ਵਰਤਾਰਿਆਂ ਨੂੰ ਕਿਸੇ ਦੈਵੀ ਸ਼ਕਤੀ ਨਾਲ ਜੋੜਨ ਤੱਕ ਸੀਮਤ ਰਹਿਣ ਵਾਲਿਆਂ ਦੀ ਵੀ ਕਮੀ ਨਹੀਂ ਸੀ। ਵਿਰਲੇ ਨਵੀਆਂ ਲੀਹਾਂ ਪਾਉਣ ਵਾਲੇ ਵੀ ਸਨ, ਜਿਨ੍ਹਾਂ ਗੌਰ ਕੀਤਾ ਕਿ ਕੁਝ ਕੁ ਤਾਰੇ ਆਪਣੀ ਜਗ੍ਹਾ ਬਦਲਦੇ ਹਨ, ਜਦੋਂ ਕਿ ਬਾਕੀ ਹਰ ਰਾਤ ਇੱਕੋ ਥਾਂ ਨਜ਼ਰ ਆਉਂਦੇ ਹਨ। ਪਹਿਲਾਂ ਸਿਰਫ ਪੰਜ ਗਤੀਸ਼ੀਲ ਤਾਰਿਆਂ ਬਾਰੇ ਪਤਾ ਲੱਗਾ, ਜਿਨ੍ਹਾਂ ਨੂੰ 'ਪਲੈਨਟ' (ਗ੍ਰੀਕ ਭਾਸ਼ਾ 'ਚ ਘੁਮੱਕੜ) ਕਿਹਾ ਗਿਆ ਤੇ ਇਨ੍ਹਾਂ ਨੂੰ ਗ੍ਰੀਕ ਦੇਵਤਾਵਾਂ ਦੇ ਨਾਂ ਦਿੱਤੇ ਗਏ। ਸਭ ਤੋਂ ਚਮਕਦਾਰ ਨੂੰ ਪਿਆਰ ਅਤੇ ਸੁੰਦਰਤਾ ਦੇ ਦੇਵਤਾ ਵੀਨਸ, ਲਾਲ ਰੰਗ ਦਾ ਭਾਸ਼ਣ ਵਾਲੇ ਤਾਰੇ ਨੂੰ ਜੰਗ ਦੇ ਦੇਵਤਾ ਮਾਰਸ, ਦੂਜਾ ਚਮਕਦਾਰ ਤਾਰਾ ਸਭ ਦੇਵਤਿਆਂ ਦਾ ਮੁਖੀ ਜਿਊਪੀਟਰ ਅਤੇ ਤੇਜ ਗਤੀ ਨਾਲ ਚਲਣ ਵਾਲੇ ਤਾਰੇ ਨੂੰ ਦੇਵਤੇ ਦਾ ਸੰਦੇਸ਼ਵਾਹਕ ਮਰਕਰੀ ਦਾ ਨਾਂ ਦਿੱਤਾ ਗਿਆ। ਆਖਰੀ ਤਾਰਾ ਖੇਤੀਬਾੜੀ ਦਾ ਦੇਵਤਾ ਸੈਟਰਨ ਕਹਾਇਆ। ਸੰਨ 1610 ਈਸਵੀ ਤੱਕ ਇੰਨੀ ਹੀ ਜਾਣਕਾਰੀ ਮੌਜੂਦ ਰਹੀ।

ਇਟੈਲੀਅਨ ਵਿਗਿਆਨਕ ਗੈਲੀਲਿਓ ਗੈਲੀਲੀ ਉਨ੍ਹੀਂ ਦਿਨੀਂ ਨੀਦਰਲੈਂਡ ਵਿਚ ਈਜਾਦ ਹੋਏ ਇੱਕ ਅਦਭੁਤ ਯੰਤਰ 'ਟੈਲੀਸਕੋਪ' ਨਾਲ ਤਜਰਬੇ ਕਰਨ ਲੱਗਾ, ਜੋ ਉਸ ਤੋਂ ਪਹਿਲਾਂ ਕਿਸੇ ਨੇ ਨਹੀਂ ਕੀਤਾ ਸੀ। ਪਹਿਲਾਂ ਟੈਲੀਸਕੋਪ ਸਿਰਫ ਜਹਾਜੀਆਂ ਅਤੇ ਜੰਗਾਂ ਲਈ ਵਰਤੋਂ 'ਚ ਲਿਆਂਦਾ ਗਿਆ, ਪਰ ਜਦ ਗੈਲੀਲਿਓ ਨੇ ਇਸ ਦਾ ਮੂੰਹ ਆਕਾਸ਼ ਵੱਲ ਕਰ ਦਿੱਤਾ ਤਾਂ ਬ੍ਰਹਿਮੰਡ ਦੀ ਖੋਜ ਵੱਲ ਮਨੁੱਖ ਦਾ ਪਹਿਲਾ ਕਦਮ ਪੁੱਟਿਆ ਗਿਆ। ਚੰਨ, ਜਿਸ ਨੂੰ ਲੋਕ ਸਿਰਫ ਇੱਕ ਚਮਕਦਾਰ ਧਾਤੂ ਦਾ ਗੋਲਾ ਸਮਝਦੇ ਸਨ, ਟੈਲੀਸਕੋਪ ਰਾਹੀਂ ਦੇਖਿਆਂ ਧਰਤੀ ਜਿਹਾ ਗ੍ਰਹਿ ਨਜ਼ਰੀਂ ਆਇਆ। ਹੁਣ ਖਗੋਲ ਵਿਗਿਆਨ ਨੇ ਰੇਸ ਫੜ ਲਈ। ਪਤਾ ਲੱਗਾ ਕਿ ਪੰਜ ਪਲੈਨਟ ਇੱਕ ਤਰ੍ਹਾਂ ਨਾਲ ਧਰਤੀਆਂ ਹੀ ਹਨ ਅਤੇ ਵੱਡੇ ਜਿਊਪੀਟਰ ਦੁਆਲੇ ਵੀ ਕਈ ਚੰਨ ਘੁੰਮ ਰਹੇ ਹਨ। ਜਿਵੇਂ ਕਿ ਅੱਜ ਵੀ ਹੁੰਦਾ ਹੈ, ਧਾਰਮਿਕ ਚਰਚਾਂ ਨੇ ਇਸ ਦਾ ਵਿਰੋਧ ਕੀਤਾ, ਪਰ ਨਿੱਤ ਹੋ ਰਹੀਆਂ ਨਵੀਆਂ ਖੋਜਾਂ ਅੱਗੇ ਆਖਰ ਹਾਰ ਮੰਨਣੀ ਪਈ। ਇਨ੍ਹਾਂ ਗ੍ਰਹਿਆਂ 'ਤੇ ਜੀਵਨ ਦੇ ਕਿਆਸੇ ਲੱਗਣ ਲੱਗੇ ਅਤੇ ਏਲੀਅਨਸ ਬਾਰੇ ਕਈ ਕਾਲਪਨਿਕ ਨਾਵਲ ਲਿਖੇ ਗਏ।

1781 ਈਸਵੀ 'ਚ ਬ੍ਰਿਟਿਸ਼ ਖਗੋਲ ਵਿਗਿਆਨੀ ਵਿਲੀਅਮ ਹਰਸ਼ਲ ਨੇ ਹੋਰ ਵਿਕਸਿਤ ਹੋ ਗਈਆਂ ਦੂਰਬੀਨਾਂ (ਟੈਲੀਸਕੋਪ) ਰਾਹੀਂ ਇੱਕ ਹੋਰ ਗ੍ਰਹਿ ਦਾ ਪਤਾ ਲਾਇਆ, ਜਿਸ ਨੂੰ ਆਕਾਸ਼ ਦੇ ਦੇਵਤੇ ਯੂਰੇਨਸ ਦਾ ਨਾਂ ਦਿੱਤਾ ਗਿਆ। ਇਸ ਮਗਰੋਂ ਇੱਕ ਪਿਛੋਂ ਦੂਜੇ ਵਿਗਿਆਨੀ ਇਨ੍ਹਾਂ ਖੋਜਾਂ ਨੂੰ ਅੱਗੇ ਤੋਰਦੇ ਰਹੇ ਅਤੇ ਪਿਛਲੇ ਕੰਮਾਂ ਦੇ ਨਤੀਜਿਆਂ ਨੂੰ ਵਰਤਦੇ ਹੋਰ ਅੱਗੇ ਵਧਦੇ ਰਹੇ। ਇਹ ਬ੍ਰਹਮਗਿਆਨੀ ਸਨ- ਰੈਵਰੈਂਡ ਟੀ. ਜੇ. ਹਸੇ (1834), ਜੌਹਨ ਕਾਉਚ ਅਡਮ, ਅਰਬਨ ਲੀ ਵਰੀਅਰ ਅਤੇ ਜੋਹਨ ਗੈਲੇ।

ਸੱਤਵੇਂ ਗ੍ਰਹਿ ਨੈਪਚੂਨ ਦੀ ਖੋਜ ਪਿਛੋਂ ਲੰਮਾ ਸਮਾਂ ਕਿਸੇ ਹੋਰ ਗ੍ਰਹਿ ਦਾ ਪਤਾ ਨਾ ਲੱਗਾ, ਪਰ ਅਚਾਨਕ 1859 ਵਿਚ ਫਰਾਂਸੀਸੀ ਵਿਗਿਆਨੀ ਅਡਮੰਡ ਲਸਬਾਲਟ ਨੇ ਇੱਕ ਹੋਰ ਨਵੇਂ ਗ੍ਰਹਿ ਪਲੂਟੋ ਦਾ ਪਤਾ ਲਾ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਹ ਹੁਣ ਤੱਕ ਲੱਭਿਆ ਅਖੀਰਲਾ ਸਭ ਤੋਂ ਛੋਟਾ ਗ੍ਰਹਿ ਹੈ, ਜਿਸ ਦਾ ਵਿਆਸ ਸਿਰਫ 2400 ਕਿਲੋਮੀਟਰ ਹੈ ਅਤੇ ਇਹ ਸਾਡੇ ਤੋਂ ਕੋਈ ਪੌਣੇ ਛੇ ਹਜਾਰ ਮਿਲੀਅਨ ਕਿਲੋਮੀਟਰ ਦੂਰ ਹੈ। ਧਰਮ ਵਾਂਗੂੰ ਵਿਗਿਆਨ ਖੇਤਰ ਵਿਚ ਗਿਆਨ ਨੂੰ ਸੀਮਤ ਦਾਇਰੇ ਵਿਚ ਬੰਨ੍ਹ ਕੇ ਨਹੀਂ ਰੱਖਿਆ ਜਾਂਦਾ,




ਇਸ ਲਈ ਕੌਮਾਂਤਰੀ ਖਗੋਲ ਸੰਸਥਾ ਨੇ ਛੇਤੀ ਹੀ ਇਸ ਨੌਂਵੇਂ ਗ੍ਰਹਿ ਪਲੂਟੋ ਨੂੰ ਪਲੈਨਟ ਦੇ ਦਰਜੇ ਤੋਂ ਬਾਹਰ ਕੱਢ ਡਵਾਰਫ ਦਾ ਨਾਂ ਦੇ ਦਿੱਤਾ। ਪਲੂਟੋ ਪਲੈਨਟ ਦੀ ਮਿਥੀ ਗਈ ਪਰਿਭਾਸ਼ਾ ਪੂਰੀ ਨਹੀਂ ਕਰਦਾ ਸੀ। ਇਸ ਬਦਲਾਓ ਲਈ ਕੋਈ ਝਗੜੇ ਫਸਾਦ ਨਹੀਂ ਹੋਏ, ਕਿਉਂਕਿ ਵਿਗਿਆਨ ਦਾ ਅਸੂਲ ਹੈ, 'ਬਦਲਾਓ ਜੀਵਨ ਅਤੇ ਖੜੋਤ ਮੌਤ।'

ਵਿਗਿਆਨ ਵਿਚ ਹੋਏ ਚਮਤਕਾਰੀ ਵਿਕਾਸ ਨੇ ਅੱਜ ਮਨੁੱਖ ਨੂੰ ਜੋ ਜਾਣਕਾਰੀਆਂ ਉਪਲਬਧ ਕਰਾਈਆਂ ਹਨ, ਅਸਚਰਜ ਦੀਆਂ ਹੱਦਾਂ ਟੱਪ ਗਈਆਂ ਹਨ। ਆਕਾਸ਼ 'ਚ ਚਮਕਦੇ ਤਾਰੇ ਅਣਗਿਣਤ ਸੂਰਜ ਹਨ ਅਤੇ ਉਨ੍ਹਾਂ ਦੁਆਲੇ ਘੁੰਮਦੇ ਅਣਗਿਣਤ ਗ੍ਰਹਿਆਂ ਬਾਰੇ ਨਿੱਤ ਨਵੀਆਂ ਜਾਣਕਾਰੀਆਂ ਨਸ਼ਰ ਹੋ ਰਹੀਆਂ ਹਨ। ਸਭ ਤੋਂ ਨੇੜਲਾ ਸੂਰਜ ਮੰਡਲ ਸਾਡੇ ਤੋਂ ਸਾਢੇ ਚਾਰ ਪ੍ਰਕਾਸ਼ ਵਰ੍ਹੇ ਦੂਰ ਹੈ। ਪ੍ਰਕਾਸ਼ ਇੱਕ ਸਕਿੰਟ ਵਿਚ ਤਿੰਨ ਲੱਖ ਕਿਲੋਮੀਟਰ ਚਲਦਾ ਹੈ। ਜੇ ਇਸ ਗਤੀ ਨਾਲ ਚੱਲੀਏ ਤਾਂ 4.5 ਸਾਲ ਵਿਚ ਓਥੇ ਅਪੜਾਂਗੇ। ਹੁਣ ਦੱਸੋ, ਚਿੱਟੇ ਚੋਗਿਆਂ ਜਾਂ ਭਗਵੇਂ ਲਿਬਾਸ ਵਿਚ ਵਿਚਰਦੇ ਅਖੌਤੀ ਬ੍ਰਹਮਗਿਆਨੀਆਂ, ਜਿਨ੍ਹਾਂ ਨੂੰ ਸ਼ਾਇਦ ਧਰਤੀ ਦੇ ਵਿਆਸ ਦਾ ਵੀ ਪਤਾ ਨਾ ਹੋਵੇ, ਕਿਸ ਗਿਆਨ ਦੀਆਂ ਪੰਡਾਂ ਲਈ ਫਿਰਦੇ ਹਨ? ਪਰ ਅਸਲ ਬ੍ਰਹਮਗਿਆਨੀਆਂ ਨਾਲ ਰੂਬਰੂ ਹੋਣ ਲਈ ਤੁਹਾਨੂੰ ਚੁੱਪ ਚੁਪੀਤੇ ਕਿਸੇ ਲਾਇਬ੍ਰੇਰੀ ਵਿਚ ਜਾ ਬੈਠਣਾ ਹੋਵੇਗਾ, ਜਿੱਥੇ ਬਿਨਾ ਆਪਣੀ ਜੇਬ ਨੂੰ ਕੁੰਡੀ ਲਵਾਇਆਂ ਤੁਸੀਂ ਮਾਨਵਤਾ ਦੇ ਮਸੀਹਿਆਂ ਨਾਲ ਮੁਲਾਕਾਤਾਂ ਕਰ ਵਿਲੱਖਣ ਇਨਸਾਨੀ ਦਿਮਾਗ ਦੀ ਥਾਹ ਪਾ ਸਕਦੇ ਹੋ। ਲੋੜ ਹੈ ਤਾਂ ਸਿਰਫ ਵਕਤ ਬਰਬਾਦ ਕਰਨ ਵਾਲੇ ਨਕਲੀ ਬ੍ਰਹਮਗਿਆਨੀਆਂ ਤੋਂ ਖਹਿੜਾ ਛੁਡਾਉਣ ਦੀ।

# ਸਾਖੀਓਂ ਨੂਰ ਝਰੇ-ਸੁਰਿੰਦਰ ਸੋਹਲ

*(ਪਿਛਲੇ ਸਫੇ ਦੀ ਬਾਕੀ)*

ਕਲ-ਕਲ ਵਿਚੋਂ
'ਨਾ ਕੋ ਹਿੰਦੂ ਨਾ ਮੁਸਲਮਾਨ'
ਧੁਨ ਉਪਜੀ ਹੈ...।

**ਚੁੱਭੀ-3**
ਅਕਾਲ ਵੇਈਂ 'ਚ
ਸੁਰਤ ਨੇ ਚੁੱਭੀ ਮਾਰੀ
ਰੌਸ਼ਨੀ ਵਿਵੇਕ ਤੋਂ
ਰੰਗਲੀ ਰਫਤਾਰ ਮੰਗਣ ਲੱਗੀ
ਪ੍ਰਕਾਸ਼-ਵਰ੍ਹੇ
ਤਿੰਨ ਦਿਨਾਂ 'ਚ ਸਿਮਟ ਗਏ
ਇਹ ਅਗੰਮੀ ਸਫਰ
ਉਦਾਸੀਆਂ ਲਈ ਪੁੱਟਿਆ
ਪਹਿਲਾ ਕਦਮ
ਸਮੇਂ ਦੀ ਪੱਟੀ 'ਤੇ ਲਿਖੀ
ਸੱਜਰੀ ਇਬਾਰਤ
'ਨਾ ਕੋ ਹਿੰਦੂ ਨਾ ਮੁਸਲਮਾਨ'
ਇਸ ਵਰਤਾਰੇ ਦੀ
ਮੈਂ ਕੀ ਗਤ ਜਾਣਾ
ਮੈਂ ਤਾਂ ਅਜੇ
'ਡੁੱਬ ਜਾਣ' ਤੇ 'ਚੁੱਭੀ ਮਾਰਨ' ਦਾ
ਫਰਕ ਹੀ ਨਹੀਂ ਸਮਝ ਸਕਿਆ...।

ਗੁਰੂ ਨਾਨਕ ਵੱਲੋਂ ਵੱਡੀ ਭੈਣ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਦੇ ਸੱਦੇ 'ਤੇ ਸੁਲਤਾਨਪੁਰ ਲੋਧੀ ਆ ਕੇ ਦੌਲਤ ਖਾਨ ਦੇ ਮੋਦੀਖਾਨੇ ਵਿਚ ਨੌਕਰੀ ਕਰਨ ਅਤੇ 'ਤੇਰਾ ਤੇਰਾ' ਤੋਲਣ ਦੀ ਸਾਖੀ ਤੋਂ ਅਸੀਂ ਸਭ ਜਾਣੂ ਹਾਂ। ਗੁਰੂ ਨਾਨਕ ਨੇ ਸਤਿ, ਸੰਤੋਖ ਗਿਆਨ ਆਦਿ ਦੇ ਗੁਣਾਂ ਨੂੰ ਗ੍ਰਹਿਣ ਕਰਕੇ ਮਨੁੱਖੀ ਬਰਾਬਰੀ ਅਤੇ ਮਾਨਵਤਾਵਾਦੀ ਕਦਰਾਂ ਕੀਮਤਾਂ ਵਾਲੇ ਸਮਾਜ ਦੀ ਨੀਂਹ ਰੱਖੀ, ਜਿਸ ਵਿਚ ਕੋਈ ਵੀ ਮਨੁੱਖ ਭੁੱਖਾ ਨਾ ਰਹੇ, ਕੋਈ ਮੇਰ-ਤੇਰ, ਉਚ-ਨੀਚ ਨਾ ਹੋਵੇ। ਕਵਿਤਾ 'ਮੋਦੀਖਾਨਾ' ਅਤੇ 'ਤੇਰਾ' ਅਜਿਹੇ ਸਮਾਜ ਦੇ ਤਸੱਵਰ ਦਾ ਹੀ ਬਿਆਨ ਕਰਦੀਆਂ ਜਾਪਦੀਆਂ ਹਨ,

ਕਾਇਨਾਤ ਤਰਾਜ਼ੂ
ਦੋਵੇਂ ਪਾਸੇ ਹੋਵਣ
ਸੱਚ ਦੇ ਛਾਬੇ
ਸਭਨਾਂ ਹੇਠੀਂ
ਰੱਜ, ਸਬਰ, ਸੰਤੋਖ
ਨਿਵਾਲਾ ਹੋਵੇ
ਕਾਸ਼! ਇਹ ਦੁਨੀਆਂ
ਹੋਵੇ ਐਸਾ ਮੋਦੀਖਾਨਾ।

---

ਤੋਲਣਹਾਰੇ ਮੂੰਹੋਂ
'ਤੇਰਾਂ' ਨਿਕਲਣ ਵੇਲੇ
ਕੰਨੇ ਦੀ ਬਿੰਦੀ
ਜਦ ਡਿੱਗੀ
ਸੂਰਜ ਹੋਈ
ਉਸ ਦੀ ਲੋਅ ਵਿਚ
ਸਾਰਾ ਜਗਤ-ਪਸਾਰਾ
'ਤੇਰਾ' ਦਿਸਿਆ।

ਪੁਸਤਕ ਵਿਚਲੇ ਗਿਣਤੀ ਵਿਚ ਕੁੱਲ ਅਠਾਸੀ ਸਫਿਆਂ 'ਤੇ ਫੈਲੀਆਂ ਨਿੱਕੀਆਂ ਨਿੱਕੀਆਂ ਕਵਿਤਾਵਾਂ ਵਿਚ ਕਰੀਬ ਹਰ ਸਾਖੀ ਨੂੰ ਛੋਹਿਆ ਗਿਆ ਹੈ। ਪੁਸਤਕ ਪੜ੍ਹ ਕੇ ਅਨੰਦ ਵੀ ਮਾਣਿਆ ਜਾ ਸਕਦਾ ਹੈ, ਬਹੁਤ ਕੁਝ ਜਾਣਿਆ ਵੀ ਜਾ ਸਕਦਾ ਹੈ ਅਤੇ ਆਤਮ-ਚੀਨਣ ਵੀ ਕੀਤਾ ਜਾ ਸਕਦਾ ਹੈ ਕਿ ਬਤੌਰ ਨਾਨਕ ਨਾਮ-ਲੇਵਾ, ਅਸੀਂ ਬਾਬੇ ਦੀ ਵਿਰਾਸਤ ਦੇ ਹੱਕਦਾਰ ਕਹਾਉਂਦੇ ਸਿੱਖ ਅੱਜ ਕਿੱਥੇ ਖੜ੍ਹੇ ਹਾਂ? ਜਿਸ ਕਿਸਮ ਦੇ ਮਾਨਵਤਾਵਾਦੀ ਕਦਰਾਂ-ਕੀਮਤਾਂ ਨੂੰ ਅਪਨਾਏ, ਜਾਤ-ਪਾਤੀ, ਉਚ-ਨੀਚ ਅਤੇ ਧਾਰਮਿਕ ਵਖਰੇਵਿਆਂ ਤੋਂ ਰਹਿਤ ਸਮਾਜ ਸਿਰਜਣ ਦੀ ਨੀਂਹ ਬਾਬੇ ਨਾਨਕ ਨੇ ਰੱਖੀ ਸੀ, ਉਸ ਸਮਾਜ ਦੀ ਸਿਰਜਣਾ ਵਿਚ ਕੀ ਕੋਈ ਯੋਗਦਾਨ ਪਾ ਰਹੇ ਹਾਂ ਅਤੇ ਕੀ ਸਿੱਖ ਧਰਮ ਵੀ 'ਵਾਰ ਆਸਾ ਕੀ' ਵਿਚ ਦਰਸਾਈ ਵੱਖ ਵੱਖ ਧਰਮਾਂ ਦੀ ਦਸ਼ਾ ਵਿਚ ਹੀ ਤਾਂ ਨਹੀਂ ਪਹੁੰਚ ਗਿਆ? ਪੁਸਤਕ ਵਿਚਲੀਆਂ ਕਵਿਤਾਵਾਂ ਅਤੇ 'ਨਾਨਕ ਸਾਇਰ' ਆਖਰੀ ਕਵਿਤਾ ਨੂੰ ਜਾਣਨ/ਸਮਝਣ ਦੀ ਕੋਸ਼ਿਸ਼ ਪਾਠਕ ਕਿਤਾਬ ਖਰੀਦ ਕੇ, ਪੜ੍ਹ ਕੇ ਕਰਨਗੇ। ਭਾਈ ਮਰਦਾਨਾ ਜਿੰਨਾ ਗੁਰੂ ਨਾਨਕ ਦੇ ਨੇੜੇ ਸੀ, ਜਿੰਨਾ ਸਾਥ ਗੁਰੂ ਦਾ ਉਸ ਨੇ ਨਿਭਾਇਆ, ਉਨ੍ਹਾਂ ਦੀ ਸੰਗਤ ਨੂੰ ਮਾਣਿਆ, ਰਬਾਬ ਰਾਹੀਂ ਰੱਬੀ ਕੀਰਤਨ ਦਾ ਸਾਥ ਦਿੱਤਾ-ਸ਼ਾਇਦ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ; ਸਾਥ ਏਨਾ ਲੰਬਾ ਸੀ ਕਿ ਆਖਰੀ ਸੁਆਸ ਵੀ ਬਾਬਾ ਨਾਨਕ ਦੀ ਗੋਦ ਵਿਚ ਹੀ ਲਏ, ਪਰ ਸਾਖੀਕਾਰਾਂ ਅਤੇ ਸਾਡੇ ਢਾਡੀਆਂ-ਕਵੀਸ਼ਰਾਂ ਨੇ ਆਪਣੇ ਪ੍ਰਸੰਗਾਂ ਵਿਚ ਭਾਈ ਮਰਦਾਨੇ ਜਿਹੀ ਰੂਹ ਨੂੰ, ਜਿਹੜੀ ਸਿਰ ਤੋਂ ਪੈਰਾਂ ਤੱਕ ਬਾਬੇ ਦੇ ਇਲਾਹੀ ਰੰਗ ਵਿਚ ਰੰਗੀ ਹੋਈ ਸੀ, ਹਮੇਸ਼ਾ ਭੁੱਖ ਦਾ ਸਤਾਇਆ ਹੀ ਵਰਣਨ ਕੀਤਾ ਹੈ। ਮੈਂ ਇੱਥੇ ਉਸ ਰੂਹ ਦੇ ਦਰਸ਼ਨ ਸੁਰਿੰਦਰ ਸੋਹਲ ਦੀ ਕਵਿਤਾ 'ਮਰਦਾਨਾ' ਦੇ ਜ਼ਿਕਰ ਵਿਚੋਂ ਕਰਕੇ ਲੇਖ ਸਮਾਪਤ ਕਰਦੀ ਹਾਂ।

ਸੂਖਮ ਸੁਰਾਂ ਦਾ
ਸਥੂਲ ਮੁਜੱਸਮਾ
ਸਥੂਲ ਰਬਾਬ ਦਾ
ਸੂਖਮ ਰਸ
ਸੂਖਮ ਰਾਗ ਦਾ
ਸਥੂਲ ਅਕਸ
ਸਥੂਲ ਤਾਰਾਂ ਦਾ
ਸੂਖਮ ਨਾਦ।

ਮੇਰੇ ਨਜ਼ਦੀਕ ਸੋਹਲ ਦੀ ਇਹ ਨਿੱਕੀ ਕਵਿਤਾ ਭਾਈ ਮਰਦਾਨੇ ਦੀ ਗੁਰੂ ਵਰੋਸਾਈ ਰੂਹ ਨੂੰ ਭਾਵਭਿੰਨੀ ਸ਼ਰਧਾਂਜਲੀ ਹੈ। ਆਮੀਨ!

# ਮੇਰੇ ਅੰਦਰਲਾ ਪਾਕਿਸਤਾਨ!

***ਹਥਲੀ ਲਿਖਤ ਵਿਚ ਇੰਦਰਜੀਤ ਚੁਗਾਵਾਂ ਨੇ ਬਾਬੇ ਨਾਨਕ ਵੱਲੋਂ ਲਾਏ ਸਾਂਝੀਵਾਲਤਾ ਦੇ ਬਰੋਟੇ ਦੀ ਚੜ੍ਹਦੇ ਤੇ ਲਹਿੰਦੇ-ਦੋਹਾਂ ਪੰਜਾਬਾਂ ਅੰਦਰ ਖਿਲਰੀ ਛਾਂ ਨੂੰ ਦਿਲ ਟੁੰਬਵੇਂ ਸ਼ਬਦਾਂ ਵਿਚ ਬਿਆਨ ਕੀਤਾ ਹੈ। ਇਹ ਆਸ ਵੀ ਪ੍ਰਗਟਾਈ ਹੈ ਕਿ ਕਿਸੇ ਵੀ ਪਾਸਿਓਂ ਫਿਰਕੂ-ਫਾਸ਼ੀਵਾਦ ਤੇ ਕੱਟੜਵਾਦ ਦਾ ਕੁਹਾੜਾ ਜਿੰਨਾ ਇਸ ਨੂੰ ਛਾਂਗਣ ਦੀ ਕੋਸ਼ਿਸ਼ ਕਰੇਗਾ, ਇਹ ਓਨਾ ਹੀ ਵਧੇਰੇ ਮੌਲੇਗਾ! ਲੇਖਕ ਨੇ ਨਾਲ ਦੀ ਨਾਲ ਸਵਾਲ ਵੀ ਖੜ੍ਹਾ ਕੀਤਾ ਹੈ ਕਿ ਸਰਹੱਦ ਦੇ ਦੋਵੇਂ ਪਾਸੇ ਪੰਜਾਬੀ ਹੀ ਕਿਉਂ ਮਰਦੇ ਐ? -ਸੰਪਾਦਕ***



ਫਰਿਜ਼ਨੋ ਕਾਊਂਟੀ ਦਾ ਸ਼ਹਿਰ ਰੀਡਲੀ। ਮਾਊਂਟੇਨਵਿਊ 'ਤੇ ਆਪਣੇ ਲੋਡ ਦੀ ਉਡੀਕ ਕਰ ਰਹੇ ਸੀ। ਟਰੱਕ 'ਚੋਂ ਥੱਲੇ ਉਤਰ ਕੇ ਰੈਸਟ ਰੂਮ ਜਾਣ ਲਈ ਵਧੇ ਤਾਂ ਜਾਪਿਆ ਕਿ ਕੋਈ ਸਾਡੇ ਵੱਲ ਗਹੁ ਨਾਲ ਦੇਖ ਰਿਹਾ ਹੈ। ਨਿਗਾਹ ਖੱਬੇ ਪਾਸੇ ਗਈ ਤਾਂ ਦੋ ਨੌਜਵਾਨ ਮੁੰਡੇ ਸਾਡੇ ਵੱਲ ਦੇਖ ਮੁਸਕਰਾ ਰਹੇ ਸਨ। "ਜ਼ਰੂਰ ਪੰਜਾਬੀ ਹੋਣਗੇ!" ਇਹ ਸੋਚ ਕੇ ਹੱਥ ਹਿਲਾ ਦਿੱਤਾ ਤੇ ਪੈਰ ਆਪ ਮੁਹਾਰੇ ਉਨ੍ਹਾਂ ਵੱਲ ਹੋ ਤੁਰੇ। ਸਾਨੂੰ ਦੇਖ ਉਹ ਵੀ ਛੜੱਪਾ ਮਾਰ ਹੇਠਾਂ ਉਤਰ ਆਏ। "ਕੀ ਹਾਲ ਬਈ ਜਵਾਨੋ?" ਮੈਂ ਕਿਹਾ। ਉਨ੍ਹਾਂ 'ਚੋਂ ਉਚੇ ਕੱਦ ਵਾਲਾ ਮੁੰਡਾ ਅੱਗੇ ਹੋ ਗਰਮਜੋਸ਼ੀ ਨਾਲ ਮਿਲਿਆ।

"ਤੁਸੀਂ ਕਿੱਥੋਂ?" ਇਹ ਸਵਾਲ ਪਰਵਾਸੀਆਂ

**ਇੰਦਰਜੀਤ ਚੁਗਾਵਾਂ**
ਫੋਨ: 559-779-9805

ਦੀ ਜ਼ੁਬਾਨ 'ਤੇ ਆਮ ਹੀ ਹੁੰਦੈ ਤੇ ਮੈਂ ਵੀ ਕਰ ਦਿੱਤਾ। ਉਹ ਕਹਿਣ ਲੱਗਾ, "ਜੀ ਮੈਂ ਸਿਆਲਕੋਟ ਤੋਂ, ਇਹ ਆਤਿਫ ਲਾਹੌਰ ਤੋਂ!" ਮੇਰੇ ਮੂੰਹੋਂ ਸਹਿਵਨ ਹੀ ਨਿਕਲ ਗਿਆ, "ਓਹੋ, ਤੁਸੀਂ ਪਾਕਿਸਤਾਨ ਤੋਂ...!" ਮੇਰੇ ਅੰਦਰੋਂ ਜਿਵੇਂ ਉਬਾਲ ਜਿਹਾ ਉਠ ਖੜੋਇਆ ਹੋਵੇ। ਮੈਂ ਕਿਹਾ, "ਮੇਰੀਆਂ ਜੜ੍ਹਾਂ ਵੀ ਪਾਕਿਸਤਾਨ 'ਚ ਹੀ ਹਨ। ਮੇਰੇ ਬਜੁਰਗ ਜੜ੍ਹਾਂਵਾਲਾ ਦੇ ਨਾਲ ਲੱਗਦੇ ਪਿੰਡ ਪਾਓਲਾਣੀ ਜੰਡਿਆਲਾ (ਚੱਕ ਨੰ. 101) 'ਚੋਂ ਉਠ ਕੇ ਆਏ ਸਨ!"

ਜਾਵੇਦ ਨੇ ਦੱਸਿਆ ਕਿ ਉਸ ਦੇ ਕੁਝ ਰਿਸ਼ਤੇਦਾਰ ਨਵਾਂ ਸ਼ਹਿਰ ਤੋਂ ਆਏ ਸਨ। ਉਨ੍ਹਾਂ ਦੀ ਜ਼ੁਬਾਨ 'ਤੇ ਹਮੇਸ਼ਾ ਨਵਾਂ ਸ਼ਹਿਰ ਈ ਰਹਿੰਦਾ ਸੀ। ਉਹ ਬਜੁਰਗ ਭਾਵੇਂ ਹੁਣ ਨਹੀਂ ਰਹੇ, ਪਰ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਆਪਣੇ ਬਜੁਰਗਾਂ ਦੀ ਜੰਮਣ ਭੋਇੰ ਨੂੰ ਓਨੇ ਹੀ ਮੋਹ ਨਾਲ ਯਾਦ ਕਰਦੀਆਂ ਹਨ ਅਤੇ ਸਾਨੂੰ ਚੰਗਾ ਲਗਦੈ ਇਹ ਮੋਹ ਦੀਆਂ ਤੰਦਾਂ ਦੇਖ ਕੇ। ਜਾਵੇਦ ਜਦ ਇਹ ਗੱਲ ਕਰ ਰਿਹਾ ਸੀ ਤਾਂ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਉਹ ਮੇਰੀ ਹੀ ਗੱਲ ਕਰ ਰਿਹਾ ਹੋਵੇ!

ਜਾਵੇਦ ਦਾ ਪਿੰਡ ਕਰਤਾਰਪੁਰ ਸਾਹਿਬ ਦੇ ਨਾਲ ਈ ਹੈ। ਉਹ ਬਾਬਾ ਨਾਨਕ ਬਾਰੇ ਗੱਲਾਂ ਕਰਨ ਲੱਗਾ, "ਬਜ਼ੁਰਗ ਦੱਸਦੇ ਹਨ ਕਿ ਜਦ ਬਾਬਾ ਨਾਨਕ ਫੌਤ ਹੋਏ ਤਾਂ ਹਿੰਦੂ ਤੇ ਮੁਸਲਮਾਨ ਲੜ ਪਏ। ਦੋਵੇਂ ਆਖਣ ਕਿ ਇਹ ਤਾਂ ਸਾਡਾ ਬਾਬਾ ਐ, ਹੋਰ ਕਿਸੇ ਦਾ ਕੋਈ ਹੱਕ ਨਹੀਂ ਇਸ 'ਤੇ। ਫੇਰ ਆਖਰ ਫੈਸਲਾ ਹੋਇਆ ਕਿ ਬਾਬੇ ਦਾ ਕਫਨ ਪਾੜ ਕੇ ਦੋ ਹਿੱਸਿਆਂ 'ਚ ਕਰ ਦਿੱਤਾ ਜਾਵੇ। ਜਿਸ ਜਗ੍ਹਾ ਤੋਂ ਚਾਦਰ ਪਾੜੀ ਗਈ, ਵੰਡ ਦੀ ਲਕੀਰ ਵੀ ਆ ਕੇ ਉਸੇ ਥਾਂ ਪਈ।"

ਮੈਂ ਉਸ ਦੇ ਹਾਵ-ਭਾਵ ਨੋਟ ਕਰ ਰਿਹਾ ਸਾਂ। ਉਹ ਜਿਵੇਂ ਕਹਿਣਾ ਚਾਹੁੰਦਾ ਹੋਵੇ ਕਿ ਜੇ ਬਾਬੇ ਦੀ ਚਾਦਰ ਨਾ ਪਾੜੀ ਜਾਂਦੀ ਤਾਂ ਵੰਡ ਦੀ ਲਕੀਰ ਵੀ ਨਾ ਪੈਂਦੀ! ਇਹ ਸੋਚ ਕੇ ਮਾਣ ਵੀ ਮਹਿਸੂਸ ਹੋਇਆ ਕਿ ਬਾਬਾ ਨਾਨਕ ਅੱਜ ਵੀ ਸਾਂਝੀਵਾਲਤਾ ਦਾ ਪ੍ਰਤੀਕ ਹੈ!

ਮੇਰੇ ਨਾਲ ਮੇਰਾ ਸਹਿਯੋਗੀ ਦਲਜੀਤ ਵਿਰਕ ਵੀ ਸੀ। ਉਸ ਨੇ ਜਦ ਕਿਹਾ ਕਿ ਜੇ ਨਵਜੋਤ ਸਿੱਧੂ ਤੇ ਇਮਰਾਨ ਖਾਨ ਨਾ ਹੁੰਦੇ ਤਾਂ ਲਾਂਘਾ ਕਿੱਥੋਂ ਖੁੱਲ੍ਹਣਾ ਸੀ! ਮੈਂ ਨਾਲ ਈ ਗੱਲ ਜੋੜੀ ਕਿ ਆਪਣਾ ਪੰਜਾਬ ਪੁਲਿਸ ਮੁਖੀ ਤਾਂ ਕਹਿੰਦੈ ਕਿ ਜੋ ਲਾਂਘਾ ਪਾਰ ਕਰਕੇ ਜਾਂਦੇ ਹਨ, ਬਾਬੇ ਦੇ ਦੁਆਰੇ, ਉਹ ਅਤਿਵਾਦੀ ਬਣ ਕੇ ਵਾਪਸ ਆਉਂਦੇ ਹਨ।

ਅਤਿਵਾਦ ਦਾ ਜ਼ਿਕਰ ਛਿੜਿਆ ਤਾਂ ਜਾਵੇਦ ਕਹਿਣ ਲੱਗਾ ਕਿ ਮੀਡੀਆ ਦਾ ਹਾਲ ਭਾਵੇਂ ਸਾਡੇ ਵੀ ਚੰਗਾ ਨਹੀਂ, ਪਰ ਤੁਹਾਡੇ ਮੀਡੀਆ ਨੂੰ ਤਾਂ ਪਾਕਿਸਤਾਨ ਨੂੰ ਗਾਲ੍ਹਾਂ ਕੱਢਣ ਤੋਂ ਬਿਨਾ ਕੋਈ ਗੱਲ ਈ ਨਹੀਂ ਆਉਂਦੀ। ਉਹ ਬੀਬੀ ਜੀਹਦਾ ਨਾਂ ਅੰਜਨਾ ਓਮ ਕਸ਼ਿਅਪ ਐ, ਬਾਹਲੀ ਜ਼ਿਆਦਾ ਜ਼ਹਿਰ ਉਗਲਦੀ ਐ। ਮੈਂ ਉਸ ਨੂੰ ਦਰੁਸਤ ਕਰਦਿਆਂ ਕਿਹਾ ਕਿ ਇਕੱਲੀ ਅੰਜਨਾ ਨਹੀਂ, ਸਾਡਾ ਸਾਰਾ ਮੀਡੀਆ ਹੀ ਜ਼ਹਿਰ ਉਗਲ ਰਿਹਾ ਹੈ। ਸਾਡੇ ਕੋਲ ਤਾਂ ਹੁਣ ਐਨ. ਡੀ. ਟੀ. ਵੀ. ਤੋਂ ਸਿਵਾਏ ਹੈ ਈ ਕੁਝ ਨਹੀਂ। ਮੈਨੂੰ ਚੰਗਾ ਲੱਗਾ ਜਦ ਉਸ ਨੇ ਰਵਿਸ਼ ਦਾ ਨਾਂ ਲੈਂਦਿਆਂ ਕਿਹਾ, "ਭਾਜੀ ਉਹ ਬੰਦਾ ਹੈ, ਜੋ ਆਮ ਲੋਕਾਂ ਦੇ ਮਸਲਿਆਂ ਦੀ ਗੱਲ ਈ ਕਰਦੈ। ਉਸ ਨੂੰ ਸੁਣ ਕੇ ਚੰਗਾ ਲਗਦੈ।"

ਜਾਵੇਦ ਨੇ ਇੱਕ ਹੋਰ ਮਜ਼ੇਦਾਰ ਗੱਲ ਸੁਣਾਈ, "ਇੱਕ ਇੰਡੀਅਨ ਦੋਸਤ ਨੂੰ ਜਦ ਪਤਾ ਲੱਗਾ ਕਿ ਮੈਂ ਪਾਕਿਸਤਾਨੀ ਹਾਂ ਤਾਂ ਉਹ ਬੜਾ ਹੈਰਾਨ ਹੋਇਆ। ਕਹਿਣ ਲੱਗਾ, 'ਯਾਰ! ਮੈਨੂੰ ਤਾਂ ਲਗਦਾ ਸੀ ਕਿ ਤੁਸੀਂ ਕਿਸੇ ਪਾਕਿਸਤਾਨੀ ਨੂੰ ਮਿਲੇ ਨਹੀਂ ਤੇ ਬੰਬ ਧਮਾਕਾ ਹੋਇਆ ਨਹੀਂ! ਤੁਸੀਂ ਤਾਂ ਬਿਲਕੁਲ ਈ ਵੱਖਰੇ ਓ ਯਾਰ!' ਮੈਂ ਉਸ ਨੂੰ ਦੱਸਿਆ ਕਿ ਸਾਨੂੰ ਵੀ ਇਹੋ ਦੱਸਿਆ ਜਾਂਦਾ ਰਿਹੈ ਕਿ ਇੰਡੀਆ ਜਾਂਦੇ ਤੁਸੀਂ ਚੰਗੇ ਭਲੇ ਓ ਤੇ ਉਥੋਂ ਅੱਵਲ ਤਾਂ ਵਾਪਸ ਨਹੀਂ ਮੁੜਦੇ, ਤੁਹਾਨੂੰ ਅਗਵਾ ਕਰ ਲਿਆ ਜਾਂਦੈ ਤੇ ਜੇ ਮੁੜਦੇ ਓ ਤਾਂ ਤਾਬੂਤ 'ਚ ਬੰਦ ਹੋ ਕੇ।"

ਆਤਿਫ ਆਖਣ ਲੱਗਾ ਕਿ ਕੁਝ ਇੱਕ ਲੋਕ ਬੁਰੇ ਹੁੰਦੇ ਆ, ਪਰ ਸਾਰੇ ਨਹੀਂ! ਮੈਂ ਕਿਹਾ ਕਿ ਲੋਕ ਦਰਅਸਲ ਬੁਰੇ ਹੁੰਦੇ ਈ ਨਹੀਂ, ਉਨ੍ਹਾਂ ਨੂੰ ਬੁਰੇ ਬਣਨ ਲਈ ਉਕਸਾਇਆ ਜਾਂਦੈ। ਦੋਹਾਂ ਨੇ ਮੇਰੀ ਗੱਲ 'ਤੇ ਸਹਿਮਤੀ ਜਤਾਈ।

ਜਾਵੇਦ ਆਖਣ ਲੱਗਾ, "ਤੁਹਾਡੇ ਕੁਝ ਇੰਡੀਅਨ ਵਿਦਿਆਰਥੀ ਮਿਲੇ ਸਨ, ਪੁੱਛ ਰਹੇ ਸਨ, 'ਪਾਕਿਸਤਾਨ ਵਿਚਲੇ ਅਤਿਵਾਦੀ ਕੈਂਪ ਕਦੋਂ ਬੰਦ ਹੋਣਗੇ?' ਮੇਰਾ ਜੁਆਬ ਸੀ, 'ਗੁਜਰਾਤ 'ਚ ਕਤਲੇਆਮ ਕਰਨ ਪਾਕਿਸਤਾਨ ਤੋਂ ਅਤਿਵਾਦੀ ਨਹੀਂ ਸਨ ਗਏ, ਦਿੱਲੀ 'ਚ ਕਤਲੇਆਮ ਪਾਕਿਸਤਾਨ ਤੋਂ ਗਏ ਅਤਿਵਾਦੀਆਂ ਨੇ ਨਹੀਂ ਸੀ ਕੀਤਾ। ਬਿਹਤਰੀ ਇਸੇ 'ਚ ਹੈ ਕਿ ਆਪੋ-ਆਪਣਾ ਘਰ ਸਾਂਭੀਏ।' ਇਹ ਜੁਆਬ ਸੁਣ ਕੇ ਉਹ ਥੋੜਾ ਸੋਚਣ ਲਈ ਮਜਬੂਰ ਹੋਏ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕਦੇ ਸੋਚਿਆ ਕਿ ਸਰਹੱਦ ਦੇ ਦੋਵੇਂ ਪਾਸੇ ਪੰਜਾਬੀ ਹੀ ਕਿਉਂ ਮਰਦੇ ਐ, ਗੁਜਰਾਤੀ ਜਾਂ ਕਿਸੇ ਹੋਰ ਕੌਮ ਦੇ ਜਵਾਨ ਕਿਉਂ ਨਹੀਂ ਮਰਦੇ? ਮਾਮਲਾ ਕਸ਼ਮੀਰ ਦਾ ਤੇ ਮਰਨ ਪੰਜਾਬੀ, ਭਲਾ ਇਹ ਕੀ ਗੱਲ ਹੋਈ! ਛੋਟੀ ਉਮਰ ਦੇ ਸਨ, ਉਨ੍ਹਾਂ ਕੋਲ ਮੇਰੀਆਂ ਗੱਲਾਂ ਦਾ ਜੁਆਬ ਕੋਈ ਨਹੀਂ ਸੀ, ਪਰ ਚੰਗੀ ਗੱਲ ਇਹ ਕਿ ਉਹ ਮੇਰੀਆਂ ਗੱਲਾਂ 'ਤੇ ਵਿਚਾਰ ਜ਼ਰੂਰ ਕਰ ਰਹੇ ਸਨ।"

ਜਾਵੇਦ ਦੀ ਨਜ਼ਰ 'ਚ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੱਕ ਸਭ ਠੀਕ ਸੀ ਤੇ ਉਸ ਪਿਛੋਂ ਬਚਿਆ ਕੁਝ ਨਹੀਂ।

ਜਾਵੇਦ ਤੇ ਆਤਿਫ ਦੀਆਂ ਗੱਲਾਂ ਸੁਣ ਕੇ, ਸਮੁੱਚੇ-ਚੜ੍ਹਦੇ ਤੇ ਲਹਿੰਦੇ ਪੰਜਾਬ ਬਾਰੇ ਉਨ੍ਹਾਂ ਦੀ ਫਿਕਰਮੰਦੀ ਦੇਖ ਕੇ ਮੈਨੂੰ ਚੰਗਾ ਲੱਗਾ। ਲੋਕ-ਪੱਖੀ ਮੀਡੀਆ ਦਾ ਅੰਗ ਹੁੰਦਿਆਂ ਮੈਂ ਦੋਹਾਂ ਦੇਸ਼ਾਂ ਦੇ ਆਵਾਮ ਦੀ ਦਿਲੀ ਤਮੰਨਾ ਤੋਂ ਭਲੀ-ਭਾਂਤ ਜਾਣੂੰ ਸਾਂ, ਪਤਾ ਹੈ ਕਿ ਦੋਵੇਂ ਪਾਸੇ ਚੋਣਾਂ ਜਿੱਤਣ ਲਈ ਲਾਸ਼ਾਂ ਦੀ ਧੂਣੀ ਸੇਕੀ ਜਾਂਦੀ ਹੈ, ਲੋਕਾਂ ਦੇ ਜਜ਼ਬਾਤ ਦੀ ਪਰਵਾਹ ਕਿਸੇ ਵੀ ਪਾਸੇ ਨਹੀਂ ਹੈ, ਪਰ ਇਹ ਅਹਿਸਾਸ ਪਹਿਲੀ ਵਾਰ ਹੋ ਰਿਹਾ ਸੀ ਕਿ ਮੇਰੇ ਭਾਪਾ ਜੀ ਵੱਲੋਂ ਮੇਰੇ ਅੰਦਰ ਸਿਰਜਿਆ ਪਾਕਿਸਤਾਨ ਬਿਲਕੁਲ ਉਵੇਂ ਹੀ ਜਿਉਂਦਾ ਜਾਗਦਾ ਹੈ, ਜਿਸ ਤਰ੍ਹਾਂ ਦਾ ਭਰੋਸਾ ਭਾਪਾ ਜੀ ਨੂੰ ਸੀ! ਉਨ੍ਹਾਂ ਦੇ ਮੂੰਹੋਂ ਮੈਂ ਕਦੇ ਵੀ ਕਿਸੇ ਮੁਸਲਮਾਨ ਵਿਰੁੱਧ ਕੋਈ ਮੰਦਾ ਬੋਲ ਨਹੀਂ ਸੀ ਸੁਣਿਆ! ਉਹ ਕਿਹਾ ਕਰਦੇ ਸਨ ਕਿ ਵੰਡ ਵੇਲੇ ਕਾਫਲਿਆਂ 'ਤੇ ਹਮਲੇ ਕਰਨ ਵਾਲੇ ਸ਼ਰਾਰਤੀ ਸਨ, ਮੁਸਲਮਾਨ ਨਹੀਂ! ਜਾਵੇਦ ਤੇ ਆਤਿਫ ਦੇ ਮੂੰਹੋਂ ਵੀ ਕੋਈ ਨਫਰਤੀ ਬੋਲ ਨਹੀਂ ਨਿਕਲਿਆ।

ਜਾਵੇਦ ਦੀ ਇਹ ਗੱਲ ਮੇਰੇ ਦਿਲ 'ਚ ਡੂੰਘੀ ਉਤਰ ਗਈ, "ਕਿਹੜਾ ਮਸਲਾ ਐ, ਜੋ ਗੱਲਬਾਤ ਨਾਲ ਹੱਲ ਨਹੀਂ ਹੁੰਦਾ? ਆਹਮੋ-ਸਾਹਮਣੇ ਬੈਠਣ ਤੇ ਰੱਟਾ ਮੁਕਾਉਣ। ਲੋਕਾਂ ਨੂੰ ਚੈਨ ਨਾਲ ਜਿਉਣ ਦੇਣ!"

ਜਾਵੇਦ ਤੇ ਆਤਿਫ ਨੂੰ ਲੋਡ ਮਿਲ ਗਿਆ ਸੀ, ਗੱਲਾਂ ਸਨ ਕਿ ਮੁੱਕ ਹੀ ਨਹੀਂ ਸਨ ਰਹੀਆਂ। ਲੂਹ ਦੇਣ ਵਾਲੀ ਧੁੱਪ ਦਾ ਵੀ ਸਾਨੂੰ ਕੋਈ ਅਹਿਸਾਸ ਨਾ ਹੋਇਆ। ਆਪੋ-ਆਪਣੇ ਰਾਹ ਪੈਣਾ ਮਜਬੂਰੀ ਸੀ ਤੇ ਫਰਜ਼ ਵੀ! ਅਸੀਂ ਇੱਕ-ਦੂਜੇ ਦੇ ਨੰਬਰ ਲਏ ਤੇ ਜੱਫੀਆਂ ਪਾ ਕੇ ਵੱਖ ਹੋਏ! ਉਹ ਸੱਦਾ ਦੇ ਕੇ ਗਏ ਹਨ ਕਿ ਪਾਕਿਸਤਾਨ ਜ਼ਰੂਰ ਆਉਣਾ ਤੇ ਸਾਡੇ ਘਰ ਵੀ! ਉਨ੍ਹਾਂ ਦਾ ਇਹ ਸੱਦਾ ਏਨੀ ਅਪਣੱਤ ਵਾਲਾ ਸੀ ਕਿ ਮੇਰਾ ਜੀ ਕਰੇ ਕਿ ਮੈਂ ਹੁਣੇ ਪਾਕਿਸਤਾਨ ਚਲੇ ਜਾਵਾਂ! ਉਸ ਪਾਕਿਸਤਾਨ, ਜਿੱਥੇ ਸਾਡੇ 'ਰਾਸ਼ਟਰਵਾਦੀ' ਹਰ ਉਸ ਵਿਅਕਤੀ ਨੂੰ ਭੇਜਣ ਦੀ ਧਮਕੀ ਦਿੰਦੇ ਹਨ, ਜੋ ਉਨ੍ਹਾਂ ਦੇ ਫਾਸ਼ੀਵਾਦੀ ਏਜੰਡੇ ਦਾ ਵਿਰੋਧ ਕਰਦਾ ਹੈ! ਉਸ ਪਾਕਿਸਤਾਨ, ਜਿੱਥੋਂ ਬਾਬੇ ਨਾਨਕ ਦਾ ਸ਼ਰਧਾਲੂ 'ਅਤਿਵਾਦੀ' ਬਣ ਕੇ ਵਾਪਸ ਪਰਤਦਾ ਹੈ।

ਸੋਚ ਰਿਹਾ ਹਾਂ ਕਿ ਸਾਡੇ ਬਾਬਾ ਨਾਨਕ ਵੱਲੋਂ ਲਾਇਆ ਸਾਂਝੀਵਾਲਤਾ ਦਾ ਬਰੋਟਾ ਕਿੰਨਾ ਵਿਸ਼ਾਲ ਹੈ! ਇਸ ਦੀਆਂ ਜੜ੍ਹਾਂ ਸਾਡੇ ਵਿਹੜਿਆਂ 'ਚੋਂ ਹੁੰਦੀਆਂ ਹੋਈਆਂ ਸਰਹੱਦਾਂ ਦੇ ਆਰ-ਪਾਰ ਆਪਸ 'ਚ ਕਰਿੰਘੜੀ ਪਾਈ ਬੈਠੀਆਂ ਹਨ। ਇਸ ਵੱਲੋਂ ਘੋਲੀ ਗਈ ਮੁਹੱਬਤੀ ਮਿਠਾਸ ਸਾਡੀਆਂ ਰਲਾਂ 'ਚ ਵਸੀ ਹੋਈ ਹੈ। ਇਹ ਬਰੋਟਾ ਕਦੇ ਵੀ ਸੁੱਕ ਨਹੀਂ ਸਕਦਾ! ਇਹ ਹਰ ਰੰਗ ਦੀ ਹਨੇਰੀ, ਹਰ ਤੂਫਾਨ ਅੱਗੇ ਤਣੇਗਾ! ਕਿਸੇ ਵੀ ਪਾਸਿਓਂ ਫਿਰਕੂ-ਫਾਸ਼ੀਵਾਦ ਤੇ ਕੱਟੜਵਾਦ ਦਾ ਕੁਹਾੜਾ ਜਿੰਨਾ ਇਸ ਨੂੰ ਛਾਂਗਣ ਦੀ ਕੋਸ਼ਿਸ਼ ਕਰੇਗਾ, ਇਹ ਓਨਾ ਹੀ ਵਧੇਰੇ ਮੌਲੇਗਾ!

ਜੀਓ ਜਾਵੇਦ, ਜੀਓ ਆਤਿਫ!
ਜੀਵੇ ਸਾਡਾ ਪੰਜਾਬ!!
ਜੀਵੇ ਹਿੰਦੁਸਤਾਨ, ਜੀਵੇ ਪਾਕਿਸਤਾਨ!!!

# ਭਰਤੀ ਤੋਂ ਸ਼ਹੀਦ ਹੋਣ ਤੱਕ

ਸਾਡੇ ਦੇਸ਼ ਵਿਚ ਜਦ ਕਿਸੇ ਦੇ ਘਰ ਪੁੱਤ ਜਨਮ ਲੈਂਦਾ ਹੈ ਤਾਂ ਉਹਨੂੰ 'ਦਾਤ' ਕਿਹਾ ਜਾਂਦਾ ਹੈ ਤੇ ਕਈ ਕਈ ਦਿਨ ਜਸ਼ਨ ਹੁੰਦੇ ਹਨ। ਵੱਡੇ ਘਰਾਂ 'ਚ ਜਨਮ ਲੈਣ ਵਾਲੇ ਪੁੱਤ ਤਾਂ ਜੰਮਣ ਸਾਰ ਹੀ 'ਕਾਕੇ' ਬਣ ਜਾਂਦੇ ਹਨ ਤੇ ਉਨ੍ਹਾਂ ਦੇ ਜਨਮ ਦਾ ਇਕ ਜਨਮ-ਦਿਨ ਬਣ ਜਾਂਦਾ ਹੈ। ਅਜਿਹੇ ਕਾਕੇ ਲਾਇਸੰਸ ਦੀ ਉਮਰ ਤੱਕ ਪੁੱਜਣ ਤੋਂ ਪਹਿਲਾਂ ਹੀ ਵੱਡੀਆਂ ਵੱਡੀਆਂ ਗੱਡੀਆਂ ਵਿਚ ਵੱਡੇ ਵੱਡੇ ਸਪੀਕਰ ਰਖਵਾ ਕੇ 'ਸਿੱਧੂ ਮੂਸੇ ਵਾਲੇ ਦੇ ਸਾਲੇ' ਬਣ ਜਾਂਦੇ ਹਨ।



ਦੋ - ਦੋ ਕਿੱਲਿਆਂ ਵਾਲਿਆਂ ਜਾਂ ਬੇਜ਼ਮੀਨੇ ਲੋਕਾਂ ਦੇ ਪੁੱਤ ਵੀ ਜਨਮ ਲੈਂਦੇ ਹਨ, ਪਰ

**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਉਨ੍ਹਾਂ ਦੇ ਜਨਮ, ਜਨਮ-ਦਿਨ ਨਹੀਂ ਬਣਦੇ। ਉਹ ਵਿਚਾਰੇ ਸਾਇਕਲਾਂ 'ਤੇ ਭੱਸੜ ਭਨਾ ਭਨਾ ਕੇ ਜਾਂ ਰੋਡਵੇਜ਼ ਦੀਆਂ ਬੱਸਾਂ ਵਿਚ ਧੱਕੇ ਖਾ ਕੇ ਮਸਾਂ ਦਸਵੀਂ, ਪਲੱਸ ਟੂ ਤੇ ਕਈ ਵਾਰ ਬੀ. ਏ. ਪਾਰਟ ਵੰਨ ਜਾਂ ਟੂ ਕਰ ਲੈਂਦੇ ਹਨ। ਕਦੀ ਕਦੀ ਕੋਈ ਟਾਵਾਂ ਟਾਵਾਂ ਬੀ. ਏ. ਵੀ ਕਰ ਲੈਂਦਾ ਹੈ।

ਜਦ ਅੱਗੇ ਤਪੇ ਹੋਏ ਦੋਜ਼ਖ ਦੀ ਮਿਡਲ ਕਲਾਸ ਹਾਲ-ਪਾਹਰਿਆ ਸੁਣਾਈ ਦਿੰਦੀ ਹੈ ਤਾਂ ਅਜਿਹੇ ਨੌਜੁਆਨ ਚੁੱਪ-ਚਾਪ ਕਿਤੇ ਜਾ ਕੇ ਫੌਜ ਵਿਚ ਭਰਤੀ ਹੋ ਜਾਂਦੇ ਹਨ। ਕਿਸੇ ਨੂੰ ਖਾਹਮਖਾਹ ਮਰਨ ਦਾ ਚਾਅ ਵੀ ਨਹੀਂ ਹੁੰਦਾ ਤੇ ਲੂੰਬੜ ਲੀਡਰਾਂ ਦੇ ਜਾਅਲੀ ਦੇਸ਼-ਪਿਆਰ ਤੋਂ ਵੀ ਉਨ੍ਹਾਂ ਦਾ ਮਨ ਅੱਕਿਆ ਪਿਆ ਹੁੰਦਾ ਹੈ। ਰਾਜਸੀ ਰੈਲੀਆਂ ਵਿਚ ਖੁਦਗਰਜ਼ ਲੀਡਰਾਂ ਦੇ ਦੇਸ਼-ਪਿਆਰ ਦੇ ਨਾਅਰੇ ਕਿਸੇ ਨੂੰ ਨਹੀਂ ਟੁੰਬਦੇ। ਜਿਨ੍ਹਾਂ ਦੀਆਂ ਮੁਰਦਾ ਬਾਹਾਂ ਅਜਿਹੇ ਨਿਰਜਿੰਦ ਨਾਅਰਿਆਂ ਸਮੇਂ ਹੀ ਉਠਣ ਲਈ ਬਣੀਆਂ ਹਨ, ਉਹ ਕਦੀ ਨਹੀਂ ਸਮਝ ਸਕਦੇ ਕਿ ਹੁਣ ਹਰੇਕ ਇਮਾਨਦਾਰ ਤੇ ਸੰਵੇਦਨਸ਼ੀਲ ਦੇਸ਼ਵਾਸੀ ਬੇਗਾਨਗੀ ਦੇ ਆਲਮ ਵਿਚ ਜੀਂਦਾ ਹੈ।

ਪਰ ਮੈਂ ਸਮਝਦਾਂ ਕਿ ਜਦ ਕੋਈ ਜਿਵੇਂ-ਕਿਵੇਂ ਭਰਤੀ ਹੋ ਹੀ ਜਾਂਦਾ ਹੈ ਤਾਂ ਫੌਜੀ ਵਾਤਾਵਰਣ ਵਿਚ ਰਹਿੰਦਿਆਂ ਤੇ ਫੌਜੀ ਟ੍ਰੇਨਿੰਗ ਕਰਦਿਆਂ ਦੇਸ਼-ਪ੍ਰੇਮ ਅਤੇ ਜੂਝ ਮਰਨ ਦਾ ਜਜ਼ਬਾ ਅੰਦਰ ਆ ਹੀ ਜਾਂਦਾ ਹੋਵੇਗਾ। ਇੱਥੋਂ ਤੱਕ ਕਿ ਭਰਤੀ ਹੋਣ ਵਾਲੇ ਫੌਜੀ ਦੇ ਪਿੱਛੇ ਵਸਦੇ ਪਰਿਵਾਰ ਤੱਕ ਵੀ ਇਹ ਜਜ਼ਬਾ ਅਸਰ ਅੰਦਾਜ਼ ਹੋ ਜਾਂਦਾ ਹੈ। ਉਹ ਲੋਕ ਬਾਕੀ ਲੋਕਾਂ ਨਾਲੋਂ ਕੁਝ ਵੱਖਰੀ ਤਰ੍ਹਾਂ ਸੋਚਣ ਲੱਗ ਪੈਂਦੇ ਹਨ।

ਫੌਜੀ ਦਾ ਬ੍ਰੇਨ ਇਸ ਤਰ੍ਹਾਂ ਟ੍ਰੇਂਡ ਹੋ ਜਾਂਦਾ ਹੈ ਕਿ ਉਹਦੇ ਲਈ ਮਿੱਤਰ ਦਾ ਅਰਥ ਆਪਣਾ ਦੇਸ਼ ਤੇ ਦੁਸ਼ਮਣ ਦਾ ਅਰਥ ਗੁਆਂਢੀ ਦੇਸ਼ ਹੋ ਜਾਂਦਾ ਹੈ। ਕਿਸੇ ਫੌਜੀ ਦੀ ਪਤਨੀ ਤੇ ਬੱਚੇ ਆਪਣੇ ਆਪ ਨੂੰ ਦੇਸ਼ ਦੇ ਧੀ ਪੁੱਤ ਸਮਝਣ ਲੱਗ ਪੈਂਦੇ ਹਨ। ਸੱਚਮੁੱਚ ਉਹ ਦੇਸ਼ ਦੇ ਅਸਲ ਧੀ-ਪੁੱਤ ਸਦਾਉਣ ਦੇ ਹੱਕਦਾਰ ਵੀ ਹੁੰਦੇ ਹਨ।

ਜਦ ਕਿਤੇ ਦੇਸ਼ ਦੀਆਂ ਸਰਹੱਦਾਂ 'ਤੇ ਕਸ਼ਮਕਸ਼ ਹੁੰਦੀ ਹੈ ਜਾਂ ਤਣਾਅ ਵਧਦਾ ਹੈ ਤਾਂ ਦੇਸ਼ ਦੇ ਅੰਦਰ ਫੌਜੀਆਂ ਦੀਆਂ ਮਾਂਵਾਂ, ਭੈਣਾਂ ਤੇ ਪਤਨੀਆਂ ਦੇ ਦਿਲ ਗੋਤੇ ਖਾਣ ਲੱਗ ਜਾਂਦੇ ਹਨ, ਬੱਚੇ ਡੌਰ-ਭੌਰ ਹੋ ਜਾਂਦੇ ਹਨ ਅਤੇ ਬਾਪ, ਦਾਦੇ ਤੇ ਚਾਚੇ-ਤਾਏ ਗਹਿਰੀਆਂ ਸੋਚਾਂ ਵਿਚ ਉਤਰ ਜਾਂਦੇ ਹਨ। ਉਨ੍ਹਾਂ ਨੂੰ ਆਪਣੀਆਂ ਨੂੰਹਾਂ ਦੀ ਉਮਰ ਤੇ ਪੋਤੇ-ਪੋਤੀਆਂ ਦਾ ਭਵਿੱਖ ਵੱਢ ਵੱਢ ਖਾਣ ਲੱਗ ਜਾਂਦਾ ਹੈ। ਸਰਹੱਦਾਂ ਦੇ ਤਣਾਓ ਦੀ ਖਬਰ ਸੁਣਦੇ ਸਾਰ ਫੌਜੀਆਂ ਦੇ ਬਜ਼ੁਰਗ ਮਾਪੇ, ਕਹਾਣੀਕਾਰ ਕੁਲਵੰਤ ਸਿੰਘ ਵਿਰਕ ਵਾਲੇ 'ਧਰਤੀ ਹੇਠਲੇ ਬਲਦ' ਦੀ ਜੂਨ 'ਚ ਪੈ ਜਾਂਦੇ ਹਨ।

ਦਸਵੀਂ ਪਾਸ ਕਰਨ ਪਿਛੋਂ ਕਿਤੇ ਨੌਕਰੀ ਦੀ ਗੱਲ ਨਾ ਬਣਨ ਕਰਕੇ, ਮੇਰੀ ਭੂਆ ਦਾ ਪੁੱਤ ਜਦ ਫੌਜ ਵਿਚ ਭਰਤੀ ਹੋ ਗਿਆ ਤਾਂ ਪਤਾ ਲੱਗਣ 'ਤੇ ਮੇਰੀ ਮਾਂ ਦੀਆਂ ਅੱਖਾਂ 'ਚ ਉਤਰੇ ਅੱਥਰੂ ਦੇਖ ਕੇ ਮੇਰੀਆਂ ਭੈਣਾਂ ਵੀ ਰੋ ਪਈਆਂ ਸਨ। ਰੇਡੀਓ 'ਤੇ 1971 ਦੀ ਜੰਗ ਦੀਆਂ ਖਬਰਾਂ ਸੁਣ ਸੁਣ ਕੇ ਸਾਡਾ ਸਾਹ ਸੂਤਿਆ ਰਹਿੰਦਾ ਸੀ, ਪਰ ਜਦ ਉਹ ਜੰਗ ਜਿੱਤ ਕੇ ਸਾਨੂੰ ਮਿਲਣ ਆਇਆ ਤਾਂ ਅਸੀਂ ਸਾਰੇ ਏਨੇ ਖੁਸ਼ ਹੋਏ ਸਾਂ, ਜਿਵੇਂ ਸਾਡੇ ਘਰ ਰੱਬ ਉਤਰ ਆਇਆ ਹੋਵੇ। ਉਹ ਦਿਨ ਸਾਡੀ ਜ਼ਿੰਦਗੀ ਦਾ ਅਲੋਕਾਰਾ ਦਿਨ ਸੀ।

ਅਮਨ ਕੀ ਸ਼ੈਅ ਹੈ ਤੇ ਅਮਨ ਦੀ ਕੀਮਤ ਕਿਆ ਹੈ? ਇਹ ਸਿਰਫ ਫੌਜੀਆਂ ਦੇ ਪਰਿਵਾਰਾਂ ਨੂੰ ਪਤਾ ਹੁੰਦਾ ਹੈ। ਐਕਚੂਅਲ ਜੰਗ ਸਰਹੱਦਾਂ 'ਤੇ ਹੁੰਦੀ ਹੈ ਅਤੇ ਵਰਚੂਅਲ ਜੰਗ ਫੌਜੀਆਂ ਦੇ ਪਰਿਵਾਰਾਂ ਦੇ ਦਿਲਾਂ ਵਿਚ ਹੁੰਦੀ ਹੈ। ਜੰਗ ਦੇ ਦਿਨਾਂ 'ਚ ਫੌਜੀਆਂ ਦੀਆਂ ਪਤਨੀਆਂ ਤੇ ਮਾਂਵਾਂ ਦੀ ਅੱਧੀ ਅੱਧੀ ਦਿਹਾੜੀ ਗੁਰੂਆਂ ਤੇ ਪੀਰਾਂ-ਫਕੀਰਾਂ ਦੀਆਂ ਫੋਟੋਆਂ ਅੱਗੇ ਖੜ੍ਹਿਆਂ ਬਤੀਤ ਹੁੰਦੀ ਹੈ। ਜਿਵੇਂ ਮਾਂ ਹੋਣ ਤੇ ਫੌਜੀ ਦੀ ਮਾਂ ਹੋਣ 'ਚ ਬੜਾ ਫਰਕ ਹੈ, ਇਵੇਂ ਪਤਨੀ ਹੋਣ ਤੇ ਫੌਜੀ ਦੀ ਪਤਨੀ ਹੋਣ 'ਚ ਵੀ ਬਹੁਤ ਫਰਕ ਹੈ। ਇਸੇ ਤਰ੍ਹਾਂ ਫੌਜੀ ਦੇ ਬੱਚੇ, ਬਾਪ ਤੇ ਭੈਣ ਭਾਈ ਹੋਣਾ ਵੀ ਆਮ ਗੱਲ ਨਹੀਂ ਹੈ।

ਅਹਿਮਦ ਨਦੀਮ ਕਾਸਮੀ ਦਾ ਇਕ ਪਾਤਰ 'ਹੀਰੋ ਸ਼ੀਮਾ ਤੋਂ ਪਹਿਲਾਂ ਹੀਰੋ ਸ਼ੀਮਾ ਤੋਂ ਪਿੱਛੋਂ' ਵਾਲੀ ਕਹਾਣੀ ਵਿਚ ਜੰਗ ਦੀ ਹਿਰਦੇਵੇਦਕ ਗੱਲ ਦੱਸਦਾ ਹੈ, "ਮੈਂ ਇਕ ਦਿਨ ਇਕ ਲਾਸ਼ ਦੇਖੀ। ਜਰਮਨ ਸਿਪਾਹੀ ਸੀ, ਜੋ ਏਨਾ ਸੋਹਣਾ ਸੀ ਕਿ ਮੂਰਤ ਛਾਪ ਲੈਣ ਨੂੰ ਦਿਲ ਕਰਦਾ ਸੀ। ਮੈਂ ਉਹਦੀਆਂ ਜੇਬਾਂ ਫੋਲੀਆਂ ਤਾਂ ਵਿਚੋਂ ਇਕ ਸੁਨਹਿਰੀ ਵਾਲਾਂ ਦੀ ਲਿਟ ਨਿਕਲੀ ਤੇ ਕਿਸੇ ਫੁੱਲ ਦੀਆਂ ਕੁਝ ਸੁੱਕੀਆਂ ਪੱਤੀਆਂ; ਨਾਲੇ ਇਕ ਮੁਚੀ ਹੋਈ ਤਸਵੀਰ, ਇਕ ਕੁੜੀ ਦੀ। ਕੁੜੀ ਦੀਆਂ ਅੱਖਾਂ ਏਨੀਆਂ ਗੰਭੀਰ ਸਨ, ਸ਼ਮਸ਼ੇਰ, ਕਸਮ ਕੁਰਾਨ ਦੀ, ਸਾਰਾ ਜਹਾਨ ਡੁੱਬ ਕੇ ਮਰ ਜਾਏ। ਉਹਦੀਆਂ ਅੱਖਾਂ ਜਿਵੇਂ ਪੁੱਛ ਰਹੀਆਂ ਸਨ, ਕੀ ਸੱਚਮੁਚ ਤੂੰ ਵਾਪਸ ਨਹੀਂ ਆਵੇਂਗਾ?"

ਇਹ ਨੌਜਵਾਨ ਵੀ ਤਾਂ ਦੁਨੀਆਂ ਨੂੰ ਬਹੁਤ ਵੱਡੀ ਖਬਰ ਸੁਣਾਉਣ ਲਈ ਮਰਿਆ ਸੀ ਤੇ ਪਤਾ ਈ ਮੈਨੂੰ ਇਨ੍ਹਾਂ ਸਾਰੇ ਕਤਲਾਂ ਬਦਲੇ ਸੱਤ ਰੁਪਈਏ ਪੈਨਸ਼ਨ ਮਿਲੀ-ਇਹ ਸੱਤ ਠੀਕਰੀਆਂ, ਇਹ ਸੱਤ ਲਾਹਨਤਾਂ।

ਅੱਜ ਸਾਡੇ ਦੇਸ਼ ਦੇ ਵੀਹ ਪੁੱਤਰ ਸਰਹੱਦ 'ਤੇ ਮਾਰੇ ਗਏ ਹਨ, ਜਿਨ੍ਹਾਂ ਵਿਚੋਂ ਚਾਰ ਪੰਜਾਬ ਦੇ ਹਨ। ਅਖਬਾਰ ਦੱਸਦੇ ਹਨ ਕਿ ਉਹ ਗਰੀਬ ਪਰਿਵਾਰਾਂ ਨਾਲ ਸਬੰਧਤ ਸਨ ਤੇ ਜਾਹਰ ਹੈ ਕਿ ਅੰਤਾਂ ਦੀ ਮਜਬੂਰੀ ਵਿਚ ਭਰਤੀ ਹੋਏ ਹੋਣਗੇ। ਇਹ ਵੱਖਰੀ ਗੱਲ ਹੈ ਕਿ ਉਹ ਜੰਗ ਵਿਚ ਨਿਰਭੈ ਯੋਧਿਆਂ ਵਾਂਗ ਲੜੇ ਹੋਣਗੇ, ਪਰ ਮਰਨ ਸਮੇਂ ਉਨ੍ਹਾਂ ਨੂੰ ਵੀ ਆਪਣੇ ਮਾਂ ਬਾਪ, ਭੈਣ ਭਾਈ, ਬੱਚੇ ਤੇ ਆਪਣੀ ਮੁਹੱਬਤ, ਆਪਣੀ ਜਾਨ, ਆਪਣੀ ਮੰਗੇਤਰ ਜਾਂ ਆਪਣੀ ਪਤਨੀ ਦੀ ਯਾਦ ਆਈ ਹੋਵੇਗੀ। ਉਨ੍ਹਾਂ ਦੀ ਮੁੱਠੀ 'ਚੋਂ ਵੀ ਇਕ ਪਲ ਵਿਚ ਸਾਰਾ ਜਹਾਨ ਕਿਰ ਗਿਆ ਹੋਵੇਗਾ, ਦਿਲ ਦੀਆਂ ਸਧਰਾਂ, ਜ਼ਿੰਦਗੀ ਦੇ ਅਰਮਾਨ, ਮੁਹੱਬਤਾਂ ਦੇ ਸਪਨੇ ਤੇ ਨੈਣਾਂ ਦੇ ਨਕਸ਼ ਚਕਨਾਚੂਰ ਹੋ ਗਏ ਹੋਣਗੇ।

ਹੁਣ ਉਨ੍ਹਾਂ ਦਾ ਸੰਸਕਾਰ ਹੋਵੇਗਾ। ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ ਤੇ ਜੀ ਭਰਕੇ ਰਾਸ਼ਟਰੀ ਸਨਮਾਨ ਦਿੱਤਾ ਜਾਵੇਗਾ। ਕਹਿੰਦੇ ਹਨ, ਸਰਕਾਰ ਨੇ ਐਲਾਨ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਪਰਿਵਾਰ ਦੇ ਇਕ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ, ਚੰਗੀ ਗੱਲ ਹੈ।

ਕੀ ਸਰਕਾਰ ਸਿਰਫ ਕਿਸੇ ਇਕ ਜੀਅ ਨੂੰ ਚੰਦ ਛਿੱਲੜਾਂ ਦੀ ਨੌਕਰੀ ਦੇ ਕੇ ਸੁਰਖਰੂ ਹੋ ਜਾਵੇਗੀ। ਇਹਦੇ ਨਾਲੋਂ ਤਾਂ ਅੰਗਰੇਜ਼ ਚੰਗੇ ਸਨ, ਜੋ ਜੰਗ ਵਿਚ ਲੜ ਮਰਨ ਵਾਲਿਆਂ ਨੂੰ ਮੁਰੱਬਿਆਂ ਨਾਲ ਮਾਲਾਮਾਲ ਕਰ ਦਿੰਦੇ ਸਨ। ਆਪਣਾ ਬਲੀਦਾਨ ਦੇ ਕੇ, ਜੋ ਮਾਣ ਸਨਮਾਨ ਇਨ੍ਹਾਂ ਫੌਜੀ ਪੁੱਤਰਾਂ ਨੇ ਆਪਣੇ ਮੁਲਕ ਦੀ ਝੋਲੀ ਪਾਇਆ ਹੈ, ਉਹਦਾ ਮੁੱਲ ਬਸ ਏਨਾ ਹੀ?

ਇਨ੍ਹਾਂ ਚਾਰ ਯੋਧਿਆਂ ਨੇ ਹਿੰਦੁਸਤਾਨ ਦਾ ਮਾਣ ਰੱਖਿਆ ਹੈ, ਪੰਜਾਬ ਲਈ ਫਖਰ ਕਮਾਇਆ ਹੈ ਤੇ ਸਮਾਜ ਦਾ ਸਿਰ ਉਚਾ ਚੁੱਕਿਆ ਹੈ। ਇਸ ਲਈ ਸਾਡੇ ਸਮਾਜ ਤੇ ਪੰਜਾਬ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਜਜ਼ਬਾਤੀ ਨਾਅਰਿਆਂ ਤੇ ਨਖਿੱਧ ਚਾਕਰੀ ਦੀ ਥਾਂ ਘੱਟੋ ਘੱਟ ਦਸ-ਦਸ ਏਕੜ ਜ਼ਮੀਨ ਅਲਾਟ ਕਰ ਦਿੱਤੀ ਜਾਵੇ ਤਾਂ ਜੋ ਦੇਸ਼ ਦੇ ਨੌਜੁਆਨ ਆਪਣੇ ਮੁਲਕ ਨਾਲ ਜਜ਼ਬਾਤੀ ਸਾਂਝ ਪਾ ਸਕਣ ਤੇ ਲੋੜ ਪੈਣ 'ਤੇ ਜਾਨ ਕੁਰਬਾਨ ਕਰਨ ਲਈ ਤਿਆਰ ਰਹਿ ਸਕਣ।

ਕਹਿੰਦੇ ਹਨ, 1965 ਅਤੇ 1971 ਦੀ ਜੰਗ ਵਿਚ ਸਾਡੀ ਸਰਕਾਰ ਨੇ ਜੂਝ ਮਰਨ ਵਾਲੇ ਫੌਜੀਆਂ ਦੇ ਪਰਿਵਾਰਾਂ ਨੂੰ ਜ਼ਮੀਨਾਂ ਦੇਣ ਦੇ ਐਲਾਨ ਕੀਤੇ ਸਨ, ਪਰ ਪਿਛੋਂ ਉਹ ਐਲਾਨ, ਉਹ ਵਾਅਦੇ ਵਫਾ ਨਾ ਹੋ ਸਕੇ। ਹੁਣ ਉਹ ਪਾਪ ਨੁਮਾ ਗਲਤੀ ਸੁਧਾਰਨ ਦਾ ਮੌਕਾ ਹੈ। ਸਰਕਾਰ ਨੂੰ ਹੰਭਲਾ ਮਾਰਨਾ ਚਾਹੀਦਾ ਹੈ।

ਪੰਜਾਬ ਵਿਚ ਕਾਨੂੰਨੀ ਤੌਰ 'ਤੇ ਅਠਾਰਾਂ ਏਕੜ ਜ਼ਮੀਨ ਹੀ ਰੱਖੀ ਜਾ ਸਕਦੀ ਹੈ। ਜਿਨ੍ਹਾਂ ਕੋਲ ਵੀ ਗੈਰਕਨੂੰਨੀ ਤੇ ਬੇਨਾਮੀ ਵਾਧੂ ਜ਼ਮੀਨ ਹੈ, ਉਨ੍ਹਾਂ ਨੂੰ ਖੁਦ-ਬਖੁਦ ਅੱਗੇ ਆਉਣਾ ਚਾਹੀਦਾ ਹੈ ਜਾਂ ਸਰਕਾਰ ਨੂੰ ਇਹ ਮੁਹਿੰਮ ਜਾਰੀ ਕਰਨੀ ਚਾਹੀਦੀ ਹੈ। ਦੇਸ਼-ਪ੍ਰੇਮ ਵਿਚ ਜੂਝ ਮਰਨ ਦਾ ਫੌਜੀ ਜਜ਼ਬਾ ਇਸੇ ਤਰ੍ਹਾਂ ਕਾਇਮ ਰਹਿ ਸਕਦਾ ਹੈ। ਨਹੀਂ ਤਾਂ ਗਲੀ ਗਲੀ ਵਿਚ ਮਗਰਮੱਛਾਂ ਵਰਗੇ ਮੂੰਹ ਅੱਡੀ ਖੜ੍ਹੇ ਆਈਲੈਟਸ ਸੈਂਟਰ ਸਾਡੇ ਨੌਜੁਆਨ ਮੁੰਡੇ-ਕੁੜੀਆਂ ਨੂੰ ਐਵੇਂ ਹੀ ਹੜੱਪ ਜਾਣਗੇ।

# ਉਜਾੜੇ ਦੀ ਦਾਸਤਾਨ ਅਤੇ ਦੁੱਖ ਵਾਲੀ ਗੱਠੜੀ

*ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਵਿਚ 1925 ਨੂੰ ਜਨਮੇ ਕ੍ਰਿਸ਼ਨ ਖੰਨਾ ਨੇ ਪਹਿਲਾਂ ਬੰਬਈ ਅਤੇ ਫਿਰ ਵਿੰਡਸਰ (ਇੰਗਲੈਂਡ) ਵਿਚ ਕਿਆਮ ਕੀਤਾ। ਵਿੰਡਸਰ ਉਹ ਚਾਰ ਸਾਲ, 1938 ਤੋਂ ਲੈ ਕੇ 1942 ਤਕ ਇੰਪੀਰੀਅਲ ਸਰਵਿਸ ਕਾਲਜ ਵਿਚ ਪੜ੍ਹੇ। 1942 ਤੋਂ 1944 ਤਕ ਦੋ ਸਾਲ ਉਨ੍ਹਾਂ ਲਾਹੌਰ ਦੇ ਗੌਰਮਿੰਟ ਕਾਲਜ ਵਿਚ ਲਾਏ। ਫਿਰ 1946 ਤੋਂ ਲਗਾਤਾਰ 14 ਸਾਲ ਗ੍ਰਿੰਡਲੇਜ਼ ਬੈਂਕ ਵਿਚ ਨੌਕਰੀ ਕੀਤੀ ਅਤੇ 1961 ਵਿਚ ਨੌਕਰੀ ਤੋਂ ਅਸਤੀਫਾ ਦੇ ਕੇ ਪੂਰਨ ਰੂਪ ਵਿਚ ਕਲਾ ਨੂੰ ਸਮਰਪਿਤ ਹੋ ਗਏ। 1962 ਵਿਚ ਉਨ੍ਹਾਂ ਨੂੰ ਰੌਕਫੈਲਰ ਫੈਲੋਸ਼ਿਪ, 1990 ਵਿਚ ਪਦਮਸ੍ਰੀ ਅਤੇ 2011 ਵਿਚ ਪਦਮ ਭੂਸ਼ਣ ਮਿਲਿਆ। ਸ਼ਰੁਤੀ ਹਰੀਹਰਾ ਸੁਬਰਾਮਨੀਅਨ ਨੇ ਉਨ੍ਹਾਂ ਦੇ ਕਲਾ ਸਫਰ ਬਾਰੇ ਦਸਤਾਵੇਜ਼ੀ 'ਏ ਫਾਰ ਆਫਟਰਨੂਨ' ਬਣਾਈ ਹੈ। ਇਸ ਲੇਖ ਵਿਚ ਸ਼ਾਇਰ ਅਤੇ ਕਲਾ ਆਲੋਚਕ ਜਗਤਾਰਜੀਤ ਸਿੰਘ ਨੇ ਉਨ੍ਹਾਂ ਦੇ 1947 ਦੇ ਉਜਾੜੇ ਬਾਰੇ ਬਣਾਏ ਇਕ ਚਿੱਤਰ ਬਾਰੇ ਚਰਚਾ ਕੀਤੀ ਹੈ। -ਸੰਪਾਦਕ*

ਆਜ਼ਾਦੀ ਦੀ ਕੋਈ ਸੀਮਾ ਨਹੀਂ। ਦੇਸ਼, ਕਾਲ, ਹਾਲਤ ਅਨੁਸਾਰ ਆਜ਼ਾਦੀ ਦੇ ਅਰਥ ਸਦਾ ਭਿੰਨ-ਭਿੰਨ ਹੁੰਦੇ ਰਹਿਣਗੇ। ਕੀ ਇਹ ਦਿੱਤੀ ਜਾਂਦੀ ਹੈ? ਕੀ ਇਹ ਮੰਗ ਕੇ ਹਾਸਲ ਕੀਤੀ ਜਾਂਦੀ ਹੈ?

ਚਿੱਤਰਕਾਰ ਕ੍ਰਿਸ਼ਨ ਖੰਨਾ ਨੇ ਸੰਤਾਲੀ ਦੀ ਪੰਜਾਬ ਵੰਡ ਨੂੰ ਚਿੱਤ ਵਿਚ ਰੱਖ ਕੇ ਕੁਝ ਕੁ ਪੇਂਟਿੰਗਾਂ/ਲਕੀਰੀ ਖਾਕੇ ਤਿਆਰ ਕੀਤੇ। ਉਨ੍ਹਾਂ ਵਿਚੋਂ ਇਕ ਇਹ ਹੈ ਜਿਸ ਬਾਬਤ ਲਿਖਿਆ ਜਾ ਰਿਹਾ ਹੈ। ਇਹ ਪੇਂਟਿੰਗ ਕਦੋਂ ਬਣਾਈ ਗਈ, ਸਿਰਲੇਖ ਕੀ ਹੈ, ਆਕਾਰ ਕੀ ਹੈ, ਇਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋਈ। ਇਸ ਦੇ ਬਾਵਜੂਦ ਰਚਨਾ ਦਾ ਆਪਣਾ ਮਹੱਤਵ ਘਟਦਾ ਨਹੀਂ। ਇਤਿਹਾਸ ਕੁਝ ਅਜਿਹੇ ਜ਼ਖਮ ਦਿੰਦਾ ਹੈ ਜੋ ਸਦਾ ਅੱਲੇ ਰਹਿੰਦੇ ਹਨ, ਰਿਸਦੇ ਰਹਿੰਦੇ ਹਨ।

ਜਗਤਾਰਜੀਤ ਸਿੰਘ
ਫੋਨ: +91-98990-91186

ਚਿੱਤਰ ਮਾਹੌਲ ਤਾਂ ਸਿਰਜ ਰਿਹਾ ਹੈ, ਪ੍ਰਸੰਗ ਨਹੀਂ। ਪ੍ਰਸੰਗ ਨੂੰ ਜਾਣਨ ਲਈ ਇਤਿਹਾਸ ਵੱਲ ਝਾਕਣਾ ਪੈਂਦਾ ਹੈ। ਇਕ ਜਨ-ਸਮੂਹ ਸੱਜੇ ਤੋਂ ਖੱਬੇ ਵੱਲ ਵਧ ਰਿਹਾ ਹੈ ਜਿਸ ਵਿਚ ਵੱਡੀ ਉਮਰ ਵਾਲਾ ਸ਼ਖਸ, ਜਵਾਨ ਪੁਰਖ-ਇਸਤਰੀ, ਬੱਚੇ ਅਤੇ ਪਸ਼ੂ ਸ਼ਾਮਲ ਹਨ। ਮਹਿਸੂਸ ਹੁੰਦਾ ਹੈ ਕਿ ਇਹ ਡਰੇ, ਮਜਬੂਰ, ਦੁਖੀ, ਸਤਾਏ ਅਤੇ ਥੱਕੇ ਹੋਏ ਹਨ। ਇਹ ਆਪਣੇ ਜਿਹੇ ਆਪ ਹਨ ਜਿਨ੍ਹਾਂ ਨੂੰ ਧਰਵਾਸ ਦੇਣ ਵਾਲਾ ਆਸ-ਪਾਸ ਕੋਈ ਨਹੀਂ ਹੈ।

ਇਨ੍ਹਾਂ ਨੇ ਆਪਣੇ ਲਈ ਇਹ ਹਾਲਾਤ ਆਪ ਨਹੀਂ ਚੁਣੇ। ਕੋਈ ਵੀ ਆਪਣੇ ਲਈ ਦੁੱਖ ਦੀ ਚੋਣ ਨਹੀਂ ਕਰਦਾ, ਇਥੋਂ ਤਕ ਕਿ ਜਾਨਵਰ ਵੀ। ਇਹ ਜਨ-ਸਮੂਹ 'ਦੁੱਖ ਦੀ ਗੱਠੜੀ' ਪ੍ਰਤੀਤ ਹੁੰਦਾ ਹੈ।

ਕ੍ਰਿਸ਼ਨ ਖੰਨਾ ਦਾ ਜਨਮ 1925 ਵਿਚ ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਵਿਚ ਹੋਇਆ ਸੀ। ਘਰ ਪਰਿਵਾਰ ਸੌਖਾ ਸੀ। ਉਸ ਨੇ 1938 ਤੋਂ 1942 ਤਕ ਇੰਗਲੈਂਡ ਦੇ ਇੰਪੀਰੀਅਲ ਸਰਵਿਸ ਕਾਲਜ ਵਿਚ ਪੜ੍ਹਾਈ ਕੀਤੀ। ਚੰਗੀ ਸਿੱਖਿਆ ਕਾਰਨ 1946 ਵਿਚ ਗਰਿੰਡਲੇ ਬੈਂਕ ਦੀ ਨੌਕਰੀ ਮਿਲ ਗਈ। ਦੇਸ਼ ਵੰਡ ਵੇਲੇ ਸਾਰਾ ਪਰਿਵਾਰ ਸ਼ਿਮਲੇ ਆ ਠਹਿਰਿਆ। ਚੌਦਾਂ-ਪੰਦਰਾਂ ਸਾਲ ਦੀ ਨੌਕਰੀ ਬਾਅਦ ਅਸਤੀਫਾ ਦੇ ਕੇ ਸੁਤੰਤਰ ਤੌਰ ਉਪਰ ਕਲਾ-ਰਚਨਾ ਦਾ ਰਾਹ ਚੁਣ ਲਿਆ। ਕੁਝ ਸਮੇਂ ਲਈ ਕ੍ਰਿਸ਼ਨ ਖੰਨਾ ਬੰਬਈ ਵੀ ਰਿਹਾ। ਉਥੇ ਰਹਿੰਦੇ ਸਮੇਂ ਹੀ ਉਹ ਪ੍ਰੋਗਰੈਸਿਵ ਆਰਟ ਗਰੁੱਪ ਦਾ ਮੈਂਬਰ ਬਣਿਆ ਸੀ। ਵੱਡੀ ਅਤੇ ਦੁਖਾਵੀਂ ਵੰਡ ਪੰਜਾਬ ਹਿੱਸੇ ਆਈ ਸੀ। ਧਰਤੀ ਉਪਰ ਵਾਹੀ ਲਕੀਰ ਨੇ ਆਦਮੀਆਂ ਦੀਆਂ ਜ਼ਮੀਰਾਂ ਨੂੰ ਵੀ ਲਕੀਰ ਦਿੱਤਾ। ਖਿੱਚੀ ਲਕੀਰ ਨੂੰ ਪਾਰ ਕਰਨਾ ਤ੍ਰਾਸਦੀ ਜਿਊਣ ਤੋਂ ਇਲਾਵਾ ਇਸ ਨੂੰ ਹੁੰਦੇ ਹੋਏ ਦੇਖਣਾ ਵੀ ਸੀ। ਚਿੱਤਰ ਦਾ ਅੰਗ ਬਣਿਆ ਦ੍ਰਿਸ਼ ਇਸ ਦੀ ਸਾਖੀ ਭਰਦਾ ਹੈ। ਇਸ ਸਮੂਹ ਦੀ ਜੋ ਹਾਲਤ ਹੈ, ਵਿਸ਼ੇਸ਼ ਨਹੀਂ। ਜੋ ਕੁਝ ਵਿਆਪਕ ਪੱਧਰ ਉਪਰ ਵਾਪਰਿਆ, ਚਿੱਤਰ ਤਾਂ ਉਸ ਦਾ ਕਣ ਮਾਤਰ ਹੈ।

ਜੋ ਕੁਝ ਜਿਵੇਂ ਵਾਪਰਿਆ, ਉਸ ਨੂੰ ਉਵੇਂ ਨਹੀਂ ਦਿਖਾਇਆ ਗਿਆ। ਇਕ ਜ਼ਮੀਨੀ ਟੁਕੜੇ ਤੋਂ ਦੂਜੇ ਜ਼ਮੀਨੀ ਟੁਕੜੇ ਵੱਲ ਪਲਾਇਨ ਹੋਇਆ ਤਾਂ ਵੱਢ-ਟੁੱਕ ਉਸ ਦਾ ਖਾਸਾ ਰਿਹਾ। ਦ੍ਰਿਸ਼ ਉਸ ਖੂਨ-ਖਰਾਬੇ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। ਇਥੇ ਨਕਾਰਨ ਦਾ ਅਰਥ ਮੁੱਕਰਨਾ ਬਿਲਕੁਲ ਨਹੀਂ। ਕ੍ਰਿਸ਼ਨ ਖੰਨਾ ਮੌਤ ਦੀ ਬਜਾਏ ਜੀਵਨ ਨੂੰ ਤਰਜੀਹ ਦੇ ਰਿਹਾ ਹੈ। ਰੁਕਣ ਦੀ ਬਜਾਏ ਤੁਰਨ ਨੂੰ ਮਹੱਤਵ ਦਿੱਤਾ ਗਿਆ ਹੈ। ਇਹ ਕਿੱਥੋਂ ਤੁਰ, ਕਿੱਥੇ ਪਹੁੰਚੇ ਹਨ। ਤੁਰਦਿਆਂ-ਤੁਰਦਿਆਂ ਕਿੱਥੇ ਜਾ ਠਹਿਰਨਾ ਹੈ, ਪਤਾ ਨਹੀਂ। ਇਹੋ ਪਤਾ ਚੱਲ ਰਿਹਾ ਹੈ, ਸਭ ਅਗਾਂਹ ਵਧ ਰਹੇ ਹਨ। ਦਿਖਾਈ ਦੇ ਰਹੀ ਗਤੀ ਬਹੁ-ਅਰਥੀ ਹੈ।

ਭਾਰਤ ਦਾ ਅਰਥਚਾਰਾ ਕਿਸਾਨ ਕੇਂਦਰਿਤ ਹੈ। ਵੰਡ ਵੇਲੇ ਤਾਂ ਇਹ ਨਿਰਭਰਤਾ ਅੱਜ ਨਾਲੋਂ ਜ਼ਿਆਦਾ ਹੀ ਹੋਵੇਗੀ। ਚਿੱਤਰ ਵਿਚਲਾ ਪਰਿਵਾਰ ਕਿਸਾਨ ਪਰਿਵਾਰ ਹੈ। ਅਰਥਚਾਰੇ ਨਾਲ ਜੁੜੀਆਂ ਇਕਾਈਆਂ ਇਸ ਦੀ ਪੁਸ਼ਟੀ ਕਰਦੀਆਂ ਹਨ, ਜਿਵੇਂ ਮੱਝ ਅਤੇ ਬੈਲ। ਉਸ ਪਾਸੇ ਤੋਂ ਏਧਰ ਆਉਣ ਵਾਲਿਆਂ ਵਿਚ ਅਮੀਰ ਲੋਕ ਵੀ ਸਨ। ਚਿਤੇਰੇ ਨੇ ਕਿਸੇ ਵੀ ਫਰੇਮ ਵਿਚ ਉਨ੍ਹਾਂ ਲੋਕਾਂ ਨੂੰ ਥਾਂ ਨਹੀਂ ਦਿੱਤੀ।





*ਸੰਤਾਲੀ ਦੇ ਉਜਾੜੇ ਨੂੰ ਦਰਸਾਉਂਦੀ ਇਕ ਪੇਂਟਿੰਗ ਅਤੇ (ਸੱਜੇ) ਚਿੱਤਰਕਾਰ ਕ੍ਰਿਸ਼ਨ ਖੰਨਾ ਆਪਣੀ ਇਕ ਪੇਂਟਿੰਗ ਨਾਲ।*

ਰਚਨਕਾਰੀ ਦੀ ਸ਼ੈਲੀ ਉਪਰ ਚਿੱਤਰਕਾਰ ਕ੍ਰਿਸ਼ਨ ਖੰਨਾ ਦੀ ਛਾਪ ਹੈ। ਇਹ ਚਿੱਤਰ ਭਾਵੇਂ ਚਿਰ ਪੁਰਾਣਾ ਅਤੇ ਮੁੱਢਲੇ ਸਮੇਂ ਦਾ ਹੈ ਪਰ ਇਹ ਉਸ ਸ਼ੈਲੀ ਦੇ ਗੁਣ-ਲੱਛਣ ਸਾਂਭੀ ਬੈਠਾ ਹੈ ਜੋ ਬਾਅਦ ਦੇ ਪੜਾਵਾਂ ਕੰਮ ਦਾ ਹਿੱਸਾ ਬਣ ਹੋਰ ਪਰਿਪੱਕ ਹੁੰਦੀ ਹੈ। ਭਿੰਨ-ਭਿੰਨ ਰੰਗਾਂ ਨੂੰ ਵਰਤਣ ਦਾ ਅੰਦਾਜ਼ ਇਕੋ ਜਿਹਾ ਹੈ। ਇਹ ਨਹੀਂ ਕੀਤਾ ਗਿਆ ਕਿ ਇਕ ਸਪੇਸ ਹਿੱਤ ਖਾਸ ਅੰਦਾਜ਼ ਅਤੇ ਦੂਸਰੇ ਸਪੇਸ ਲਈ ਵੱਖਰਾ ਅੰਦਾਜ਼।

ਛੋਟੀ ਸਪੇਸ ਹੋਵੇ ਜਾਂ ਵੱਡੀ, ਕਿਤੇ ਵੀ ਸਪਾਟ/ਸਮਤਲ ਰੰਗ ਦੀ ਵਰਤੋਂ ਦਿਖਾਈ ਨਹੀਂ ਦਿੰਦੀ। ਉਹ ਛੋਹਾਂ ਨਾਲ ਹੀ ਆਕਾਰਾਂ, ਸ਼ਕਲਾਂ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਫੜਦਾ ਹੈ। ਇਥੇ ਲਕੀਰ ਦੀ ਮਦਦ ਲੈ ਕੇ ਇਕ ਇਕਾਈ ਨੂੰ ਦੂਜੀ ਤੋਂ ਵੱਖ ਨਹੀਂ ਕੀਤਾ ਗਿਆ।

ਆਭਾਸ ਤਾਂ ਜ਼ਮੀਨ-ਆਸਮਾਨ ਦਾ ਦਿੱਤਾ ਜਾਣਾ ਚਾਹੀਦਾ ਸੀ ਪਰ ਅਜਿਹਾ ਹੁੰਦਾ ਦਿਸ ਨਹੀਂ ਰਿਹਾ। ਪੇਂਟਰ ਨੇ ਕੈਨਵਸ ਵਿਚ ਜ਼ਮੀਨ-ਆਸਮਾਨ ਦੇ ਭੇਦ ਨੂੰ ਅਭੇਦ ਕਰ ਦਿੱਤਾ ਹੈ। ਇਹ ਵਾਪਰਨਾ ਅਨੁਚਿਤ ਨਹੀਂ। ਉਹ ਕਿਸੇ ਦ੍ਰਿਸ਼ ਨੂੰ ਨਹੀਂ ਬਣਾ ਰਿਹਾ ਜਿਥੇ ਗਹਿਰਾਈ ਦੇ ਨਾਲ-ਨਾਲ ਤਿੰਨ ਪਾਸਾਰੀ ਆਕਾਰਾਂ ਨੂੰ ਥਾਂ ਦਿੱਤੀ ਜਾਂਦੀ ਹੈ। ਚਿਤੇਰਾ ਤਾਂ ਵਾਪਰੀ ਤ੍ਰਾਸਦੀ ਨੂੰ ਰੂਪਾਂਤਰਿਤ ਕਰ ਰਿਹਾ ਹੈ ਜਿਥੇ ਸਜਾਵਟੀ ਪੱਖਾਂ ਅਤੇ ਅਕਾਦਮਿਕ ਗੁਣ-ਲੱਛਣਾਂ ਲਈ ਇਹਦੇ ਅੰਦਰ ਕੋਈ ਥਾਂ ਨਹੀਂ।

ਵੰਡ ਦੇ ਅਸਰ ਥੱਲੇ ਜੋ ਅਸਥਿਰਤਾ, ਡਰ, ਬੇਚੈਨੀ, ਅਨਿਸ਼ਚਿਤ ਭਵਿਖ ਦਾ ਮਾਹੌਲ ਬਣਿਆ ਸੀ, ਕ੍ਰਿਸ਼ਨ ਖੰਨਾ ਉਸ ਨੂੰ ਫੜਨ ਦਾ ਉਪਰਾਲਾ ਕਰ ਰਿਹਾ ਹੈ। ਅਸਥਿਰਤਾ ਰੰਗਾਂ ਦੇ ਲਗਾਏ ਜਾਣ ਤੋਂ ਸਾਫ ਝਲਕ ਰਹੀ ਹੈ ਜਿਹਤੀ ਬਾਹਰੀ ਮਾਹੌਲ ਵਿਚ ਹੀ ਨਹੀਂ ਸਗੋਂ ਆਦਮੀਆਂ, ਔਰਤ, ਬੱਚਿਆਂ ਤੋਂ ਇਲਾਵਾ ਜਾਨਵਰਾਂ ਦੇ ਸਰੀਰਾਂ ਅੰਦਰ ਵੀ ਤਾਰੀ ਹੈ।

ਇਹ ਡਰ ਹੀ ਸੀ ਜਿਸ ਕਾਰਨ ਰਸੇ-ਵਸੇ ਲੋਕਾਂ ਨੂੰ ਆਪਣੇ ਘਰ ਤਿਆਗਣ ਲਈ ਮਜਬੂਰ ਹੋਣਾ ਪਿਆ। ਇਹ ਵਿਚਾਰ ਇਕ ਪਰਿਵਾਰ ਜਾਂ ਇਕ ਪਿੰਡ ਤਕ ਸੀਮਤ ਨਹੀਂ ਸੀ। ਬੇਚੈਨੀ, ਬੇਆਰਾਮੀ ਕਾਫਲਿਆਂ ਸੰਗ ਤੁਰਨ ਵਿਲਆਂ ਦੇ ਅੰਗ-ਸੰਗ ਰਹੀ। ਜੋ ਵਾਪਰਿਆ, ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਸ ਵੱਲ ਸ਼ਬਦਾਂ, ਰੰਗਾਂ-ਲਕੀਰਾਂ ਰਾਹੀਂ ਸੰਕੇਤ ਕੀਤਾ ਜਾ ਸਕਦਾ ਹੈ ਤਾਂ ਕਿ ਪੜ੍ਹਨ-ਦੇਖਣ ਵਾਲੇ ਦੇ ਮਨ ਅੰਦਰ ਸੰਵੇਦਨਾ ਘਰ ਕਰ ਸਕੇ।

ਘਰਾਂ ਦਾ ਤਿਆਗ ਕਰਨ ਵਾਲੇ ਪਰਿਵਾਰ ਦਾ ਮੋਹਰੀ ਇਕ ਬਜ਼ੁਰਗ ਸਿੱਖ ਹੈ ਜਿਸ ਦੇ ਸਿਰ ਪੱਗ ਬੱਝੀ ਹੈ ਅਤੇ ਖੁੱਲ੍ਹਾ ਸਫੈਦ ਦਾਹੜਾ ਹੈ। ਕੱਦ ਪੱਖੋਂ ਉਹ ਸਭ ਤੋਂ ਉਚੇਰਾ ਹੈ। ਚਿੱਤਰ ਵਿੱਦਿਆ ਅਨੁਸਾਰ ਨੇੜੇ ਦੀ ਵਸਤੂ ਵੱਡੀ ਅਤੇ ਦੂਰ ਦੀ ਵਸਤੂ ਆਕਾਰ ਵਿਚ ਛੋਟੀ ਲੱਗੇਗੀ ਪਰ ਇਥੇ ਬਜ਼ੁਰਗ ਪਰ੍ਹਾਂ ਹੋਣ ਦੇ ਬਾਵਜੂਦ ਉਚਾ ਹੈ। ਇਹ ਉਸ ਦੀ ਕੱਦ-ਕਾਠੀ ਤੋਂ ਇਲਾਵਾ ਉਸ ਦੇ ਹੌਸਲੇ ਨੂੰ ਵੀ ਬਿਆਨਦਾ ਹੈ। ਉਹ ਅਗੇਰੇ ਹੈ ਅਤੇ ਉਸ ਨੇ ਆਪਣੇ ਉਚੇ ਚੁੱਕੇ ਸੱਜੇ ਹੱਥ ਲਾਲਟੈਣ ਫੜੀ ਹੋਈ ਹੈ। ਲਾਲਟੈਣ ਬੁਝੀ ਹੋਈ ਨਹੀਂ, ਬਲ ਰਹੀ ਹੈ। ਲੋਅ ਉਸ ਦੇ ਆਲੇ-ਦੁਆਲੇ ਫੈਲ ਕੇ ਦਮ ਤੋੜਦੀ ਲੱਗਦੀ ਹੈ। ਇਹ ਸੰਕੇਤ ਹੈ, ਸਮਾਂ ਦਿਨ ਦਾ ਨਹੀਂ। ਰਾਤ ਵੇਲੇ ਵੀ ਤੁਰੀ ਜਾਣਾ ਹਾਲਾਤ ਨੂੰ ਦੁਖਦਾਈ ਬਣਾ ਰਿਹਾ ਹੈ। ਕੀ ਲਾਲਟੈਣ ਨੂੰ ਚਿਤੇਰੇ ਨੇ ਪ੍ਰਤੀਕ ਰੂਪ ਵਿਚ ਲਿਆ ਹੈ? ਕੀ ਇਹ ਰਾਹ ਦਸੇਰੀ ਕਹੀ ਜਾ ਸਕਦੀ ਹੈ? ਲੋਅ ਦੀ ਮਾੜਚੂ ਜਿਹੀ ਹੋਂਦ ਨੂੰ ਕੀ ਸਿੱਖ ਪਰਿਵਾਰ ਲਈ 'ਉਜਲ ਭਵਿਖ' ਦੀ ਸੰਗਿਆ ਦਿੱਤਾ ਜਾ ਸਕਦੀ ਹੈ? ਭਵਿਖ ਦੀ ਵਿਸ਼ੇਸ਼ਤਾ ਹੈ ਕਿ ਇਸ ਨੂੰ ਸਮੇਂ ਤੋਂ ਪਹਿਲਾਂ ਨਹੀਂ ਜਾਣਿਆ ਜਾ ਸਕਦਾ। ਬਜ਼ੁਰਗ ਦੇ ਪਿੱਛਿਓਂ ਇਕ ਹੋਰ ਹੱਥ ਦਿਖਾਈ ਦੇ ਰਿਹਾ ਹੈ ਜਿਸ ਨੇ ਮਜ਼ਬੂਤੀ ਨਾਲ ਡੰਡਾ ਫੜਿਆ ਹੋਇਆ ਹੈ। ਪਰਿਵਾਰ ਦੇ ਨਾਲ ਡੰਗਰ ਵੀ ਹਨ। ਡੰਗਰਾਂ ਤੋਂ ਉਹਲੇ ਪਾਸੇ ਔਰਤ ਦਾ ਆਕਾਰ ਹੈ। ਸਰੀਰ ਨੂੰ ਆਦਰਸ਼ ਰੂਪ ਅਨੁਸਾਰ ਨਹੀਂ ਚਿਤਰਿਆ।

ਅਸਲ ਵਿਚ ਔਰਤ ਦਾ ਚਿਹਰਾ ਅਤੇ ਸਰੀਰ, ਅਸਪਸ਼ਟ ਹੁੰਦਿਆਂ ਵੀ ਹਾਲਾਤ ਦੀ ਬਹੁਤ ਸਪਸ਼ਟ ਬਿਆਨੀ ਕਰ ਰਿਹਾ ਹੈ। ਉਹ ਪਰਿਵਾਰ ਦਾ ਹਿੱਸਾ ਹੈ, ਪਰਿਵਾਰ ਨੂੰ ਜੋੜ ਕੇ ਰੱਖਣ ਤੋਂ ਇਲਾਵਾ ਪੇਂਟਿੰਗ ਵਿਚ ਦਿਸ ਰਹੇ ਬੱਚਿਆਂ ਦੀ ਮਾਂ ਵੀ ਹੈ। ਉਸ ਦੇ ਕੁੱਛੜ ਬੱਚਾ ਹੈ। ਦੂਸਰੇ ਪਾਸੇ ਸੱਜੀ ਬਾਂਹ ਦੇ ਕਲਾਵੇ ਵਿਚ ਦਰਮਿਆਨੇ ਆਕਾਰ ਦਾ ਭਾਂਡਾ ਹੈ। ਇਹਦੇ ਪਿੱਛੇ ਵਸਤਰਾਂ ਨੂੰ ਫੜੀ ਕੁੜੀ ਚੱਲ ਰਹੀ ਹੈ। ਕੁੜੀ ਦਾ ਖੁੱਲ੍ਹਾ ਮੂੰਹ ਉਸ ਦੇ ਆਪਣੇ ਦਰਦ ਦੇ ਨਾਲ ਸਫਰ ਦੌਰਾਨ ਨਿਰੰਤਰ ਇਕੱਤਰ ਹੋ ਰਹੀ ਪੀੜ ਦਾ ਲਖਾਇਕ ਹੈ। ਮਾਂ ਦੇ ਅੱਗੇ-ਅੱਗੇ ਤੁਰ ਰਿਹਾ ਬਾਲਕ ਉਰਜਾਵੰਤ ਲੱਗਦਾ ਹੈ। ਇਸ ਦੇ ਨਾਲ-ਨਾਲ ਕੁੱਤਾ ਚੱਲ ਰਿਹਾ ਹੈ। ਇਹ ਮੋਟਿਫ ਪਰਿਵਾਰ ਬਾਹਰਾ ਹੈ ਜਾਂ ਇਸ ਦਾ ਅੰਗ? ਜੇ ਪਰਿਵਾਰ ਦਾ ਹੀ ਅੰਗ ਹੈ ਤਾਂ ਇਹ ਜਮ੍ਹਾਂ ਆਕਾਰ ਚਿਤੇਰੇ ਦੀ ਵਧੀ ਕਲਪਨਾ ਹੈ ਕਿਉਂਕਿ ਉਹ ਖੁਦ ਖਾਂਦੇ-ਪੀਂਦੇ ਪਰਿਵਾਰ ਵਿਚੋਂ ਸੀ।

ਡੰਗਰਾਂ ਦੇ ਦੂਜੇ ਪਾਸੇ ਵੱਲ ਇਕ ਸ਼ਖਸ ਦੇ ਮੋਢਿਆਂ ਉਪਰ ਬੈਠਾ ਇਕ ਬੱਚਾ ਸੌਂ ਰਿਹਾ ਹੈ। ਠੀਕ ਇਸ ਦੇ ਪਿੱਛੇ ਵਾਲੇ ਆਕਾਰ ਸਿਰ ਵੱਡਾ ਬਰਤਨ ਨਜ਼ਰੀਂ ਆ ਰਿਹਾ ਹੈ।

ਪੇਂਟਿੰਗ ਵਿਚ ਕੁੱਲ ਨੌਂ ਕਿਰਦਾਰ ਹਨ ਜਿਨ੍ਹਾਂ ਦੀ ਉਮਰ ਦਾ ਪਸਾਰ ਕੁੱਛੜ ਚੁੱਕੇ ਬੱਚੇ ਤੋਂ ਲੈ ਕੇ ਬਜ਼ੁਰਗ ਸਿੱਖ ਤੱਕ ਹੈ। ਇਨ੍ਹਾਂ ਕਿਰਦਾਰਾਂ ਦਾ ਸਾਥ ਦੇਣ ਵਾਲੇ ਤਿੰਨ ਜਾਨਵਰ ਵੀ ਹਨ। ਕੈਨਵਸ ਸਪੇਸ ਨੂੰ ਧਿਆਨ ਵਿਚ ਰੱਖਦਿਆਂ ਕਹਿ ਸਕਦੇ ਹਾਂ ਕਿ ਹਰ ਕੋਈ ਇਕ-ਦੂਜੇ ਦੇ ਬਹੁਤ ਕਰੀਬ ਹੈ। ਆਪਣੇ ਬੀਤੇ ਜੀਵਨ ਵਿਚ ਸ਼ਾਇਦ ਹੀ ਕੋਈ ਏਨੀ ਨੇੜੇ ਹੋ ਕੇ ਆਪਣੇ ਪਰਿਵਾਰ ਦੇ ਜੀਆਂ ਸੰਗ ਬੈਠਾ ਹੋਵੇ। ਅਚਾਨਕ ਵਾਪਰੇ ਸੰਕਟ ਨੇ ਸਭ ਨੂੰ ਇਕ-ਦੂਜੇ ਦੇ ਕਰੀਬ ਤਾਂ ਲਿਆ ਦਿੱਤਾ ਪਰ ਵਿਡੰਬਨਾ ਇਹ ਹੈ ਕਿ ਕੋਈ ਵੀ ਦੂਜੇ ਨੂੰ ਨਹੀਂ ਦੇਖ ਰਿਹਾ। ਮਾਂ ਦਾ ਆਪਣੇ ਬੱਚੇ ਪ੍ਰਤੀ ਝੁਕਾਅ ਅਤਿ ਸਨੇਹ ਦਾ ਹੁੰਦਾ ਹੈ। ਦੇਖਣਾ ਅਤੇ ਛੋਹ ਦੋ ਮੁੱਖ ਲੱਛਣ ਹਨ ਜਿਨ੍ਹਾਂ ਰਾਹੀਂ ਮਾਂ-ਬੱਚੇ ਦਰਮਿਆਨ ਸੰਵਾਦ ਬਣਿਆ ਰਹਿੰਦਾ ਹੈ। ਪੇਂਟਿੰਗ ਵਿਚ ਅਜਿਹਾ ਕੁਝ ਨਹੀਂ ਹੈ।

ਘਰ ਛੱਡਣ ਦਾ ਫੈਸਲਾ ਸੋਚਿਆ-ਵਿਚਾਰਿਆ ਨਹੀਂ ਸੀ। ਅਚਨਚੇਤ ਫੈਸਲੇ ਪਿੱਛੇ ਧਰਵਾਸ ਸੀ ਕਿ ਵਿਛੋੜਾ ਥੋੜ੍ਹ-ਚਿਰਾ ਹੈ। ਆਪਣੇ ਮੂਲ ਵੱਲ ਪਰਤ ਆਉਣ ਦੀ ਉਮੀਦ ਨਾਲ ਅਨੇਕਾਂ ਲੋਕਾਂ ਨੇ ਖੁੱਲ੍ਹੇ ਘਰਾਂ ਨੂੰ ਛੱਡ ਦਿੱਤਾ ਸੀ। ਜੋ ਹੱਥ ਆਇਆ, ਉਸ ਨੂੰ ਲੈ ਉਹ ਘਰੋਂ ਨਿਕਲ ਤੁਰੇ ਸਨ। ਇਸ ਪਰਿਵਾਰ ਪਾਸ ਜੋ ਹੈ, ਇਸ ਗੱਲ ਦੀ ਤਸਦੀਕ ਹੈ।

ਚਿੱਤਰਕਾਰ ਨੇ ਚਿੱਤਰ ਰਚਨਾ ਵਾਪਰ ਚੁੱਕੇ ਹਾਦਸੇ ਤੋਂ ਵਰ੍ਹਿਆਂ ਬਾਅਦ ਕੀਤੀ। ਘਰਾਂ ਨੂੰ ਤਿਆਗਣ ਸਮੇਂ ਲੋਕਾਂ ਦੀ ਜੋ ਮਾਨਸਿਕਤਾ ਸੀ, ਸਮਾਂ ਗੁਜ਼ਰਨ ਨਾਲ ਉਸ ਵਿਚ ਤਬਦੀਲੀ ਆਈ। ਮੁੜ ਉਥੇ ਜਾ ਕੇ ਰਹਿਣਾ ਤਾਂ ਇਕ ਪਾਸੇ ਉਸ ਦਾ ਖਿਆਲ ਕਰਨਾ ਵੀ ਦੁਸ਼ਵਾਰ ਲੱਗਣ ਲੱਗਾ। ਕ੍ਰਿਸ਼ਨ ਖੰਨਾ ਇਸ ਵਿਚਾਰ ਨੂੰ ਕੈਨਵਸ ਉਪਰ ਉਤਾਰ ਰਿਹਾ ਹੈ। ਹਰ ਇਕ ਪਾਤਰ ਦਾ ਚਿਹਰਾ ਅੱਗੇ ਵੱਲ ਹੈ। ਕੋਈ ਵੀ ਪਿਛਾਂਹ ਵੱਲ ਸਿਰ ਘੁਮਾ ਨਹੀਂ ਦੇਖ ਰਿਹਾ। ਆਪਣੇ ਮੂਲ ਘਰ ਤਕ ਨਾ ਪਹੁੰਚ ਸਕਣ ਦੀ ਆਸ ਹਰ ਰਿਫਿਊਜੀ ਦੇ ਜੀਵਨ ਦਾ ਅੰਗ ਬਣ ਗਈ।

ਜੇ ਰੰਗਾਂ ਵੱਲ ਦੇਖੀਏ ਤਾਂ ਸਾਨੂੰ ਨੀਲੇ ਰੰਗ ਦੀ ਪ੍ਰਮੁੱਖਤਾ ਮਿਲਦੀ ਹੈ। ਵਿਚ-ਵਿਚਾਲੇ ਗੁਲਾਬੀ, ਸਫੈਦ, ਗੂੜ੍ਹੇ ਜਾਂ ਹਲਕੇ ਮਟਿਆਲੇ ਦਾ ਦਖਲ ਹੈ। ਹਰ ਇਕ ਰੰਗ ਨੂੰ ਵਰਤਦੇ ਸਮੇਂ ਉਸ ਦਾ ਵਖਰੇਵਾਂ ਕਾਇਮ ਰੱਖਿਆ ਹੈ। ਥੱਲੜਾ ਸੱਜੇ ਵੱਲ ਦਾ ਹਿੱਸਾ ਗੂੜ੍ਹਾ ਹੈ। ਜਿਵੇਂ-ਜਿਵੇਂ ਉਪਰ ਨੂੰ ਤੁਰਦੇ ਹਾਂ, ਉਜਲਾਪਣ ਨਜ਼ਰੀਂ ਪੈਂਦਾ ਹੈ।

ਸੰਕਟ ਨੂੰ ਉਭਾਰਨ ਵਾਲਾ ਚਿੱਤਰ ਸਮਾਜ ਵਿਚ ਰੂੜ ਹੋ ਚੁੱਕੇ ਵਿਹਾਰ ਨੂੰ ਅੱਖੋਂ-ਪਰੋਖੇ ਨਹੀਂ ਕਰਦਾ। ਇਹ ਅਚੇਤ ਹੋਇਆ ਹੈ ਜਾਂ ਸੁਚੇਤ, ਬਜ਼ੁਰਗ (ਸਹੁਰਾ) ਅਤੇ ਔਰਤ (ਨੂੰਹ) ਇਕੋ ਪਰਿਵਾਰ ਨਾਲ ਸਬੰਧਿਤ ਹੋਣ ਦੇ ਬਾਵਜੂਦ ਸਮਾਜਿਕ ਨੇਮਾਂ ਤੋਂ ਬਾਹਰ ਨਹੀਂ ਜਾ ਸਕਦੇ। ਸੁਖ ਦਾ ਸਮਾਂ ਲੰਘ ਰਿਹਾ ਹੋਵੇ ਜਾਂ ਦੁੱਖ ਦਾ ਵੇਲਾ ਹੋਵੇ। ਦੋਹਾਂ ਸਮਿਆਂ 'ਤੇ ਵਿੱਥ ਅਤੇ ਪਰਦੇ ਦਾ ਖਿਆਲ ਰੱਖਿਆ ਜਾਂਦਾ ਸੀ। ਸਹੁਰਾ ਅੱਗੇ ਹੈ ਅਤੇ ਨੂੰਹ ਥੋੜ੍ਹਾ ਪਿੱਛੇ। ਇਸ ਤੋਂ ਇਲਾਵਾ ਪਸ਼ੂਆਂ ਦੀ ਮੌਜੂਦਗੀ ਦੋਹਾਂ ਵਿਚਲੀ ਵਿੱਥ ਵਧਾ ਰਹੀ ਹੈ। ਚਿਤੇਰਾ ਇਥੇ ਰੁਕਦਾ ਨਹੀਂ, ਅਗਾਂਹ ਤੁਰਦਾ ਹੋਇਆ ਇਹ ਦਿਖਾਉਂਦਾ ਹੈ ਕਿ ਨੂੰਹ ਨੇ ਆਪਣਾ ਸਿਰ ਹੀ ਨਹੀਂ ਢਕਿਆ ਹੋਇਆ ਸਗੋਂ ਪਰਦਾ ਵੀ ਕੀਤਾ ਹੋਇਆ ਹੈ। ਇਹ ਤਤਕਾਲੀ ਸਮੇਂ ਦਾ ਵਿਹਾਰ ਸੀ ਕਿ ਵਡੇਰਿਆਂ ਸਾਹਮਣੇ ਨੂੰਹਾਂ-ਧੀਆਂ ਨੰਗੇ ਸਿਰ ਨਹੀਂ ਆਉਂਦੀਆਂ ਸਨ।

ਔਰਤ ਦਾ ਲਿਬਾਸ ਵੀ ਵਿਸ਼ੇਸ਼ ਹੈ। ਸਿਰ ਗੁਲਾਬੀ ਚੁੰਨੀ, ਗਲ ਨੀਲੀ ਕੁੜਤੀ ਅਤੇ ਤੇੜ ਗੂੜ੍ਹੇ ਨੀਲੇ ਰੰਗ ਦਾ ਘੱਗਰਾ। ਆਪਣੀ ਮਾਂ ਨੂੰ ਫੜੀ ਤੁਰ ਰਹੀ ਬੱਚੀ ਦੇ ਅਣਵਾਹੇ ਕੇਸ ਕੰਡਿਆਂ ਵਾਂਗ ਪ੍ਰਤੀਤ ਹੋ ਰਹੇ ਹਨ।

ਕਰੋੜਾਂ ਹੀ ਲੋਕ ਖਿੱਚੀ ਲਕੀਰ ਨੂੰ ਪਾਰ ਕਰਕੇ ਏਧਰ-ਓਧਰ ਹੋਏ, ਇਹ ਵਿਚਾਰ ਕੇ ਕਿ ਜਿੱਥੇ ਪਹੁੰਚਾਂਗੇ, ਉਥੇ ਚੈਨ ਨਾਲ ਰਹਾਂਗੇ ਪਰ ਹਾਕਮ ਜਮਾਤ ਦੇ ਮਨਸੂਬੇ ਪੀੜਤ ਧਿਰ ਦੇ ਅਨੁਕੂਲ ਕਦੇ ਨਹੀਂ ਹੁੰਦੇ।

## ਵਣਜਾਰਾ

### ਮਿਨੀ ਕਹਾਣੀ

ਗਲੀ ਵਿਚੋਂ ਵਣਜਾਰਾ ਚੂੜੀਆਂ ਨਾਲ ਭਰਿਆ ਝੋਲਾ ਮੋਢੇ 'ਤੇ ਰੱਖੀ ਜਾ ਰਿਹਾ ਸੀ। ਝੋਲੇ ਵਿਚੋਂ ਦੀ ਰੰਗ ਬਿਰੰਗੀਆਂ ਚੂੜੀਆਂ ਲਿਸ਼ਕਾਂ ਮਾਰ ਰਹੀਆਂ ਸਨ। ਵਣਜਾਰੇ ਨੇ ਘਰ ਦੇ ਬਾਹਰ ਖੜ੍ਹ ਹਾਕ ਮਾਰੀ, "ਚੂੜੀਆਂ ਚੜਾ ਲਓ ਭਾਈ...।"

ਇੰਨੇ ਨੂੰ ਨਿੰਦੀ ਦੀ ਭਾਬੀ ਵੀ ਉਥੇ ਆ ਗਈ ਤੇ ਕਹਿੰਦੀ, ਨੀ ਆ ਜਾ ਪਈ ਚੂੜੀਆਂ ਚੜਾਈਏ। ਉਨ੍ਹਾਂ ਵਣਜਾਰੇ ਨੂੰ ਦਰਵਾਜੇ ਵਿਚ ਹੀ ਬਿਠਾ ਲਿਆ ਤੇ ਵਣਜਾਰਾ ਝੋਲੇ ਵਿਚੋਂ ਕੱਢ ਕੱਢ ਕੇ ਨਵੀਆਂ ਨਵੀਆਂ ਰੰਗ ਬਿਰੰਗੀਆਂ ਚੂੜੀਆਂ ਦਿਖਾਉਣ ਲੱਗ ਪਿਆ।

ਨਿੰਦੀ ਵਣਜਾਰੇ ਦਾ ਝੋਲਾ ਫਰੋਲਣ ਲੱਗ ਪਈ ਤੇ ਆਪਣੇ ਲਈ ਚੂੜੀਆਂ ਪਸੰਦ ਕਰਨ ਲੱਗੀ। ਉਸ ਦੀ ਭਾਬੀ ਨੇ ਹਰੀਆਂ ਚੂੜੀਆਂ ਪਸੰਦ ਕੀਤੀਆਂ, ਵਣਜਾਰਾ ਉਹਦੀਆਂ ਬਾਹਾਂ ਵਿਚ ਚੂੜੀਆਂ ਚੜਾਉਣ ਲੱਗ ਪਿਆ। ਉਸ ਦੀਆਂ ਗੋਰੀਆਂ ਬਾਹਾਂ ਵਿਚ ਚੂੜੀਆਂ ਬੇਹੱਦ ਸੋਹਣੀਆਂ ਲੱਗ ਰਹੀਆਂ ਸਨ। ਨਿੰਦੀ ਨੇ ਨੀਲੀਆਂ ਚੂੜੀਆਂ ਪਸੰਦ ਕਰ ਲਈਆਂ ਤੇ ਵਣਜਾਰੇ ਅੱਗੇ ਬਾਂਹ ਕਰ ਚੂੜੀਆਂ ਚੜਾਉਣ ਲਈ ਆਖਣ ਲੱਗ ਪਈ।

ਨਿੰਦੀ ਦਾ ਮੰਗਣਾ ਨਾਲ ਦੇ ਪਿੰਡ ਦੇ ਪਾਲੀ ਨਾਮ ਦੇ ਲੜਕੇ ਨਾਲ ਹੋਇਆ ਸੀ। ਵਣਜਾਰੇ ਨੇ ਦੋ-ਦੋ, ਚਾਰ-ਚਾਰ ਕਰਕੇ ਚੂੜੀਆਂ ਚੜਾ ਦਿੱਤੀਆਂ। ਨਿੰਦੀ ਦੇ ਸੱਜੇ ਹੱਥ ਵਿਚ ਚੂੜੀਆਂ ਜਰਾ ਤੰਗ ਸਨ। ਵਣਜਾਰਾ ਨਿੰਦੀ ਦੇ ਅੰਗੂਠੇ ਦੀ ਹੱਡੀ ਨੂੰ ਮਸਲ ਕੇ ਚੂੜੀਆਂ ਚੜਾਉਣ ਲੱਗ ਪਿਆ।

ਤਦ ਨਿੰਦੀ ਦੇ ਮਨ ਖਿਆਲ ਆਇਆ ਕਿ ਜੇ ਭਲਾ ਚੂੜੀ ਮੇਰੇ ਹੱਥ ਵਿਚ ਟੁੱਟ ਪਵੇ, ਤਾਂ? ਉਸ ਦੇ ਕਲੇਜੇ ਨੂੰ ਧੱਕਾ ਜਿਹਾ ਲੱਗਾ। ਹਾਏ ਕਿੰਨਾ ਮਾੜਾ ਸ਼ਗਨ ਹੈ। 'ਮੇਰੇ ਮਨ ਵਿਚ ਇੰਨਾ ਮਾੜਾ ਖਿਆਲ ਕਿਉਂ ਆਇਆ?' ਅਤੇ ਉਹ ਮਨ ਹੀ ਮਨ ਰੱਬ ਅੱਗੇ ਅਰਦਾਸ ਕਰਨ ਲੱਗ ਪਈ ਤੇ ਆਪਣੇ ਸੱਜੇ ਹੱਥ ਨੂੰ ਫਿਟਕਾਰ ਭਰੀ ਨਜ਼ਰ ਨਾਲ ਵੇਖਣ ਲੱਗ ਪਈ। ਵਣਜਾਰੇ ਨੂੰ ਕੁਝ ਦਾਣੇ ਪਾ ਦਿੱਤੇ ਤੇ ਉਹ ਉਥੋਂ ਚਲਾ ਗਿਆ।

ਤਦ ਉਸ ਆਖਿਆ, ਸਾਈਆਂ! ਮੇਰਾ ਮੰਗੇਤਰ ਜੁਗ ਜੁਗ ਜੀਵੇ, ਲੱਖ ਸੁ ਵਰਿਆ ਹੋਵੇ। ਤੇ ਰਾਤ ਭਰ ਨਿੰਦੀ ਚੂੜੀਆਂ ਲੱਦੀ ਬਾਂਹ ਨੂੰ ਪਲੋਸਦੀ ਚੰਨ-ਤਾਰਿਆਂ ਵਿਚ ਆਪਣੇ ਪਾਲੀ ਨੂੰ ਭਾਲਦੀ ਰਹੀ।

*-ਮਨਪ੍ਰੀਤ ਕੌਰ ਸੰਧੂ*
*ਫੋਨ: 91-88724-60836*

# ਬਚਪਨ ਦੀਆਂ ਬੇਤਰਤੀਬੀਆਂ ਅਤੇ ਪਿੰਡ

## ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਸਾਡੇ ਘਰ ਪਾਣੀ ਪਾਉਣ ਵਾਲੀਆਂ ਮਿੱਟੀ ਦੀਆਂ ਝੱਜਰਾਂ ਕਾਫੀ ਸਨ। ਇੱਕ ਵਾਰ ਤਾਇਆ ਫਿਰੋਜ਼ਪੁਰ ਫਸਲ ਵੇਚਣ ਗਿਆ ਇੱਕ ਕੁੰਨਾ ਲੈ ਆਇਆ। ਉਹਦੇ ਵਿਚ ਸਵੇਰ ਦਾ ਪਾਇਆ ਪਾਣੀ ਆਥਣ ਤੀਕ ਠੰਢਾ ਰਹਿੰਦਾ। (ਬਾਅਦ 'ਚ ਉਹੋ ਜਿਹੇ ਕੁੰਨੇ ਮੈਂ ਫੌਜੀਆਂ ਕੋਲ ਉਦੋਂ ਦੇਖੇ, ਜਦੋਂ ਫੌਜੀ ਸਾਡੇ ਸਕੂਲੇ ਆਣ ਕੇ ਤੰਬੂ ਗੱਡਦੇ ਤੇ ਕਈ-ਕਈ ਦਿਨ ਟਿਕਾਣਾ ਕਰਦੇ) ਮਿੱਟੀ ਦੀਆਂ ਝੱਜਰਾਂ ਘਰੋਂ ਸਵੇਰੇ ਖੇਤ ਨੂੰ ਖਾਲੀ ਜਾਂਦੀਆਂ ਅਤੇ ਆਥਣੇ ਵਾਪਸੀ ਵੇਲੇ ਤਾਇਆ ਤੇ ਮੇਰਾ ਪਿਤਾ ਰਾਹ 'ਚ ਆਉਂਦੇ ਟਾਂਵੇ-ਟਾਂਵੇ ਨਲਕਿਆਂ ਜਾਂ ਕਿਸੇ ਟਿਊਬਵੈਲ ਤੋਂ ਭਰ ਲਿਆਉਂਦੇ। ਦਾਦਾ ਇਨ੍ਹਾਂ ਝੱਜਰਾਂ 'ਚੋਂ ਆਪਣੇ ਲਈ ਪਿੱਤਲ ਦੀ ਵੱਡੀ ਗੜਬੀ ਭਰ ਕੇ ਸਿਰਹਾਣੇ ਰੱਖ ਲੈਂਦਾ ਤੇ ਦੋ ਦਿਨ ਉਹਦੀ ਗੜਬੀ 'ਚੋਂ ਪਾਣੀ ਨਾ ਮੁੱਕਦਾ। ਆਥਣੇ ਸਾਰਾ ਟੱਬਰ ਖੂਹੀ ਤੋਂ ਪਾਣੀ ਖਿੱਚ ਕੇ ਇਸ਼ਨਾਨ ਕਰਦਾ। ਬੁੜ੍ਹੀਆਂ ਮੰਜੇ ਖੜ੍ਹੇ ਕਰ ਕੇ ਉਤੇ ਚਾਦਰ ਸੁੱਟ ਕੇ ਉਹਲਾ ਕਰ ਕੇ ਨਹਾਉਂਦੀਆਂ। ਗੁਸਲਖਾਨੇ ਕਦੋਂ ਹੁੰਦੇ ਸਨ! ਬੰਦੇ ਤੇੜ ਪਰਨਾ ਵਲ ਕੇ ਕੱਚੇ ਵਿਹੜੇ 'ਚ ਨਹਾਉਂਦੇ, ਦੋ ਕਾਰਜ ਹੋ ਜਾਂਦੇ, ਮੰਜੇ ਡਾਹੁੰਣ ਵਾਲੀ ਥਾਂਵੇਂ ਪਾਣੀ ਦਾ ਛਿੜਕਾਓ ਵੀ ਹੋ ਜਾਂਦਾ। ਉਸੇ ਛਿੜਕਾਓ 'ਤੇ ਇਕਸਾਰ ਮੰਜੇ ਡਾਹੇ ਜਾਂਦੇ, ਜਿੱਥੇ ਸਾਰੇ ਇਕੱਠੇ ਹੋ ਕੇ ਸੌਂਦੇ। ਪੇਂਡੂ ਲੋਕ ਵੇਲੇ ਨਾਲ ਹੀ, ਸਾਢੇ ਕੁ ਸੱਤ ਵਜਦੇ ਨੂੰ ਰੋਟੀ-ਟੁੱਕ ਤੋਂ ਵਿਹਲੇ ਹੋ ਮੰਜੇ ਮੱਲ ਲੈਂਦੇ। ਜੇ ਕੋਈ ਪ੍ਰਾਹੁਣਾ ਵੀ ਆਇਆ ਹੁੰਦਾ ਤਾਂ ਮੀਟ 'ਚ ਕੜਛੀ ਵੱਜਣ ਤੇ ਬੋਤਲ ਦਾ ਡੱਟ ਪੱਟਣ ਕਾਰਨ ਵੀ, ਲੇਟ ਵੱਧ ਤੋਂ ਵੱਧ ਅੱਠ ਵਜੇ ਤੀਕ ਹੁੰਦੇ।

ਸਵੇਰੇ ਗੁਰਦੁਆਰੇ ਬਾਬਾ ਜੀ ਦੇ ਬੋਲਣ ਅਤੇ ਕੁੱਕੜਾਂ ਦੇ ਬਾਂਗਾਂ ਦੇਣ 'ਤੇ ਸਾਰਾ ਟੱਬਰ ਜਾਗ ਜਾਂਦਾ। ਕੁੱਕੜ ਜਿਵੇਂ ਜ਼ਿਦ-ਜ਼ਿਦ ਕੇ ਬਾਂਗਾਂ ਦਿੰਦੇ। ਸਾਰੇ ਆਪੋ-ਆਪਣੇ ਕੰਮੀਂ ਜੁਟ ਜਾਂਦੇ। ਮੈਂ ਨਹੀਂ ਦੇਖਿਆ, ਸਾਡੇ ਘਰ ਕੋਈ ਜੀਅ ਕਿਸੇ ਨੂੰ ਕਹਿ ਰਿਹਾ ਕਿ ਤੂੰ ਅਹੁ ਕਰ, ਤੂੰ ਆਹ ਕਰ। ਸਭ ਦੇ ਆਪੋ-ਆਪਣੇ ਨਿਤਾ-ਪ੍ਰਤੀ ਦੇ ਕੰਮ ਪੱਕੇ ਸਨ। ਚਾਹ ਧਰ ਹਟਣ ਪਿਛੋਂ ਦਾਦੀ ਪਿੱਤਲ ਦੀ ਵੱਡੀ ਪਰਾਤ ਵਿਚ ਆਟਾ ਗੁੰਨ੍ਹਣ ਲਗਦੀ। ਮਾਂ ਤੇ ਭੂਆ ਪਸ਼ੂਆਂ ਵਾਲੇ ਪਾਸੇ ਹੋ ਜਾਂਦੀਆਂ। ਪਸ਼ੂਆਂ ਦੀਆਂ ਧਾਰਾਂ ਵਧੇਰੇ ਕਰ ਕੇ ਤਾਇਆ ਹੀ ਕਢਦਾ। ਮੇਰੇ ਪਿਓ ਨੇ ਸਾਰੀ ਉਮਰ ਪਸ਼ੂ ਨਹੀਂ ਚੋਏ।



ਧੁੱਪ ਚੜ੍ਹਦੀ ਤੀਕ ਗੋਹਾ-ਕੂੜਾ ਰੂੜੀਆਂ 'ਤੇ ਸੁੱਟ ਲਿਆ ਜਾਂਦਾ। ਵੱਡੀ ਤਵੀ ਤਪਣ ਲਗਦੀ ਤੇ ਸਾਰੇ ਟੱਬਰ ਦੀ ਰੋਟੀ ਮਾਂ ਤੇ ਭੂਆ ਲਾਹੁੰਦੀਆਂ। ਕੇਤ ਵਾਸਤੇ ਦਿਹਾੜੀਆਂ ਦੀ ਰੋਟੀ ਵੀ ਵਿਚੇ ਲਾਹੀ ਜਾਂਦੀ। ਰੋਟੀ ਦਾ ਅਕਾਰ ਥਾਲੀ ਜਿੱਡਾ ਹੁੰਦਾ। ਦਾਦੀ ਚਟਣੀ ਰਗੜਦੀ ਪੱਥਰ ਦੇ ਕੂੰਡੇ 'ਚ ਘੋਟਣਾ ਖੜਕਾਉਂਦੀ। ਮੱਖਣ ਤੇ ਦਹੀਂ ਨਾਲ ਚੌਂਕੇ 'ਚ ਕੁੱਜੇ ਭਰੇ ਪਏ ਹੁੰਦੇ।

ਤਾਇਆ ਦੂਜੇ ਤੀਜੇ ਦਿਨ ਖੇਤੋਂ ਪੂਦਨਾ ਲਿਆਉਂਦਾ। ਖਾਲ ਦੀ ਵੱਟ 'ਤੇ ਦੂਰ ਤੀਕ ਪੂਦਨਾ ਫੈਲਿਆ ਹੋਇਆ ਸੀ। ਪਿੰਡ ਦੇ ਹੋਰ ਲੋਕ ਵੀ ਤੋੜ ਕੇ ਲਿਜਾਂਦੇ। ਖੇਤੋਂ ਅਜਿਹੀ ਖਾਣ-ਪੀਣ ਦੇ ਕੰਮ ਆਉਣ ਵਾਲੀ ਵਸਤੂ ਲਿਜਾਣ ਤੋਂ ਕਿਸੇ ਨੂੰ ਕੋਈ ਰੋਕ-ਟੋਕ ਨਹੀਂ ਸੀ ਹੁੰਦੀ। ਹਫਤੇ 'ਚ ਚਟਣੀ ਦੋ ਵਾਰ ਬਣਦੀ ਸੀ, ਜੋ ਇੱਕੋ ਦਿਨ ਮੁਕਾ ਲਈ ਜਾਂਦੀ। ਜੇ ਕੋਈ ਵਸਤੂ ਵਧ ਜਾਂਦੀ, ਤਾਂ ਦਾਦੀ ਮਿੱਟੀ ਦੇ ਕਟੋਰੇ ਵਿਚ ਪਾਣੀ ਪਾ, ਵਸਤੂ ਨਾਲ ਭਰਿਆ ਭਾਂਡਾ ਢਕ ਕੇ ਕਟੋਰੇ 'ਚ ਧਰ ਦਿੰਦੀ। ਇਉਂ ਖਾਣ ਵਾਲੀ ਵਸਤੂ ਖਰਾਬ ਹੋਣ ਤੋਂ ਬਚ ਜਾਂਦੀ, ਜੋ ਅਗਲੇ ਦਿਨ ਕੰਮ ਆ ਜਾਂਦੀ।

ਮੈਂ ਚਾਹੇ ਕਿੰਨਾ ਵੀ ਨਿੱਕਾ ਸਾਂ, ਪਰ ਦਾਦੀ ਵੱਲੋਂ ਕੀਤੀ ਜਾਂਦੀ ਚੁੱਲ੍ਹੇ-ਚੌਂਕੇ ਦੀ ਸੇਵਾ-ਸੰਭਾਲ, ਖਾਣ-ਪੀਣ ਦੀਆਂ ਵਸਤਾਂ ਨੂੰ ਪੂਰੇ ਸੰਜਮ, ਸੁੱਚਤਾ ਤੇ ਕਰੀਨੇ ਨਾਲ ਤਿਆਰ ਕਰਨ ਤੇ ਪਰੋਸਣ ਵੱਲ ਉਚੇਚਾ ਧਿਆਨ ਧਰਦਾ ਸਾਂ। ਅਜਿਹੇ ਸਮੇਂ ਦਾਦੀ ਵੱਲ ਦੇਖ ਕੇ ਮੈਨੂੰ ਉਸ 'ਤੇ ਬੇਹੱਦ ਪਿਆਰ ਆਉਂਦਾ ਸੀ। (ਅੱਜ ਵੀ ਦਾਦੀ ਦੇ ਅਜਿਹੇ ਗੁਣ ਮੈਂ ਆਪਣੇ ਆਪ 'ਚੋਂ ਛੁਟਕਣ ਨਹੀਂ ਦਿੱਤੇ ਤੇ ਆਪਣਾ ਖਾਣਾ-ਪੀਣਾ ਤਿਆਰ ਕਰਦਿਆਂ ਉਹੋ ਗੁਣ ਆਪ-ਮੁਹਾਰੇ ਮੱਲੋ-ਮੱਲੀ ਮੂਹਰੇ ਆ ਜਾਂਦੇ ਨੇ)।

ਗਰਮੀਂ ਨੇੜੇ ਆਉਂਦੀ ਜਾਂਦੀ। ਮਾਰਚ ਮਹੀਨੇ ਦੇ ਆਖੀਰਲੇ ਦਿਨ ਹੁੰਦੇ। ਮੈਂ ਦੇਖਦਾ ਸਾਂ, ਦਾਦੀ ਤੇ ਮਾਂ ਰਲ ਕੇ ਤੰਦੂਰ ਬਣਾਉਂਦੀਆਂ। ਇਹ ਨਿਰੀ ਕਲਾਕਾਰੀ ਹੀ ਸੀ। ਲਾਲ ਮਿੱਟੀ ਤੇ ਚੀਕਣੀ ਮਿੱਟੀ ਵਿਚ ਤੂੜੀ ਦੀ ਰੀਣ ਰਲਾ ਕੇ ਗੁੰਨ੍ਹੀ ਜਾਂਦੀ। ਸਰਦੀਆਂ 'ਚ ਅੱਗ ਪਾਉਣ ਲਈ ਮਿੱਟੀ ਦੀ ਬਠਲੀ, ਅੰਗੀਠੀ, ਦੁੱਧ ਤੇ ਦਾਲ ਰਿੰਨ੍ਹਣ ਲਈ ਹਾਰਾ ਤੇ ਹਾਰੀ, ਇਹ ਸਭ ਦਾਦੀ ਤੇ ਮਾਂ ਘਰੇ ਹੀ ਤਿਆਰ ਕਰਦੀਆਂ ਸਨ।

ਸਵੇਰੇ ਚਾਹ ਪੀਂਦੇ ਸਾਰ ਅਸੀਂ ਨਿੱਕੇ-ਨਿਆਣੇ ਸਵੇਰੇ-ਸਵੇਰੇ ਰੂੜੀਆਂ ਨੂੰ ਭਾਗ ਲਾਉਂਦੇ ਤੇ ਉਵੇਂ ਕੱਛੇ ਹੱਥਾਂ 'ਚ ਫੜ੍ਹੀ ਘਰ ਆ ਵੜਦੇ। ਵੱਡੇ ਬੰਦੇ ਖੇਤੀਂ ਤੇ ਬੁੜ੍ਹੀਆਂ ਮੂੰਹ ਹਨੇਰੇ ਸ਼ਾਮਲਾਟ ਦੀ ਜਗ੍ਹਾ ਜਾ ਆਉਂਦੀਆਂ।

---

# ਵੀਰ ਰਵਿੰਦਰ ਸਿੰਘ ਲਿੱਤਰਾਂ ਨੂੰ ਯਾਦ ਕਰਦਿਆਂ

## ਸ਼ਰਧਾਂਜਲੀ

ਭਰ ਜਵਾਨੀ ਵਿਚ ਕਰੀਬ ਉਨੀ ਸਾਲ ਦੀ ਉਮਰੇ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਲਈ 1986 ਦੇ ਸਾਕਾ ਨਕੋਦਰ 'ਚ ਸ਼ਹਾਦਤ ਪ੍ਰਾਪਤ ਕਰਨ ਵਾਲੇ ਵੀਰ ਰਵਿੰਦਰ ਸਿੰਘ ਦੀ ਸ਼ਹੀਦੀ ਬਾਰੇ ਤਾਂ ਬਹੁਤੇ ਜਾਣਦੇ ਹਨ। 54 ਵਰ੍ਹੇ ਪਹਿਲਾਂ 29 ਜੂਨ ਨੂੰ ਵੀਰ ਰਵਿੰਦਰ ਸਿੰਘ ਨੇ ਮਾਤਾ ਬਲਦੀਪ ਕੌਰ ਦੀ ਕੁੱਖੋਂ ਮੁਹੇਮਾ ਵਿਖੇ ਆਪਣੇ ਨਾਨਕੇ ਘਰ ਜਨਮ ਲਿਆ। ਨਾਨੀ ਬੀਬੀ

ਹਰਿੰਦਰ ਸਿੰਘ ਲਿੱਤਰਾਂ

ਚਰਨ ਕੌਰ, ਗਿਆਨੀ ਹਰਚਰਨ ਸਿੰਘ ਮਹਾਲੋਂ (ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ) ਦੀ ਜੁੜਵਾਂ ਭੈਣ ਸਨ।

ਰਿਸ਼ਤੇਦਾਰਾਂ, ਇਲਾਕਾ ਨਿਵਾਸੀਆਂ ਤੇ ਵੀਰ ਦੇ ਜਮਾਤੀਆਂ ਨੇ ਜੋ ਸਾਂਝਾ ਕੀਤਾ, ਉਹ ਵੀਰ ਰਵਿੰਦਰ ਦੇ ਚਰਿਤ੍ਰ, ਸੁਭਾਅ ਅਤੇ ਜੀਵਨ ਬਾਰੇ ਇਹ ਚਿੱਤਰ ਚਿੱਤਰਦਾ ਹੈ ਕਿ ਉਹ ਬਹੁਤ ਹੀ ਕੋਮਲ ਦਿਲ, ਮਿਲਾਪੜਾ, ਹਰ ਇੱਕ ਦੀ ਮਦਦ ਲਈ ਤਤਪਰ ਰਹਿਣ ਵਾਲਾ ਅਣਖੀ, ਧਰਮੀ ਤੇ ਗੁਰੂ ਦੇ ਪਿਆਰ ਵਿਚ ਭਿੱਜੀ ਰੂਹ ਸਨ।

ਵੀਰ ਨੂੰ ਨਿੱਕੀ ਉਮਰ ਤੋਂ ਹੀ ਦਸਤਾਰ ਸਜਾਉਣ ਦਾ ਬਹੁਤ ਚਾਅ ਸੀ, ਕੇਸਰੀ ਤੇ ਗੂੜ੍ਹਾ ਨੀਲਾ ਰੰਗ ਉਸ ਦੇ ਪਸੰਦੀਦਾ ਸਨ। ਇੱਕ ਵਾਰ ਸਾਡੇ ਗਵਾਂਢੀ, ਜੋ ਬ੍ਰਾਹਮਣ ਪਰਿਵਾਰ 'ਚੋਂ ਸਨ, ਨੇ ਵੀਰ ਨੂੰ ਕਿਹਾ ਕਿ 'ਬਿੰਦੇ' ਕੋਈ ਹੋਰ ਰੰਗ ਦੀ ਪੱਗ ਬੰਨ ਲਿਆ ਕਰ, ਪਿੰਡ ਵਾਲਿਆਂ ਨੇ ਕਹਿਣਾ ਕਿ ਇਹ ਪੱਗਾਂ ਤੂੰ ਅਨੰਦਪੁਰ ਸਾਹਿਬ ਆਪਣੇ ਨਾਨਾ ਜੀ ਕੋਲੋਂ ਲੈ ਆਉਂਦਾ ਹੋਣਾ। ਵੀਰ ਨੇ ਜਵਾਬ ਦਿੱਤਾ ਕਿ ਪੰਡਿਤ ਜੀ ਸ਼ਾਇਦ ਤੁਹਾਨੂੰ ਨਹੀਂ ਪਤਾ, ਪਰ ਗਿਆਨੀ ਹਰਚਰਨ ਸਿੰਘ ਮੁਹਾਲੋਂ ਬਿਨਾ ਤਨਖਾਹ ਦੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਕਰਦੇ ਹਨ, ਇਥੋਂ ਤੱਕ ਕਿ ਉਨ੍ਹਾਂ ਦੇ ਘਰ ਵਿਚ ਬਣਨ ਵਾਲੇ ਭੋਜਨ ਲਈ ਰਾਸ਼ਨ ਵੀ ਉਹ ਆਪਣੇ ਪਿੰਡੋਂ ਲੈ ਕੇ ਜਾਂਦੇ ਹਨ।

ਇੱਕ ਹੋਰ ਗਵਾਂਢੀ ਛੋਟੇ ਵੀਰ ਨੇ ਕਿਹਾ ਕਿ ਉਸ ਦੀ ਮਾਤਾ ਜੀ ਨੇ ਉਸ ਨੂੰ ਦੱਸਿਆ ਕਿ ਜਦੋਂ ਉਸ ਦਾ ਜਨਮ ਹੋਇਆ ਤਾਂ ਉਸ ਦੇ ਪਿਤਾ ਜੀ, ਜੋ ਰੇਲਵੇ ਵਿਚ ਨੌਕਰੀ ਕਰਦੇ ਸਨ, ਪਿੰਡ ਨਹੀਂ ਸਨ ਤਾਂ ਵੀਰ ਉਸ ਦੇ ਮਾਤਾ ਜੀ ਨੂੰ ਹਸਪਤਾਲ ਲੈ ਕੇ ਗਿਆ। ਸਾਰੀ ਰਾਤ ਉਨ੍ਹਾਂ ਦੀ ਸੇਵਾ ਕੀਤੀ ਅਤੇ ਇਸ ਵੀਰ ਦੇ ਜਨਮ ਹੋਣ ਤੱਕ ਉਨ੍ਹਾਂ ਕੋਲ ਰਹਿ ਕੇ ਉਨ੍ਹਾਂ ਦੀ ਮਦਦ ਕੀਤੀ।

ਪਿੰਡ ਦੀ ਇੱਕ ਕੁੜੀ, ਜੋ ਵਿਆਹੀ ਹੋਈ ਸੀ, ਨੇ ਦੱਸਿਆ ਕਿ ਉਹ ਤੇ ਉਸ ਦਾ ਪਤੀ ਇੱਕ ਟੈਂਪੂ ਵਿਚ ਲਿੱਤਰਾਂ ਤੋਂ ਨਕੋਦਰ ਜਾ ਰਹੇ ਸਨ। ਰਸਤੇ ਵਿਚ ਉਸ ਦਾ ਪਤੀ ਜੋ ਸ਼ਰਾਬੀ ਸੀ, ਨੇ ਉਸ ਨਾਲ ਝਗੜਨਾ ਸ਼ੁਰੂ ਕਰ ਦਿੱਤਾ। ਵੀਰ ਰਵਿੰਦਰ ਵੀ ਟੈਂਪੂ ਵਿਚ ਸੀ, ਸ਼ਾਇਦ ਕਾਲਜ ਜਾ ਰਿਹਾ ਸੀ, ਨੇ ਉਸ ਦੇ ਪਤੀ ਨੂੰ ਨਾ ਝਗੜਨ ਦੀ ਸਲਾਹ ਦਿੱਤੀ, ਪਰ ਉਸ ਨੇ ਉਲਟਾ ਆਪਣੀ ਘਰ ਵਾਲੀ ਦੇ ਚਪੇੜ ਜੜ ਦਿੱਤੀ। ਵੀਰ ਨੇ ਟੈਂਪੂ ਰਕਵਾ ਕੇ ਐਸਾ ਸਮਝਾਇਆ ਕਿ ਉਸ ਦਿਨ ਪਿਛੋਂ ਉਸ ਨੇ ਕਦੇ ਵੀ ਉਸ ਭੈਣ 'ਤੇ ਹੱਥ ਨਹੀਂ ਚੁੱਕਿਆ। ਉਹ ਆਪਣੀ ਹੱਡ ਬੀਤੀ ਸਾਂਝੀ ਕਰ ਰਹੀ ਸੀ ਕਿ ਅੱਜ ਦੇ ਜ਼ਮਾਨੇ ਵਿਚ ਜਦੋਂ ਆਪਣੇ ਵੀ ਨਾਲ ਨਹੀਂ ਖੜ੍ਹਦੇ, ਰਵਿੰਦਰ ਨੇ ਸਰਦਾਰਾਂ ਦਾ ਪੁੱਤ ਹੋਣ ਦੇ ਬਾਵਜੂਦ ਮੈਨੂੰ ਪਿੰਡ ਦੀ ਧੀ ਜਾਣ ਕੇ ਭੈਣ ਹੋਣ ਦਾ ਮਾਣ ਦਿੱਤਾ।






*(ਖੱਬੇ) ਰਵਿੰਦਰ ਸਿੰਘ ਲਿੱਤਰਾਂ ਅਤੇ (ਸੱਜੇ) ਰਵਿੰਦਰ ਸਿੰਘ ਦਾ ਵਾਲੰਟੀਅਰ ਰਿਬਨ ਬ੍ਰੋਚ ਗੁਰਮਤਿ ਟ੍ਰੇਨਿੰਗ ਕੈਂਪ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ*

ਵੀਰ, ਜੋ ਇਲੈਕਟ੍ਰੀਕਲ ਇੰਜੀਨੀਅਰ ਬਣਨਾ ਲੋਚਦਾ ਸੀ, ਸਕੂਲ ਤੇ ਕਾਲਜ ਵਿਚ ਇੱਕ 'ਮਾਡਲ ਵਿਦਿਆਰਥੀ' ਵਜੋਂ ਪਛਾਣਿਆ ਜਾਂਦਾ ਸੀ। ਉਹ ਸਕੂਲ ਤੇ ਪਿੰਡ ਦੀ ਹਾਕੀ ਟੀਮ ਦਾ ਖਿਡਾਰੀ ਹੋਣ ਦੇ ਨਾਲ ਭਾਰ ਚੁੱਕਣ ਦਾ ਵੀ ਬਹੁਤ ਸ਼ੌਕੀਨ ਸੀ।

ਵੀਰ ਨੇ 1984 ਦੀ ਵਿਸਾਖੀ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ ਸੀ। ਸਿੱਖ ਸਟੂਡੈਂਟ ਫੈਡਰੇਸ਼ਨ ਤੇ ਯੂਥ ਅਕਾਲੀ ਦਲ ਦੇ ਗੁਰਮਤਿ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਸੀ ਤੇ ਪਿੰਡ ਦੇ ਗੁਰੂ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੁੱਖ ਆਸਣ ਦੀ ਸੇਵਾ ਅਕਸਰ ਕਰਦਾ ਸੀ। 1984 ਦੇ ਸਾਕੇ ਨੇ ਉਸ ਦੇ ਮਨ ਨੂੰ ਬਹੁਤ ਠੇਸ ਪਹੁੰਚਾਈ। ਜਦੋਂ ਵੀ ਵਿਹਲੇ ਹੁੰਦੇ, ਆਪਣੀ ਅਭਿਆਸ ਕਾਪੀ ਵਿਚ 'ਸਤਿਨਾਮ ਵਾਹਿਗੁਰੂ' ਦਾ ਜਾਪੁ ਲਿਖਦੇ ਰਹਿੰਦੇ।

ਪਰਿਵਾਰ ਵਿਚ ਆਪਣੇ ਭੈਣ-ਭਰਾਵਾਂ ਨਾਲੋਂ ਵੱਡੇ ਹੋਣ ਕਰਕੇ ਪਿਤਾ ਬਾਪੂ ਬਲਦੇਵ ਸਿੰਘ ਲਿੱਤਰਾਂ ਦੀ ਹਮੇਸ਼ਾ ਸੱਜੀ ਬਾਂਹ ਬਣ ਕੇ ਵਿਚਰੇ।

ਇੱਕ ਰੌਚਕ ਤੱਥ: ਵੀਰ ਦੇ ਸਾਇੰਸ ਅਧਿਆਪਿਕ ਗੁਰ-ਪ੍ਰਵਾਸੀ ਮਾਸਟਰ ਬਲਵੰਤ ਸਿੰਘ ਦੇ ਬੇਟੇ ਨੇ ਇੱਕ ਵਾਰ ਆਪਣੇ ਪਿਤਾ ਨੂੰ ਕਿਹਾ, "ਪਾਪਾ 'ਬਿੰਦੇ' ਭਾਅ ਜੀ ਨੇ ਜ਼ਰੂਰ ਜ਼ਿਆਦਾ ਅੰਮ੍ਰਿਤ ਛਕਿਆ ਹੋਣਾ।" ਮਾਸਟਰ ਜੀ ਨੇ ਪੁੱਛਿਆ, "ਕਿਉਂ?" ਗੁਰੀ ਨੇ ਜਵਾਬ ਦਿੱਤਾ, "ਪਿੰਡ ਵਿਚ ਹੋਰ ਕਿਸੇ ਨੇ ਵੀ ਏਡੀ ਵੱਡੀ ਕਿਰਪਾਨ ਨ੍ਹੀਂ ਪਾਈ ਹੁੰਦੀ।"

ਵੀਰ ਦੀਆਂ ਗੱਲਾਂ ਕਰਦਿਆਂ ਰਾਤਾਂ ਲੰਘ ਜਾਂਦੀਆਂ ਨੇ, ਪਰ ਯਾਦਾਂ ਦੀ ਲੜੀ ਕਦੇ ਨਹੀਂ ਟੁੱਟਦੀ। ਸਾਡੀ ਗਵਾਂਢਣ, ਜੋ ਘਰਾਂ ਵਿਚੋਂ ਪਿਤਾ ਜੀ ਦੀ ਚਾਚੀ ਲੱਗਦੀ ਸੀ, ਨੇ ਦੱਸਣਾ ਕਿ ਨਿੱਕੇ ਹੁੰਦੇ ਨੂੰ ਮੈਂ ਪੁੱਛਿਆ, 'ਬਿੰਦੇ' ਵੱਡਾ ਹੋ ਕੇ ਕੀ ਕਰਨਾ? ਤਾਂ ਵੀਰ ਦਾ ਜਵਾਬ ਸੀ, "ਸ਼ਹੀਦ ਹੋਣਾ।" ਚਾਚੀ ਕਹਿੰਦੀ ਕਿ ਤੂੰ ਨਿੱਕਾ ਜਿਹਾ ਬਹੁਤ ਵੱਡੀਆਂ ਗੱਲਾਂ ਕਰਦਾਂ, ਤਾਂ ਵੀਰ ਜੀ ਦਾ ਜਵਾਬ ਸੀ ਕਿ ਸਾਡੇ ਵੀਰ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਵੀ ਤਾਂ ਨਿੱਕੀ ਉਮਰ 'ਚ ਹੀ ਸ਼ਹੀਦੀਆਂ ਪਾ ਗਏ ਸੀ। ਉਹ ਆਪਣੇ ਕਹੇ ਬੋਲ ਕਮਾ ਗਿਆ!

ਮਾਣ ਹੈ ਵੱਡੇ ਵੀਰ 'ਤੇ, ਜਿਸ ਨੇ ਆਪਣੀ ਸ਼ਹਾਦਤ ਦੇ ਕੇ ਦਸ਼ਮੇਸ਼ ਪਿਤਾ ਦੀ ਗੋਦ ਪ੍ਰਾਪਤ ਕਰ ਲਈ!

---

## ਕਾਵਿ-ਜਗਤ

# ਕਰੋਨਾ ਜਲੂਸ

ਵਕਤ ਦੇ ਰਾਹ 'ਤੇ
ਸਭ ਤੋਂ ਅੱਗੇ ਸੀ;
ਮੱਧਯੁੱਗ 'ਤੇ ਸਵਾਰ ਦੇਸ਼ ਦਾ ਹਾਕਮ,
ਕਰੋਨਾ 'ਤੇ ਸੱਚ ਦੀ ਲੋਅ ਸੁੱਟਦੇ
ਵਿਗਿਆਨ ਵੱਲ ਪਿੱਠ ਘੁਮਾਈ,
ਸਿਰ ਉਪਰ ਤਣੇ ਝੂਠ ਦੇ ਅਸਮਾਨ ਹੇਠਾਂ
ਢੂਹੇ 'ਤੇ ਨ੍ਹੇਰੇ ਦਾ ਪਰਬਤ ਉਠਾਈ,
ਉਹਦੀ ਜ਼ੁਬਾਨ 'ਤੇ ਬਹਿ ਜਹਾਲਤ
ਖਿਲ੍ਹੀ ਉਡਾਉਂਦੀ, ਨ੍ਹੇਰ-ਪਰਬਤ ਬੈਠੀ
ਕਰੋਨਾ ਵੱਲ ਨੂੰ, "ਉਸ਼ਟੰਡਾ ਫਲੂ!"

ਕੁਝ ਕਦਮ ਪਿੱਛੇ ਸੀ,
ਉਡਦੀ ਖਿਲ੍ਹੀ
ਨ੍ਹੇਰ-ਪਰਬਤ ਦੀ ਚੋਟੀ ਨਾਲ ਟਕਰਾ ਕੇ
ਵਿਛੀ ਨਦੀ ਦਾ ਰੂਪ ਵਟਾ ਕੇ,
ਜ਼ਿੰਦਗੀ ਦਾ ਤੱਕ ਖਾਬ ਨਦੀ ਵਿਚ
ਕਰੋਨਾ ਕੁੱਦ ਪਈ ਛਲਾਂਗ ਲਗਾ ਕੇ।
ਛਲ ਛਲ ਵਗਦੀ ਕਰੋਨਾ ਨਾਲ ਭਰੀ ਨਦੀ
ਛਾਲਾਂ ਮਾਰ ਪਰਬਤੋਂ ਉਤਰਦੀ
ਪਾਰਟੀਆਂ, ਰੈਸਟੋਰੈਂਟਾਂ, ਪੱਬਾਂ, ਮੇਲਿਆਂ
ਧਰਮਾਂ, ਸ਼ਰਧਾਲੂਆਂ ਦੀ
ਭੀੜਾਂ ਦੇ ਝਮੇਲਿਆਂ
ਨਾਲ ਭਰੀਆਂ ਵਾਦੀਆਂ ਮੈਦਾਨਾਂ
ਵਿਚ ਹਲੀਮੀ ਨਾਲ ਵਿਛਦੀ।
ਮਨੁੱਖੀ ਬਾਹਾਂ ਨਹਿਰਾਂ ਬਣ
ਨੱਚਦੀਆਂ ਫਿਰਦੀਆਂ
ਮਨੁੱਖਤਾ ਤਾਈਂ ਨਦੀ ਵਰਤਾਉਂਦੀਆਂ
ਹੱਥ-ਮਿਲਾਈਆਂ, ਜੱਫੀਆਂ,
ਗੱਪਾਂ ਅਤੇ ਸ਼ਰਾਬ ਸੰਗ,
ਭੀੜਾਂ ਹੱਥੀਂ ਵੱਜਦੇ ਟੱਲਾਂ,
ਪ੍ਰਸ਼ਾਦਿਆਂ ਅਤੇ ਪ੍ਰਸ਼ਾਦ ਸੰਗ,
ਹੱਥੋ-ਹੱਥੀਂ, ਮੂੰਹੋਂ-ਮੂੰਹੀਂ,
ਸਾਹੋ-ਸਾਹੀਂ ਵਰਤਦੀ ਕਰੋਨਾ
ਭੋਰਾ ਭੋਰਾ ਦੂਹੋ-ਦੂਹ।

ਮਨੁੱਖ ਅੰਦਰ ਨੂੰ ਵਗਦੀ ਮੋਈ
ਬਾਹਰ ਗਈ ਵਰਤਾਈ ਕਰੋਨਾ,
ਮਨੁੱਖੀ ਸੈਲ ਨਾਲ ਲਾਵਾਂ ਲੈ ਕੇ
ਜਿਉਣ ਦੀ ਕਸਮ ਉਠਾਈ ਕਰੋਨਾ।
ਕਰੋਨਾ ਸੰਗ ਵਿਆਹੇ ਸੈਲ
ਆਪਣੇ ਅੰਦਰ
ਜੰਮਣ-ਫੈਕਟਰੀਆਂ ਚਲਾਉਂਦੇ,
ਘੰਟਿਆਂ ਵਿਚ ਪੀੜ੍ਹੀਆਂ-ਦਰ-ਪੀੜ੍ਹੀਆਂ
ਕਰੋਨਾ ਦੀਆਂ ਉਪਜਾਉਂਦੇ,
ਘੰਟਿਆਂ ਵਿਚ ਯੁੱਗੋ ਯੁੱਗ, ਪੀੜ੍ਹੀਓ ਪੀੜ੍ਹੀ
ਜ਼ਿੰਦਗੀ ਮਾਣਦੀ ਕਰੋਨਾ
ਅਸੀਸਾਂ ਦੇ ਦੇ ਹਾਕਮ ਨੂੰ।

ਕੁਝ ਕਦਮ ਪਿੱਛੇ,
ਲੋਕੀ ਦੀਆਂ ਹਜ਼ਾਰਾਂ ਲਾਸ਼ਾਂ ਦੀ ਭੀੜ,
ਉਪਰ ਲਟਕਦੇ ਖਿਲਾਅ ਵਿਚ
ਸੁੱਕੀਆਂ ਲਾਲ ਮਿਰਚਾਂ
ਛਿੜਕ ਰਹੀ ਜਿਉਂ
ਹਰ ਲਾਸ਼ ਦੇ ਪਰਛਾਵੇਂ ਨਾਲ
ਬੱਧੀਆਂ ਮਕਾਣਾਂ ਦੀ ਪੀੜ।

ਕੁਝ ਕਦਮ ਹੋਰ ਪਿੱਛੇ,
ਕੰਮਾਂ, ਪਾਰਟੀਆਂ, ਰੈਸਟੋਰੈਂਟਾਂ,
ਪੱਬਾਂ ਨੂੰ ਵੱਜਦੇ ਕਰੋਨਾ ਜੰਦਰੇ,
ਮਨੱਖੀ ਚਿਹਰਿਆਂ 'ਤੇ
ਮੂੰਹ-ਨੱਕ ਢਕਦੇ ਨਕਾਬ,
ਛੇ-ਫੁੱਟੀ ਸਮਾਜਕ ਦੂਰੀ ਤੋਂ
ਨਕਾਬਾਂ ਵਿਚੋਂ ਮਨੁੱਖ ਨੂੰ
ਟਟੋਲ ਰਹੀਆਂ ਅੱਖੀਆਂ ਥੱਲੇ
ਲੁਕੇ ਹੋਏ ਜਨਾਬ, ਰੂਹੋ-ਰੂਹ।

ਮਗਰੇ ਮਗਰ,
ਮਨੁੱਖੀ-ਲੁੱਟ ਦੇ ਪਰਬਤ ਵਿਚੋਂ ਨਿਕਲਦੀ
ਸੁੱਕਦੀ ਜਾ ਰਹੀ ਮੁਨਾਫੇ ਦੀ ਨਦੀ,
ਇਸ ਸੋਕੇ ਤੋਂ ਨਾਲ ਸੁੱਕਦੇ ਜਾ ਰਹੇ
ਨਦੀ ਦੇ ਕੰਢੀਂ ਵਸਦੇ ਧਨੀ।
ਖੜਕਣ ਲੱਗੀਆਂ ਤਾਰਾਂ ਜੋ
ਧਨੀਆਂ ਨੂੰ ਜੋੜਨ ਹਾਕਮ ਨਾਲ,
ਹਾਕਮ ਦੇ ਦਰ ਕੁੱਟਣ ਲੱਗਿਆ
ਤਾਰੋਂ ਉਠਿਆ ਕੋਈ ਭੂਚਾਲ।

ਕਰੋਨਾ ਦੇ ਸਭ ਜੰਦਰੇ ਖੁੱਲ੍ਹੇ
ਹਾਕਮ ਦੇ ਹੁਕਮਾਂ ਦੇ ਨਾਲ,
ਹੱਥੋਂ-ਹੱਥੀਂ, ਪੱਬੋ-ਪੱਬੀਂ
ਕਰੋਨਾ ਨੱਚੀ ਮਨੁੱਖਾਂ ਵਿਚੋਂ
ਮਨੁੱਖ ਦੇ ਨਾਲ।

ਕੁਝ ਕਦਮ ਪਿੱਛੇ,
ਲੱਖੋਂ ਵੱਧ ਮਨੁੱਖੀ ਲਾਸ਼ਾਂ ਉਪਰਲਾ,
ਹਾਕਮ ਵਿਰੁੱਧ ਹਾਅ ਦੇ ਨਾਹਰੇ ਦੀ
ਗੈਰ-ਹਾਜ਼ਰੀ ਸੰਗ ਭਰਿਆ ਖਲਾਅ।

ਮਗਰੇ ਮਗਰ,
ਕਰੋਨਾ ਤੋਂ ਬਚ ਗਿਆਂ ਦੇ
ਨੱਚਦੇ ਗਾਉਂਦੇ, ਢੋਲਕੀਆਂ ਵਜਾਉਂਦੇ
ਸ਼ੁਕਰੀਏ, ਰੂ-ਬਰੂਹ।

ਸਭ ਤੋਂ ਪਿੱਛੇ,
ਆਪੋ-ਆਪਣੇ ਕੱਫਣ ਦੀ ਮਗਰੀ ਲਗਾਈ
ਲੰਗੜਾਉਂਦੀਆਂ ਢੀਚਕ ਮਾਰ
ਚੱਲਦੀਆਂ ਚਲੋ-ਚਲਾਈ
ਬਚ ਗਿਆਂ ਦੀ ਜ਼ਮੀਰ ਦੀਆਂ ਲਾਸ਼ਾਂ
ਧੂਹੋ-ਧੂਹ!

**-ਸੁਖਪਾਲ ਸੰਘੇੜਾ**
*dr.sukhpal.sanghera@gmail.com*

# ਬੱਚਿਆਂ ਦੇ ਸੰਸਾਰ ਵਲ ਖੁੱਲ੍ਹਦੀ ਖਿੜਕੀ: ਵ੍ਹਾਈਟ ਬੈਲੂਨ

## ਵਿਰਾਸਤ-ਏ-ਸਿਨੇਮਾ




**ਡਾ. ਕੁਲਦੀਪ ਕੌਰ**
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਇਸ ਵਾਰ ਇਰਾਨ ਦੇ ਫਿਲਮਸਾਜ਼ ਜਫਰ ਪਨਾਹੀ ਦੀ ਫਿਲਮ 'ਵ੍ਹਾਈਟ ਬੈਲੂਨ' ਬਾਰੇ ਗੱਲ ਕੀਤੀ ਗਈ ਹੈ। ਜਫਰ ਦੀਆਂ ਫਿਲਮਾਂ ਉਤੇ ਇਰਾਨ ਵਿਚ ਅਕਸਰ ਪਾਬੰਦੀਆਂ ਲਗਦੀਆਂ ਰਹੀਆਂ,ਸ ਪਰ ਉਹ ਆਪਣੇ ਕੈਮਰੇ ਦੀ ਅੱਖ ਰਾਹੀਂ ਇਕ ਵੱਖਰਾ ਸੰਸਾਰ ਲੋਕਾਂ ਅੱਗੇ ਲਗਾਤਾਰ ਲਿਆਉਂਦਾ ਰਿਹਾ ਹੈ। -ਸੰਪਾਦਕ***

ਜਫਰ ਪਨਾਹੀ ਨੇ ਲੰਮਾ ਸਮਾਂ ਫਿਲਮਸਾਜ਼ ਅੱਬਾਸ ਕਇਰੋਸਤਮੀ ਨਾਲ ਕੰਮ ਕੀਤਾ ਪਰ ਮਹਿਜ਼ ਇਹ ਉਸ ਦੀ ਪਛਾਣ ਨਹੀਂ। ਅੱਬਾਸ ਦੀਆਂ ਫਿਲਮਾਂ ਦੀ ਇਨ੍ਹਾਂ ਦੇ ਗੈਰ-ਸਿਆਸੀ ਹੋਣ ਕਰ ਕੇ ਅਕਸਰ ਆਲੋਚਨਾ ਕੀਤੀ ਜਾਂਦੀ ਹੈ ਜਦੋਂ ਕਿ ਕਲਾ ਪਾਰਖੂ ਅਤੇ ਸਿਨੇਮਾ ਦੀ ਭਾਸ਼ਾ ਦੇ ਜਾਣਕਾਰਾਂ ਨੂੰ ਪਤਾ ਹੈ ਕਿ ਕੋਈ ਵੀ ਕਲਾ, ਕਦੀ ਵੀ ਪ੍ਰਾਪੇਗੰਡੇ ਜਾਂ ਕਿਸੇ ਖਾਸ ਏਜੰਡੇ ਦੇ ਪ੍ਰਚਾਰ ਦਾ ਸੰਦ ਬਣ ਕੇ ਬਹੁਤੀ ਦੇਰ ਜਿਊਂਦੀ ਨਹੀਂ ਰਹਿ ਸਕਦੀ। ਹਰ ਕਲਾ ਮਾਧਿਅਮ ਦੇ ਕਲਾ ਹੋਣ ਦੀਆਂ ਕੁਝ ਮੁਢਲੀਆਂ ਜ਼ਰੂਰਤਾਂ ਅਤੇ ਸ਼ਰਤਾਂ ਹੁੰਦੀਆਂ ਹਨ ਜਿਨ੍ਹਾਂ 'ਤੇ ਪੂਰਾ ਉਤਰੇ ਬਿਨਾਂ ਕਲਾ ਸਿਆਸੀ ਕ੍ਰਾਂਤੀਆਂ ਤਾਂ ਲਿਆ ਸਕਦੀ ਹੈ ਪਰ ਮਨੁੱਖੀ ਹੋਂਦ ਦੇ ਦਾਰਸ਼ਨਿਕ ਅਤੇ ਰੂਹਦਾਰੀ ਦੇ ਮਸਲਿਆਂ ਨੂੰ ਹੱਲ ਨਹੀਂ ਕਰ ਸਕਦੀ।

ਬਹਰਹਾਲ, ਜਫਰ ਪਨਾਹੀ ਦੀ ਫਲਮ 'ਵ੍ਹਾਈਟ ਬਲੂਨ' ਦਾ ਸਕਰੀਨ ਪਲੇਅ ਅੱਬਾਸ ਕਇਰੋਸਤਮੀ ਨੇ ਲਿਖਿਆ ਹੈ ਅਤੇ ਇਸ ਉਪਰ ਅੱਬਾਸ ਦੀ ਫਿਲਮਸਾਜ਼ੀ ਦੀ ਛਾਪ ਪ੍ਰਤੱਖ ਨਜ਼ਰ ਆਉਂਦੀ ਹੈ। ਇਸ ਫਿਲਮ ਦਾ ਜ਼ਿਆਦਾਤਰ ਹਿੱਸਾ ਫਿਕਸ ਫਰੇਮਾਂ ਵਿਚ ਵਾਪਰਦਾ ਹੈ ਅਤੇ ਕੁਝ ਪੈਨ ਸ਼ਾਟ ਵਰਤੇ ਗਏ ਹਨ। ਫਿਲਮ ਤਹਿਰਾਨ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਫਿਲਮਾਈ ਗਈ ਹੈ ਜਿਸ ਵਿਚ ਇਸ ਸ਼ਹਿਰ ਦੀ ਤਰਜ਼ੇ-ਜ਼ਿੰਦਗੀ ਛੋਹੀ ਜਾ ਸਕਦੀ ਹੈ।





*ਫਿਲਮਸਾਜ਼ ਜਫਰ ਪਨਾਹੀ ਅਤੇ (ਸੱਜੇ) ਉਸ ਦੀ ਫਿਲਮ 'ਵ੍ਹਾਈਟ ਬੈਲੂਨ' ਦਾ ਦ੍ਰਿਸ਼।*

ਫਿਲਮ 'ਵ੍ਹਾਈਟ ਬੈਲੂਨ' ਮਾਸੂਮੀਅਤ ਦੀ ਫਿਲਮ ਹੈ। ਇਸ ਫਿਲਮ ਦੀ ਮੁੱਖ ਕਿਰਦਾਰ ਰਜ਼ੀਆ ਦਾ ਅਭਿਨੈ ਈਦਾ ਮੁਹੰਮਦਕਨੀ ਅਤੇ ਉਸ ਦੇ ਭਰਾ ਅਲੀ ਦਾ ਕਿਰਦਾਰ ਮੋਹਸਿਨ ਕਾਫਿਲੀ ਨੇ ਨਿਭਾਇਆ ਹੈ। ਫਿਲਮ ਦੀ 'ਸਾਦਗੀ' ਹੀ ਇਸ ਦੀ ਤਾਕਤ ਹੈ। ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਉਨ੍ਹਾਂ ਹਾਲਾਤ ਬਾਰੇ ਗੱਲ ਕਰਨੀ ਲਾਜ਼ਮੀ ਹੈ ਜਿਨ੍ਹਾਂ ਹਾਲਾਤ ਵਿਚ ਜਫਰ ਪਨਾਹੀ ਅਤੇ ਅੱਬਾਸ ਵਰਗਿਆਂ ਨੇ ਇਹ ਫਿਲਮਾਂ ਬਣਾਈਆਂ ਹਨ। ਇਰਾਨ ਸਰਕਾਰ ਅਤੇ ਕੱਟੜ ਮੁੱਲਿਆਂ ਨੇ 'ਦੀਨ-ਇਮਾਨ' ਦੇ ਨਾਮ 'ਤੇ ਫਿਲਮਾਂ ਅਤੇ ਸੰਗੀਤ ਉਪਰ ਲਗਾਈਆਂ ਪਾਬੰਦੀਆਂ ਦਾ ਮੁਕਾਬਲਾ ਇਨ੍ਹਾਂ ਫਿਲਮਸਾਜ਼ਾਂ ਨੇ ਬੱਚਿਆਂ 'ਤੇ ਆਧਾਰਿਤ ਫਿਲਮਾਂ ਬਣਾ ਕੇ ਕੀਤਾ। ਇਸ ਦੌਰ ਦੀਆਂ ਤਿੰਨ ਮਹੱਤਵਪੂਰਨ ਫਿਲਮਾਂ - ਅੱਬਾਸ ਕਇਰੋਸਤਮੀ ਦੀ ਫਿਲਮ 'ਵ੍ਹੇਅਰ ਇਜ਼ ਫਰੈਂਡਜ਼ ਹਾਊਸ', ਮਾਜਿਦ ਮਜੀਦੀ ਦੀ ਫਿਲਮ 'ਦਿ ਚਿਲਡਰਨ ਆਫ ਪੈਰਾਡਾਈਸ' ਅਤੇ ਜਫਰ ਪਨਾਹੀ ਦੀ ਫਿਲਮ 'ਮਿਰਰ' ਹਨ।

ਫਿਲਮ 'ਵ੍ਹਾਈਟ ਬੈਲੂਨ' ਦੀ ਕਹਾਣੀ ਅਨੁਸਾਰ ਤਹਿਰਾਨ ਵਿਚ ਨਵੇਂ ਵਰ੍ਹੇ ਦੇ ਜਸ਼ਨ ਹੋ ਰਹੇ ਹਨ ਅਤੇ ਲੋਕ ਆਪੋ-ਆਪਣੀ ਸਮਰੱਥਾ ਅਨੁਸਾਰ ਬਾਜ਼ਾਰਾਂ ਵਿਚ ਖਰੀਦਦਾਰੀ ਕਰ ਰਹੇ ਹਨ। ਸੱਤ ਸਾਲਾਂ ਦੀ ਕੁੜੀ ਰਜ਼ੀਆ ਆਪਣੀ ਮਾਂ ਨਾਲ ਬਾਜ਼ਾਰ ਵਿਚ ਹੈ। ਇਰਾਨ ਵਿਚ ਨਵਾਂ ਸਾਲ ਨਵੀਂ ਕੁਦਰਤ ਦੇ ਮੌਲਣ ਦਾ ਮੌਸਮ ਹੈ। ਇਸ ਮੌਕੇ ਸੱਤ ਤਰ੍ਹਾਂ ਦੇ ਪਕਵਾਨਾਂ ਨਾਲ ਖਾਣੇ ਦੀ ਮੇਜ਼ ਸਜਾਈ ਜਾਂਦੀ ਹੈ ਅਤੇ ਕੱਚ ਦੇ ਭਾਂਡੇ ਵਿਚ ਤੈਰਦੀ ਸੁਨਹਿਰੀ ਮੱਛੀ ਇਸ ਜਸ਼ਨ ਦੀ ਜਾਨ ਹੁੰਦੀ ਹੈ। ਇਥੇ ਤੈਰਦੀ ਮੱਛੀ ਜ਼ਿੰਦਗੀ ਦਾ ਪ੍ਰਤੀਕ ਹੈ। ਰਜ਼ੀਆ ਆਪਣੀ ਮਾਂ ਕੋਲ ਅਜਿਹੀ ਸੁਨਹਿਰੀ ਮੱਛੀ ਲੈਣ ਲਈ ਤਰਲੋਮੱਛੀ ਹੋ ਰਹੀ ਹੈ ਪਰ ਘਰ ਦੀ ਗਰੀਬੀ ਕਾਰਨ ਉਸ ਦੀ ਵਾਹ ਨਹੀਂ ਚੱਲ ਰਹੀ। ਦੁਪਹਿਰ ਹੋਣ ਵਾਲੀ ਹੈ, ਅਗਲੇ ਦੋ ਘੰਟਿਆਂ ਵਿਚ ਨਵਾਂ ਸਾਲ ਸ਼ੁਰੂ ਹੋ ਜਾਵੇਗਾ, ਇਸੇ ਕਾਰਨ ਰਜ਼ੀਆ ਦੀ ਬੇਚੈਨੀ ਵਧ ਰਹੀ ਹੈ। ਫਿਲਮ ਦੀ ਖਾਸੀਅਤ ਇਹ ਹੈ ਕਿ ਇਹ ਸਾਰਾ ਕੁਝ ਅਸਲ ਵਿਚ ਹੀ ਵਾਪਰ ਰਿਹਾ ਹੈ। ਰਜ਼ੀਆ ਹੌਲੀ-ਹੌਲੀ ਆਪਣੀ ਮਾਂ ਨੂੰ ਸੁਨਹਿਰੀ ਮੱਛੀ ਵਾਲਾ ਕੱਚ ਦਾ ਭਾਂਡਾ ਖਰੀਦਣ ਲਈ ਮਨਾ ਲੈਂਦੀ ਹੈ। ਉਸ ਦੀ ਮਾਂ ਉਸ ਨੂੰ ਘਰ ਵਿਚ ਬਚਿਆ ਪੰਜ ਸੌ ਦਾ ਆਖਰੀ ਨੋਟ ਦੇ ਦਿੰਦੀ ਹੈ। ਰਜ਼ੀਆ ਆਪਣੇ ਘਰ ਤੋਂ ਕੁਝ ਦੂਰ, ਮੱਛੀਆਂ ਵਾਲੀ ਦੁਕਾਨ ਵੱਲ ਦੌੜਦੀ ਹੈ। ਰਸਤੇ ਵਿਚ ਸਪੇਰਿਆਂ ਦੀ ਬੀਨ ਉਸ ਦਾ ਧਿਆਨ ਖਿੱਚਦੀ ਹੈ। ਸੱਪਾਂ ਤੋਂ ਡਰੀ ਪਰ ਨਾਲ ਦੀ ਨਾਲ ਉਨ੍ਹਾਂ ਨੂੰ ਹੱਥਾਂ ਵਿਚ ਫੜਨ ਦੀ ਖਾਹਿਸ਼ ਕਾਰਨ ਉਹ ਆਪਣਾ ਪੰਜ ਸੌ ਦਾ ਨੋਟ ਸਪੇਰਿਆਂ ਨੂੰ ਸੌਂਪ ਦਿੰਦੀ ਹੈ। ਬਾਅਦ ਵਿਚ ਸਪੇਰਿਆਂ ਦੀ ਬੇਈਮਾਨੀ ਸਮਝ ਵਿਚ ਆਉਂਦਿਆਂ ਹੀ ਉਹ ਆਪਣਾ ਨੋਟ ਬਚਾ ਕੇ ਦੁਕਾਨ ਵੱਲ ਨੱਸਦੀ ਹੈ। ਰਸਤੇ ਵਿਚ ਦੁਬਾਰਾ ਉਸ ਦੀ ਕਾਹਲ ਕਾਰਨ ਉਹ ਨੋਟ ਬੰਦ ਪਈ ਦੁਕਾਨ ਦੇ ਸੁੱਕੇ ਗਟਰ ਵਿਚ ਜਾ ਡਿੱਗਦਾ ਹੈ। ਇਥੋਂ ਉਸ ਅਤੇ ਉਸ ਦੇ ਭਰਾ ਨੂੰ ਉਹ ਨੋਟ ਥੱਲੇ ਪਿਆ ਨਜ਼ਰ ਤਾਂ ਆ ਰਿਹਾ ਹੈ ਪਰ ਭੀੜੀਆਂ ਗਰਿੱਲਾਂ ਵਿਚੋਂ ਹੱਥ ਨਾ ਲੰਘਣ ਕਾਰਨ ਅਤੇ ਉਸ ਦਾ ਢੱਕਣ ਨਾ ਚੁੱਕੇ ਜਾਣ ਕਾਰਨ ਉਹ ਅਤੇ ਅਲੀ ਬੇਵੱਸ ਹੋ ਜਾਂਦੇ ਹਨ। ਅਲੀ ਲਈ ਉਸ ਦੀ ਰੋ ਰਹੀ ਭੈਣ ਦਾ ਮਸਲਾ ਬਹੁਤ ਵੱਡਾ ਹੈ। ਉਹ ਰਸਤੇ ਵਿਚ ਆਉਂਦੇ-ਜਾਂਦੇ ਲੋਕਾਂ ਤੋਂ ਮਦਦ ਮੰਗਦੇ ਹਨ। ਇਥੇ ਹੀ ਰਜ਼ੀਆ ਅਤੇ ਅਲੀ ਦੀ ਮੁਲਾਕਾਤ ਫੌਜੀ ਜਵਾਨ ਨਾਲ ਹੁੰਦੀ ਹੈ। ਆਮ ਲੋਕਾਂ ਵਾਂਗ ਰਜ਼ੀਆ ਦੇ ਮਨ ਵਿਚ ਵੀ ਉਸ ਨੂੰ ਲੈ ਕੇ ਬਹੁਤ ਤਰ੍ਹਾਂ ਦੇ ਸੰਸੇ ਤੇ ਖਦਸ਼ੇ ਹਨ। ਇਸੇ ਤਰ੍ਹਾਂ ਉਨ੍ਹਾਂ ਦੇ ਅੱਗਿਓਂ ਵਾਰ-ਵਾਰ ਸਾਈਕਲ ਉਤੇ ਗਾ ਰਿਹਾ ਬੰਦਾ ਵੀ ਮਾਹੌਲ ਨੂੰ ਬੇਚੈਨ ਬਣਾ ਰਿਹਾ ਹੈ। ਆਖਰਕਾਰ ਗਲੀਆਂ ਵਿਚ ਭੁਕਾਨੇ ਵੇਚ ਰਿਹਾ ਅਫਗਾਨ ਬੱਚਾ ਉਨ੍ਹਾਂ ਦੀ ਮਦਦ ਕਰਦਾ ਹੈ। ਉਹ ਵੀ ਨਵੇਂ ਸਾਲ ਦੇ ਮੌਕੇ ਇਨ੍ਹਾਂ ਭੁਕਾਨਿਆਂ ਦੀ ਕਮਾਈ ਰਾਹੀਂ ਰਜ਼ੀਆ ਵਾਂਗ ਸੁਪਨਿਆਂ ਦੀ ਤਲਾਸ਼ ਵਿਚ ਹੈ। ਉਸ ਕੋਲ ਹੁਣ ਚਿੱਟੇ ਰੰਗ ਦਾ ਇੱਕ ਹੀ ਭੁਕਾਨਾ ਬਚਿਆ ਹੈ ਜਿਸ ਦੀ ਡੰਡੀ 'ਤੇ ਗੂੰਦ ਲਗਾ ਕੇ ਉਹ ਡਿਗਿਆ ਨੋਟ ਖਿੱਚਣ ਵਿਚ ਕਾਮਯਾਬ ਹੋ ਜਾਂਦਾ ਹੈ।

ਫਿਲਮ ਦੇਖਦਿਆਂ ਰੇਡੀਓ 'ਤੇ ਲਗਾਤਾਰ ਹੁੰਦੀਆਂ ਚਿਤਾਵਨੀਆਂ ਮਾਹੌਲ ਨੂੰ ਅਜੀਬ ਬੇਚੈਨੀ ਨਾਲ ਭਰਦੀਆਂ ਹਨ। ਫਿਲਮ ਕਿਸੇ ਕਿਸਮ ਦੀ ਸਿਆਸੀ ਟਿੱਪਣੀ ਕੀਤੇ ਬਿਨਾਂ ਸਿਰਫ ਗਲੀਆਂ-ਬਾਜ਼ਾਰਾਂ ਅਤੇ ਉਥੇ ਵਿਚਰਦੇ ਬੰਦਿਆਂ ਦੇ ਹਾਵ-ਭਾਵ ਰਾਹੀ 'ਸਾਰਾ ਕੁਝ ਸਹੀ ਨਹੀਂ ਚੱਲ ਰਿਹਾ' ਨੂੰ ਹੂ-ਬ-ਹੂ ਪਰਦੇ 'ਤੇ ਲਿਆ ਦਿੰਦੀ ਹੈ।

ਫਿਲਮ ਦੇਖਦਿਆਂ ਕੁਝ ਕੁ ਨੁਕਤੇ ਬਦੋ-ਬਦੀ ਤੁਹਾਡਾ ਧਿਆਨ ਖਿੱਚਦੇ ਹਨ:

ਰਜ਼ੀਆ ਸੁਨਹਿਰੀ ਮੱਛੀ ਲੈਣ ਦੀ ਜ਼ਿੱਦ ਕਰ ਰਹੀ ਹੈ ਜਦਕਿ ਉਸ ਦੇ ਘਰ ਵਿਚ ਮੱਛੀਆਂ ਦਾ ਛੋਟਾ ਜਿਹਾ ਤਲਾਬ ਹੈ ਜਿਸ ਵਿਚ ਸੁਨਹਿਰੀ ਮੱਛੀਆਂ ਵੀ ਹਨ ਜਿਨ੍ਹਾਂ ਨੂੰ ਉਹ ਇਸ ਲਈ ਪਸੰਦ ਨਹੀਂ ਕਰਦੀ ਕਿ ਉਹ ਜ਼ਿਆਦਾ 'ਪਤਲੀਆਂ' ਤੇ 'ਆਲਸੀ' ਹਨ।

ਬੱਚਿਆਂ ਲਈ ਵੱਡਿਆਂ ਦੀ ਦੁਨੀਆਂ ਕੋਈ ਬਹੁਤੀ ਦਿਆਲੂ ਨਹੀਂ। ਉਨ੍ਹਾਂ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਉਨ੍ਹਾਂ ਲਈ ਚਿੰਤਾ ਅਤੇ ਬੇਵਸੀ ਦਾ ਸਬੱਬ ਬਣ ਜਾਂਦੀਆਂ ਹਨ। ਫਿਲਮ ਵਿਚ ਘਰ ਤੋਂ ਬਾਹਰ ਦੀ ਦੁਨੀਆਂ, ਬੱਚਿਆਂ ਦੀ ਆਵਾਜ਼ ਸੁਣਨ ਤੋਂ ਅਸਮਰੱਥ ਦਿਖਾਈ ਗਈ ਹੈ। ਫਿਲਮ ਵਿਚ ਜਫਰ ਪਨਾਹੀ ਨੇ ਕੈਮਰੇ ਰਾਹੀ ਵੱਡਿਆਂ ਦੀ ਦੁਨੀਆਂ ਦੇ ਸਮਾਨੰਤਰ ਬੱਚਿਆਂ ਦੀ ਦੁਨੀਆਂ ਸਿਰਜੀ ਹੈ ਜਿਹੜੀ ਅਸੀਂ ਰੋਜ਼ ਦੇਖਦੇ ਜ਼ਰੂਰ ਹਾਂ ਪਰ ਸਮਝਦੇ ਕਦੇ ਨਹੀਂ, ਕਿਉਂਕਿ ਇਹ ਦੁਨੀਆਂ ਲਾਲਚ, ਫਰੇਬ, ਝੂਠ ਅਤੇ ਫੋਕੀ ਹਮਦਰਦੀ ਤੋਂ ਕੋਹਾਂ ਦੂਰ ਹੈ।

ਫਿਲਮ ਅਸਲ ਵਿਚ ਮਦਦ 'ਤੇ ਆਏ ਉਸ ਅਣਜਾਣ ਅਫਗਾਨ ਮੁੰਡੇ ਦੀ ਫਿਲਮ ਹੈ ਜਿਸ ਦੇ ਸਾਰੇ ਗੁਬਾਰੇ ਵਿਕ ਚੁੱਕੇ ਹਨ; ਐਪਰ ਇੱਕ ਆਖਰੀ ਚਿੱਟੇ ਰੰਗ ਦਾ ਗੁਬਾਰਾ ਵੇਚਣ ਲਈ ਉਹ ਇਨ੍ਹਾਂ ਤਿਉਹਾਰੀ ਜਗਮਗ ਨਾਲ ਭਰੇ ਬਾਜ਼ਾਰਾਂ ਵਿਚ ਭਟਕ ਰਿਹਾ ਹੈ। ਹੁਣ ਦਰਸ਼ਕ ਇਸ ਗੱਲ ਤੋਂ ਤਾਂ ਇਨਕਾਰੀ ਨਹੀਂ ਹੋ ਸਕਦੇ ਕਿ ਉਨ੍ਹਾਂ ਵਿਚੋਂ ਹਰ ਕਿਸੇ ਨੇ, ਕਿਤੇ ਨਾ ਕਿਤੇ, ਕਿਸੇ ਬਾਜ਼ਾਰ ਜਾਂ ਗਲੀ ਵਿਚ ਅਜਿਹੇ ਬੱਚੇ ਨੂੰ ਦੇਖਿਆ ਜ਼ਰੂਰ ਹੈ, ਭਾਵੇਂ ਜਾਣਿਆ ਕਦੇ ਨਹੀਂ।

# ਪੰਜਾਬੀ ਸਿਨੇਮਾ 'ਤੇ ਮਾਰੂ ਸੱਟ

**ਭੀਮ ਰਾਜ ਗਰਗ**
ਫੋਨ: +91-98765-45157

ਪੁਰਾਣੇ ਵਕਤਾਂ ਵਿਚ ਮਾਵਾਂ ਆਪਣੇ ਬੱਚਿਆਂ ਨੂੰ ਨੀਂਦਰ ਲਈ ਡਰਾਉਂਦੀਆਂ ਹੋਈਆਂ ਕਹਿੰਦਿਆਂ ਸਨ: ਲਾਡਲੇ ਸੌਂ ਜਾ, ਨਹੀਂ ਤਾਂ 'ਗੱਬਰ' ਜਾਂ 'ਜੱਗਾ ਡਾਕੂ' ਫੜ ਲਵੇਗਾ ਪਰ ਕਰੋਨਾ ਵਾਇਰਸ ਇਨ੍ਹਾਂ ਫਿਲਮੀ ਡਾਕੂਆਂ ਤੋਂ ਵੀ ਵੱਡਾ ਭੂਤ ਹੈ। ਇਸ ਨੇ ਜਾਤ ਅਤੇ ਧਰਮ ਦੇ ਕਿਸੇ ਭੇਦਭਾਵ ਤੋਂ ਬਗੈਰ ਸਾਰੇ ਉਮਰ ਸਮੂਹਾਂ ਵਿਚ ਮਾਨਸਿਕ ਡਰ ਫੈਲਾਇਆ ਹੈ। ਕਰੋਨਾ ਫੈਲਣ ਕਾਰਨ ਪੂਰੀ ਦੁਨੀਆਂ ਜਿਵੇਂ ਠਹਿਰ ਗਈ। ਇਸ ਦੇ ਸੰਕਟ ਤੋਂ ਪ੍ਰੇਸ਼ਾਨ, ਦੁਨੀਆਂ ਭਰ ਦੇ ਸਟੂਡੀਓਜ਼ ਨੇ ਆਪਣੀਆਂ ਜ਼ਿਆਦਾਤਰ ਫਿਲਮਾਂ ਰਿਲੀਜ਼ ਨਹੀਂ ਕੀਤੀ ਅਤੇ ਅੱਗੇ ਪਾ ਦਿੱਤੀ ਹਨ। ਆਉਣ ਵਾਲੀ ਤਬਾਹੀ ਨੂੰ ਦੇਖਦਿਆਂ ਕੌਮਾਂਤਰੀ ਸਿਨੇਮਾ ਦੇ ਲੜੀਵਾਰ ਸਰਕਟ ਏ.ਐਮ.ਸੀ., ਰੀਗਲ, ਲੈਂਡਮਾਰਕ ਥੀਏਟਰ, ਸਿਨੇਪਲੈਕਸ ਓਡਿਓਨ ਅਤੇ ਅਲਾਮੋ ਡਰਾਫਟਹਾਊਸ ਨੇ 17 ਮਾਰਚ ਤੋਂ ਅਮਰੀਕਾ ਅਤੇ ਕੈਨੇਡਾ ਵਿਚ 3000 ਤੋਂ ਵੱਧ ਥੀਏਟਰ ਅਤੇ ਸਕਰੀਨ ਬੰਦ ਕਰ ਦਿੱਤੇ ਹਨ।

ਕਰੋਨਾ ਵਾਇਰਸ ਕਾਰਨ ਭਾਰਤ ਨੂੰ 25 ਮਾਰਚ ਤੋਂ ਸਖਤ ਤਾਲਾਬੰਦੀ ਕਰਨੀ ਪਈ। ਮਨੋਰੰਜਨ ਉਤਪਾਦਨ ਦੀ ਦੁਨੀਆਂ ਵਿਚ ਵੱਡੇ ਅਤੇ ਛੋਟੇ ਪ੍ਰੋਜੈਕਟ, ਟੈਲੀਵਿਜ਼ਨ ਅਤੇ ਸਟ੍ਰੀਮਿੰਗ ਪਲੇਟਫਾਰਮ ਸਭ ਕੁਝ ਬੰਦ ਜਾਂ ਮੁਲਤਵੀ ਹੋ ਗਿਆ। ਪੂਰਾ ਫਿਲਮ ਜਗਤ ਮਹਾਮਾਰੀ ਨਾਲ ਜੂਝ ਰਿਹਾ ਹੈ। ਭਾਰਤੀ ਫਿਲਮ ਇੰਡਸਟਰੀ ਸੁੰਨਸਾਨ ਫਿਲਮਾਂ ਦੇ ਸੈਟ, ਬੰਦ ਸਿਨੇਮਾਘਰਾਂ ਅਤੇ ਖਾਲੀ ਡਾਇਰੀਆਂ ਵਾਲੇ ਫਿਲਮੀ ਸਿਤਾਰਿਆਂ ਨੂੰ ਦੇਖ ਰਹੀ ਹੈ। ਸੂਰੀਆਵੰਸ਼ੀ, ਸੰਦੀਪ ਔਰ ਪਿੰਕੀ ਫਰਾਰ, ਹਾਥੀ ਮੇਰੇ ਸਾਥੀ, 83 ਅਤੇ ਹੋਰ ਬਹੁਤ ਸਾਰੀਆਂ ਤਿਆਰ ਫਿਲਮਾਂ ਦੀ ਰਿਲੀਜ਼ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ।

ਅਸਲ ਵਿਚ, ਕਰੋਨਾ ਦਾ ਫਰਕ/ਪ੍ਰਭਾਵ ਉਦੋਂ ਮਹਿਸੂਸ ਹੋਇਆ, ਜਦੋਂ ਫੈਡਰੇਸ਼ਨ ਆਫ ਵੈਸਟਰਨ ਇੰਡੀਅਨ ਸਿਨੇ ਇੰਪਲਾਈਜ਼ ਅਤੇ ਇੰਡੀਅਨ ਫਿਲਮ ਐਂਡ ਟੈਲੀਵਿਜ਼ਨ ਡਾਇਰੈਕਟਰਜ਼ ਐਸੋਸੀਏਸ਼ਨ ਸਮੇਤ ਫਿਲਮੀ ਸੰਸਥਾਵਾਂ ਨੇ ਫਿਲਮਾਂ, ਟੀ.ਵੀ. ਸ਼ੋਅ ਅਤੇ ਵੈੱਬ ਸੀਰੀਜ਼ ਦੀ ਸ਼ੂਟਿੰਗ ਰੋਕਣ ਦਾ ਫੈਸਲਾ ਕੀਤਾ। ਬਾਲਾਜੀ ਮੋਸ਼ਨ ਪਿਕਚਰਜ਼, ਧਰਮਾ ਪ੍ਰੋਡਕਸ਼ਨ ਅਤੇ ਯਸ਼ ਰਾਜ ਫਿਲਮਜ਼ ਵਰਗੇ ਮੁੱਖ ਪ੍ਰੋਡਕਸ਼ਨ ਘਰਾਣਿਆਂ ਨੇ ਵੀ ਤੁਰੰਤ ਸਾਰੀਆਂ ਉਤਪਾਦਨ ਕਾਰੋਬਾਰ ਰੱਦ ਕਰ ਦਿੱਤੇ।

183 ਅਰਬ ਰੁਪਏ ਦੀ ਭਾਰਤੀ ਫਿਲਮ ਇੰਡਸਟਰੀ ਇਸ ਸਭ ਤੋਂ ਭੈੜੇ ਪੜਾਅ ਵਿਚੋਂ ਲੰਘ ਰਹੀ ਹੈ। ਭਾਰਤੀ ਮਨੋਰੰਜਨ ਉਦਯੋਗ ਵਿਚ ਕੋਰਨਾ ਵਿਸ਼ਾਣੂ ਫੈਲਣ ਦੇ ਨੁਕਸਾਨ ਬਾਰੇ ਡਰ ਵਧ ਰਿਹਾ ਹੈ। ਇਸ ਝਟਕੇ ਤੋਂ ਠੀਕ ਹੋਣ ਵਿਚ ਕਈ ਮਹੀਨੇ ਨਹੀਂ, ਕਈ ਸਾਲ ਲੱਗ ਸਕਦੇ ਹਨ। ਲੱਗਦਾ ਹੈ, ਅਗਲੇ ਕੁਝ ਮਹੀਨਿਆਂ ਵਿਚ ਸੁਤੰਤਰ ਨਿਰਮਾਤਾਵਾਂ ਲਈ ਫਿਲਮ ਬਣਾਉਣਾ ਅਹਿਮਕਾਨਾ ਕਦਮ ਹੋਵੇਗਾ। ਹੋਰ ਉਦਯੋਗਾਂ ਵਾਂਗ ਫਿਲਮ ਨਿਰਮਾਤਾ ਵੀ ਇਸ ਵਿੱਤੀ ਗਿਰਾਵਟ ਤੋਂ ਬਹੁਤ ਛੇਤੀ ਮੁਕਤ ਨਹੀਂ ਹੋਣਗੇ, ਕਿਉਂਕਿ ਫਿਲਮ ਉਦਯੋਗ ਨੂੰ ਵਾਪਸ ਉਭਰਨ ਵਿਚ ਦੇਰ ਜ਼ਰੂਰ ਲੱਗੇਗੀ।

ਸਿਰਫ ਫਿਲਮ ਜਗਤ ਹੀ ਨਹੀਂ, ਕਰੋਨਾ




ਵਾਇਰਸ ਨੇ ਪੂਰੇ ਮਨੋਰੰਜਨ ਉਦਯੋਗ 'ਤੇ ਅਸਰ ਪਾਇਆ ਹੈ। ਖੇਤਰੀ ਸਿਨੇਮਾ, ਖਾਸਕਰ ਪੰਜਾਬੀ ਸਿਨੇਮਾ ਤਾਂ ਚੂਰ-ਚੂਰ ਹੋ ਗਿਆ ਹੈ। ਕਈ ਵੱਡੀਆਂ ਫਿਲਮਾਂ ਦੇ ਸ਼ੂਟਿੰਗ ਸ਼ਡਿਊਲ ਵਿਅਰਥ ਗਏ ਹਨ। 'ਗਲਵਕੜੀ', 'ਟੈਲੀਵਿਜ਼ਨ', 'ਗੋਲ ਗੱਪੇ', 'ਕਬੂਤਰ', 'ਜੱਗਾ 7/51' ਆਦਿ ਫਿਲਮਾਂ ਰਿਲੀਜ਼ ਹੋਣ ਤੋਂ ਰਹਿ ਗਈਆਂ ਹਨ। ਜੇ ਅਸੀਂ ਪੰਜਾਬੀ ਸਿਨੇਮਾ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਇਸ ਤੋਂ ਪਹਿਲਾਂ ਵੀ ਪੰਜਾਬੀ ਫਿਲਮ ਇੰਡਸਟਰੀ ਨੂੰ ਭਾਰਤ ਦੀ ਵੰਡ, ਚੀਨ, ਪਾਕਿਸਤਾਨ ਨਾਲ ਹੋਈਆਂ ਲੜਾਈਆਂ ਅਤੇ ਅਤਿਵਾਦ ਵਰਗੀਆਂ ਤਬਾਹੀਆਂ ਦੀ ਕਾਲੀ ਹਨੇਰੀ ਝੱਲਣੀ ਪਈ ਸੀ। ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਤੋਂ ਬਾਅਦ ਅੰਮ੍ਰਿਤਸਰ, ਲਾਹੌਰ ਅਤੇ ਪੰਜਾਬ ਦੇ ਹੋਰ ਵੱਡੇ ਸ਼ਹਿਰਾਂ ਕਸਬਿਆਂ ਵਿਚ ਸਿਨੇਮਾ ਹਾਲ ਬੰਦ ਕਰ ਦਿੱਤੇ ਗਏ ਸਨ।

15 ਅਗਸਤ 1947 ਨੂੰ ਭਾਰਤ ਨੂੰ ਖੂਨੀ ਵੰਡ ਦਾ ਸਾਹਮਣਾ ਕਰਨਾ ਪਿਆ ਜਿਸ ਦੇ ਨਤੀਜੇ ਵਜੋਂ ਤਕਰੀਬਨ 14 ਲੱਖ ਲੋਕ ਬੇਘਰ ਹੋ ਗਏ ਅਤੇ 10 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ। ਇਸ ਸਰਬਨਾਸ਼ ਨੂੰ ਅੱਗੇ ਵਧਾਉਣ ਵਾਲੀਆਂ ਘਟਨਾਵਾਂ, 1943 ਵਿਚ ਬਹੁਤ ਪਹਿਲਾਂ ਸ਼ੁਰੂ ਹੋ ਗਈਆਂ ਸਨ, ਜਦੋਂ ਮੁਸਲਿਮ ਲੀਗ ਵੱਖਰੇ ਮੁਲਕ ਲਈ ਅੜੀ ਹੋਈ ਸੀ। ਪੰਜਾਬ ਦੇ ਕੁਝ ਹਿੱਸਿਆਂ ਵਿਚ ਨਸਲੀ ਹਿੰਸਾ ਦੀਆਂ ਘਟਨਾਵਾਂ ਹੋਈਆਂ ਸਨ ਜਿਨ੍ਹਾਂ ਕਾਰਨ ਸੰਵੇਦਨਸ਼ੀਲ ਫਿਲਮ ਨਿਰਮਾਤਾ ਪੰਜਾਬੀ ਫਿਲਮਾਂ ਤੋਂ ਕਿਨਾਰਾ ਕਰਨ ਲੱਗ ਪਏ। ਇਥੋਂ ਤਕ ਕਿ ਨੂਰਜਹਾਂ, ਮਨੋਰਮਾ ਅਤੇ ਸ਼ਮਸ਼ਾਦ ਬੇਗਮ ਵਰਗੇ ਵੱਡੇ ਸਿਤਾਰਿਆਂ ਨੇ ਵੀ ਆਪਣਾ ਆਧਾਰ ਲਾਹੌਰ ਤੋਂ ਮੁੰਬਈ ਤਬਦੀਲ ਕਰਦਿਆਂ ਹਿੰਦੀ ਫਿਲਮਾਂ ਨੂੰ ਤਰਜੀਹ ਦਿੱਤੀ। 1943 ਤੋਂ 1946 ਦੌਰਾਨ ਸਿਰਫ ਚਾਰ ਫਿਲਮਾਂ ਨਿਖੱਟੂ (1943), ਕੋਇਲ (1944), ਗੁਲ ਬਲੋਚ (1945) ਅਤੇ ਕਮਲੀ (1946), ਜ਼ਿਆਦਾਤਰ ਨਵੇਂ ਫਿਲਮਕਾਰਾਂ ਨੇ ਬਣਾਈ ਸਨ। 1947 ਵਿਚ ਕੋਈ ਵੀ ਪੰਜਾਬੀ ਫਿਲਮ ਨਹੀਂ ਬਣੀ। 1942 ਵਿਚ ਸਤੀਸ਼ ਬੱਤਰਾ ਨੇ 'ਗੁਲ ਬਲੋਚ' (1945) ਬਣਾਉਣੀ ਅਰੰਭ ਕੀਤੀ ਅਤੇ ਇਹ ਨਵੰਬਰ 1943 ਵਿਚ ਸਤੀਸ਼ ਬੱਤਰਾ ਦੇ ਐਡੀਟਿੰਗ ਟੇਬਲ 'ਤੇ ਪਈ ਸੀ ਪਰ ਇਹ ਉਸ ਦੇ ਹੱਥੋਂ ਕਦੋਂ ਤੇ ਕਿਸ ਤਰ੍ਹਾਂ ਮੁਸ਼ਤਾਕ ਅਹਿਮਦ ਅਤੇ ਗੁਲ ਜ਼ਮਾਨ ਵੱਲ ਖਿਸਕ ਗਈ ਜੋ ਅਜੇ ਵੀ ਭੇਤ ਹੈ। ਪੰਜਾਬੀ ਫਿਲਮ ਕਮਲੀ (1946) ਵਿਚ ਅਮਰਨਾਥ ਅਤੇ ਰਾਣੀ ਕਿਰਨ ਦੀ ਨਵੀਂ ਲੀਡ-ਜੋੜੀ ਸੀ ਅਤੇ ਲਾਹੌਰ ਵਿਚ ਬਣਨ ਵਾਲੀ ਆਖਰੀ ਪੰਜਾਬੀ ਫਿਲਮ ਸੀ।

1947 ਵਿਚ ਫਿਰਕੂ ਸੰਘਰਸ਼ ਨੇ ਬਹੁਤ ਹੀ ਘਾਤਕ ਘਟਨਾ ਦੀ ਸ਼ਕਲ ਅਖਤਿਆਰ ਕਰ ਲਈ ਸੀ। ਭਾਰਤ ਦੀ ਖੂਨੀ ਵੰਡ ਨੇ ਸਿਰਫ ਇਨਸਾਨੀ ਜਾਨਾਂ ਹੀ ਨਹੀਂ ਇਮਾਰਤਾਂ ਅਤੇ ਬੁਨਿਆਦੀ ਢਾਂਚੇ ਨੂੰ ਵੀ ਤਬਾਹ ਕਰ ਦਿੱਤਾ ਸੀ। ਪੰਜਾਬੀ ਸਿਨੇਮਾ ਨੂੰ ਵਿਨਾਸ਼ਕਾਰੀ ਪ੍ਰਭਾਵ ਵਾਲਾ ਭਿਆਨਕ ਝਟਕਾ ਲੱਗਿਆ ਅਤੇ ਲਾਹੌਰ 'ਭੂਤੀਆ ਸ਼ਹਿਰ' ਬਣ ਗਿਆ ਸੀ। ਬਟਵਾਰੇ ਕਾਰਨ ਹੋਏ ਜ਼ਖਮਾਂ ਨੂੰ ਖਾਸਕਰ ਦੋਵਾਂ ਦੇਸ਼ਾਂ ਦੀ ਸਿਨੇਮੇ ਦੀ ਦੁਨੀਆਂ ਨੂੰ ਝੱਲਣਾ ਪਿਆ। ਬਹੁਤ ਸਾਰੇ ਸਿਨੇਮਾਘਰਾਂ, ਫਿਲਮ ਨਿਰਮਾਣ ਕੇਂਦਰਾਂ ਅਤੇ ਫਿਲਮ ਵੰਡ ਦਫਤਰਾਂ ਨੂੰ ਸੀਲ ਕਰ ਦਿੱਤਾ ਗਿਆ ਸੀ। ਰਤਨ ਸਿਨੇਮਾ ਅਜੇ ਨਵਾਂ ਹੀ ਬਣਾਇਆ ਗਿਆ ਸੀ ਪਰ ਇਸ ਦਾ ਮਾਲਕ ਇਸ ਨੂੰ ਰਸਮੀ ਤੌਰ 'ਤੇ ਖੁੱਲ੍ਹਦਿਆਂ ਦੇਖੇ ਬਿਨਾਂ ਭਾਰਤ ਆ ਗਿਆ ਸੀ। ਮਗਰੋਂ ਲਾਹੌਰ, ਕਰਾਚੀ ਅਤੇ ਢਾਕਾ ਦੇ ਸੀਲਬੰਦ ਸਿਨੇਮਾਘਰ ਮੁਸਲਿਮ ਸ਼ਰਨਾਰਥੀਆਂ ਨੂੰ ਅਲਾਟ ਕਰ ਦਿੱਤੇ ਗਏ। ***(ਚੱਲਦਾ)***

Tel.: 317-426-5410
Ext 311 or 340

XPressCargo

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com